ਕੌਮਾਂਤਰੀ ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 11 | Issue 17 | 30 April 2021 to 6 May 2021 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com


# ਵਿਸ਼ਵ ਦੀਆਂ ਅਖਬਾਰਾਂ ਨੇ ਮੋਦੀ ਨੂੰ ਅਸ.ਫਲ ਪ੍ਰਧਾਨ ਮੰਤਰੀ ਦੱਸਿਆ

- ਪੂਰੀ ਦੁਨੀਆ ਵਿੱਚ ਵੱਜ ਰਿਹਾ ਕੋਰੋਨਾ ਨੂੰ ਲੈ ਕੇ ਮੋਦੀ ਸਰਕਾਰ ਦੀ ਅਸਫਲਤਾ ਦਾ ਡੰਕਾ
- ਕੋਰੋਨਾ ਸੰਕਟ ਦੌਰਾਨ ਫ਼ੌਜ ਮੁਖੀ ਨੇ ਕੀਤੀ ਮੋਦੀ ਨਾਲ ਮੁਲਾਕਾਤ
- ਮੋਦੀ ਦੇ ਕੋਰੋਨਾ ਨਾਲ ਨਜਿੱਠਣ ਦੇ ਤਰੀਕੇ ਤੋਂ ਸੰਘ ਵੀ ਔਖਾ








**ਪ੍ਰੋਫੈਸਰ ਬਲਵਿੰਦਰ ਪਾਲ ਸਿੰਘ**

ਉੱਤਰ ਪ੍ਰਦੇਸ਼ ਵਿਚ ਕੋਵਿਡ-19 ਦੀ ਮਹਾਂਮਾਰੀ ਬਹੁਤ ਤੇਜ਼ੀ ਨਾਲ ਵਧ ਰਹੀ ਹੈ। ਸੂਤਰਾਂ ਅਨੁਸਾਰ ਸੂਬੇ ਵਿਚ ਟੈਸਟ ਬਹੁਤ ਘੱਟ ਕੀਤੇ ਜਾ ਰਹੇ ਹਨ ਤੇ ਪਾਰਦਰਸ਼ਤਾ ਦੀ ਘਾਟ ਹੈ। ਪੰਚਾਇਤਾਂ ਦੀਆਂ ਚੋਣਾਂ ਤੇ ਧਾਰਮਿਕ ਸਮਾਗਮਾਂ ਤੋਂ ਬਾਅਦ ਕੋਰੋਨਾ ਸ਼ਹਿਰਾਂ ਦੇ ਨਾਲ ਨਾਲ ਪਿੰਡਾਂ ਵਿਚ ਵੀ ਫੈਲ ਗਿਆ ਹੈ। ਮਹਾਰਾਸ਼ਟਰ, ਕੇਰਲ, ਗੁਜਰਾਤ, ਪੰਜਾਬ, ਛੱਤੀਸਗੜ, ਦਿੱਲੀ ਆਦਿ ਵਿਚ ਮਹਾਂਮਾਰੀ ਦੀ ਸਥਿਤੀ ਲੋਕਾਂ ਦੇ ਸਾਹਮਣੇ ਹੈ, ਉੱਤਰ ਪ੍ਰਦੇਸ਼ ਵਿਚ ਸਰਕਾਰ ਨੇ ਆਦੇਸ਼ ਦਿੱਤੇ ਹਨ ਕਿ ਮਹਾਂਮਾਰੀ ਬਾਰੇ ਗ਼ਲਤ ਖ਼ਬਰਾਂ ਅਤੇ ਅਫ਼ਵਾਹਾਂ ਫੈਲਾਉਣ ਵਾਲਿਆਂ ਵਿਰੁੱਧ ਰਾਸ਼ਟਰੀ ਸੁਰੱਖਿਆ ਕਾਨੂੰਨ ਦੇ ਤਹਿਤ ਕੇਸ ਦਰਜ ਕੀਤੇ ਜਾਣਗੇ। ਬੀਤੇ ਹਫਤੇ ਹਰਿਦੁਆਰ ਵਿਚ ਕੁੰਭ ਮੇਲੇ ਦਾ ਚੌਥਾ ਤੇ ਆਖ਼ਰੀ ਸ਼ਾਹੀ ਇਸ਼ਨਾਨ ਹੋਇਆ ਅਤੇ ਬੀਤੇ ਬੁੱਧਵਾਰ ਤੋਂ ਕਰਫ਼ਿਊ ਲਗਾਇਆ ਗਿਆ। ਪ੍ਰਧਾਨ ਮੰਤਰੀ ਦੀ ਕੁੰਭ ਨੂੰ ਪ੍ਰਤੀਕਮਈ ਢੰਗ ਨਾਲ ਮਨਾਉਣ ਦੀ ਅਪੀਲ ਅਤੇ ਕਈ ਅਖਾੜਿਆਂ ਵੱਲੋਂ ਕੁੰਭ ਵਿਚ ਹਿੱਸਾ ਲੈਣਾ ਬੰਦ ਕਰ ਦੇਣ ਦੇ ਬਾਵਜੂਦ ਬੀਤੇ ਮੰਗਲਵਾਰ ਸੈਂਕੜੇ ਲੋਕਾਂ ਨੇ ਇਸ਼ਨਾਨ ਕੀਤਾ। ਕਈ ਅਖਾੜਿਆਂ ਦੇ ਸੰਤ ਵੀ ਕਰੋਨਾ ਤੋਂ ਪ੍ਰਭਾਵਿਤ ਹੋਏ ਹਨ। ਮਾਰਚ ਦੇ ਪਹਿਲੇ ਹਫ਼ਤੇ ਵਿਚ ਉੱਤਰਾਂਚਲ ਵਿਚ ਕੇਸਾਂ ਦੀ ਗਿਣਤੀ 500 ਤੋਂ ਘੱਟ ਸੀ ਜਦੋਂਕਿ ਹੁਣ ਇਹ 40,000 ਦੇ ਕਰੀਬ ਹੈ। ਇਹ ਜਿਆਦਾਤਰ ਕੁੰਭ ਮੇਲੇ ਕਾਰਨ ਵਾਪਰਿਆ ਹੈ।

ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਨੇ ਇਕ ਹੋਰ ਐਲਾਨ ਕੀਤਾ ਹੈ ਕਿ ਕੋਰੋਨਾ ਵਾਇਰਸ ਨਾਲ ਮਰਨ ਵਾਲਿਆਂ ਦੇ ਸਸਕਾਰ ਦਾ ਖ਼ਰਚ ਸਰਕਾਰ ਕਰੇਗੀ। ਇਸ ਤਰਾਂ ਦੇ ਐਲਾਨ ਦੱਸਦੇ ਹਨ ਕਿ ਸਥਿਤੀ ਕਿੰਨੀ ਗੰਭੀਰ ਹੈ।

ਵਿਸ਼ਵ ਸਿਹਤ ਸੰਸਥਾ ਭਾਰਤ ਨੂੰ ਵੈਕਸੀਨ/ਟੀਕਾ ਲਗਵਾਉਣ ਵਾਲੇ ਵਿਅਕਤੀਆਂ ਤਕ ਸਹੀ ਤਰੀਕੇ ਨਾਲ ਪਹੁੰਚਾਉਣ ਵਿਚ ਸਹਾਇਤਾ ਕਰਨ ਦੀ ਪੇਸ਼ਕਸ਼ ਕੀਤੀ ਸੀ ਪਰ ਸਰਕਾਰ ਨੇ ਇਹ ਕਹਿੰਦਿਆਂ ਪੇਸ਼ਕਸ਼ ਠੁਕਰਾ ਦਿੱਤੀ ਹੈ ਕਿ ਸਾਡਾ ਆਪਣਾ ਸਿਸਟਮ ਮਜ਼ਬੂਤ ਅਤੇ ਤਰੁੱਟੀਆਂ ਤੋਂ ਰਹਿਤ ਹੈ। ਦੂਸਰੇ ਪਾਸੇ 18 ਤੋਂ 45 ਸਾਲ ਵਾਲੇ ਵਿਅਕਤੀਆਂ ਨੂੰ ਵੈਕਸੀਨ ਲਾਉਣ ਲਈ ਬਣਾਈ ਗਈ ਵੈੱਬਸਾਈਟ ਢਹਿ-ਢੇਰੀ ਹੋ ਗਈ ਹੈ। ਕੋਵਿਡ-19 ਦੀ ਮਹਾਂਮਾਰੀ ਦੌਰਾਨ ਕੇਂਦਰ ਜਾਂ ਸੂਬਾ ਸਰਕਾਰਾਂ ਨੇ ਕੋਈ ਅਜਿਹੀ ਪਹਿਲਕਦਮੀ ਨਹੀਂ ਕੀਤੀ ਜਿਸ ਨੂੰ ਭਵਿੱਖ ਦੀਆਂ ਮੁਸ਼ਕਿਲਾਂ ਨਾਲ ਸਿੱਝਣ ਵਾਲੀ ਕਿਹਾ ਜਾ ਸਕਦਾ ਹੋਵੇ। ਨੀਤੀ ਆਯੋਗ, ਜਿਹੜਾ ਕੇਂਦਰ ਸਰਕਾਰ ਦੀਆਂ ਯੋਜਨਾਵਾਂ ਬਣਾਉਣ ਅਤੇ ਸੂਬਿਆਂ ਨੂੰ ਸੁਝਾਅ ਦੇਣ ਵਾਲੀ ਸੰਸਥਾ ਹੈ, ਦੀ ਕਾਰਗੁਜ਼ਾਰੀ ਨਿਹਾਇਤ ਖ਼ਰਾਬ ਰਹੀ ਹੈ। ਪ੍ਰਸ਼ਾਸਨਿਕ ਖੇਤਰ ਦੇ ਮਾਹਿਰਾਂ ਦਾ ਕਹਿਣਾ ਹੈ ਕਿ ਇਸ ਸਭ ਦਾ ਵੱਡਾ ਕਾਰਨ ਤਾਕਤਾਂ ਦਾ ਪ੍ਰਧਾਨ ਮੰਤਰੀ ਦੇ ਦਫ਼ਤਰ (ਪੀਐੱਮਓ) 'ਚ ਕੇਂਦਰੀਕਰਨ ਹੈ। ਇਸ ਦੇ ਨਾਲ ਨਾਲ ਵੱਖਰੀ ਰਾਏ ਰੱਖਣ ਵਾਲੇ ਮਾਹਿਰਾਂ, ਵਿਗਿਆਨੀਆਂ ਤੇ ਵਿਦਵਾਨਾਂ ਦੀ ਰਾਏ ਨੂੰ ਨਕਾਰਨ ਦੇ ਰੁਝਾਨ ਨੇ ਵੀ ਸਥਿਤੀ ਨੂੰ ਹੋਰ ਵਿਗਾੜਿਆ ਹੈ। ਅਜਿਹੇ ਰੁਝਾਨਾਂ ਨੇ ਭਾਰਤੀਆਂ ਨੂੰ ਵੱਡੇ ਮਨੁੱਖੀ ਦੁਖਾਂਤ ਦੇ ਮੁਹਾਣੇ 'ਤੇ ਲਿਆ ਖੜਾਇਆ ਹੈ।

ਵਿਦੇਸ਼ਾਂ ਦੀਆਂ ਅਖਬਾਰਾਂ ਵਿਚ ਮੋਦੀ ਨਿਸ਼ਾਨਾ ਜੇ ਪਿਛਲੇ ਸੱਤ ਸਾਲਾਂ ਵਿੱਚ ਮੋਦੀ ਸਰਕਾਰ ਦੀਆਂ ਪ੍ਰਾਪਤੀਆਂ ਵਿੱਚ ਕੁਝ ਹੈ, ਤਾਂ ਇਹ ਹਰ ਮੋਰਚੇ 'ਤੇ ਸਰਕਾਰ ਦੀ ਅਸਫਲਤਾ ਹੈ। ਪਰ ਕੋਰੋਨਾ ਯੁਗ ਨੇ ਮੋਦੀ ਸਰਕਾਰ ਦਾ ਅਸਲ ਚਿਹਰਾ ਬੇਨਕਾਬ ਕਰ ਦਿਤਾ ਹੈ। ਕੋਰੋਨਾ ਦੀ ਦੂਜੀ ਲਹਿਰ ਨੇ ਵਿਦੇਸ਼ਾਂ ਵਿਚ ਉਭਰ ਰਹੇ ਭਾਰਤ ਦੇ ਅਕਸ ਨੂੰ ਧੁੰਦਲਾ ਕਰ ਦਿੱਤਾ ਹੈ।

ਕੋਰੋਨਾ ਦੀ ਦੂਜੀ ਲਹਿਰ ਕਾਰਨ ਭਾਰਤ ਭਰ ਵਿੱਚ ਹਾਲਾਤ ਬਦਤਰ ਤੋਂ ਬਦਤਰ ਹੋ ਚੁੱਕੇ ਹਨ। ਕੋਰੋਨਾ ਪੀੜਤਾਂ ਲਈ ਹਸਪਤਾਲ ਦੇ ਬਿਸਤਰੇ, ਆਈਸੀਯੂ ਬੈਡ, ਆਕਸੀਜਨ ਤੇ ਜ਼ਰੂਰੀ ਦਵਾਈਆਂ ਦੀ ਕਮੀ ਦਿਖਾਈ ਦੇ ਰਹੀ ਹੈ।ਬਲੈਕ ਮਾਰਕੀਟਿੰਗ ਭਾਰੀ ਪੈ ਰਹੀ ਹੈ। ਇਸ ਉਪਰ ਕੇਂਦਰ ਤੇ ਰਾਜ ਸਰਕਾਰਾਂ ਦਾ ਕੋਈ ਕੰਟਰੋਲ ਨਹੀਂ ਨਹੀਂ ਰਿਹਾ। ਹੁਣ ਵਿਦੇਸ਼ੀ ਮੀਡੀਆ ਵੀ ਸ਼ਰੇਆਮ ਮੋਦੀ ਸਰਕਾਰ ਨੂੰ ਕਟਹਿਰੇ ਵਿਚ ਖੜਾ ਕਰ ਰਿਹਾ ਹੈ ਅਤੇ ਖੁੱਲ ਕੇ ਆਲੋਚਨਾ ਕਰ ਰਿਹਾ ਹੈ।

ਬ੍ਰਿਟਿਸ਼ ਅਖਬਾਰ ਦਿ ਗਾਰਡੀਅਨ ਨੇ ਭਾਰਤ ਦੇ ਕੋਰੋਨਾ ਦੀ ਭਿਆਨਕ ਸਥਿਤੀ ਨੂੰ ਲੈ ਕੇ ਪ੍ਰਧਾਨ ਮੰਤਰੀ ਮੋਦੀ ਨੂੰ ਘੇਰਿਆ ਹੋਇਆ ਹੈ। 23 ਅਪ੍ਰੈਲ ਨੂੰ ਅਖ਼ਬਾਰ ਨੇ ਲਿਖਿਆ ਸੀ, 'ਭਾਰਤੀ ਪ੍ਰਧਾਨ ਮੰਤਰੀ ਦੇ ਹੱਦੋਂ ਵੱਧ ਭਰੋਸੇ ਨਾਲ ਭਾਰਤ ਵਿੱਚ ਘਾਤਕ ਕੋਵਿਡ-19 ਦੀ ਦੂਜੀ ਲਹਿਰ ਰਿਕਾਰਡ ਪੱਧਰ 'ਤੇ ਹੈ। ਲੋਕ ਹੁਣ ਸਭ ਤੋਂ ਮਾੜੇ ਹਾਲਾਤ ਵਿੱਚ ਰਹਿ ਰਹੇ ਹਨ। ਹਸਪਤਾਲਾਂ ਵਿੱਚ ਆਕਸੀਜਨ ਅਤੇ ਬਿਸਤਰੇ ਦੋਵਾਂ ਦੀ ਘਾਟ ਹੈ। ਛੇ ਹਫ਼ਤੇ ਪਹਿਲਾਂ ਉਨਾਂ ਨੇ ਭਾਰਤ ਨੂੰ 'ਵਰਲਡ ਫਾਰਮੇਸੀ' ਹੋਣ ਦਾ ਐਲਾਨ ਕੀਤਾ ਸੀ, ਜਦਕਿ ਭਾਰਤ ਦੀ 1% ਆਬਾਦੀ ਦਾ ਟੀਕਾਕਰਨ ਵੀ ਨਹੀਂ ਕੀਤਾ ਗਿਆ ਸੀ। ਇਕ ਅਮਰੀਕੀ ਅਖਬਾਰ ਵਾਸ਼ਿੰਗਟਨ ਪੋਸਟ ਨੇ 24 ਅਪ੍ਰੈਲ ਨੂੰ ਆਪਣੀ ਰਾਏ ਵਿਚ ਲਿਖਿਆ ਸੀ ਕਿ ਭਾਰਤ ਵਿਚ ਦੂਜੀ ਕੋਰੋਨਾ ਲਹਿਰ ਦਾ ਸਭ ਤੋਂ ਵੱਡਾ ਕਾਰਨ ਪਾਬੰਦੀਆਂ ਵਿਚ ਜਲਦੀ ਰਾਹਤ ਹੈ। ਇਸ ਕਾਰਣ ਲੋਕ ਮਹਾਂਮਾਰੀ ਦੀ ਲਪੇਟ ਵਿਚ ਆ ਗਏ। ਕੁੰਭ ਮੇਲੇ, ਕ੍ਰਿਕਟ ਸਟੇਡੀਅਮ ਵਰਗੇ ਸਮਾਗਮਾਂ ਵਿੱਚ ਦਰਸ਼ਕਾਂ ਦੀ ਵੱਡੀ ਮੌਜੂਦਗੀ ਇਸ ਦੀਆਂ ਉਦਾਹਰਣਾਂ ਹਨ।

ਬਾਕੀ ਸਫ਼ਾ 34 'ਤੇ

## ਸਰਕਾਰ ਲੋਕਾਂ 'ਚ ਕੋਰੋਨਾ ਦਾ ਡਰ ਪੈਦਾ ਨਾ ਕਰੇ: ਜਥੇਦਾਰ



**ਅੰਮ੍ਰਿਤਸਰ/ਏ.ਟੀ.ਨਿਊਜ਼:** ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸਰਕਾਰਾਂ ਨੂੰ ਆਖਿਆ ਕਿ ਉਹ ਲੋਕਾਂ ਵਿੱਚ ਕਰੋਨਾ ਦਾ ਡਰ ਪੈਦਾ ਨਾ ਕਰਨ। ਅਕਾਲ ਤਖ਼ਤ ਦੇ ਸਕੱਤਰੇਤ ਵਿਖੇ ਉਨਾਂ ਆਖਿਆ ਕਿ ਕਰੋਨਾ ਦੇ ਵਧ ਰਹੇ ਭੈਅ ਕਾਰਨ ਲੋਕਾਂ ਵਿੱਚ ਅਫ਼ਰਾ-ਤਫ਼ਰੀ ਅਤੇ ਤਣਾਅ ਵਾਲਾ ਮਾਹੌਲ ਬਣਿਆ ਹੋਇਆ ਹੈ, ਜਿਸ ਕਾਰਨ ਲੋਕ ਬਿਨਾਂ ਲੋੜ ਤੋਂ ਘਰਾਂ ਵਿੱਚ ਆਕਸੀਜਨ ਗੈਸ ਦੇ ਸਿਲੰਡਰ ਰੱਖ ਰਹੇ ਹਨ।

ਗਿਆਨੀ ਹਰਪ੍ਰੀਤ ਸਿੰਘ ਨੇ ਆਖਿਆ ਕਿ ਸਰਕਾਰਾਂ ਇਕ ਸਾਲ ਦੇ ਸਮੇਂ ਦੌਰਾਨ ਕੋਰੋਨਾ ਨਾਲ ਨਜਿੱਠਣ ਲਈ ਲੋੜੀਂਦੇ ਸਾਜ਼ੋ-ਸਾਮਾਨ ਦੀ ਘਾਟ ਨੂੰ ਪੂਰਾ ਕਰਨ ਵਿੱਚ ਅਸਫ਼ਲ ਰਹੀਆਂ ਹਨ। ਗੁਰੂ ਤੇਗ਼ ਬਹਾਦਰ ਸਾਹਿਬ ਦੀ 400 ਸਾਲਾ ਪ੍ਰਕਾਸ਼ ਪੁਰਬ ਸ਼ਤਾਬਦੀ ਦੇ ਸਮਾਗਮਾਂ ਬਾਰੇ ਗੱਲ ਕਰਦਿਆਂ ਉਨਾਂ ਸੰਗਤ ਨੂੰ ਅਪੀਲ ਕੀਤੀ ਕਿ ਜੋ ਸ਼ਰਧਾਲੂ ਇਨਾਂ ਸਮਾਗਮਾਂ ਵਿੱਚ ਸ਼ਾਮਲ ਹੋਣ ਲਈ ਆ ਸਕਦੇ ਹਨ, ਉਹ ਆਉਣ ਤੇ ਬਾਕੀ ਘਰਾਂ ਵਿੱਚ ਬੈਠ ਕੇ ਲਾਈਵ ਪ੍ਰਸਾਰਨ ਰਾਹੀਂ ਗੁਰਬਾਣੀ ਨਾਲ ਜੁੜਨ।

ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਸ਼ਤਾਬਦੀ ਸਮਾਗਮਾਂ ਦੇ ਮੱਦੇਨਜ਼ਰ ਸੂਬਾ ਸਰਕਾਰ ਨੂੰ ਸ਼ਨਿਚਰਵਾਰ ਤੇ ਐਤਵਾਰ ਨੂੰ ਦੋ ਦਿਨ ਦੀ ਤਾਲਾਬੰਦੀ ਨਹੀਂ ਕਰਨੀ ਚਾਹੀਦੀ। ਉਨਾਂ ਕਿਹਾ ਕਿ ਇਸ ਸਬੰਧੀ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਮੁਲਾਕਾਤ ਕੀਤੀ ਹੈ ਅਤੇ ਉਮੀਦ ਹੈ ਕਿ ਮੁੱਖ ਮੰਤਰੀ ਇਸ ਅਪੀਲ 'ਤੇ ਗੌਰ ਕਰਨਗੇ।

## ਬਾਈਡਨ ਦੀ ਚੀਨ ਨੂੰ ਚੇਤਾਵਨੀ

# ਹਿੰਦ-ਪ੍ਰਸ਼ਾਂਤ ਖੇਤਰ 'ਚ ਅਮਰੀਕਾ ਮਜ਼ਬੂਤ ਫ਼ੌਜੀ ਹਾਜ਼ਰੀ ਬਣਾਈ ਰੱਖੇਗਾ

**ਵਾਸ਼ਿੰਗਟਨ/ਏ.ਟੀ.ਨਿਊਜ਼ :** ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਸੰਸਦ ਦੇ ਸਾਂਝੇ ਇਜਲਾਸ 'ਚ ਆਪਣੇ ਪਹਿਲੇ ਸੰਬੋਧਨ ਦੌਰਾਨ ਚੀਨ ਨੂੰ ਸਖ਼ਤ ਸੰਦੇਸ਼ ਦਿੱਤਾ ਹੈ। ਉਨਾਂ ਕਿਹਾ ਕਿ ਹਿੰਦ-ਪ੍ਰਸ਼ਾਂਤ ਖੇਤਰ ਵਿਚ ਅਮਰੀਕਾ ਮਜ਼ਬੂਤ ਫ਼ੌਜੀ ਹਾਜ਼ਰੀ ਬਣਾਈ ਰੱਖੇਗਾ। ਇਸ ਤੋਂ ਇਲਾਵਾ ਤਕਨੀਕੀ ਵਿਕਾਸ ਤੇ ਕਾਰੋਬਾਰ ਨੂੰ ਵੀ ਬੜਾਵਾ ਦਿੱਤਾ ਜਾਵੇਗਾ। ਉਨਾਂ ਕਿਹਾ ਕਿ ਚੀਨ ਤੇ ਹੋਰ ਦੇਸ਼ ਤੇਜ਼ੀ ਨਾਲ ਵਿਕਾਸ ਕਰ ਰਹੇ ਹਨ। ਸਾਨੂੰ ਭਵਿੱਖ ਲਈ ਆਪਣੀ ਤਕਨੀਕ ਤੇ ਉਤਪਾਦ ਦਾ ਵਿਕਾਸ ਕਰਨਾ ਪਵੇਗਾ। ਇਸ ਗੱਲ ਦਾ ਕੋਈ ਕਾਰਨ ਨਹੀਂ ਹੈ ਕਿ ਟਰਬਾਈਨ ਦਾ ਬਲੇਡ ਬੀਜਿੰਗ ਦੇ ਬਦਲੇ ਪਿਟਸਬਰਗ 'ਚ ਨਹੀਂ ਬਣ ਸਕਦਾ। ਰਾਸ਼ਟਰਪਤੀ ਨੇ ਕਿਹਾ ਕਿ ਅਮਰੀਕਾ ਕਾਰੋਬਾਰ ਦੇ ਗ਼ਲਤ ਤੌਰ ਤਰੀਕਿਆਂ ਮਸਲਨ ਸਰਕਾਰੀ ਕੰਪਨੀਆਂ ਨੂੰ ਫੰਡ ਤੇ ਅਮਰੀਕੀ ਤਕਨੀਕ ਤੇ ਬੌਧਿਕ ਜਾਇਦਾਦ ਦੀ ਚੋਰੀ ਦਾ ਵਿਰੋਧ ਕਰੇਗਾ, ਜਿਸ ਨਾਲ ਅਮਰੀਕੀ ਕਾਮਿਆਂ ਤੇ ਸਨਅਤ ਜਗਤ ਨੂੰ ਨੁਕਸਾਨ ਉਠਾਉਣਾ ਪੈ ਰਿਹਾ ਹੈ। ਉਨਾਂ ਕਿਹਾ ਕਿ ਮੈਂ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨੂੰ ਦੱਸ ਚੁੱਕਿਆ ਹਾਂ ਕਿ ਹਿੰਦ-ਪ੍ਰਸ਼ਾਂਤ ਖੇਤਰ ਵਿਚ ਅਮਰੀਕਾ ਆਪਣੀ ਮਜ਼ਬੂਤ ਹਾਜ਼ਰੀ ਬਣਾਈ ਰੱਖੇਗਾ, ਜਿਸ ਤਰਾਂ ਅਸੀਂ ਯੂਰਪ 'ਚ ਨਾਟੋ ਲਈ ਕਰ ਰਹੇ ਹਾਂ। ਸਾਡਾ ਮਕਸਦ ਸੰਘਰਸ਼ ਨੂੰ ਬੜਾਵਾ ਦੇਣਾ ਨਹੀਂ ਬਲਕਿ ਇਸ ਨੂੰ ਟਾਲਣਾ ਹੈ।



ਉਪ ਰਾਸ਼ਟਰਪਤੀ ਕਮਲਾ ਹੈਰਿਸ ਤੇ ਸਦਨ ਦੀ ਪ੍ਰਧਾਨਗੀ ਨੈਂਸੀ ਪੇਲੋਸੀ ਨੇ ਰਾਸ਼ਟਰਪਤੀ ਜੋਅ ਬਾਈਡਨ ਦੇ ਕਾਂਗਰਸ ਦੇ ਪਹਿਲੇ ਸਾਂਝੇ ਇਜਲਾਸ ਦੌਰਾਨ ਮੰਚ ਸਾਂਝਾ ਕਰ ਕੇ ਇਤਿਹਾਸ ਰਚ ਦਿੱਤਾ ਹੈ। ਇਹ ਪਹਿਲੀ ਵਾਰ ਹੈ ਜਦੋਂ ਕਾਂਗਰਸ ਨੂੰ ਸੰਬੋਧਨ ਕਰਨ ਦੌਰਾਨ ਦੋ ਔਰਤਾਂ ਰਾਸ਼ਟਰਪਤੀ ਦੇ ਪਿੱਛੇ ਬੈਠੀਆਂ। ਹੈਰਿਸ ਅਮਰੀਕੀ ਉਪ ਰਾਸ਼ਟਰਪਤੀ ਬਣਨ ਵਾਲੀ ਪਹਿਲੀ ਭਾਰਤੀ ਮੂਲ ਦੀ ਅਮਰੀਕੀ ਤੇ ਪਹਿਲੀ ਸਿਆਹਫਾਮ ਮਹਿਲਾ ਹੈ। ਉਹ ਕਾਂਗਰਸ ਵਿਚ ਰਾਸ਼ਟਰਪਤੀ ਬਾਈਡਨ ਦੇ ਪਹਿਲੇ ਭਾਸ਼ਣ ਦੌਰਾਨ ਉਨਾਂ ਦੇ ਸੱਜੇ ਹੱਥ ਬੈਠੀ ਨਜ਼ਰ ਆਈ। ਉੱਥੇ ਹੀ ਪੇਲੋਸੀ ਜਿਹੜੀ 2007 'ਚ ਸਦਨ ਦੀ ਸਪੀਕਰ ਬਣਨ ਵਾਲੀ ਪਹਿਲੀ ਮਹਿਲਾ ਸੀ, ਉਹ ਰਾਸ਼ਟਰਪਤੀ ਦੇ ਖੱਬੇ ਪਾਸੇ ਬੈਠੀ ਦਿੱਖੀ।



# ਖਾਲਿਸਤਾਨ

## ਐਲਾਨਨਾਮਾ ਦਿਵਸ



**ਗੁਰੂ ਪੰਥ ਵੱਲੋਂ 1986 ਵਿੱਚ ਸਰਬੱਤ ਖਾਲਸਾ ਕਰਕੇ ਸਿੱਖਾਂ ਦਾ ਰਾਜਸੀ ਨਿਸ਼ਾਨੇ ਖਾਲਿਸਤਾਨ ਦਾ ਐਲਾਨ ਕੀਤਾ ਗਿਆ। ਖਾਲਿਸਤਾਨੀ ਜੱਥੇਬੰਦੀਆਂ ਵੱਲੋਂ ਹਰ ਸਾਲ 29 ਅਪ੍ਰੈਲ ਨੂੰ ਖਾਲਿਸਤਾਨ ਐਲਾਨਨਾਮਾ ਦਿਵਸ ਵੱਲੋਂ ਮਨਾਇਆ ਜਾਂਦਾ ਹੈ। ਇਸ ਸਾਲ ਗੁਰਦੁਆਰਾ ਸਾਹਿਬ ਫਰੀਮਾਂਟ ਵਿੱਚ ਇਹ ਸਮਾਗਮ ਹੋਣਗੇ।**

## ਮਿਤੀ 1 ਮਈ (ਸਨਿੱਚਰਵਾਰ), ਸਮਾਂ : 2 ਵਜੇ

ਬੇਨਤੀ ਕਰਤਾ:

ਸਿੱਖ ਯੂਥ ਆਫ ਅਮਰੀਕਾ, ਖਾਲਿਸਤਾਨੀ ਸ਼ਹੀਦ ਪਰਿਵਾਰ, ਕੈਲੇਫੋਰਨੀਆ ਗੱਤਕਾ ਦਲ

# ਅਮਰੀਕਾ ਵਿੱਚ ਨਿਸ਼ਾਨ ਸਾਹਿਬ ਝੁਲਾਇਆ

## ਮੇਅਰ ਨੇ ਸਿੱਖਾਂ ਨੂੰ ਆਪਣੇ ਸ਼ਹਿਰ ਵਿੱਚ ਰਹਿਣ ਲਈ ਸੱਦਾ ਵੀ ਦਿੱਤਾ : ਵਰਲਡ ਸਿੱਖ ਪਾਰਲੀਮੈਂਟ



**ਸੈਕਰਾਮੈਂਟੋ (ਹੁਸਨ ਲੜੋਆ ਬੰਗਾ):** ਅਮਰੀਕਾ ਦੇ ਸ਼ਹਿਰ ਚੀਕੋਪੀ ਮੈਸਾਚਿਊਸਟ ਵਿੱਚ ਪਹਿਲੀ ਵਾਰ ਨਿਸ਼ਾਨ ਸਾਹਿਬ ਝੁਲਾਇਆ ਗਿਆ। ਪਿਛਲੇ ਦਿਨੀਂ ਅਮਰੀਕਾ ਦੇ ਹੀ ਸ਼ਹਿਰ ਇੰਡੀਅਨਾਪੋਲਿਸ ਇੰਡਿਆਨਾ ਸਟੇਟ ਦੇ ਫੇਡਐਕਸ ਦੇ ਵੇਅਰ ਹਾਊਸ ਵਿੱਚ ਕਰਮਚਾਰੀਆਂ ਉੱਪਰ ਇੱਕ ਸਿਰਫਿਰੇ ਵੱਲੋਂ ਗੋਲ਼ੀਆਂ ਚਲਾਈਆਂ ਗਈਆਂ ਸਨ ਜਿਸ ਵਿੱਚ 8 ਬੇਕਸੂਰ ਲੋਕਾਂ ਦੀ ਜਾਨ ਚਲੀ ਗਈ ਸੀ, ਜਿਨਾਂ ਵਿੱਚ ਚਾਰ ਪੰਜਾਬੀ ਭਾਈਚਾਰੇ ਨਾਲ ਸਬੰਧਤ ਸਨ। ਇਸ ਸਾਰੇ ਸੋਗ ਦੇ ਮਾਹੌਲ ਦੌਰਾਨ ਅਮਰੀਕਾ ਨੇ ਆਪਣੇ ਝੰਡੇ 20 ਮਈ ਤੱਕ ਨੀਵੇਂ ਕੀਤੇ ਹੋਏ ਹਨ, ਜਿੱਥੇ ਇਸ ਸੋਗ ਦੇ ਮਾਹੌਲ ਦੇ ਚੱਲਦਿਆਂ ਅਮਰੀਕਨਾਂ ਨੇ ਸਿੱਖਾਂ ਨਾਲ ਹਮਦਰਦੀ ਪ੍ਰਗਟ ਕੀਤੀ ਹੈ ਉੱਥੇ ਹੀ ਚੀਕੋਪੀ ਸ਼ਹਿਰ ਦੇ ਮੇਅਰ ਜੌਹਨ ਐਲ ਵੀਅਉ ਨੇ ਨਿਸ਼ਾਨ ਸਾਹਿਬ ਲਹਿਰਾ ਕੇ ਸਿੱਖ ਕੌਮ ਦੇ ਦੁੱਖ ਨੂੰ ਵੰਡਣ ਵਿੱਚ ਹਿੱਸਾ ਪਾਇਆ ਹੈ ਅਤੇ ਖਾਲਸਾ ਸਾਜਨਾ ਦਿਵਸ ਨੂੰ ਮਾਨਤਾ ਦਿੱਤੀ ਹੈ, ਨਾਲ ਹੀ ਸਿੱਖ ਫ਼ਲਸਫ਼ੇ ਤੋਂ ਪ੍ਰਭਾਵਿਤ ਜੌਹਨ ਐਲ ਵੀਅਉ ਨੇ ਸਿੱਖਾਂ ਨੂੰ ਆਪਣੇ ਸ਼ਹਿਰ ਵਿੱਚ ਆ ਕੇ ਵੱਸਣ ਲਈ ਸੱਦਾ ਦਿੱਤਾ ਅਤੇ ਹਰ ਤਰਾਂ ਦੀ ਸਹੂਲਤ ਦੇਣ ਦਾ ਵੀ ਵਾਇਦਾ ਕੀਤਾ ਹੈ। ਇਸ ਸਾਰੇ ਕਾਰਜ ਲਈ ਯਤਨਸ਼ੀਲ ਸਰਦਾਰ ਗੁਰਨਿੰਦਰ ਸਿੰਘ ਧਾਲੀਵਾਲ ਦੀਆਂ ਕੋਸ਼ਿਸ਼ਾਂ ਹਨ ਜਿਨਾਂ ਦੇ ਆਪਣੇ ਖੁਦ ਦੇ ਸ਼ਹਿਰ ਹੋਲੀਓਕ ਵਿੱਚ ਪਿਛਲੇ ਚਾਰ ਸਾਲ ਤੋਂ ਨਿਸ਼ਾਨ ਸਾਹਿਬ ਝੂਲ ਰਹੇ ਹਨ, ਆਪਣੀ ਕੌਮ ਦੀ ਸੇਵਾ ਲਈ ਤਤਪਰ ਵਰਲਡ ਸਿੱਖ ਪਾਰਲੀਮੈਂਟ ਦੇ ਵਲੰਟੀਅਰਾਂ ਵੱਲੋਂ ਅਮਰੀਕਾ ਵਿੱਚ ਸਿੱਖਾਂ ਦੀ ਪਹਿਚਾਣ ਲਈ ਕੀਤੇ ਜਾਂਦੇ ਉੱਦਮ ਉਪਰਾਲੇ ਦੀ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ-ਕੋਸਟ ਅਤੇ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਖ਼ੂਬ ਸ਼ਲਾਘਾ ਕੀਤੀ ਹੈ।

ਬਾਕੀ ਸਫ਼ਾ 31 'ਤੇ

# ਸਿੱਖਸ ਫਾਰ ਹਿਊਮੈਨਿਟੀ ਨੇ ਹਜ਼ਾਰਾਂ ਲੋਕਾਂ ਦੇ ਵੈਕਸੀਨ ਲਾ ਕੇ ਸਿੱਖਾਂ ਦਾ ਮਾਣ ਵਧਾਇਆ

ਫਰੀਮਾਂਟ/ਏ.ਟੀ.ਨਿਊਜ਼: ਜਿਸ ਦਿਨ ਤੋਂ ਕੋਰੋਨਾ ਨੂੰ ਨਜਿੱਠਣ ਲਈ ਵੈਕਸੀਨ ਦੇ ਟੀਕੇ ਲੱਗਣੇ ਸ਼ੁਰੂ ਹੋਏ ਹਨ ਉਸ ਦਿਨ ਤੋਂ ਸਿੱਖਸ ਫਾਰ ਹਿਊਮੈਨਿਟੀ ਨੇ ਵੀ ਇਸ ਸੇਵਾ ਵਿੱਚ ਵੱਧ-ਚੜ ਕੇ ਆਪਣਾ ਯੋਗਦਾਨ ਪਾਇਆ ਹੈ ਤੇ ਇਹ ਸੇਵਾ ਸੰਭਾਲ਼ੀ ਹੋਈ ਹੈ। ਹੁਣ ਤੱਕ ਸੰਸਥਾ ਵੱਲੋਂ ਤਕਰੀਬਨ 10,000 ਟੀਕੇ ਲਗਵਾਏ ਗਏ ਹਨ। ਐਤਵਾਰ ਗੁਰਦੁਆਰਾ ਸਾਹਿਬ ਫਰੀਮਾਂਟ ਵਿੱਚ ਤਕਰੀਬਨ 800 ਟੀਕੇ ਲਾਏ ਗਏ ਅਤੇ ਹਰ ਐਤਵਾਰ ਇੱਥੇ ਟੀਕੇ ਲੱਗਣੇ ਹਨ। ਸਿੱਖਸ ਫਾਰ ਹਿਊਮੈਨਿਟੀ ਦੇ ਭਾਈ ਕਸ਼ਮੀਰ ਸਿੰਘ ਨੇ ਦੱਸਿਆ ਕਿ ਹੁਣ ਤੱਕ ਅੱਧ ਤੋਂ ਵੱਧ ਟੀਕੇ ਗ਼ੈਰਸਿੱਖਾਂ ਦੇ ਲੱਗੇ ਹਨ, ਅੱਜ ਤਾਂ ਗ਼ੈਰਸਿੱਖਾਂ ਦੀ ਗਿਣਤੀ 90% ਤੋਂ ਵੀ ਉੱਪਰ ਸੀ। ਉਨਾਂ ਨੇ ਕਿਹਾ ਕਿ ਇਸ ਮਹਾਂਮਾਰੀ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਅਤੇ ਹਰੇਕ ਸੰਗਤ ਮੈਂਬਰ ਨੂੰ ਬੇਨਤੀ ਹੈ ਐਤਵਾਰ ਆ ਕੇ ਵੈਕਸੀਨ ਸ਼ਾਟ ਲੁਆਉ ਤਾਂ ਜੋ ਤੁਸੀਂ ਇਸ ਤੋਂ ਬਚੇ ਰਹੀਏ।

# ਅਮਰੀਕਾ 'ਚ ਭਾਰਤੀ ਵਿਗਿਆਨੀ ਸੁਮਿਤ ਨੇ ਕੀਤੀ ਕੋਵਿਡ-19 ਨਾਲ ਲੜਨ ਵਾਲੇ ਜੀਨ ਦੀ ਭਾਲ

**ਨਿਊਯਾਰਕ/ਏ.ਟੀ.ਨਿਊਜ:** ਅਮਰੀਕਾ ਵਿਗਿਆਨੀਆਂ ਦੀ ਇੱਕ ਪੂਰੀ ਟੀਮ ਨੇ ਅਜਿਹੇ ਮਨੁੱਖੀ ਜੀਨਜ਼ ਦੀ ਖੋਜ ਕੀਤੀ ਹੈ, ਜਿਹੜੇ ਐਸਏਆਰਐਸ-ਕੋਵਿਡ-2 ਦੀ ਉਸ ਲਾਗ ਨਾਲ ਲੜਨ ਦੇ ਸਮਰੱਥ ਹਨ ਜਿਸ ਕਰਕੇ ਕੋਵਿਡ-19 ਦਾ ਰੋਗ ਦਾ ਵਾਇਰਸ ਚਿੰਬੜਦਾ ਹੈ। ਇਸ ਮਾਮਲੇ ਦਾ ਦਿਲਚਸਪ ਪੱਖ ਇਹ ਹੈ ਕਿ ਵਿਗਿਆਨੀਆਂ ਦੀ ਇਸ ਖੋਜੀ ਟੀਮ ਦੇ ਮੁਖੀ ਭਾਰਤੀ ਮੂਲ ਦੇ ਸੁਮਿਤ ਕੇ. ਚੰਦਾ ਹਨ ਜੋ ਸੈਨਫ਼ੋਰਡ ਬਰਨਹੈਮ ਪ੍ਰਿਬਿਸ ਮੈਡੀਕਲ ਡਿਸਕਵਰੀ ਇੰਸਟੀਚਿਊਟ 'ਚ ਇਮਿਊਨਿਟੀ ਤੇ ਪੈਥੋਜੈਨੇਸਿਸ ਪ੍ਰੋਗਰਾਮ ਦੇ ਪ੍ਰੋਫ਼ੈਸਰ ਤੇ ਡਾਇਰੈਕਟਰ ਹਨ।

ਡਾ. ਸੁਮਿਤ ਚੰਦਾ ਨੇ ਦੱਸਿਆ ਕਿ ਉਨਾਂ ਦੀ ਟੀਮ ਨੇ ਇਹ ਪਤਾ ਲਾ ਲਿਆ ਹੈ ਕਿ ਕੋਰੋਨਾ ਵਾਇਰਸ ਮਨੁੱਖੀ ਸੈੱਲਾਂ ਨੂੰ ਕਿਵੇਂ ਬੁਰੀ ਤਰਾਂ ਪ੍ਰਭਾਵਿਤ ਕਰਦਾ ਹੈ। ਉਨਾਂ ਕਿਹਾ ਕਿ ਹਾਲੇ ਇਸ ਮਾਮਲੇ ਦੀ ਖੋਜ ਚੱਲ ਰਹੀ



ਹੈ ਤੇ ਫਿਰ ਬਾਅਦ 'ਚ ਸਾਹਮਣੇ ਆਉਣ ਵਾਲੇ ਨਤੀਜਿਆਂ ਦੇ ਆਧਾਰ ਉੱਤੇ ਕੋਈ ਵਧੀਆ ਐਂਟੀ-ਵਾਇਰਲਜ਼ ਵਿਕਸਤ ਕੀਤੇ ਜਾ ਸਕਣਗੇ।'ਇੰਡੀਆ ਵੈਸਟ' ਵੱਲੋਂ 'ਮੌਲੀਕਿਊਲਰ ਸੈੱਲ' ਨਾਂ ਦੇ ਰਸਾਲੇ ਵਿੱਚ ਪ੍ਰਕਾਸ਼ਿਤ ਰਿਪੋਰਟ ਦੇ ਹਵਾਲੇ ਨਾਲ ਦੱਸਿਆ ਗਿਆ ਹੈ ਕਿ ਡਾ. ਸੁਮਿਤ ਚੰਦਾ ਦੀ ਅਗਵਾਈ ਹੇਠਲੀ ਟੀਮ ਨੇ ਜਦੋਂ ਅਜਿਹੇ ਜੀਨਜ਼ ਦਾ ਪਤਾ ਲਾ ਲਿਆ ਹੈ, ਜਿਹੜੇ ਵਾਇਰਲ ਦੀ ਛੂਤ ਨੂੰ ਕੰਟਰੋਲ ਕਰਨ ਵਿੱਚ ਮਦਦ ਕਰ ਸਕਦੇ ਹਨ। ਇਸ ਖੋਜ ਦੇ ਆਧਾਰ ਉੱਤੇ ਕੋਰੋਨਾ ਮਹਾਂਮਾਰੀ ਦਾ ਮੁਕਾਬਲਾ ਕਰਨਾ ਬਹੁਤ ਆਸਾਨ ਹੋ ਜਾਵੇਗਾ।

ਡਾ. ਸੁਮਿਤ ਨੇ ਦੱਸਿਆ ਕਿ ਕੋਰੋਨਾ ਵਾਇਰਸ ਨਾਲ ਲੜਨ ਵਾਲੇ ਇਹ ਵਿਸ਼ੇਸ਼ ਜੀਨ ਦਰਅਸਲ ਸਰੀਰ ਅੰਦਰ ਮੋਹਰੀ ਹੋ ਕੇ ਲੜਨ ਵਾਲੇ 'ਮਿੱਤਰ ਕੀਟਾਣੂਆਂ' 'ਚ ਹੀ ਮੌਜੂਦ ਹੁੰਦੇ ਹਨ ਤੇ ਇਹ ਇੰਟਰਫ਼ੈਰੋਨਜ਼ ਨਾਲ ਸਬੰਧਤ ਹੁੰਦੇ ਹਨ।

ਬਾਕੀ ਸਫ਼ਾ 31 'ਤੇ

## ਭਾਰਤੀ ਗੁਟ ਦੇ ਸੈਨੇਟਰਾਂ ਨੇ ਬਾਇਡੇਨ ਨੂੰ ਭਾਰਤ ਲਈ ਕੋਵਿਡ ਸਹਾਇਤਾ ਵਧਾਉਣ ਵਾਸਤੇ ਲਿਖਿਆ ਪੱਤਰ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ):** ਸੈਨੇਟਰ ਮਾਰਕ ਵਾਰਨਰ (ਡੈਮੋਕ੍ਰੈਟਿਕ) ਤੇ ਜੌਹਨ ਕੋਰਨਾਇਨ (ਰਿਪਬਲੀਕਨ) ਜੋ ਸੈਨੇਟ ਵਿਚ ਇੰਡੀਆ ਕਾਕਸ ਦੇ ਸਹਿ ਪ੍ਰਧਾਨ ਹਨ, ਨੇ ਰਾਸ਼ਟਰਪਤੀ ਜੋਅ ਬਾਇਡਨ ਨੂੰ ਪੱਤਰ ਲਿਖਕੇ ਮੰਗ ਕੀਤੀ ਹੈ ਕਿ ਡੂੰਘੇ ਹੋ ਰਹੇ ਕੋਵਿਡ ਸੰਕਟ ਦੇ ਮੱਦੇਨਜਰ ਭਾਰਤ ਲਈ ਸਹਾਇਤਾ ਵਧਾਈ ਜਾਵੇ। ਉਨਾਂ ਨੇ ਪੱਤਰ ਵਿਚ ਲਿਖਿਆ ਹੈ ਕਿ 'ਸੈਨਟ ਇੰਡੀਆ ਕਾਕਸ ਦੇ ਸਹਿ ਪ੍ਰਧਾਨ ਵਜੋਂ ਅਸੀਂ ਵੇਖ ਰਹੇ ਹਾਂ ਕਿ ਭਾਰਤ ਵਿਚ ਕੋਵਿਡ-19 ਦੇ ਮਾਮਲਿਆਂ ਵਿਚ ਬੇਮਿਸਾਲ ਵਾਧੇ ਕਾਰਨ ਹਸਪਤਾਲ ਭਰ ਚੁੱਕੇ ਹਨ ਤੇ ਸਿਹਤ ਪ੍ਰਣਾਲੀ ਚਰਮਰਾ ਗਈ ਹੈ। ਇਸ ਸਮੇਂ ਭਾਰਤ ਸੰਕਟ ਦਾ ਕੇਂਦਰ ਬਿੰਦੂ ਬਣ ਚੁੱਕਾ ਹੈ। ਟੈਸਟਿੰਗ ਕਿੱਟਾਂ, ਵੈਕਸੀਨ, ਆਕਸੀਜ਼ਨ, ਨਿੱਜੀ ਰਖਿਅਕ ਸਾਜ ਸਮਾਨ ਤੇ ਡਾਕਟਰੀ ਸਹੂਲਤਾਂ ਦੀ ਭਾਰੀ ਘਾਟ ਹੈ।' ਸੈਨੇਟਰਾਂ ਨੇ ਲਿਖਿਆ ਹੈ ਕਿ ਭਾਰਤ ਨੂੰ ਕੋਵਿਡ ਦੇ ਇਲਾਜ਼ ਲਈ ਦਵਾਈਆਂ ਦੀ ਭਾਰੀ ਲੋੜ ਹੈ। ਇਸ ਲਈ ਅਸੀਂ ਬੇਨਤੀ ਕਰਦੇ ਹਾਂ ਕਿ ਭਾਰਤ ਸਮੇਤ ਕੋਵਿਡ ਕਾਰਨ ਬੁਰੀ ਤਰਾਂ ਪ੍ਰਭਾਵਿਤ ਦੇਸ਼ਾਂ ਦੀ ਮੱਦਦ ਵਿਚ ਵਾਧਾ ਕਰਨ ਲਈ ਢੰਗ ਤਰੀਕਾ ਲਭਿਆ ਜਾਵੇ।

## ਅਮਰੀਕਾ 'ਚ ਪੰਜਾਬੀ ਬੋਲਣ ਵਾਲ਼ਿਆਂ ਲਈ ਵਜ਼ੀਫ਼ੇ

**ਨਿਊਜਰਸੀ/ਏ.ਟੀ.ਨਿਊਜ਼ :** ਅਮਰੀਕਾ ਦੇ ਵੱਖ-ਵੱਖ ਵਿਭਾਗਾਂ ਵਿਚ ਵੱਖੋ-ਵਖਰੀਆਂ ਭਾਸ਼ਾਵਾਂ ਦੇ ਬੁਲਾਰਿਆਂ ਦੀ ਮੰਗ ਵੱਧ ਰਹੀ ਹੈ। ਜੌਰਜ ਟਾਊਨ ਯੂਨੀਵਰਸਿਟੀ ਨੇ $3500 ਮਹੀਨੇ ਤੇ ਵਜ਼ੀਫ਼ੇ ਦੇ ਕੇ ਕੋਰਸ ਦੀ ਸ਼ੁਰੂਆਤ ਕੀਤੀ ਹੈ ਜੋ ਅਗਲੇ ਸਾਲ ਜਨਵਰੀ ਤੋਂ ਜੂਨ ਤੱਕ ਹੋਵੇਗਾ ਅਤੇ ਉਸ ਵਿੱਚ ਪੰਜਾਬੀ ਭਾਸ਼ਾ ਨੂੰ ਵੀ ਰੱਖਿਆ ਗਿਆ ਹੈ। ਵਜ਼ੀਫ਼ੇ ਅਪਲਾਈ ਕਰਨ ਦੀ ਅਖੀਰਲੀ ਤਰੀਕ 8 ਜੁਲਾਈ 2021 ਸ਼ਾਮ 5 ਵਜੇ ਤੱਕ ਹੈ।




## ਹਿੰਦੂਆਂ ਵੱਲੋਂ ਵਿਰੋਧ ਕਰਨ ਉਪਰੰਤ ਕੰਪਨੀ ਨੇ ਗਨੇਸ਼ ਦੇ ਮੂੰਹ ਵਾਲੇ ਉਤਪਾਦਨ ਹਟਾਏ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:** ਭਾਰਤੀ ਮੂਲ ਦੇ ਅਮਰੀਕੀ ਹਿੰਦੂਆਂ ਵੱਲੋਂ ਡਲਾਸ ਦੇ ਲਗਜ਼ਰੀ ਫੈਸ਼ਨ ਪ੍ਰਚੂਨ ਵਿਕ੍ਰੇਤਾ ਨੀਮੈਨ ਮਾਰਕਸ ਗਰੁੱਪ ਨੇ ਹਿੰਦੂ ਦੇਵਤਾ ਗਨੇਸ਼ ਦੇ ਮੂੰਹ ਵਾਲੇ ਉਤਪਾਦਨ ਆਪਣੇ ਸਟੋਰਾਂ ਵਿਚੋਂ ਹਟਾ ਦਿੱਤੇ ਹਨ। ਹਿੰਦੂ ਆਗੂ ਰਾਜਨ ਜ਼ੇਦ ਨੇ ਕੰਪਨੀ ਦੇ ਇਸ ਕਦਮ ਦਾ ਪੁਰਜ਼ੋਰ ਸਵਾਗਤ ਕਰਦਿਆਂ ਕਿਹਾ ਹੈ ਕਿ ਨੀਮੈਨ ਮਾਰਕਸ ਗਰੁੱਪ ਨੇ ਹਿੰਦੂਆਂ ਦੀ ਭਾਵਨਾਵਾਂ ਨੂੰ ਸਮਝਿਆ ਹੈ। ਜ਼ੇਦ ਨੇ ਕਿਹਾ ਕਿ ਉਨਾਂ ਨੂੰ ਅਜੇ ਕੰਪਨੀ ਵੱਲੋਂ ਰਸਮੀ ਅਫਸੋਸ ਪੱਤਰ ਨਹੀਂ ਮਿਲਿਆ। ਜ਼ੇਦ ਵੱਲੋਂ ਜਾਰੀ ਬਿਆਨ ਅਨੁਸਾਰ ਨੀਮੈਨ ਮਾਰਕਸ ਤੇ ਬਰਗਡੌਰਫ ਗੌਡਮੈਨ ਦੀਆਂ ਵੈਬਸਾਈਟਾਂ ਉਪਰ 'ਗਨੇਸ਼ ਕਫਲਿੰਕਸ' ਗਾਇਬ ਹਨ। ਯੂਨੀਵਰਸਲ ਸੋਸਾਇਟੀ ਆਫ ਹਿੰਦੂਇਜ਼ਮ ਦੇ ਪ੍ਰਧਾਨ ਜ਼ੇਦ ਨੇ ਕਿਹਾ ਹੈ ਕਿ ਕੰਪਨੀ ਨੂੰ ਕੋਈ ਵੀ ਉਤਪਾਦਨ ਜਾਰੀ ਕਰਨ ਤੋਂ ਪਹਿਲਾਂ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਧਿਆਨ ਵਿਚ ਰਖਣਾ ਚਾਹੀਦਾ ਹੈ।

## ਡਰੱਗ ਤਸਕਰੀ ਦੇ ਦੋਸ਼ 'ਚ ਪੰਜਾਬੀ ਜੋੜਾ ਦੋਸ਼ੀ ਕਰਾਰ

**ਨਿਊਯਾਰਕ/ਅਲਬਰਟਾ/(ਰਾਜ ਗੋਗਨਾ):** ਕੈਨੇਡਾ ਦੇ ਸੂਬੇ ਅਲਬਰਟਾ ਵਿੱਚ ਸਾਲ 2017 ਦੌਰਾਨ ਕੋਕੀਨ ਦੀ ਤਸਕਰੀ ਕਰਨ ਦੇ ਦੋਸ਼ ਹੇਠ ਅਮਰੀਕਾ ਦੇ ਕੈਲੀਫੋਰਨੀਆ ਸੂਬੇ ਦੇ ਇਕ ਪੰਜਾਬੀ ਜੋੜੇ ਨੂੰ ਸਥਾਨਕ ਅਦਾਲਤ ਵੱਲੋਂ ਦੋਸ਼ੀ ਕਰਾਰ ਦਿੱਤਾ ਗਿਆ ਹੈ। ਕੈਲੀਫੋਰਨੀਆ ਦੇ ਗੁਰਵਿੰਦਰ ਤੂਰ ਅਤੇ ਉਸ ਦੀ ਪਤਨੀ ਕਿਰਨਦੀਪ ਤੂਰ ਨੂੰ ਸਾਲ 2017 ਵਿੱਚ ਕੈਨੇਡਾ-ਅਮਰੀਕਾ ਬਾਰਡਰ 'ਤੇ 100 ਕਿਲੋ ਕੋਕੀਨ ਸਮੇਤ ਗ੍ਰਿਫਤਾਰ ਕੀਤਾ ਗਿਆ ਸੀ ਜਦੋਂ ਉਹ ਇਕ ਟਰੱਕ ਰਾਹੀਂ ਕੈਨੇਡਾ ਵਿੱਚ ਦਾਖਲ ਹੋ ਰਹੇ ਸਨ। ਇਹ ਡਰੱਗ ਉਨਾਂ ਦੇ ਟਰੱਕ ਵਿੱਚੋਂ ਬਰਾਮਦ ਹੋਈ ਸੀ ਜਿਸ ਦਾ ਮੁੱਲ ਉਸ ਸਮੇਂ ਦੌਰਾਨ 6 ਤੋਂ 8 ਮਿਲੀਅਨ ਡਾਲਰ ਦੇ ਕਰੀਬ ਬਣਦਾ ਸੀ। ਦੱਸਣਯੋਗ ਹੈ ਕਿ 2 ਦਸੰਬਰ 2017 ਵਾਲੇ ਦਿਨ ਇਨਾਂ ਦੋਵਾਂ ਨੂੰ ਇੱਕ ਕਮਰਸ਼ੀਅਲ ਟਰੱਕ ਵਿੱਚ ਅਮਰੀਕਾ-ਕੈਨੇਡਾ ਦੇ ਕੂਟਸ ਬਾਰਡਰ ਵਿਖੇ ਕੈਨੇਡਾ ਵਿੱਚ ਦਾਖਲ ਹੁੰਦਿਆਂ ਗ੍ਰਿਫਤਾਰ ਕੀਤਾ ਗਿਆ ਸੀ ਤੇ ਉਨਾਂ ਦੇ ਟਰੱਕ ਵਿਚੋਂ ਤਕਰੀਬਨ 100 ਕਿਲੋ ਦੇ ਕਰੀਬ ਕੋਕੀਨ ਬਰਾਮਦ ਕੀਤੀ ਗਈ ਸੀ। 3 ਸਾਲ ਦੇ ਕਰੀਬ ਚੱਲੀ ਅਦਾਲਤੀ ਕਾਰਵਾਈ ਦੌਰਾਨ ਇਨਾਂ ਦੋਨਾਂ ਨੂੰ ਦੋਸ਼ੀ ਕਰਾਰ ਦਿੱਤੇ ਗਏ ਅਤੇ ਆਉਣ ਵਾਲੀ 10 ਮਈ ਨੂੰ ਅਗਲੇਰੀ ਕਾਰਵਾਈ ਤੇ ਸਜ਼ਾ ਸੁਣਾਉਣ ਬਾਰੇ ਫੈਸਲਾ ਕੀਤਾ ਜਾ ਸਕਦਾ ਹੈ। ਕੈਨੇਡੀਅਨ ਬਾਰਡਰ ਸਰਵਿਸਿਜ਼ ਏਜੰਸੀ (ਸੀ ਬੀ ਐਸ ਏ) ਵੱਲੋਂ ਉਸ ਸਮੇਂ ਕੈਨੇਡਾ (ਅਲਬਰਟਾ) ਵਿਚ ਨਸ਼ਿਆਂ ਦੀ ਇਹ ਸਭ ਤੋਂ ਵੱਡੀ ਖੇਪ ਮੰਨੀ ਜਾਂਦੀ ਸੀ।

# ਕੋਵਿਡ ਟੀਕਾ ਲਵਾ ਚੁੱਕੇ ਲੋਕ ਦੂਸਰੇ ਲੋਕਾਂ ਦੀ ਤੁਲਨਾ ਵਿਚ ਜਿਆਦਾ ਸੁਰੱਖਿਅਤ

## ਇਨਾਂ ਲੋਕਾਂ ਨੂੰ ਭੀੜ ਵਾਲੀਆਂ ਥਾਵਾਂ ਤੋਂ ਬਿਨਾਂ ਹੋਰ ਕਿਤੇ ਮਾਸਕ ਪਾਉਣ ਦੀ ਲੋੜ ਨਹੀਂ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ) :** ਸੈਂਟਰ ਫਾਰ ਡਸੀਜ਼ ਕੰਟਰੋਲ (ਸੀ ਡੀ ਸੀ) ਨੇ ਜਾਰੀ ਨਵੇਂ ਦਿਸ਼ਾ ਨਿਰਦੇਸ਼ਾਂ ਵਿਚ ਕਿਹਾ ਹੈ ਕਿ ਜਿਨਾਂ ਲੋਕਾਂ ਨੇ ਕੋਵਿਡ ਟੀਕੇ ਲਵਾ ਲਏ ਹਨ, ਨੂੰ ਭੀੜ ਵਾਲੀਆਂ ਥਾਵਾਂ ਨੂੰ ਛੱਡ ਕੇ ਬਾਹਰ ਖੁੱਲੀਆਂ ਥਾਵਾਂ ਉਪਰ ਮਾਸਕ ਪਾਉਣ ਦੀ ਲੋੜ ਨਹੀਂ ਹੈ। ਵਾਈਟ ਹਾਊਸ ਵਿਖੇ ਕੋਵਿਡ-19 ਬਾਰੇ ਗੱਲਬਾਤ ਕਰਦਿਆਂ ਜਨਤਕ ਸਿਹਤ ਅਧਿਕਾਰੀਆਂ ਨੇ ਕਿਹਾ ਕਿ ਮੁਕੰਮਲ ਟੀਕਾਕਰਣ ਵਾਲੇ ਲੋਕ ਬਿਨਾਂ ਮਾਸਕ ਦੇ ਸੈਰ ਕਰ ਸਕਦੇ ਹਨ, ਦੌੜ ਸਕਦੇ ਹਨ ਜਾਂ ਆਪਣੇ ਵਾਹਣ 'ਤੇ ਇਕੱਲੇ ਜਾਂ ਘਰ ਦੇ ਮੈਂਬਰਾਂ ਨਾਲ ਜਾ ਸਕਦੇ ਹਨ। ਇਹ ਲੋਕ ਖੁੱਲੀਆਂ ਥਾਵਾਂ 'ਤੇ ਛੋਟੇ ਇਕੱਠਾਂ ਵਿਚ ਆਪਣੇ ਮਿੱਤਰਾਂ ਦੋਸਤਾਂ ਨੂੰ ਮਿਲ ਸਕਦੇ ਹਨ। ਸੀ ਡੀ ਸੀ ਦੇ ਡਾਇਰੈਕਟਰ ਡਾ. ਰੋਚੇਲ ਵਾਲਨਸਕਾਈ ਨੇ ਕਿਹਾ ਕਿ 'ਅੱਜ ਅਸੀਂ ਹਾਲਾਤ ਆਮ ਵਾਂਗ ਹੋਣ ਵੱਲ ਇਕ ਕਦਮ ਪੁੱਟ ਸਕਦੇ ਹਾਂ। ਜੇਕਰ ਤੁਸੀਂ ਮੁਕੰਮਲ ਟੀਕਾਕਰਨ ਕਰਵਾ ਲਿਆ ਤਾਂ ਜਿਨਾਂ ਲੋਕਾਂ ਨੇ ਟੀਕਾਕਰਨ ਨਹੀਂ ਕਰਵਾਇਆ ਦੀ ਤੁਲਨਾ ਵਿਚ ਤੁਹਾਡੇ ਲਈ ਹਾਲਾਤ ਵਧੇਰੇ ਸੁਖਾਵੇਂ ਹਨ ਤੇ ਤੁਸੀਂ ਵਧੇਰੇ ਸੁਰੱਖਿਅਤ ਹੋ।' ਇਸ ਦੇ ਨਾਲ ਹੀ ਸੀ ਡੀ ਸੀ ਨੇ ਮੁਕੰਮਲ ਟੀਕਾਕਰਣ ਵਾਲੇ ਲੋਕਾਂ ਨੂੰ ਕਮਰਾ ਬੰਦ ਜਾਂ ਖੁੱਲੇ ਜਨਤਿਕ ਇਕੱਠਾਂ ਵਿਚ ਮਾਸਕ ਪਾਉਣ ਦੀ ਸਿਫਾਰਿਸ਼ ਕੀਤੀ ਹੈ। ਸੀ ਡੀ ਸੀ ਅਨੁਸਾਰ ਫਾਈਜ਼ਰ ਜਾਂ ਮੋਡਰੇਨਾ ਦੀ ਦੂਸਰੀ ਖੁਰਾਕ ਲੈਣ ਦੇ ਦੋ ਹਫਤੇ ਬਾਅਦ ਮੁਕੰਮਲ ਟੀਕਾਕਰਨ ਸਮਝਿਆ ਜਾਂਦਾ ਹੈ ਤੇ ਇਸੇ ਤਰਾਂ ਜੌਹਨਸਨ ਐਂਡ ਜੌਹਨਸਨ ਦਾ ਇਕ ਟੀਕਾ ਲਵਾਉਣ ਦੇ ਦੋ ਹਫਤੇ ਬਾਅਦ ਵਿਅਕਤੀ ਮੁਕੰਮਲ ਟੀਕਾਕਰਨ ਦੇ ਵਰਗ ਵਿਚ ਆ ਜਾਂਦਾ ਹੈ। ਬਾਅਦ ਵਿਚ ਸੀ ਡੀ ਸੀ ਦੀਆਂ ਨਵੀਆਂ ਹਦਾਇਤਾਂ ਬਾਰੇ ਰਾਸ਼ਟਰਪਤੀ ਜੋਅ ਬਾਈਡਨ ਨੇ ਸਪੱਸ਼ਟ ਕਰਦਿਆਂ ਕਿਹਾ 'ਇਹ ਗੱਲ ਸਾਫ ਹੈ ਕਿ ਜੇਕਰ ਤੁਸੀਂ ਮੁਕੰਮਲ ਟੀਕਾਕਰਨ ਕਰਵਾ ਲਿਆ ਹੈ ਤਾਂ ਤੁਸੀਂ ਘਰਾਂ ਵਿਚ ਤੇ ਬਾਹਰ ਵਧੇਰੇ ਸੁਰੱਖਿਆ ਨਾਲ ਵਿਚਰ ਸਕਦੇ ਹੋ। ਬਾਈਡਨ ਨੇ ਕਿਹਾ ਕਿ ਉਨਾਂ ਲੋਕਾਂ ਜਿਨਾਂ ਨੇ ਅਜੇ ਟੀਕਾ ਨਹੀਂ ਲਗਵਾਇਆ ਲਈ ਹੁਣ ਮੌਕਾ ਹੈ ਕਿ ਉਹ ਟੀਕਾਕਰਨ ਕਰਵਾ ਲੈਣ। ਸੀ ਡੀ ਸੀ ਦੇ ਅੰਕੜਿਆਂ ਅਨੁਸਾਰ ਅਮਰੀਕਾ ਦੀ ਤਕਰੀਬਨ 30% ਅਬਾਦੀ ਦੇ ਮੁਕੰਮਲ ਟੀਕਾਕਰਨ ਹੋ ਚੁੱਕਾ ਹੈ ਤੇ 42% ਆਬਾਦੀ ਦੇ ਇਕ ਟੀਕਾ ਲੱਗ ਚੁੱਕਾ ਹੈ।

# ਅਮਰੀਕਾ ਵਿਚ ਹੁਣ ਕੋਰੋਨਾ ਟੀਕਾਕਰਨ ਹੋਇਆ ਮੁਸ਼ਕਿਲ

## ਕਈ ਰਾਜਾਂ ਨੇ ਵਧੇਰੇ ਮਾਤਰਾ ਵਿਚ ਵੈਕਸੀਨ ਲੈਣ ਤੋਂ ਕੀਤਾ ਇਨਕਾਰ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ):** ਅਮਰੀਕਾ ਦੀ 40% ਤੋਂ ਵਧ ਆਬਾਦੀ ਨੂੰ ਮੁਕੰਮਲ ਰੂਪ ਵਿਚ ਜਾਂ ਅੰਸ਼ਕ ਰੂਪ ਵਿਚ ਕੋਰੋਨਾ ਟੀਕਾਕਰਨ ਹੋ ਚੁੱਕਾ ਹੈ। ਸਭ ਤੋਂ ਵੱਧ ਜੋਖਮ ਵਾਲੇ ਲੋਕਾਂ ਦੇ ਟੀਕਾਕਰਨ ਹੋ ਚੁੱਕਾ ਹੈ ਤੇ ਆਪਣੀ ਇੱਛਾ ਅਨੁਸਾਰ ਟੀਕਾ ਲਵਾਉਣ ਲਈ ਅੱਗੇ ਆਏ ਲੋਕਾਂ ਦੇ ਵੀ ਟੀਕਾ ਲੱਗਾ ਚੁੱਕਾ ਹੈ। ਰਹਿੰਦੀ ਵੱਸੋਂ ਦੇ ਟੀਕਾਕਰਣ ਵਿਚ ਮੁਸ਼ਕਿਲਾਂ ਆ ਰਹੀਆਂ ਹਨ ਤੇ ਲੋਕ ਟੀਕਾ ਲਵਾਉਣ ਲਈ ਖੁਦ ਅੱਗੇ ਨਹੀਂ ਆ ਰਹੇ। ਵਾਈਟ ਹਾਊਸ ਨੇ ਵੈਕਸੀਨ ਲਵਾਉਣ ਵਿਚ ਝਿਜਕ ਵਿਖਾ ਰਹੇ ਲੋਕਾਂ ਤੱਕ ਸਿੱਧੀ ਪਹੁੰਚ ਕਰਨ ਦੀ ਯੋਜਨਾ ਬਣਾਈ ਹੈ। ਇਸ ਮਕਸਦ ਲਈ ਸੋਸ਼ਲ ਮੀਡੀਆ ਰਾਹੀਂ ਲੋਕਾਂ ਨੂੰ ਜਾਗਰੂਕ ਕਰਨ ਲਈ ਮੁਹਿੰਮ ਚਲਾਈ ਜਾਵੇਗੀ। ਸਿਹਤ ਮਾਹਿਰ ਤੇ ਫਿਲਮੀ ਅਦਾਕਾਰ ਲੋਕਾਂ ਨੂੰ ਟੀਕਾ ਲਵਾਉਣ ਵਾਸਤੇ ਪ੍ਰੇਰਤ ਕਰਨਗੇ। ਵਾਈਟ ਹਾਊਸ ਦੇ ਕੋਵਿਡ-19 ਰਿਸਪਾਂਸ ਕੋਆਰਡੀਨੇਟਰ ਜੈਫ ਜ਼ੀਨਟਸ ਨੇ




ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਅਸੀਂ ਜਿੰਨੀ ਛੇਤੀ ਸੰਭਵ ਹੋ ਸਕਿਆ ਕੋਰੋਨਾ ਤੋਂ ਬਚਾਅ ਲਈ ਜੋਖਮ ਵਾਲੇ ਵਰਗ ਤੇ ਆਪਣੀ ਇੱਛਾ ਅਨੁਸਾਰ ਅੱਗੇ ਆਏ ਲੋਕਾਂ ਦੇ ਟੀਕਾ ਲਾ ਚੁੱਕੇ ਹਾਂ ਪ੍ਰੰਤੂ ਹੁਣ ਸਾਨੂੰ ਪਤਾ ਹੈ ਕਿ ਰਹਿੰਦੀ ਆਬਾਦੀ ਤੱਕ ਪਹੁੰਚ ਕਰਨ ਵਿੱਚ ਸਮਾਂ ਲੱਗੇਗਾ ਤੇ ਅਸੀਂ ਹੁਣ ਇਸ ਪਾਸੇ ਆਪਣਾ ਸਾਰਾ ਧਿਆਨ ਲਾ ਰਹੇ ਹਾਂ। ਜਿਨਾਂ ਰਾਜਾਂ ਨੇ ਵੈਕਸੀਨ ਲੈਣੀ ਬੰਦ ਕਰ ਦਿੱਤੀ ਹੈ ਜਾਂ ਘਟਾ ਦਿੱਤੀ ਹੈ ਉਨਾਂ ਵਿਚ ਲੁਸਿਆਨਾ ਤੇ ਮਿਸੀਸਿਪੀ ਸ਼ਾਮਿਲ ਹਨ। ਮਿਸੀਸਿਪੀ ਨੇ ਛੋਟੇ ਪੈਕਟਾਂ ਵਿਚ ਵੈਕਸੀਨ ਭੇਜਣ ਲਈ ਕਿਹਾ ਹੈ ਤਾਂ ਜੋ ਉਹ ਖਰਾਬ ਨਾ ਹੋਵੇ। ਤਿੰਨ ਚੌਥਾਈ ਕਨਸਾਸ ਕਾਊਂਟੀਆਂ ਪਿਛਲੇ ਇਕ ਮਹੀਨੇ ਦੌਰਾਨ ਘੱਟ ਘੱਟ ਇਕ ਵਾਰ ਵੈਕਸੀਨ ਲੈਣ ਤੋਂ ਇਨਕਾਰ ਕਰ ਚੁੱਕੀਆਂ ਹਨ। ਇਸੇ ਦੌਰਾਨ ਜੌਹਨਸਨ ਐਂਡ ਜੌਹਨਸਨ ਦੀ ਵੈਕਸੀਨ ਮੁੜ ਬਾਜ਼ਾਰ ਵਿਚ ਆ ਗਈ ਹੈ ਤੇ ਇਸ ਨੂੰ ਲੋਕਾਂ ਦੇ ਲਾਉਣ ਦਾ ਕੰਮ ਸ਼ੁਰੂ ਹੋ ਚੁੱਕਾ ਹੈ। ਖੂਨ ਜੰਮਣ ਦੀਆਂ ਸ਼ਿਕਾਇਤਾਂ ਕਾਰਨ 12 ਦਿਨ ਪਹਿਲਾਂ ਇਸ ਨੂੰ ਲਾਉਣਾ ਬੰਦ ਕਰ ਦਿੱਤਾ ਗਿਆ ਸੀ। ਸਿਹਤ ਮਾਹਿਰਾਂ ਨੇ ਕਿਹਾ ਹੈ ਕਿ ਇਹ ਵੈਕਸੀਨ ਬਹੁਤ ਕਾਰਗਰ ਹੈ ਤੇ ਜੋਖਮ ਦੀ ਸੰਭਾਵਨਾ ਨਾ ਦੇ ਬਰਾਬਰ ਹੈ।

# ਅਮਰੀਕੀਆਂ ਨੂੰ ਮੁੜ ਲਾਈ ਜਾਵੇਗੀ ਜੌਹਨਸਨ ਐਂਡ ਜੌਹਨਸਨ ਦੀ ਕੋਵਿਡ ਵੈਕਸੀਨ

## ਐਫ ਡੀ ਏ ਤੇ ਸੀ ਡੀ ਸੀ ਨੇ ਦਿੱਤੀ ਹਰੀ ਝੰਡੀ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ) :** ਖੂਨ ਜਮ ਜਾਣ ਦੀਆਂ ਸ਼ਿਕਾਇਤਾਂ ਉਪਰੰਤ ਜੌਹਨਸਨ ਐਂਡ ਜੌਹਨਸਨ ਦੀ ਕੋਵਿਡ ਵੈਕਸੀਨ ਲਾਉਣ ਉਪਰ ਲਾਈ ਰੋਕ ਹਟਾ ਲਈ ਗਈ ਹੈ। 11 ਦਿਨ ਪਹਿਲਾਂ ਲੱਗੀ ਪਾਬੰਦੀ ਨੂੰ ਖਤਮ ਕਰਦਿਆਂ 'ਫੂਡ ਐਂਡ ਡਰੱਗ ਅਡਮਨਿਸਟ੍ਰੇਸ਼ਨ ਅਤੇ ਸੈਂਟਰ ਫਾਰ ਡਸੀਜ ਕੰਟਰੋਲ' ਨੇ




ਕਿਹਾ ਹੈ ਕਿ ਤਕਰੀਬਨ 80 ਲੱਖ ਲੋਕਾਂ ਜਿਨਾਂ ਦੇ ਜੌਹਨਸਨ ਐਂਡ ਜੌਹਨਸਨ ਦਾ ਕੋਵਿਡ ਟੀਕਾ ਲਾਇਆ ਗਿਆ ਸੀ ਵਿਚੋਂ 15 ਲੋਕਾਂ ਉਪਰ ਬੁਰਾ ਅਸਰ ਵੇਖਣ ਨੂੰ ਮਿਲਿਆ ਹੈ ਜਿਨਾਂ ਵਿਚੋਂ 3 ਵਿਅਕਤੀਆਂ ਦੀ ਮੌਤ ਹੋਈ ਹੈ, ਇਸ ਆਧਾਰ 'ਤੇ ਇਕ ਬਹੁਤ ਹੀ ਪ੍ਰਭਾਵੀ ਵੈਕਸੀਨ ਦੀ ਵਰਤੋਂ ਬੰਦ ਕੀਤੇ ਜਾਣ ਨੂੰ ਉਚਿਤ ਨਹੀਂ ਠਹਿਰਾਇਆ ਜਾ ਸਕਦਾ। ਫੂਡ ਐਂਡ ਡਰੱਗ ਐਡਮਨਿਸਟ੍ਰੇਸ਼ਨ ਤੇ ਸੈਂਟਰ ਫਾਰ ਡਿਸੀਜ ਕੰਟਰੋਲ ਦੇ ਅਧਿਕਾਰੀਆਂ ਨੇ ਸਾਂਝੇ ਪੱਤਰਕਾਰ ਸੰਮੇਲਨ ਵਿਚ ਜੌਹਨਸਨ ਐਂਡ ਜੌਹਨਸਨ ਦੀ ਵੈਕਸੀਨ ਨਵੇਂ ਸਿਰੇ ਤੋਂ ਲੋਕਾਂ ਨੂੰ ਲਾਉਣ ਦਾ ਐਲਾਨ ਕੀਤਾ। ਪ੍ਰੈਸ ਕਾਨਫਰੰਸ ਤੋਂ ਪਹਿਲਾਂ ਸੈਂਟਰ ਫਾਰ ਡਿਸੀਜ ਕੰਟਰੋਲ ਦੀ ਸਲਾਹਕਾਰ ਕਮੇਟੀ ਨੇ ਵੈਕਸੀਨ ਦੀ ਵਰਤੋਂ ਕਰਨ ਦੇ ਹੱਕ ਵਿਚ ਵੋਟਾਂ ਪਾਈਆਂ। ਅਧਿਕਾਰੀਆਂ ਨੇ ਕਿਹਾ ਕਿ ਵੈਕਸੀਨ ਲਾਉਣ ਵੇਲੇ ਹਰੇਕ ਵਿਅਕਤੀ ਨੂੰ ਇਸ ਦੇ ਬਹੁਤ ਹੀ ਘੱਟ ਬੁਰੇ ਅਸਰ ਬਾਰੇ ਦਸਿਆ ਜਾਵੇਗਾ ਤੇ ਕੋਵਿਡ ਤੋਂ ਬਚਾਅ ਲਈ ਇਸ ਦੇ ਪ੍ਰਭਾਵੀ ਹੋਣ ਬਾਰੇ ਲੋਕਾਂ ਨੂੰ ਜਾਗਰੂਕ ਕੀਤਾ ਜਾਵੇਗਾ। ਸਲਾਹਕਾਰ ਕਮੇਟੀ ਦੇ ਮੈਂਬਰ ਡਾ. ਗਰੇਸ ਲੀ ਨੇ ਕਿਹਾ ਕਿ ਇਹ ਬਹੁਤ ਗੰਭੀਰ ਮਾਮਲਾ ਹੈ ਤੇ ਇਸ ਬਾਰੇ ਲੋਕਾਂ ਨੂੰ ਨਿਰੰਤਰ ਜਾਗਰੂਕ ਕਰਨ ਦੀ ਲੋੜ ਹੈ। ਸਾਨੂੰ ਸਪੱਸ਼ਟ ਸਿਫਾਰਿਸ਼ਾਂ ਨਾਲ ਲੋਕਾਂ ਕੋਲ ਜਾਣਾ ਚਾਹੀਦਾ ਹੈ। ਡਾ. ਹੈਨਰੀ ਬਰਨਸਟੀਨ ਨੇ ਕਿਹਾ ਕਿ ਸੁਰੱਖਿਆ ਚਿੰਤਾ ਦੇ ਮੱਦੇਨਜ਼ਰ ਰੋਕ ਲਾਉਣੀ ਜਾਇਜ਼ ਸੀ ਪ੍ਰੰਤੂ ਹੁਣ ਇਸ ਨੂੰ ਦੁਬਾਰਾ ਸ਼ੁਰੂ ਕਰਨ ਦਾ ਸਮਾਂ ਹੈ। ਲੋਕਾਂ ਨੂੰ ਇਹ ਦੱਸਣਾ ਜਰੂਰੀ ਹੈ ਕਿ ਇਹ ਵੈਕਸੀਨ ਬਹੁਤ ਹੀ ਅਸਰਦਾਰ ਹੈ ਜੋ ਕੋਵਿਡ-19 ਤੋਂ ਉਨਾਂ ਦਾ ਬਚਾਅ ਕਰੇਗੀ।

# ਅਮਰੀਕਾ ਭਾਰਤ ਨੂੰ ਵੈਕਸੀਨ ਭੇਜਣ ਲਈ ਤਿਆਰ

## ਹੋਰ ਕਈ ਦੇਸ਼ਾਂ ਨੇ ਵੀ ਕੀਤੀ ਮਦਦ ਦੀ ਪੇਸ਼ਕਸ਼

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ):** ਭਾਰਤ ਵਿਚ ਹੈਰਾਨੀਜਨਕ ਢੰਗ ਨਾਲ ਵਧੇ ਕੋਰੋਨਾ ਮਾਮਲਿਆਂ ਕਾਰਨ ਵੈਕਸੀਨ, ਆਕਸੀਜਨ, ਵੈਂਟੀਲੇਟਰਾਂ ਤੇ ਦਵਾਈਆਂ ਦੀ ਪੂਰਤੀ ਲਈ ਅਮਰੀਕਾ ਸਮੇਤ ਹੋਰ ਕਈ ਦੇਸ਼ਾਂ ਨੇ ਮਦਦ ਲਈ ਹੱਥ ਵਧਾਇਆ ਹੈ। ਅਮਰੀਕਾ ਦੇ ਕੌਮੀ ਰੱਖਿਆ ਸਲਾਹਕਾਰ ਜੇਕ ਸੁਲੀਵਨ ਨੇ ਆਪਣੇ ਭਾਰਤੀ ਹਮਰੁਤਬਾ ਅਜੀਤ ਡੋਵਾਲ ਨੂੰ ਦਸਿਆ ਕਿ ਉਨਾਂ ਦਾ ਦੇਸ਼ ਭਾਰਤ ਨੂੰ ਵੈਕਸੀਨ ਦੇਣ ਵਾਸਤੇ ਤਿਆਰ ਹੈ। ਸੁਲੀਵਨ ਨੇ ਡੋਵਾਲ ਨੂੰ ਕਿਹਾ ਕਿ ਅਮਰੀਕਾ ਕੋਵੀਸ਼ੀਲਡ ਵੈਕਸੀਨ ਤੇ ਆਕਸਫੋਰਡ ਦੀ ਐਸਟਰਾਜੈਨਿਕ ਵੈਕਸੀਨ ਤਿਆਰ ਕਰਨ ਲਈ ਭਾਰਤ ਨੂੰ ਕੱਚਾ ਮਾਲ ਦੇਵੇਗਾ। ਇਸ ਤੋਂ ਇਲਾਵਾ ਟੈਸਟ ਕਿੱਟਾਂ, ਵੈਂਟੀਲੇਟਰ ਤੇ ਨਿੱਜੀ ਰਖਿਆ ਸਾਜ ਸਮਾਨ ਦੀ ਸਪਲਾਈ ਕਰੇਗਾ। ਅਮਰੀਕਾ ਦੇ ਨੈਸ਼ਨਲ ਸਕਿਊਰਿਟੀ ਕੌਂਸਲ ਦੇ ਬੁਲਾਰੇ ਏਮਿਲੀ ਹੌਰਨ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਜਿਸ ਤਰਾਂ ਮਹਾਂਮਾਰੀ ਦੇ ਸ਼ੁਰੂ ਵਿਚ ਭਾਰਤ ਨੇ ਅਮਰੀਕਾ ਨੂੰ ਮੱਦਦ ਭੇਜੀ ਸੀ ਬਿਲਕੁਲ ਉਸੇ ਤਰਾਂ ਅਮਰੀਕਾ ਇਸ ਮੁਸ਼ਕਿਲ ਸਮੇਂ ਵਿਚ ਭਾਰਤ ਦੀ ਮੱਦਦ ਕਰਨ ਲਈ ਵਚਨਬੱਧ ਹੈ। ਇਸ ਤੋਂ ਪਹਿਲਾਂ ਮੈਡੀਕਲ ਮਾਹਿਰ ਡਾ. ਐਨਥਨੀ ਫੌਕੀ ਨੇ ਕਿਹਾ ਸੀ ਕਿ ਅਮਰੀਕਾ ਭਾਰਤ ਨੂੰ ਵਾਧੂ ਪਏ ਐਸਟਰਾਜ਼ੈਨਿਕ ਵੈਕਸੀਨ ਦੇਣ ਬਾਰੇ ਵੀ ਵਿਚਾਰ ਕਰ ਸਕਦਾ ਹੈ। ਇਹ ਪੇਸ਼ਕਸ਼ ਉਨਾਂ ਰਿਪੋਰਟਾਂ ਦਰਮਿਆਨ ਹੋਈ ਹੈ ਜਿਨਾਂ ਵਿਚ ਕਿਹਾ ਗਿਆ ਹੈ ਕਿ ਅਮਰੀਕਾ ਸਮੇਤ ਹੋਰ ਵਿਕਸਤ ਦੇਸ਼ਾਂ ਵਿਚ ਵੈਕਸੀਨ ਦੇ ਅੰਬਾਰ ਲੱਗੇ ਹੋਏ ਹਨ ਜਦਕਿ ਗਰੀਬ ਮੁਲਕ ਵੈਕਸੀਨ ਲੈਣ ਲਈ ਹੱਥ ਪੈਰ ਮਾਰ ਰਹੇ ਹਨ। ਬਰਤਾਨੀਆ ਨੇ ਭਾਰਤ ਨੂੰ ਵੈਂਟੀਲੇਟਰ ਦੇਣ ਲਈ ਸਹਿਮਤੀ ਪ੍ਰਗਟਾਈ ਹੈ ਜਦ ਕਿ ਯੂਰਪੀ ਯੂਨੀਅਨ ਦੇ ਦੇਸ਼ ਆਕਸੀਜਨ ਤੇ ਹੋਰ ਸਪਲਾਈ ਲਈ ਰਾਜੀ ਹੋਏ ਹਨ।

**50 ਲੱਖ ਤੋਂ ਵੱਧ ਲੋਕਾਂ ਨੇ ਨਹੀਂ ਲਵਾਇਆ ਦੂਜਾ ਟੀਕਾ**

ਹਾਲਾਂ ਕਿ ਸੈਂਟਰ ਫਾਰ ਡਸੀਜ ਕੰਟਰੋਲ (ਸੀ ਡੀ ਸੀ) ਲੋਕਾਂ ਨੂੰ ਜੌਹਨਸਨ ਐਂਡ ਜੌਹਨਸਨ ਦੀ ਵੈਕਸੀਨ ਲਵਾਉਣ ਲਈ ਉਤਸ਼ਾਹਿਤ ਕਰ ਰਿਹਾ ਹੈ ਜੋ ਕਿ ਇਕ ਵਾਰ ਹੀ ਲਾਇਆ ਜਾਣਾ ਹੈ ਪਰੰਤੂ ਦੂਜੇ ਪਾਸੇ ਇਹ ਤੱਥ ਸਾਹਮਣੇ ਆਇਆ ਹੈ ਕਿ ਬਹੁਤ ਸਾਰੇ ਅਮਰੀਕੀਆਂ ਨੇ ਦੂਸਰੀ ਖੁਰਾਕ ਲੈਣ ਤੋਂ ਨਾਂਹ ਕਰ ਦਿੱਤੀ ਹੈ। 50 ਲੱਖ ਤੋਂ ਵੱਧ ਅਮਰੀਕੀ ਜਿਨਾਂ ਨੇ ਫਾਈਜ਼ਰ ਜਾਂ ਮੋਡੇਰਨਾ ਵੈਕਸੀਨ ਲਵਾਈ ਸੀ, ਨੇ ਨਿਸ਼ਚਤ ਸਮੇਂ ਅੰਦਰ ਦੂਸਰੀ ਖੁਰਾਕ ਨਹੀਂ ਲਈ ਹੈ। ਇਹ ਗਿਣਤੀ ਪਹਿਲੀ ਖੁਰਾਕ (ਡੋਜ਼) ਲੈਣ ਵਾਲਿਆਂ ਦਾ 8% ਬਣਦੀ ਹੈ। ਕੁਝ ਲੋਕਾਂ ਨੇ ਬੁਰੇ ਪ੍ਰਭਾਵ ਦੇ ਡਰ ਕਾਰਨ ਦੂਸਰੀ ਖੁਰਾਕ ਨਹੀਂ ਲਈ ਤੇ ਕੁਝ ਸਮਝਦੇ ਹਨ ਕਿ ਉਨਾਂ ਦੀ ਸੁਰੱਖਿਆ ਲਈ ਇਕ ਹੀ ਟੀਕਾ ਕਾਫੀ ਹੈ। ਕਈ ਮਾਮਲਿਆਂ ਵਿਚ ਸਪਲਾਈ ਦੀ ਘਾਟ ਵੀ ਦੂਸਰਾ ਟੀਕਾ ਨਾ ਲਵਾਉਣ ਦਾ ਕਾਰਨ ਬਣੀ ਹੈ। ਇਥੇ ਜਿਕਰਯੋਗ ਹੈ ਕਿ ਅਮਰੀਕਾ ਦੀ 42% ਅਬਾਦੀ ਦੇ ਘੱਟ ਘੱਟ ਇਕ ਟੀਕਾ ਲੱਗ ਚੁੱਕਾ ਹੈ ਜਦ ਕਿ 28.5% ਅਬਾਦੀ ਦੇ ਮੁਕੰਮਲ ਟੀਕਾਕਰਨ ਹੋ ਚੁੱਕਾ ਹੈ।

# ਕੋਰੋਨਾ ਸੰਕਟ ਵਿਚ ਸਿੱਖ ਗੱਭਰੂਆਂ ਨੇ ਕੀਤਾ ਇਤਿਹਾਸਕ ਕੰਮ

## ਲੰਗਰ ਦੀ ਸੇਵਾ ਦੇ ਨਾਲ-ਨਾਲ ਹੁਣ ਆਕਸੀਜਨ ਦੀ ਸੇਵਾ ਵੀ ਸ਼ੁਰੂ ਕੀਤੀ

**ਚੰਡੀਗੜ/ਏ.ਟੀ.ਨਿਊਜ਼ :** ਕੋਰੋਨਾ ਦੇ ਕਹਿਰ ਵਿੱਚ ਸਿੱਖ ਭਾਈਚਾਰੇ ਨੇ ਪੀੜਤਾਂ ਲਈ ਹੱਥ ਵਧਾਇਆ ਹੈ। ਲੰਗਰ ਦੀ ਸੇਵਾ ਦੇ ਨਾਲ-ਨਾਲ ਹੁਣ ਆਕਸੀਜਨ ਦੀ ਸੇਵਾ ਵੀ ਸ਼ੁਰੂ ਕੀਤੀ ਜਾ ਰਹੀ ਹੈ। ਤਾਜ਼ਾ ਖਬਰ ਮਹਾਰਾਸ਼ਟਰ ਤੋਂ ਆਈ ਜਿਸ ਦੀ ਚਰਚਾ ਸੋਸ਼ਲ ਮੀਡੀਆ ਉੱਪਰ ਹੋ ਰਹੀ ਹੈ। ਮੁੰਬਈ ਵਿੱਚ ਸਿੱਖਾਂ ਵੱਲੋਂ ਆਕਸੀਜਨ ਦਾ ਲੰਗਰ ਲਾਇਆ ਗਿਆ ਹੈ।

ਮੁੰਬਈ ਦੇ ਮਲਾਬਾਰ ਹਿੱਲ ਸੇਵਕ ਜਥਾ ਤੇ ਮੁੰਬਈ ਦੇ ਮੁਲੰਡ ਸਿੱਖ ਨੌਜਵਾਨਾਂ ਨੇ ਆਕਸੀਜਨ ਸਿਲੰਡਰਾਂ ਨਾਲ ਸਹਾਇਤਾ ਲਈ ਇੱਕ ਕਾਲ ਸੈਂਟਰ ਸ਼ੁਰੂ ਕੀਤਾ ਹੈ। ਆਕਸੀਜਨ ਲੈਣ ਲਈ ਇੱਥੇ ਕੋਈ ਵੀ ਕਾਲ ਕਰ ਸਕਦਾ ਹੈ।ਵਲੰਟੀਅਰ ਬਲਵਿੰਦਰ ਸਿੰਘ ਨੇ ਦੱਸਿਆ ਕਿ ਪਿਛਲੇ ਸਾਲ ਅਸੀਂ ਤਿੰਨ ਮਹੀਨਿਆਂ ਲਈ ਲੰਗਰ ਲਾਇਆ ਸੀ, ਪਰ ਇਸ ਵਾਰ ਆਕਸੀਜਨ ਦੀ ਘਾਟ ਹੈ। ਇਸ ਲਈ ਅਸੀਂ ਰੈੱਡ ਕ੍ਰੋਸੈਂਟ ਸੁਸਾਇਟੀ ਨੂੰ ਸ਼ਾਮਲ ਕੀਤਾ ਤੇ ਲੋਕਾਂ ਦੀ ਮਦਦ ਕਰਨੀ ਸ਼ੁਰੂ ਕੀਤੀ। ਉਨਾਂ ਕਿਹਾ ਕਿ ਇਹ ਇੱਕ ਮੁਫਤ ਸੇਵਾ ਹੈ, ਅਸੀਂ ਲੋਕਾਂ ਤੋਂ ਪ੍ਰਤੀ ਸਿਲੰਡਰ 6000 ਰੁਪਏ ਜਮਾ ਕਰਦੇ ਹਾਂ, ਜੋ ਬਾਅਦ ਵਿੱਚ ਉਨਾਂ ਨੂੰ ਵਾਪਸ ਕਰ ਦਿੱਤਾ ਜਾਂਦਾ ਹੈ। ਅਸੀਂ ਆਕਸੀਜਨ ਸਿਲੰਡਰ ਦੇਣ ਤੋਂ ਪਹਿਲਾਂ ਮਰੀਜ਼ਾਂ ਦੀਆਂ ਰਿਪੋਰਟਾਂ ਚੈੱਕ ਕਰਦੇ ਹਾਂ।

# ਅਮਰੀਕੀ ਰਾਜ ਇਡਾਹੋ 'ਚ 90 ਫੀਸਦੀ ਬਘਿਆੜਾਂ ਨੂੰ ਮਾਰਨ ਦੇ ਹੁਕਮ

**ਇਡਾਹੋ/ਏ.ਟੀ.ਨਿਊਜ਼ :** ਅਮਰੀਕੀ ਰਾਜ ਇਡਾਹੋ ਦੇ ਵਿਧਾਇਕਾਂ ਨੇ ਉਸ ਬਿੱਲ ਨੂੰ ਮਨਜ਼ੂਰੀ ਦੇ ਦਿੱਤੀ ਹੈ ਜਿਸ ਵਿਚ ਰਾਜ ਵਿਚ ਬਘਿਆੜਾਂ ਦੀ 90 ਫੀਸਦੀ ਅਬਾਦੀ ਨੂੰ ਮਾਰਨ ਲਈ ਨਿੱਜੀ ਠੇਕਾ ਦੇਣ ਦੀ ਵਿਵਸਥਾ ਕੀਤੀ ਗਈ ਹੈ। ਖੇਤੀਬਾੜੀ ਉਦਯੋਗ ਦੇ ਸਮਰਥਨ ਵਾਲੇ ਇਸ ਬਿੱਲ ਨੂੰ ਵਿਧਾਇਕਾਂ ਨੇ 11 ਦੇ ਮੁਕਾਬਲੇ 58 ਵੋਟਾਂ ਨਾਲ ਮਨਜ਼ੂਰੀ ਦਿੱਤੀ ਅਤੇ ਇਸ ਨੂੰ ਮੰਗਲਵਾਰ ਨੂੰ ਦਸਤਖ਼ਤ ਲਈ ਰੀਪਬਲਿਕਨ ਗਵਰਨਰ ਬ੍ਰਾਡ ਲਿਟਿਲ ਨੂੰ ਭੇਜਿਆ ਗਿਆ।

ਪਸ਼ੂਆਂ, ਬਘਿਆੜਾਂ ਅਤੇ ਹੋਰ ਜੰਗਲੀ ਜਾਨਵਰਾਂ 'ਤੇ ਹਮਲੇ ਦੇ ਮੱਦੇਨਜ਼ਰ ਰਾਜ ਵਿਧਾਇਕਾਂ ਨੇ ਕਾਨੂੰਨ ਵਿਚ ਤਬਦੀਲੀ ਕਰ ਕੇ ਬਘਿਆੜਾਂ ਦੀ ਆਬਾਦੀ 1500 ਤੋਂ ਘਟਾ ਕੇ 150 ਕਰਨ ਦਾ ਫ਼ੈਸਲਾ ਲਿਆ ਹੈ। ਉੱਥੇ ਵਾਤਾਵਰਨ ਸਮੂਹਾਂ ਨੇ ਬਿੱਲ 'ਤੇ ਨਾਰਾਜ਼ਗੀ ਜ਼ਾਹਰ ਕਰਦਿਆਂ ਗਵਰਨਰ ਤੋਂ ਇਸ ਨੂੰ ਅਸਵੀਕਾਰ ਕਰਨ ਦੀ ਮੰਗ ਕੀਤੀ ਹੈ। ਵੈਸਟਰਨ ਵਾਟਰਸ਼ੈਂਟ ਪ੍ਰਾਜੈਕਟ ਅਤੇ ਹੋਰ ਸਮੂਹਾਂ ਨੇ ਕਿਹਾ, 'ਬਘਿਆੜਾਂ ਨੂੰ ਮਾਰਨ ਲਈ ਲਿਆਂਦੇ ਗਏ ਬਿੱਲ ਤੋਂ ਲੱਖਾਂ ਡਾਲਰ ਬਰਬਾਦ ਹੋਣਗੇ ਅਤੇ ਇਸ ਨਾਲ ਅਖੀਰ ਵਿਚ ਇਹ ਪ੍ਰਜਾਤੀ ਖਤਰੇ ਵਾਲੀ ਪ੍ਰਜਾਤੀਆਂ ਵਿਚ ਸ਼ਾਮਲ ਹੋ ਜਾਵੇਗੀ।'

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: Malkeet Singh Manager: Pardeep Singh Online Editor: Sukhwinder Singh Asst. Editor: Balwinderpal Singh, Sarbjeet Kaur Sarb Online Interview Host: Balraj Pannu
Designer: Balbir Singh Content Composer: Amritpal Singh US Distributor: Amritsar Times Inc Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.
All legal disputes must be handled in the courts of State of Punjab in India.

# ਕੋਵਿਡ 'ਤੇ ਕਾਬੂ ਪਾਉਣ ਲਈ ਮਾਸਟਰ ਕਾਰਡ ਵੱਲੋਂ 1 ਕਰੋੜ ਡਾਲਰ ਖਰਚ ਕੀਤੇ ਜਾਣਗੇ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ):** ਭਾਰਤੀ ਮੂਲ ਦੇ ਅਮਰੀਕੀ ਨਾਗਰਿਕ ਅਜੇ ਬੰਗਾ ਦੀ ਅਗਵਾਈ ਵਾਲੇ ਮਾਸਟਰ ਕਾਰਡ ਵੱਲੋਂ ਭਾਰਤ ਵਿਚ ਕੋਵਿਡ ਕਾਰਨ ਗੰਭੀਰ ਹੋਏ ਹਾਲਾਤ ਨਾਲ ਨਜਿੱਠਣ ਲਈ ਇਕ ਕਰੋੜ ਡਾਲਰ ਖਰਚਣ ਦਾ ਪ੍ਰਣ ਲਿਆ ਗਿਆ ਹੈ। ਮਾਸਟਰ ਕਾਰਡ ਨੇ ਇਹ ਐਲਾਨ ਲੰਘੇ ਦਿਨ ਕੀਤਾ। ਮਾਸਟਰ ਕਾਰਡ ਵੱਲੋਂ ਜਾਰੀ ਪ੍ਰੈਸ ਰਲੀਜ ਵਿਚ ਕਿਹਾ ਗਿਆ ਹੈ ਕਿ ਪਿਛਲੇ ਹਫਤਿਆਂ ਦੌਰਾਨ ਭਾਰਤ ਵਿਚ ਕੋਵਿਡ ਦੇ ਮਰੀਜ਼ਾਂ ਤੇ ਮੌਤਾਂ ਵਿਚ ਤੇਜ਼ੀ ਨਾਲ ਵਾਧਾ ਹੋਇਆ ਹੈ। ਰੋਜ਼ਾਨਾ 3,50,000 ਤੋਂ ਵਧ ਨਵੇ ਮਾਮਲੇ ਆ ਰਹੇ ਹਨ ਜਿਸ ਕਾਰਨ ਸਿਹਤ ਸੰਭਾਲ ਸਿਸਟਮ ਉਪਰ ਦਬਾਅ ਵਧ ਗਿਆ ਹੈ। ਮਾਸਟਰ ਕਾਰਡ ਇੰਪੈਕਟ ਫੰਡ ਹਸਪਤਾਲਾਂ ਵਿਚਲੇ ਸਾਧਨਾਂ ਦਾ ਮੁਲਾਂਕਣ ਕਰਨ 'ਤੇ ਆਕਸੀਜਨ ਦੀ ਸਪਲਾਈ ਦੇ ਨਾਲ ਨਾਲ 2000 ਬਿਸਤਰਿਆਂ ਵਾਲੇ ਪੋਰਟੇਬਲ ਹਸਪਤਾਲ ਬਣਾਏਗਾ ਜਿਨਾਂ




ਨਾਲ ਮਰੀਜ਼ਾਂ ਦੀ ਸੰਭਾਲ ਕਰਨ ਵਿੱਚ ਫੌਰੀ ਮੱਦਦ ਮਿਲੇਗੀ। ਇਹ ਹਸਪਤਾਲ ਸਰਕਾਰ ਤੇ ਸਥਾਨਕ ਭਾਈਵਾਲਾਂ ਦੇ ਸਹਿਯੋਗ

## ਪੋਰਟੇਬਲ ਹਸਪਤਾਲ ਬਣਾਏ ਜਾਣਗੇ

ਨਾਲ ਤੁਰੰਤ ਬਣਾਏ ਜਾਣਗੇ ਜਿਨਾਂ ਵਿਚ ਅੰਦਾਜਨ 25 ਲੱਖ ਭਾਰਤੀ ਸਿਹਤ ਸੇਵਾਵਾਂ ਲੈ ਸਕਣਗੇ। ਮਾਸਟਰ ਕਾਰਡ ਦੇ ਕਾਰਜਕਾਰੀ ਚੇਅਰਮੈਨ ਬੰਗਾ ਨੇ ਕਿਹਾ ਹੈ ਕਿ 'ਭਾਰਤ ਵਿਚ ਹਾਲਾਤ ਖਰਾਬ ਹਨ ਤੇ ਅਜਿਹੇ ਹਾਲਾਤ ਵਿਚ ਕੋਈ ਵੀ ਮੂਕ ਦਰਸ਼ਕ ਬਣਕੇ ਨਹੀਂ ਰਹਿ ਸਕਦੇ। ਅਸੀਂ ਹਮੇਸ਼ਾਂ ਭਾਰਤੀ ਲੋਕਾਂ ਦੇ ਚੰਗੇ ਭਵਿੱਖ ਦੀ ਕਾਮਨਾ ਕੀਤੀ ਹੈ। ਅਸੀਂ ਇਸ ਸੰਕਟ ਦੀ ਘੜੀ ਵਿਚ ਭਾਰਤੀਆਂ ਦੀ ਹਰ ਸੰਭਵ ਮੱਦਦ ਕਰਾਂਗੇ।' ਮਾਸਟਰ ਕਾਰਡ ਜਮੀਨੀ ਪੱਧਰ 'ਤੇ ਡਾਕਟਰੀ ਸਹਾਇਤਾ ਤੋਂ ਇਲਾਵਾ 1000 ਆਕਸੀਜ਼ਨ ਜਨਰੇਟਰ ਭਾਰਤ ਭੇਜਣ ਦਾ ਪ੍ਰਬੰਧ ਵੀ ਕਰ ਰਿਹਾ ਹੈ। ਇਸ ਵਾਸਤੇ ਉਹ ਅਲਹਿਦਾ ਫੰਡ ਦੀ ਵਿਵਸਥਾ ਕਰ ਰਿਹਾ ਹੈ। ਮਾਸਟਰ ਕਾਰਡ ਦੇ ਜਨਰਲ ਕੌਂਸਲ ਤੇ ਭਾਰਤ ਦੇ ਸਾਬਕਾ ਅਮਰੀਕੀ ਰਾਜਦੂਤ ਰਿਚਰਡ ਵਰਮਾ ਨੇ ਕਿਹਾ ਹੈ ਕਿ ਅਮਰੀਕਾ ਤੇ ਭਾਰਤ ਸੰਕਟ ਦੌਰਾਨ ਇਕ ਦੂਸਰੇ ਦੀ ਮੱਦਦ ਕਰਦੇ ਆਏ ਹਨ ਤੇ ਇਹ ਬਹੁਤ ਨਾਜ਼ਕ ਸਮਾਂ ਹੈ ਤੇ ਅਸੀਂ ਆਪਣੇ ਮਿੱਤਰਾਂ ਦੀ ਮੱਦਦ ਕਰਨ ਪ੍ਰਤੀ ਵਚਨਬੱਧ ਹਾਂ।

# ਕੋਰੋਨਾ ਸੰਕਟ 'ਚ ਪਾਕਿਸਤਾਨ ਵੱਲੋਂ ਭਾਰਤ ਨੂੰ ਪੇਸ਼ਕਸ਼, ਕੀ ਸਵੀਕਾਰ ਕਰਨਗੇ ਮੋਦੀ ?

## ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਦਿਖਾਇਆ ਭਰਾਤਰੀ ਭਾਵ

**ਇਸਲਾਮਾਬਾਦ/ਏ.ਟੀ.ਨਿਊਜ਼ :** ਕੋਰੋਨਾ ਦੇ ਕਹਿਰ ਵਿੱਚ ਪਾਕਿਸਤਾਨ ਨੇ ਭਾਰਤ ਦੀ ਬਾਂਹ ਫੜਨ ਦੀ ਪੇਸ਼ਕਸ਼ ਕੀਤੀ ਹੈ। ਗੁਆਂਢੀ ਮੁਲਕ ਪਾਕਿਸਤਾਨ ਨੇ ਕੋਰੋਨਾ ਮਹਾਂਮਾਰੀ ਨਾਲ ਨਜਿੱਠਣ ਲਈ ਭਾਰਤ ਨੂੰ ਵੈਂਟੀਲੇਟਰਾਂ ਸਣੇ ਹੋਰ ਰਾਹਤ ਸਮੱਗਰੀ ਦੀ ਪੇਸ਼ਕਸ਼ ਕੀਤੀ। ਦੋਵਾਂ ਦੇਸ਼ਾਂ ਵਿੱਚ ਤਣਾਅ ਹੋਣ ਦੇ ਬਾਵਜੂਦ ਗੁਆਂਢੀ ਮੁਲਕ ਨੇ ਮਾੜੇ ਸਮੇਂ ਵਿੱਚ ਭਾਰਤ ਵੱਲ ਹੱਥ ਵਧਾਇਆ ਹੈ। ਹੁਣ ਸਵਾਲ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਸ ਪੇਸ਼ਕਸ਼ ਨੂੰ ਸਵੀਕਾਰ ਕਰਨਗੇ।

ਪਾਕਿਸਤਾਨ ਨੇ ਕਿਹਾ ਹੈ ਕਿ ਦੋਵੇਂ ਦੇਸ਼ ਇਸ ਆਲਮੀ ਮਹਾਮਾਰੀ ਨਾਲ ਪੈਦਾ ਹੋਈਆਂ ਚੁਣੌਤੀਆਂ ਦੇ ਟਾਕਰੇ ਲਈ ਅੱਗੇ ਸਹਿਯੋਗ ਵਾਸਤੇ ਸੰਭਾਵਨਾਵਾਂ ਤਲਾਸ਼ ਸਕਦੇ ਹਨ। ਵਿਦੇਸ਼ ਮੰਤਰਾਲੇ ਦੇ ਦਫ਼ਤਰ ਵੱਲੋਂ ਬਿਆਨ 'ਚ ਕਿਹਾ ਗਿਆ ਕਿ ਇੱਕ ਵਾਰ ਤੌਰ-ਤਰੀਕਿਆਂ ਦਾ ਪਤਾ ਲੱਗਦਿਆਂ ਹੀ ਪਾਕਿਸਤਾਨ ਕੁਝ ਖਾਸ ਵਸਤਾਂ ਤੁਰੰਤ ਭੇਜਣ ਲਈ ਤਿਆਰ ਹੈ।

ਬਿਆਨ ਮੁਤਾਬਕ, 'ਕਰੋਨਾ ਲਾਗ ਦੀ ਮੌਜੂਦਾ ਲਹਿਰ ਦੇ ਮੱਦੇਨਜ਼ਰ ਭਾਰਤ ਦੇ ਲੋਕਾਂ ਨਾਲ ਇਕਜੁੱਟਤਾ ਦਿਖਾਉਂਦਿਆਂ ਪਾਕਿਸਤਾਨ ਨੇ ਭਾਰਤ ਨੂੰ ਰਾਹਤ ਸਹਾਇਤਾ, ਜਿਸ ਵਿੱਚ



ਵੈਂਟੀਲੇਟਰ, ਬੀਆਈ ਪੀਏਪੀ, ਡਿਜੀਟਲ ਐਕਸ ਰੇਅ ਮਸ਼ੀਨਾਂ, ਪੀਪੀਈ ਕਿੱਟਾਂ ਤੇ ਹੋਰ ਸਬੰਧਤ ਸਾਮਾਨ ਸ਼ਾਮਲ ਹੈ, ਦੀ ਪੇਸ਼ਕਸ਼ ਕੀਤੀ ਹੈ।' ਬਿਆਨ 'ਚ ਕਿਹਾ ਗਿਆ ਕਿ ਪਾਕਿਸਤਾਨ ਤੇ ਭਾਰਤ ਦੇ ਸਬੰਧਤ ਅਧਿਕਾਰੀ ਰਾਹਤ ਸਮੱਗਰੀ ਦੀ ਤੁਰੰਤ ਡਿਲੀਵਰੀ ਲਈ ਤੌਰ-ਤਰੀਕਿਆਂ 'ਤੇ ਕੰਮ ਕਰ ਸਕਦੇ ਹਨ।'

ਇਹ ਪੇਸ਼ਕਸ਼ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਵੱਲੋਂ ਭਾਰਤ ਦੇ ਲੋਕਾਂ ਨਾਲ ਇੱਕਜੁਟਤਾ ਦਿਖਾਏ ਜਾਣ ਮਗਰੋਂ ਕੀਤੀ ਗਈ ਹੈ। ਉਨਾਂ ਕਿਹਾ, 'ਸਾਨੂੰ ਮਨੁੱਖਤਾ ਸਾਹਮਣੇ ਆਈ ਇਸ ਆਲਮੀ ਚੁਣੌਤੀ ਨਾਲ ਮਿਲ ਕੇ ਲੜਨਾ ਪਵੇਗਾ।' ਕਰੋਨਾ ਮਹਾਂਮਾਰੀ ਦੌਰਾਨ ਪਾਕਿਸਤਾਨ ਦੀਆਂ ਕਈ ਅਹਿਮ ਸ਼ਖਸੀਅਤਾਂ, ਜਿਨਾਂ ਵਿੱਚ ਸਿਆਸਤਦਾਨ ਤੇ ਖਿਡਾਰੀ ਸ਼ਾਮਲ ਹਨ, ਨੇ ਵੀ ਟਵਿੱਟਰ 'ਤੇ ਭਾਰਤੀ ਲੋਕਾਂ ਲਈ ਦੁਆਵਾਂ ਕੀਤੀਆਂ ਹਨ।

# ਪੰਜਾਬ ਦੇ ਭਾਜਪਾ ਤੇ ਸੰਘੀ ਆਗੂਆਂ ਨੂੰ ਧਮਕੀਆਂ

## ਕੇਂਦਰੀ ਗ੍ਰਹਿ ਮੰਤਰਾਲੇ ਨੇ ਪੰਜਾਬ ਸਰਕਾਰ ਨੂੰ ਗੁਪਤ ਪੱਤਰ ਲਿਖਿਆ

**ਚੰਡੀਗੜ/ਏ.ਟੀ.ਨਿਊਜ਼ :** ਕੇਂਦਰੀ ਗ੍ਰਹਿ ਮੰਤਰਾਲੇ ਨੇ ਪੰਜਾਬ ਦੇ ਭਾਜਪਾ ਅਤੇ ਆਰਐੱਸਐੱਸ ਦੇ ਸੱਤ ਸੀਨੀਅਰ ਆਗੂਆਂ ਨੂੰ ਸੁਰੱਖਿਆ ਮੁਹੱਈਆ ਕਰਾਉਣ ਦੇ ਹੁਕਮ ਜਾਰੀ ਕੀਤੇ ਹਨ। ਗ੍ਰਹਿ ਮੰਤਰਾਲੇ ਨੇ ਮੁੱਖ ਸਕੱਤਰ ਪੰਜਾਬ ਨੂੰ ਗੁਪਤ ਪੱਤਰ ਭੇਜ ਕੇ ਕਿਹਾ ਕਿ ਪੰਜਾਬ ਦੇ ਭਾਜਪਾ ਅਤੇ ਆਰਐੱਸਐੱਸ ਆਗੂਆਂ ਦੀ ਸੁਰੱਖਿਆ ਦੇ ਮਾਮਲੇ ਨੂੰ ਕੇਂਦਰੀ ਸੁਰੱਖਿਆ ਏਜੰਸੀ ਨਾਲ ਵਿਚਾਰਨ ਮਗਰੋਂ ਇਨਾਂ ਨੂੰ ਢੁਕਵੀਂ ਸੁਰੱਖਿਆ ਦੇਣ ਬਾਰੇ ਫੈਸਲਾ ਹੋਇਆ ਹੈ। ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਮੁੱਖ ਸਕੱਤਰ ਪੰਜਾਬ ਨੂੰ 22 ਅਪ੍ਰੈਲ ਨੂੰ ਲਿਖੇ ਪੱਤਰ ਅਨੁਸਾਰ ਆਰਐੱਸਐੱਸ ਪੰਜਾਬ ਦੇ ਪ੍ਰਧਾਨ ਇਕਬਾਲ ਸਿੰਘ ਆਹਲੂਵਾਲੀਆ, ਜੋ ਕਿ ਸੰਗਰੂਰ ਜ਼ਿਲੇ ਦੇ ਰਹਿਣ ਵਾਲੇ ਹਨ, ਬਾਰੇ ਲਿਖਿਆ ਗਿਆ ਹੈ ਕਿ ਜਾਣਕਾਰੀ ਅਨੁਸਾਰ ਆਹਲੂਵਾਲੀਆ ਵਿਦੇਸ਼ਾਂ ਵਿਚਲੇ ਖਾਲਿਸਤਾਨੀਆਂ ਦੀ ਹਿੱਟ ਲਿਸਟ 'ਤੇ ਹਨ। ਇਸੇ ਤਰਾਂ ਭਾਜਪਾ ਪੰਜਾਬ ਦੇ ਸੀਨੀਅਰ ਵਾਈਸ ਪ੍ਰਧਾਨ ਹਰਜੀਤ ਸਿੰਘ ਗਰੇਵਾਲ ਵੀ ਇਨਾਂ ਵਿਰੁੱਧ ਬੋਲਦੇ ਰਹੇ ਹਨ ਤੇ ਸਿੱਖ ਰੈਫਰੈਂਡਮ-2020 ਦਾ ਵਿਰੋਧ ਕਰਦੇ ਰਹੇ ਹਨ। ਪੱਤਰ ਅਨੁਸਾਰ ਭਾਜਪਾ ਦੇ ਕੌਮੀ ਬੁਲਾਰੇ ਇਕਬਾਲ ਸਿੰਘ ਲਾਲਪੁਰਾ ਨੂੰ ਵੀ ਸੁਰੱਖਿਆ ਦੇਣ ਲਈ ਕਿਹਾ ਗਿਆ ਹੈ। ਪੱਤਰ 'ਚ ਕਿਹਾ ਗਿਆ ਹੈ ਕਿ ਲਾਲਪੁਰਾ ਸੇਵਾਮੁਕਤ ਡੀਆਈਜੀ ਹਨ ਤੇ ਉਹ 2012 ਵਿਚ ਭਾਜਪਾ 'ਚ ਸ਼ਾਮਲ ਹੋਏ ਸਨ। ਲਾਲਪੁਰਾ ਜਦੋਂ 1981 'ਚ ਤਰਨ ਤਾਰਨ ਵਿਚ ਐੱਸਐੱਸਪੀ ਸਨ, ਤਾਂ ਉਨਾਂ ਨੇ ਸਿੱਖ ਨਿਰੰਕਾਰੀ ਕੇਸ ਵਿਚ ਸੰਤ ਭਿੰਡਰਾਂਵਾਲੇ ਨੂੰ ਗ੍ਰਿਫ਼ਤਾਰ ਕੀਤਾ ਸੀ। ਪੰਜਾਬ ਸੰਤਾਪ ਦੇ ਸਮੇਂ ਦੌਰਾਨ ਲਾਲਪੁਰਾ ਨੇ ਕਾਫੀ ਖਾੜਕੂ ਗ੍ਰਿਫ਼ਤਾਰ ਕੀਤੇ ਸਨ। ਲਾਲਪੁਰਾ ਨੇ ਦੱਸਿਆ ਸੀ ਕਿ ਉਸ ਨੂੰ ਵਿਦੇਸ਼ਾਂ ਤੋਂ ਖਾਲਿਸਤਾਨੀਆਂ ਵੱਲੋਂ ਧਮਕੀਆਂ ਮਿਲ ਰਹੀਆਂ ਹਨ। ਗ੍ਰਹਿ ਮੰਤਰਾਲੇ ਨੇ ਇਸੇ ਆਧਾਰ 'ਤੇ ਪੰਜਾਬ ਸਰਕਾਰ ਨੂੰ ਸੁਰੱਖਿਆ ਦੇਣ ਲਈ ਲਿਖਿਆ ਹੈ।

ਪੱਤਰ ਅਨੁਸਾਰ ਭਾਜਪਾ ਦੇ ਕੌਮੀ ਜਨਰਲ ਸਕੱਤਰ ਤਰੁਣ ਚੁੱਘ, ਭਾਜਪਾ ਪੰਜਾਬ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਅਤੇ ਰਾਜ ਸਭਾ ਮੈਂਬਰ ਸ਼ਵੇਤ ਮਲਿਕ ਵੀ ਨਿਸ਼ਾਨੇ 'ਤੇ ਦੱਸੇ ਜਾ ਰਹੇ ਹਨ। ਇਸ ਤੋਂ ਇਲਾਵਾ ਆਰਐੱਸਐੱਸ ਦੇ ਸਾਬਕਾ ਪ੍ਰਧਾਨ ਬ੍ਰਿਜ ਭੂਸ਼ਨ ਬੇਦੀ ਨੂੰ ਗਰਮਦਲੀਆਂ ਵੱਲੋਂ ਖਤਰਾ ਹੋਣ ਦੀ ਗੱਲ ਆਖੀ ਗਈ ਹੈ। ਗ੍ਰਹਿ ਮੰਤਰਾਲੇ ਨੇ ਇਨਾਂ ਆਗੂਆਂ ਦੇ ਢੁਕਵੇਂ ਸੁਰੱਖਿਆ ਪ੍ਰਬੰਧ ਕਰਨ ਵਾਸਤੇ ਆਖਿਆ ਹੈ। ਇਨਾਂ ਆਗੂਆਂ ਨੂੰ ਸੁਰੱਖਿਆ ਦੇਣ ਪਿੱਛੇ ਮੌਜੂਦਾ ਕਿਸਾਨ ਘੋਲ ਦਾ ਵੀ ਹਵਾਲਾ ਦਿੱਤਾ ਗਿਆ ਹੈ।

# 7 ਸਾਲਾ ਬੱਚੀ ਦੇ ਹਤਿਆਰੇ ਨੂੰ ਪੁਲਿਸ ਨੇ ਮਾਰੀ ਗੋਲੀ

## ਗੰਭੀਰ ਹਾਲਤ ਵਿਚ ਹਸਪਤਾਲ ਦਾਖਲ



7ਸਾਲਾ ਬੱਚੀ ਜਸਲਿਨ ਐਡਮਜ ਦੀ ਫਾਈਲ ਤਸਵੀਰ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ):** ਸ਼ਿਕਾਗੋ ਪੁਲਿਸ ਨੇ ਪਿਛਲੇ ਹਫਤੇ ਆਪਣੇ ਪਿਤਾ ਨਾਲ ਜਾ ਰਹੀ 7 ਸਾਲਾ ਬੱਚੀ ਦੀ ਗੋਲੀਆਂ ਮਾਰ ਕੇ ਹੱਤਿਆ ਕਰਨ ਵਾਲੇ ਵਿਅਕਤੀ ਦਾ ਪਿਛਾ ਕਰਕੇ ਉਸ ਨੂੰ ਗੋਲੀ ਮਾਰ ਦਿੱਤੀ। ਉਪਰੰਤ ਉਸ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਦਾਖਲ ਕਰਵਾਇਆ ਗਿਆ। ਸ਼ਿਕਾਗੋ ਪੁਲਿਸ ਮੁਖੀ ਡੇਵਿਡ ਬਰਾਊਨ ਨੇ ਕਿਹਾ ਹੈ ਕਿ ਸ਼ੱਕੀ ਵਿਅਕਤੀ ਨੇ ਬਚ ਨਿਕਲ ਜਾਣ ਦੀ ਅਸਫਲ ਕੋਸ਼ਿਸ਼ ਕੀਤੀ। ਉਨਾਂ ਪੁਸ਼ਟੀ ਕੀਤੀ ਕਿ ਇਹ ਉਹ ਹੀ ਸ਼ੱਕੀ ਵਿਅਕਤੀ ਹੈ ਜਿਸ ਨੇ ਜਸਲਿਨ ਐਡਮਜ ਨਾਮੀਂ 7 ਸਾਲਾ ਬੱਚੀ ਦੇ ਕਈ ਗੋਲੀਆਂ ਮਾਰ ਕੇ ਉਸ ਦੀ ਹੱਤਿਆ ਕਰ ਦਿੱਤੀ ਸੀ ਤੇ ਬੱਚੀ ਦੇ ਪਿਤਾ ਨੂੰ ਜ਼ਖਮੀ ਕਰ ਦਿੱਤਾ ਸੀ ਜਿਸ ਦੀ ਹਾਲਤ ਗੰਭੀਰ ਬਣੀ ਹੋਈ ਹੈ।

# ਭਾਰਤੀ ਮੂਲ ਦੀ ਅਮਰੀਕਨ ਕਲਾਕਾਰ ਨੇ ਇਟਲੀ ਵਿਚ ਆਪਣੀਆਂ ਕਲਾ ਕ੍ਰਿਤਾਂ ਦੀ ਲਾਈ ਪ੍ਰਦਰਸ਼ਨੀ



**ਸੈਕਰਾਮੈਂਟੋ (ਹੁਸਨ ਲੜੋਆ ਬੰਗਾ):** ਭਾਰਤੀ ਮੂਲ ਦੀ ਅਮਰੀਕਨ ਕਲਾਕਾਰ ਮਾਧੁਰੀ ਸ੍ਰੀਕਾਂਤ ਮਿਲਾਨ (ਇਟਲੀ) ਵਿਚ ਇਕ ਕੌਮਾਂਤਰੀ ਪ੍ਰਦਰਸ਼ਨੀ ਵਿੱਚ ਆਪਣੀਆਂ ਕਲਾਕ੍ਰਿਤਾਂ ਦਾ ਪ੍ਰਦਰਸ਼ਨ ਕਰ ਰਹੀ ਹੈ। ਇਹ ਪ੍ਰਦਰਸ਼ਨੀ 23 ਅਪ੍ਰੈਲ ਤੋਂ ਸ਼ੁਰੂ ਹੋ ਚੁੱਕੀ ਹੈ ਤੇ 2 ਮਈ ਤੱਕ ਚੱਲੇਗੀ। ਸ੍ਰੀਕਾਂਤ ਦੀਆਂ ਜੜਾਂ ਭਾਰਤ ਦੇ ਤੇਲੰਗਾਨਾ ਰਾਜ ਨਾਲ ਜੁੜੀਆਂ ਹੋਈਆਂ ਹਨ। ਕੈਰੀ, ਉਤਰੀ ਕੈਰੋਲੀਨਾ ਦੀ ਵਸਨੀਕ ਸ੍ਰੀਕਾਂਤ ਨੂੰ ਇਸ ਪ੍ਰਦਰਸ਼ਨੀ ਵਿਚ ਹਿੱਸਾ ਲੈਣ ਲਈ ਵਿਸ਼ੇਸ਼ ਤੌਰ 'ਤੇ ਸੱਦਿਆ ਗਿਆ ਹੈ। ਸ੍ਰੀਕਾਂਤ ਨੇ ਕਿਹਾ ਹੈ ਕਿ ਮੇਰੇ ਲਈ ਕੌਮਾਂਤਰੀ ਪਲੇਟਫਾਰਮ ਉਪਰ ਭਾਰਤੀ ਸਭਿਆਚਾਰ ਤੇ ਰਵਾਇਤਾਂ ਨੂੰ ਕਲਾ ਦੇ ਰੂਪ ਵਿਚ ਪ੍ਰਦਰਸ਼ਤ ਕਰਨ ਦਾ ਇਹ ਇਕ ਵੱਡਾ ਅਵਸਰ ਹੈ। ਉਸ ਨੇ ਕਿਹਾ ਮੇਰੀ ਇੱਛਾ ਹੈ ਕਿ ਭਾਰਤੀ ਮੂਲ ਦੀਆਂ ਹੋਰ ਲੜਕੀਆਂ ਵੀ ਕਲਾ ਦੇ ਖੇਤਰ ਨਾਲ ਜੁੜਨ।

# ਕੋਰੋਨਾ ਕਾਰਨ ਕੈਨੇਡਾ ਜਾਣ ਤੋਂ ਰਹਿ ਗਏ ਪੜਾਕੂ

**ਬਠਿੰਡਾ/ਏ.ਟੀ.ਨਿਊਜ਼:** ਕੋਰੋਨਾ ਮਹਾਂਮਾਰੀ ਦੇ ਚਲਦੇ ਕੇਂਦਰ ਸਰਕਾਰ ਵੱਲੋਂ 30 ਅਪ੍ਰੈਲ ਤਕ ਵਿਦੇਸ਼ੀ ਫਲਾਈਟਾਂ ਬੰਦ ਕੀਤੀਆਂ ਗਈਆਂ ਹਨ। ਜਿਸ ਨੂੰ ਲੈ ਕੇ ਬਠਿੰਡਾ ਤੋਂ ਕੁਝ ਵਿਦਿਆਰਥੀਆਂ ਨੇ ਵਿਦੇਸ਼ੀ ਧਰਤੀ ਤੇ ਪੜਨ ਦੇ ਲਈ ਜਾਣਾ ਸੀ ਪ੍ਰੰਤੂ ਕੋਰੋਨਾ ਮਹਾਂਮਾਰੀ ਦੇ ਚਲਦੇ ਹੁਣ ਨਹੀਂ ਜਾ ਸਕਦੇ। ਨਾਰਾਜ਼ਗੀ ਜਤਾਉਂਦੇ ਹੋਏ ਉਨਾਂ ਦੱਸਿਆ ਕਿ ਪਹਿਲਾਂ ਤਾਂ ਸਾਡੇ ਮਾਪਿਆਂ ਨੇ ਸਾਨੂੰ ਲੱਖਾਂ ਰੁਪਏ ਖਰਚ ਕਰ ਪੜਾਇਆ, ਉਸ ਤੋਂ ਬਾਅਦ ਸਾਡੇ ਕੁਝ ਸੁਪਨੇ ਸੀ ਉਸ ਨੂੰ ਪੂਰਾ ਕਰਨ ਲਈ ਅਸੀਂ ਵਿਦੇਸ਼ ਵਿੱਚ ਜਾਣਾ ਸੀ ਪਰ ਕੋਰੋਨਾ ਮਹਾਂਮਾਰੀ ਦੇ ਚਲਦੇ ਫਲਾਈਟ ਬੰਦ ਕਰ ਦਿੱਤੀ। ਇੰਝ ਲਗਦਾ ਹੈ ਕਿ ਹੁਣ 30 ਅਪ੍ਰੈਲ ਤੋਂ ਵੀ ਅੱਗੇ ਬੰਦ ਰਹੇਗੀ। ਉਨਾਂ ਕਿਹਾ ਕਿ ਸਾਡੇ ਮਾਤਾ ਪਿਤਾ ਨੇ ਸਾਡੇ ਉਪਰ ਲੱਖਾਂ ਰੁਪਏ ਖਰਚ ਕੀਤੇ ਹਨ ਪ੍ਰੰਤੂ ਅਸੀਂ ਅੱਜ ਘਰ ਬੈਠੇ ਹਾਂ ਪੜਾਈ ਦੇ ਨਾਲ ਸਾਡੇ ਕੁਝ ਸੁਪਨੇ ਸੀ ਜੋਂ ਅਸੀਂ ਕੈਨੇਡਾ ਪੂਰੇ ਕਰਨੇ ਸੀ ਉਹ ਨਹੀਂ ਹੋਣੇ।

ਦੂਜੇ ਪਾਸੇ ਬਠਿੰਡਾ ਦਾ ਰਹਿਣ ਵਾਲਾ ਹੀ ਇੱਕ ਨੌਜਵਾਨ ਜੋ ਕਿ ਪਿਛਲੇ 2017 ਨਿਊਜ਼ੀਲੈਂਡ ਵਿਖੇ ਰਹਿ ਰਿਹਾ ਸੀ ਜਿਸ ਨੂੰ ਲੈ ਕੇ ਉਹ ਮਾਰਚ ਮਹੀਨੇ 2020 ਬਠਿੰਡਾ ਉਸ ਤੋਂ ਬਾਅਦ ਲਾਕਡਾਊਨ ਲੱਗ ਗਿਆ ਸੀ ਜਿਸ ਨੂੰ ਲੈ ਕੇ ਉਸ ਨੇ ਵਾਪਿਸ ਅਪ੍ਰੈਲ ਮਹੀਨੇ ਜਾਣਾ ਸੀ ਪੂਰਾ ਇੱਕ ਸਾਲ ਬੀਤਣ ਤੋਂ ਬਾਅਦ ਵੀ ਨਿਊਜ਼ੀਲੈਂਡ ਵੱਲੋਂ ਆਪਣੇ ਸੀਲ ਕਿਤੇ ਹੋਏ ਬੋਡਰ ਨਹੀਂ ਖੋਲੇ।ਮੇਰੇ ਮਾਤਾ ਪਿਤਾ ਨੇ ਵੀ ਮੇਰੇ ਉਪਰ ਲੱਖਾਂ ਰੁਪਏ ਖਰਚ ਕੀਤੇ ਪਰ ਹੁਣ ਕੋਰੋਨਾ ਮਹਾਂਮਾਰੀ ਦੇ ਚਲਦੇ ਨਹੀਂ ਜਾ ਸਕਦੇ ਸਾਡੀ ਮੰਗ ਹੈ ਸਰਕਾਰ ਨੂੰ ਕਿ ਜਲਦ ਖੋਲੇ ਜਾਣ ਫਲਾਈਟ ਤਾਂ ਜੋ ਅਸੀਂ ਜਾ ਸਕਿਆ।

# ਹਵਾਰਾ ਕਮੇਟੀ ਵਲੋਂ ਸਿੱਖ ਕੈਦੀਆਂ ਦੀ ਰਿਹਾਈ ਦੀ ਮੰਗ




**ਅੰਮ੍ਰਿਤਸਰ/ਏ.ਟੀ.ਨਿਊਜ਼ :** ਹਵਾਰਾ ਕਮੇਟੀ ਨੇ ਕੇਂਦਰ ਸਰਕਾਰ ਤੋਂ ਗੁਰੂ ਤੇਗ਼ ਬਹਾਦਰ ਦੇ 400 ਸਾਲਾ ਪ੍ਰਕਾਸ਼ ਪੁਰਬ ਮੌਕੇ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੱਖਾਂ ਨੂੰ ਰਿਹਾਅ ਕਰਨ ਦੀ ਮੰਗ ਕੀਤੀ ਹੈ। ਇਸ ਤੋਂ ਇਲਾਵਾ ਗੁਰਦੁਆਰਾ ਕਰਤਾਰਪੁਰ ਸਾਹਿਬ ਦਾ ਲਾਂਘਾ ਖੋਲਣ ਅਤੇ ਖੇਤੀ ਕਾਨੂੰਨ ਰੱਦ ਕਰਨ ਦੀ ਮੰਗ ਵੀ ਕੀਤੀ ਗਈ ਹੈ।

ਕਮੇਟੀ ਦੇ ਬੁਲਾਰੇ ਪ੍ਰੋ. ਬਲਜਿੰਦਰ ਸਿੰਘ ਨੇ ਆਖਿਆ ਕਿ ਗੁਰੂ ਨਾਨਕ ਦੇਵ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਕੇਂਦਰ ਸਰਕਾਰ ਨੇ ਸਿੱਖ ਬੰਦੀਆਂ ਨੂੰ ਰਿਹਾਅ ਕਰਨ ਦਾ ਐਲਾਨ ਕੀਤਾ ਸੀ, ਪਰ ਹੁਣ ਤੱਕ ਸਿਰਫ਼ ਭਾਈ ਲਾਲ ਸਿੰਘ ਨੂੰ ਹੀ ਰਿਹਾਅ ਕੀਤਾ ਗਿਆ ਹੈ, ਜਦਕਿ ਪ੍ਰੋ. ਦਵਿੰਦਰ ਪਾਲ ਸਿੰਘ ਭੁੱਲਰ, ਗੁਰਦੀਪ ਸਿੰਘ ਖੇੜਾ, ਸ਼ਮਸ਼ੇਰ ਸਿੰਘ, ਗੁਰਮੀਤ ਸਿੰਘ, ਲਖਵਿੰਦਰ ਸਿੰਘ, ਹਰਨੇਕ ਸਿੰਘ ਨੂੰ ਅਜੇ ਤਕ ਰਿਹਾਅ ਨਹੀਂ ਕੀਤਾ ਗਿਆ। ਉਨਾਂ ਅਪੀਲ ਕੀਤੀ ਕਿ ਹੁਣ 400 ਸਾਲਾ ਪ੍ਰਕਾਸ਼ ਪੁਰਬ ਮੌਕੇ ਇਨਾਂ ਬੰਦੀ ਸਿੱਖਾਂ ਨੂੰ ਰਿਹਾਅ ਕੀਤਾ ਜਾਵੇ।

ਹਵਾਰਾ ਕਮੇਟੀ ਨੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ 400 ਸਾਲਾ ਪ੍ਰਕਾਸ਼ ਪੁਰਬ ਮੌਕੇ ਕਰਤਾਰਪੁਰ ਲਾਂਘਾ ਮੁੜ ਖੋਲਿਆ ਜਾਵੇ।

# ਜਾਹੋ ਜਲਾਲ ਨਾਲ ਮਨਾਇਆ ਖ਼ਾਲਸੇ ਦਾ ਸਾਜਨਾ ਦਿਵਸ

**ਓਹਾਇਓ/ਏ.ਟੀ.ਨਿਊਜ਼ :** ਬੀਤੇ ਦਿਨੀਂ ਅਮਰੀਕਾ ਦੇ ਵੱਖ ਵੱਖ ਸ਼ਹਿਰਾਂ ਵਾਂਗ ਓਹਾਇਓ ਸੂਬੇ ਦੇ ਸ਼ਹਿਰ ਡੇਟਨ ਦੀ ਪੰਜਾਬੀ ਕਮਿਊਨਿਟੀ ਵਲੋਂ ਗੁਰਦੁਆਰਾ ਸਿੱਖ ਸੋਸਾਇਟੀ ਆਫ ਡੇਟਨ ਵਿਖੇ ਖਾਲਸੇ ਦਾ ਜਨਮ ਦਿਹਾੜਾ ਅਤੇ ਵਿਸਾਖੀ ਜਾਹੋ ਜਲਾਲ ਨਾਲ ਮਨਾਇਆ ਗਿਆ। ਇਸ ਦਿਹਾੜੇ ਨੂੰ ਮੁੱਖ ਰੱਖਦਿਆਂ ਅਖੰਡ ਪਾਠ ਅਰੰਭ ਕੀਤੇ ਗਏ ਜਿਨਾਂ ਦੇ ਭੋਗ ਵਿਸਾਖੀ ਵਾਲੇ ਦਿਨ ਪਾਏ ਗਏ। ਤਿੰਨੋਂ ਦਿਨ ਗੁਰਬਾਣੀ ਦੇ ਪ੍ਰਵਾਹ ਦੇ ਨਾਲ ਨਾਲ ਗੁਰੂ ਕਾ ਲੰਗਰ ਅਤੁੱਟ ਵਰਤਿਆ। ਅਖੰਡ ਪਾਠ ਦੇ ਭੋਗ ਉਪਰੰਤ ਨਗਰ ਕੀਰਤਨ ਸਜਾਏ ਗਏ।




ਇਸ ਮੌਕੇ ਦਰਬਾਰ ਸਾਹਿਬ ਵਿੱਚ ਦੀਵਾਨ ਦੀ ਹਾਜ਼ਰੀ ਭਰਦਿਆਂ ਭਾਈ ਮਨਜੀਤ ਸਿੰਘ ਇੰਡਆਨਾ ਅਤੇ ਮੁੱਖ ਗ੍ਰੰਥੀ ਭਾਈ ਹੇਮ ਸਿੰਘ ਜੀ ਨੇ ਸ਼ਬਦ ਵਿਚਾਰ ਰਾਹੀਂ ਖਾਲਸਾ ਦਿਵਸ ਦਾ ਮਹੱਤਵ ਸੰਗਤਾਂ ਨੂੰ ਸਰਵਣ ਕਰਵਾਇਆ ਉਪਰੰਤ ਢਾਡੀ ਜਗਸੀਰ ਸਿੰਘ ਅਤੇ ਸਾਥੀਆਂ ਨੇ ਵਾਰਾਂ ਗਾ ਕੇ ਸੰਗਤਾਂ ਵਿੱਚ ਬੀਰ-ਰਸ ਭਰ ਦਿੱਤਾ। ਇਸ ਮੌਕੇ ਡਾ. ਦਰਸ਼ਨ ਸਿੰਘ ਸਹਿਬੀ ਨੇ ਸੰਗਤ ਲਈ ਚਲਾਈ ਜਾ ਰਹੀ ਫ੍ਰੀ ਡਿਸਪੈਂਸਰੀ ਬਾਰੇ ਜਾਣਕਾਰੀ ਦਿੱਤੀ। ਉਪਰੰਤ ਇੰਡੀਆਨਾ ਸੂਬੇ ਦੇ ਸ਼ਹਿਰ ਫੇਅਰ ਫ਼ੈਕਸ ਵਿੱਚ ਵਾਪਰੀ ਦੁਖਦਾਈ ਘਟਨਾ ਵਿੱਚ ਮਾਰੇ ਗਏ ਵਿਅਕਤੀਆਂ ਦੀ ਆਤਮਿਕ ਸ਼ਾਂਤੀ ਅਰਦਾਸ ਕੀਤੀ ਗਈ।

# ਪਾਕਿ 'ਚ ਪਗ ਪਹਿਨਣ ਵਾਲੇ ਗ਼ੈਰ-ਸਿੱਖਾਂ ਲਈ ਸਖ਼ਤ ਨਿਯਮ ਬਣਨ, ਉੱਠੀ ਮੰਗ

**ਅੰਮ੍ਰਿਤਸਰ/ਏ.ਟੀ.ਨਿਊਜ਼ :** ਪਾਕਿਸਤਾਨ 'ਚ ਪਗੜੀਆਂ ਪਹਿਨਣ ਵਾਲੇ ਗ਼ੈਰ-ਸਿੱਖਾਂ ਲਈ ਸਖ਼ਤ ਨਿਯਮ ਬਣਾਏ ਜਾਣ ਦੀ ਮੰਗ ਲਗਾਤਾਰ ਜ਼ੋਰ ਫੜਦੀ ਜਾ ਰਹੀ ਹੈ। ਪੇਸ਼ਾਵਰ ਤੋਂ ਇਸ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਪੇਸ਼ਾਵਰੀ ਸਿੱਖ ਸੰਗਤ ਦੇ ਇਕ ਆਗੂ ਨੇ ਆਪਣਾ ਨਾਂਅ ਗੁਪਤ ਰੱਖਣ ਦੀ ਸ਼ਰਤ 'ਤੇ ਦੱਸਿਆ ਕਿ ਪਾਕਿ 'ਚ ਪਿਛਲੇ 5-6 ਸਾਲ ਤੱਕ ਲਗਭਗ ਪੂਰਾ ਸਿੱਖ ਭਾਈਚਾਰਾ ਸਾਬਤ ਸੂਰਤ ਅਤੇ ਗੁਰਸਿੱਖ ਸੀ ਜਿਸ ਦੀ ਹਰ ਮੁਲਕ ਵਿਚ ਸ਼ਲਾਘਾ ਕੀਤੀ ਜਾਂਦੀ ਰਹੀ ਹੈ। ਜਦਕਿ ਮੌਜੂਦਾ ਸਮੇਂ ਪਾਕਿ ਦੇ ਸੂਬਾ ਬਲੋਚਿਸਤਾਨ, ਖ਼ੈਬਰ ਪਖਤੂਨਖਵਾ, ਲਹਿੰਦਾ ਪੰਜਾਬ, ਸਿੰਧ ਅਤੇ ਸੰਘੀ ਰਾਜਧਾਨੀ ਇਸਲਾਮਾਬਾਦ 'ਚ ਵੱਡੀ ਗਿਣਤੀ ਵਿਚ ਆਪਣੇ ਨਾਵਾਂ ਨਾਲ 'ਸਿੰਘ' ਜਾਂ 'ਕੌਰ' ਲਿਖਣ ਵਾਲੇ ਜਾਂ ਸਿਰਾਂ 'ਤੇ ਪਗੜੀਆਂ ਸਜਾਉਣ ਵਾਲੇ ਗੁਰਸਿੱਖ ਨਹੀਂ ਹਨ। ਉਨਾਂ ਦੋਸ਼ ਲਗਾਇਆ ਕਿ ਪਾਕਿ ਦੇ ਵੱਖ-ਵੱਖ ਸ਼ਹਿਰਾਂ ਵਿਚ ਈਸਾਈ ਤੇ ਹਿੰਦੂ ਭਾਈਚਾਰੇ ਵਿਚੋਂ ਕੁਝ ਲੋਕ ਆਪਣੇ ਨਿੱਜੀ ਲਾਭ ਲਈ ਜਾਂ ਵਿਸ਼ੇਸ਼ ਪਹਿਚਾਣ ਕਾਇਮ ਕਰਨ ਲਈ ਅਤੇ ਫ਼ਰਜ਼ੀ ਐਨ.ਜੀ.ਓ. ਰਾਹੀਂ ਵਿਦੇਸ਼ਾਂ ਤੋਂ ਪਾਕਿ ਸਿੱਖਾਂ ਲਈ ਸਿੱਖਿਆ, ਕਾਨੂੰਨ, ਸਿਹਤ ਅਤੇ ਧਾਰਮਿਕ ਪੱਖੋਂ ਸੇਵਾਵਾਂ ਮੁਹੱਈਆ ਕਰਵਾਉਣ ਦੇ ਨਾਮ 'ਤੇ ਫੰਡਿਗ ਲੈਣ ਲਈ ਸਿੱਖੀ ਰੂਪ ਧਾਰਨ ਕਰ ਰਹੇ ਹਨ। ਉਨਾਂ ਕਿਹਾ ਕਿ ਅਜਿਹੇ ਲੋਕਾਂ ਕਾਰਨ ਪਾਕਿ ਸਿੱਖ ਭਾਈਚਾਰੇ ਦਾ 'ਸਾਬਤ ਸੂਰਤ ਸਿੱਖ' ਹੋਣ ਵਾਲਾ ਅਕਸ ਧੁੰਦਲਾ ਪੈਂਦਾ ਜਾ ਰਿਹਾ ਹੈ। ਉਨਾਂ ਕਿਹਾ ਕਿ ਅਜਿਹੇ ਲੋਕਾਂ 'ਤੇ ਪਾਕਿ ਦੇ ਵੱਖ-ਵੱਖ ਪੁਲਿਸ ਥਾਣਿਆਂ ਅਤੇ ਅਦਾਲਤਾਂ 'ਚ ਧੋਖਾਧੜੀ ਦੇ ਮਾਮਲੇ ਵੀ ਦਰਜ ਹਨ। ਉੱਧਰ ਪਾਕਿਸਤਾਨੀ ਸਿੱਖ ਕ੍ਰਿਕਟਰ ਮਹਿੰਦਰਪਾਲ ਸਿੰਘ ਨੇ ਵੀ ਆਪਣੇ ਨਿੱਜੀ ਫੈਸਬੁੱਕ ਖਾਤੇ 'ਤੇ 'ਫ਼ਰਜ਼ੀ ਪਾਕਿਸਤਾਨੀ ਸਿੱਖ' ਸਿਰਲੇਖ ਹੇਠ ਕੁਝ ਸਬੰਧਤ ਤਸਵੀਰਾਂ ਸਮੇਤ ਪੋਸਟ ਸਾਂਝੀ ਕਰਕੇ ਪਾਕਿ ਸਿੱਖਾਂ ਦੇ ਹੱਕਾਂ ਵਿਚ ਡਟੇ।

# ਕਵੀ ਸੁਰਜੀਤ ਪਾਤਰ ਮੁੜ ਬਣੇ ਪੰਜਾਬ ਕਲਾ ਪਰਿਸ਼ਦ ਦੇ ਚੇਅਰਮੈਨ



**ਚੰਡੀਗੜ/ਏ.ਟੀ.ਨਿਊਜ਼ :** ਪੰਜਾਬ ਦੇ ਸਭਿਆਚਾਰਕ ਮਾਮਲੇ ਤੇ ਸੈਰ ਸਪਾਟਾ ਵਿਭਾਗ ਨੇ ਪੰਜਾਬ ਕਲਾ ਪਰਿਸ਼ਦ ਦਾ ਪੁਨਰਗਠਨ ਕਰਦਿਆਂ ਸੁਰਜੀਤ ਪਾਤਰ ਨੂੰ ਮੁੜ ਚੇਅਰਮੈਨ ਚੁਣ ਲਿਆ ਹੈ। ਇਸ ਮੌਕੇ ਸਭਿਆਚਾਰਕ ਮਾਮਲੇ ਵਿਭਾਗ ਦੇ ਅਧਿਕਾਰੀ ਸੰਜੇ ਕੁਮਾਰ ਦੀ ਅਗਵਾਈ ਹੇਠ ਹੋਈ ਮੀਟਿੰਗ ਦੌਰਾਨ ਪ੍ਰੋ.ਯੋਗ ਰਾਜ ਨੂੰ ਉਪ ਚੇਅਰਮੈਨ, ਡਾ.ਲਖਵਿੰਦਰ ਜੌਹਲ ਨੂੰ ਜਨਰਲ ਸਕੱਤਰ, ਡਾ. ਸਰਬਜੀਤ ਕੌਰ ਸੋਹਲ ਨੂੰ ਪੰਜਾਬ ਸਾਹਿਤ ਅਕਾਦਮੀ ਦੀ ਪ੍ਰਧਾਨ, ਕੇਵਲ ਧਾਲੀਵਾਲ ਨੂੰ ਪੰਜਾਬ ਸੰਗੀਤ ਤੇ ਨਾਟਕ ਅਕਾਦਮੀ ਦਾ ਪ੍ਰਧਾਨ ਤੇ ਦੀਵਾਨ ਮਾਨਾ ਨੂੰ ਪੰਜਾਬ ਲਲਿਤ ਕਲਾ ਅਕਾਦਮੀ ਦਾ ਪ੍ਰਧਾਨ ਚੁਣਿਆ ਗਿਆ।

# ਗੁਰੂ ਸਿੰਘ ਸਭਾ ਕੋਵਿਡ -19 ਦੇ ਮਰੀਜ਼ਾਂ ਨੂੰ ਪ੍ਰਦਾਨ ਕਰ ਰਹੀ 'ਆਕਸੀਜਨ ਲੰਗਰ'




**ਕਾਨਪੁਰ/ਏ.ਟੀ.ਨਿਊਜ਼ :** ਗੁਰੂ ਸਿੰਘ ਸਭਾ ਕੋਵਿਡ-19 ਦੇ ਮਰੀਜ਼ਾਂ ਨੂੰ 'ਆਕਸੀਜਨ ਲੰਗਰ' ਪ੍ਰਦਾਨ ਕਰ ਰਹੀ ਹੈ। ਕੁਲਵੰਤ ਸਿੰਘ ਗਿੱਲ, ਸੀਨੀਅਰ ਮੀਤ ਪ੍ਰਧਾਨ, ਗੁਰੂ ਸਿੰਘ ਸਭਾ ਨੇ ਕਿਹਾ, 'ਅਸੀਂ 53 ਲੋਕਾਂ ਨੂੰ ਮੈਡੀਕਲ ਆਕਸੀਜਨ ਪ੍ਰਦਾਨ ਕੀਤੀ ਹੈ। ਇਥੇ 10 ਬੈੱਡ ਉਪਲਬਧ ਹਨ ਅਤੇ ਅਸੀਂ ਇਸ ਨੂੰ ਹੋਰ ਵਧਾ ਦਿਆਂਗੇ। ਦੱਸਣਯੋਗ ਹੈ ਕਿ ਕੋਰੋਨਾ ਨਾਲ ਪੈਦਾ ਹੋਏ ਮਾੜੇ ਹਲਾਤਾਂ ਵਿਚ ਵੀ ਸਿੱਖ ਕੌਮ ਸਰਬੱਤ ਦੇ ਭਲੇ ਦਾ ਕੰਮ ਕਰ ਰਹੀ ਹੈ।

A-ONE EXPRESS

ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਓਨਰ ਓਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੌਪ
- Excellent Payment



ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ

28421 S CHRISMAN RD, UNIT# 3, TRACY, CA

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

Toll Free: 888.725.7441, Office: 209.537.0975, Fax: 209.537.0375

# ਬਹਾਦਰ ਪੰਜਾਬਣਾਂ ਨੇ ਕੋਰੋਨਾ ਨਾਲ ਮਰ ਚੁੱਕੇ ਲੋਕਾਂ ਦੀਆਂ ਅਰਥੀਆਂ ਨੂੰ ਮੋਢਾ ਦੇ ਕੇ ਪੇਸ਼ ਕੀਤੀ ਮਨੁੱਖਤਾ ਦੀ ਮਿਸਾਲ

**ਚੰਡੀਗੜ/ਏ.ਟੀ.ਨਿਊਜ਼ :** ਮਹਾਂਮਾਰੀ ਦੇ ਦੌਰ ਵਿਚ ਵੀ ਮਾਨਵਤਾ ਲਈ ਕੁਝ ਹੱਟ ਕੇ ਕਰਨ ਵਾਲੇ ਘੱਟ ਹੀ ਹਨ, ਪਰ ਚੰਡੀਗੜ ਰੈੱਡਕ੍ਰਾਸ ਸੋਸਾਇਟੀ ਨਾਲ ਜੁੜੀਆਂ ਕੁੜੀਆਂ ਨੇ ਅਜਿਹਾ ਕਰਨ ਦਾ ਸਾਹਸ ਦਿਖਾਇਆ ਹੈ। ਇਨਾਂ ਵਿਚ ਜ਼ਸ਼ਨ ਤੇ ਸਵਿਤਾ ਸ਼ਾਮਲ ਹੈ। 24 ਸਾਲ ਦੀ ਜਸ਼ਨ ਪੰਜਾਬ ਯੂਨੀਵਰਸਿਟੀ ਤੋਂ ਪੜਾਈ ਪੂਰੀ ਕਰ ਚੁੱਕੀ ਹੈ। ਜਦਕਿ ਸਵਿਤਾ ਨੇ ਵੀ ਪੜਾਈ ਪੂਰੀ ਕਰਨ ਤੋਂ ਬਾਅਦ ਸਿਵਲ ਸਰਵਿਸਿਜ਼ ਦੀ ਤਿਆਰੀ ਲਈ ਚੰਡੀਗੜ ਦਾ ਰੁਖ਼ ਕੀਤਾ। ਉਹ ਸੈਲਫ ਸਟੱਡੀ ਕਰਨ ਦੇ ਨਾਲ ਚੰਡੀਗੜ ਰੈੱਡਕ੍ਰਾਸ ਸੋਸਾਇਟੀ ਨਾਲ ਜੁੜੀ ਹੈ।



ਕੋਰੋਨਾ ਕਾਰਨ ਮਰੇ ਲੋਕਾਂ ਦੀ ਅਰਥੀ ਨੂੰ ਮੋਢਾ ਦੇਣ ਵਾਲੀ ਮੋਹਾਲੀ ਦੀ ਜਸ਼ਨ ਕੌਰ ਨੇ ਦੱਸਿਆ ਕਿ ਕੋਰੋਨਾ ਮਹਾਂਮਾਰੀ ਦੀ ਸ਼ੁਰੂਆਤ ਤੋਂ ਬਾਅਦ ਹਰ ਪਾਸੇ ਡਰ ਦਾ ਮਾਹੌਲ ਸੀ ਪਰ ਉਨਾਂ ਨੇ ਡਰਨਾ ਸਹੀ ਨਹੀਂ ਸਮਝਿਆ। ਉਨਾਂ ਦੱਸਿਆ ਕਿ ਮੈਂ ਪੰਜਾਬ ਯੂਨੀਵਰਸਿਟੀ ਤੋਂ ਮਾਸਟਰ ਇਨ ਵੂਮੇਨ ਸਟੱਡੀ ਕੀਤੀ ਹੈ, ਜਿਸ ਵਿਚ ਸਮਾਜ ਲਈ ਕੰਮ ਕਰਨ ’ਤੇ ਜ਼ੋਰ ਦਿੱਤਾ ਜਾਂਦਾ ਹੈ। ਮੈਂ ਆਪਣੀ ਪੜਾਈ ਮੁਤਾਬਿਕ ਕੰਮ ਕਰਨ ਦੀ ਸ਼ੁਰੂਆਤ ਕੀਤੀ। ਜਦੋਂ ਮ੍ਰਿਤਕਾਂ ਦੀਆਂ ਲਾਸ਼ਾਂ ਨੂੰ ਉਨਾਂ ਦੇ ਪਰਿਵਾਰਾਂ ਨੂੰ ਨਹੀਂ ਦਿੱਤਾ ਜਾਂਦਾ ਸੀ, ਉਦੋਂ ਉਨਾਂ ਦਾ ਪੂਰੇ ਨਿਯਮਾਂ ਮੁਤਾਬਿਕ ਸਸਕਾਰ ਕਰਨਾ ਵੀ ਜ਼ਰੂਰੀ ਸੀ। ਇਸ ਲਈ ਰੈੱਡਕ੍ਰਾਸ ਸੋਸਾਇਟੀ ਨਾਲ ਉਨਾਂ ਨੇ ਅੱਗੇ ਵੱਧਣ ਦਾ ਫ਼ੈਸਲਾ ਕੀਤਾ ਤੇ ਪੀਪੀਈ ਕਿੱਟ ਪਾ ਕੇ ਅਰਥੀਆਂ

ਬਾਕੀ ਸਫ਼ਾ 31 ’ਤੇ

# ਪੰਜਾਬ ’ਚ ਕੋਰੋਨਾ ਨਾਲ ਜੰਗ ਲਈ ਫੌਜ ਨੇ ਸੰਭਾਲਿਆ ਮੋਰਚਾ

**ਚੰਡੀਗੜ/ਏ.ਟੀ.ਨਿਊਜ਼:** ਕੋਰੋਨਾ ਦੇ ਕਹਿਰ ਵਿੱਚ ਭਾਰਤੀ ਫੌਜ ਨੇ ਪੰਜਾਬ ਦੀ ਬਾਂਹ ਫੜੀ ਹੈ। ਭਾਰਤੀ ਫੌਜ ਨੇ ਕੋਵਿਡ ਮਹਾਂਮਾਰੀ ਦੀ ਦੂਜੀ ਲਹਿਰ ਨਾਲ ਨਜਿੱਠਣ ਲਈ ਮਦਦ ਕਰਨ ਦਾ ਫ਼ੈਸਲਾ ਕੀਤਾ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੋਰੋਨਾ ਨੂੰ ਜੰਗ ਵਰਗੀ ਸਥਿਤੀ ਦੱਸਦਿਆਂ ਭਾਰਤੀ ਫੌਜ ਨੂੰ ਸਹਾਇਤਾ ਦੀ ਅਪੀਲ ਕੀਤੀ ਸੀ।

ਕੈਪਟਨ ਦੀ ਅਪੀਲ ’ਤੇ ਭਾਰਤੀ ਫੌਜ ਦੀ ਪੱਛਮੀ ਕਮਾਂਡ ਨੇ ਮੈਡੀਕਲ ਸੇਵਾਵਾਂ ਦੇਣ ਸਮੇਤ ਹਰ ਸੰਭਵ ਮਦਦ ਦੀ ਪੇਸ਼ਕਸ਼ ਕੀਤੀ ਜਿਸ ’ਚ ਪੰਜਾਬ ਵਿੱਚ ਬੰਦ ਪਏ ਪੁਰਾਣੇ ਆਕਸੀਜਨ ਪਲਾਟਾਂ ਨੂੰ ਚਾਲੂ ਕਰਨਾ ਵੀ ਸ਼ਾਮਲ ਹੈ। ਇਸ ਵੇਲੇ ਪਟਿਆਲਾ ਦੇ ਸਰਕਾਰੀ ਰਾਜਿੰਦਰਾ ਹਸਪਤਾਲ ਦੇ ਕੋਵਿਡ ਵਾਰਡ ਵਿੱਚ ਮਰੀਜ਼ਾਂ ਦੀ ਸੰਭਾਲ ਲਈ ਭਾਰਤੀ ਸੈਨਾ ਦੇ 30 ਜਵਾਨ ਤਾਇਨਾਤ ਹਨ।ਪੱਛਮੀ ਕਮਾਂਡ ਦੇ ਜੀਓਸੀ-ਇਨ-ਸੀ ਲੈਫਟੀਨੈਂਟ ਜਨਰਲ ਆਰਪੀ ਸਿੰਘ ਨੇ ਸੀਨੀਅਰ ਕਮਾਂਡ ਅਧਿਕਾਰੀਆਂ ਨਾਲ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਵਰਚੁਅਲ ਮੀਟਿੰਗ ਦੌਰਾਨ ਪ੍ਰਸਤਾਵਿਤ 100 ਬੈੱਡਾਂ ਵਾਲੇ ਕੋਵਿਡ ਸੈਂਟਰ ਨੂੰ ਚਲਾਉਣ ਲਈ ਸਟਾਫ ਮੁਹੱਈਆ ਕਰਵਾਉਣ ਦੀ ਪੇਸ਼ਕਸ਼ ਵੀ ਕੀਤੀ। ਫ਼ੌਜ ਅਧਿਕਾਰੀਆਂ ਨੇ ਭਰੋਸਾ ਦਿੱਤਾ ਕਿ ਉਹ ਸਥਿਤੀ ਨਾਲ ਨਜਿੱਠਣ ਲਈ ਪੰਜਾਬ ਨੂੰ ਹਰ ਸੰਭਵ ਸਹਾਇਤਾ ਦੇਣਗੇ।

ਲੈਫਟੀਨੈਂਟ ਜਨਰਲ ਆਰਪੀ ਸਿੰਘ ਨੇ ਦੱਸਿਆ ਕਿ ਕਮਾਂਡ ਸੈਂਟਰ ਵੱਲੋਂ ਤਕਨੀਕੀ ਤੇ ਮਾਹਿਰਾਂ ਦੀਆਂ ਸੇਵਾਵਾਂ ਪ੍ਰਦਾਨ ਕੀਤੀਆਂ ਜਾਣਗੀਆਂ। ਸ਼ਹਿਰੀ ਅਮਲੇ ਦੀ ਸਹਾਇਤਾ ਲਈ 15 ਸਿਖਲਾਈ ਪ੍ਰਾਪਤ ਨਰਸਾਂ ਨੂੰ ਪਹਿਲਾਂ ਹੀ ਪਟਿਆਲਾ ਭੇਜਿਆ ਗਿਆ ਹੈ। ਇਸੇ ਤਰਾਂ ਮਾਹਿਰਾਂ ਨੂੰ ਮੌਜੂਦਾ ਉਦਯੋਗਿਕ ਇਕਾਈਆਂ ’ਚ ਬੰਦ ਪਏ ਆਕਸੀਜਨ ਪਲਾਂਟਾਂ ਦਾ ਦੌਰਾ ਕਰਨ ਲਈ ਭੇਜਿਆ ਜਾਵੇਗਾ।

ਮੁੱਖ ਮੰਤਰੀ ਨੇ ਮਗਰੋਂ ਪੰਜਾਬ ਸਰਕਾਰ ਦੇ ਉੱਚ ਅਧਿਕਾਰੀਆਂ ਤੇ ਡਾਕਟਰੀ ਮਾਹਿਰਾਂ ਨਾਲ ਸਮੀਖਿਆ ਮੀਟਿੰਗ ਵਿੱਚ ਕਿਹਾ ਕਿ ਰਾਜ ਸਰਕਾਰ ਬੀਐੱਸਐੱਫ ਰਾਹੀਂ ਮਨੁੱਖੀ ਸ਼ਕਤੀ ਅਤੇ ਆਈਸੀਯੂ ਬੈੱਡ ਮੁਹੱਈਆ ਕਰਾਉਣ ਲਈ ਕੇਂਦਰੀ ਗ੍ਰਹਿ ਮੰਤਰਾਲੇ ਕੋਲ ਵੀ ਪਹੁੰਚ ਕਰ ਰਹੀ ਹੈ।

## ਮਾਮਲਾ ਕੋਰੋਨਾ ਕਾਨੂੰਨ ਦੀ ਉਲੰਘਣਾ ਦਾ

# ਲਾੜੀ ਕਰਦੀ ਰਹੀ ਉਡੀਕ, ਪੁਲਿਸ ਲਾੜੇ ਨੂੰ ਲੈ ਗਈ, ਵਿਆਹ ਸਮਾਗਮ ’ਚ ਮਚੀ ਹਲਚਲ



**ਜਲੰਧਰ/ਏ.ਟੀ.ਨਿਊਜ਼ :** ਕੋਰੋਨਾ ਮਹਾਂਮਾਰੀ ਦੇ ਚੱਲਦਿਆਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਕਈ ਪਾਬੰਦੀਆਂ ਦੇ ਹੁਕਮ ਜਾਰੀ ਕੀਤੇ ਗਏ ਸਨ ਜਿਨਾਂ ਵਿਚ ਵਿਆਹ ’ਤੇ 20 ਬੰਦਿਆਂ ਤੋਂ ਜ਼ਿਆਦਾ ਇਕੱਠ ਕਰਨ ’ਤੇ ਪਾਬੰਦੀ ਲਾਈ ਹੋਈ ਹੈ ਪਰ ਫਿਰ ਵੀ ਲੋਕ ਇਨਾਂ ਹੁਕਮਾਂ ਦੀ ਪ੍ਰਵਾਹ ਨਹੀਂ ਕਰਦੇ। ਲੋਕ ਅਜਿਹੇ ਮੌਕਿਆਂ ’ਤੇ ਭਾਰੀ ਇਕੱਠ ਕਰਕੇ ਸਰਕਾਰੀ ਹੁਕਮਾਂ ਦੀਆਂ ਧੱਜੀਆਂ ਉਡਾ ਰਹੇ ਹਨ। ਕੁਝ ਦਿਨ ਪਹਿਲਾਂ ਪੁਲਿਸ ਵੱਲੋਂ ਕਾਲਾ ਸਿੰਘਾ ਤੇ ਕਪੂਰਥਲਾ ’ਚ ਵੀ ਮੈਰਿਜ ਪੈਲੇਸ ਵਿਚ ਹੋ ਰਹੇ ਵਿਆਹ ’ਤੇ ਛਾਪੇਮਾਰੀ ਕਰਕੇ ਕਈ ਲੋਕਾਂ ਖ਼ਿਲਾਫ਼ ਮਾਮਲੇ ਦਰਜ ਕੀਤੇ ਸਨ। ਅਜਿਹਾ ਹੀ ਇਕ ਮਾਮਲਾ ਥਾਣਾ ਨੰ. 3 ਦੇ ਇਲਾਕੇ ’ਚ ਮਿਲਿਆ ਜਦ ਇੱਕ ਧਾਰਮਿਕ ਸਥਾਨ ’ਚ ਹੋ ਰਹੇ ਵਿਆਹ ਵਿਚ ਭਾਰੀ ਇਕੱਠ ਦੀ ਸੂਚਨਾ ਤੋਂ ਬਾਅਦ ਪੁਲਿਸ ਨੇ ਉਥੇ ਛਾਪਾਮਾਰੀ ਕੀਤੀ ਤਾਂ ਵਿਆਹ ’ਚ ਹਫੜਾ ਦਫੜੀ ਮੱਚ ਗਈ ਤੇ ਲੋਕ ਉਥੋਂ ਭੱਜਣ ਲੱਗੇ। ਪੁਲਿਸ ਨੇ ਮੌਕੇ ਤੋਂ ਲਾੜੇ ਤੇ ਲੜਕੀ ਦੇ ਦਾਦਾ ਨੂੰ ਗ੍ਰਿਫ਼ਤਾਰ ਕਰ ਲਿਆ ਪਰ ਬਾਕੀ ਮੈਂਬਰ ਮੌਕੇ ਤੋਂ ਫ਼ਰਾਰ ਹੋ ਗਏ।

ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਏਸੀਪੀ ਨਾਰਥ ਸੁਖਜਿੰਦਰਪਾਲ ਸਿੰਘ ਨੇ ਦੱਸਿਆ ਕਿ ਉਨਾਂ ਨੂੰ ਸੂਚਨਾ ਮਿਲੀ ਸੀ ਕਿ ਕਿਸ਼ਨਪੁਰਾ ਲਾਗੇ ਸਥਿਤ ਬ੍ਰਹਮਕੁੰਡ ਮੰਦਰ ’ਚ ਇੱਕ ਵਿਆਹ ਸਮਾਗਮ ਚੱਲ ਰਿਹਾ ਹੈ ਜਿਸ ਵਿਚ ਕਾਫੀ ਭੀੜ ਇਕੱਠੀ ਹੋਈ ਹੈ। ਜਿਸ ’ਤੇ ਥਾਣਾ ਤਿੰਨ ਦੇ ਮੁਖੀ ਸਬ ਇੰਸਪੈਕਟਰ ਮੁਕੇਸ਼ ਕੁਮਾਰ ਦੀ ਅਗਵਾਈ ਹੇਠ ਪੁਲਿਸ ਪਾਰਟੀ ਨੇ ਉਕਤ ਮੰਦਰ ਵਿਚ ਜਦ ਛਾਪੇਮਾਰੀ ਕੀਤੀ ਤਾਂ ਉਥੇ ਸੌ ਤੋਂ ਵੱਧ ਲੋਕਾਂ ਦੀ ਭੀੜ ਇਕੱਠੀ ਸੀ ਜੋ ਪੁਲਿਸ ਪਾਰਟੀ ਨੂੰ ਦੇਖ ਕੇ ਇਕਦਮ ਉਥੋਂ ਭੱਜਣ ਲੱਗ ਪਏ। ਪੁਲਿਸ ਵੱਲੋਂ ਜਦ ਲੋਕਾਂ ਨੂੰ ਕਾਬੂ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਉੱਥੇ ਹਰ ਕੋਈ ਭੱਜਣ ਲਈ ਇਧਰ ਉਧਰ ਹੋਣ ਲੱਗਾ। ਲੜਕੇ ਵਾਲਿਆਂ ਵੱਲੋਂ ਪੁਲਿਸ ਨੂੰ ਮਨਾਉਣ ਦੇ ਲਈ ਕਾਫੀ ਮਿੰਨਤਾਂ ਕੀਤੀਆਂ ਗਈਆਂ ਪੁਲਿਸ ਵੱਲੋਂ ਕਿਸੇ ਦੀ ਇੱਕ ਨਾ ਸੁਣੀ ਗਈ। ਪੁਲਿਸ ਨੇ ਮੌਕੇ ਤੋਂ ਵਿਆਹ ਵਾਲੇ ਲਾੜੇ ਪਾਰਸ ਵਾਸੀ ਏਕਤਾ ਨਗਰ ਤੇ ਲੜਕੀ ਦੇ ਦਾਦਾ ਖੰਨਾ ਰਾਮ ਨੂੰ ਗ੍ਰਿਫ਼ਤਾਰ ਕਰ ਲਿਆ ਜਦਕਿ ਬਾਕੀ ਜਣੇ ਉੱਥੋਂ ਭੱਜਣ ਵਿੱਚ ਕਾਮਯਾਬ ਹੋ ਗਏ। ਪੁਲਿਸ ਵੱਲੋਂ ਕੁਝ ਮਹਿਮਾਨਾਂ ਨੂੰ ਵੀ ਹਿਰਾਸਤ ਵਿੱਚ ਲਿਆ ਗਿਆ ਹੈ। ਪੁਲਿਸ ਨੇ ਗੰਗੂ ਰਾਮ ਲੜਕੀ ਦੇ ਪਿਤਾ ਤੇ ਲੜਕੇ ਦੇ ਪਿਤਾ ਪ੍ਰੇਮ ਕੁਮਾਰ ਖ਼ਿਲਾਫ਼ ਵੀ ਮਾਮਲਾ ਦਰਜ ਕੀਤਾ ਹੈ ਪਰ ਉਨਾਂ ਨੂੰ ਗ੍ਰਿਫ਼ਤਾਰ ਕਰਨਾ ਹਾਲੇ ਬਾਕੀ ਹੈ। ਏਸੀਪੀ ਸੁਖਜਿੰਦਰਪਾਲ ਸਿੰਘ ਨੇ ਦੱਸਿਆ ਕਿ ਪੁਲਿਸ ਵੱਲੋਂ ਰੋਜ਼ਾਨਾ ਹੀ ਲੋਕਾਂ ਨੂੰ ਅਪੀਲ ਕੀਤੀ ਜਾ ਰਹੀ ਹੈ ਕਿ ਸਰਕਾਰੀ ਹੁਕਮਾਂ ਦੀ ਪਾਲਣਾ ਕੀਤੀ ਜਾਵੇ ਪਰ ਫੇਰ ਵੀ ਲੋਕ ਇਸ ਤੋਂ ਬਾਜ਼ ਨਹੀਂ ਆ ਰਹੇ ਜਿਸ ਕਾਰਨ ਪੁਲਿਸ ਨੂੰ ਅਜਿਹੇ ਲੋਕਾਂ ਖ਼ਿਲਾਫ਼ ਕਾਰਵਾਈ ਕਰਨੀ ਪੈਂਦੀ ਹੈ।


When tired of all treatments for any disease at any age TRY

HOMEOPATHIC

EXPERIENCED CONSULTANT PHYSICIAN SINCE 1973

ਹੋਰ ਇਲਾਜਾਂ ਤੋਂ ਥੱਕ ਗਏ ਹੋ ਤਾਂ ਹੋਮੀਉਪੈਥੀ ਅਜਮਾਉ

WE SELL HOMEOPATHY MEDICINES

ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ, ਵਜਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜੋਰੀ ਦਾ ਪੱਕਾ ਇਲਾਜ



GURDIP SINGH SANDHU
DHMS-Gold Medalist, BAMS,MDEH, INDIA
Ex Principal Homeopathic medical colleges in India,
Prof., Chief Medical Officer,
Ex Member NCH and CA Homeomedical Society
Working under act SB 577 state of CA

American Red Cross

Cell Phone: 408 687 1899
Office: 925 999 8278
7021 village park way Dublin ca 94568
Email: homeomedicine@yahoo.com

ਡਾ ਸੰਧੂ ਦੇ ਲਾਈਵ ਸਿਹਤ ਵਿਗਿਆਨ ਦੇ ਪ੍ਰੋਗਰਾਮ ਸੁਨਣ ਲਈ ਜੱਸ ਪੰਜਾਬੀ ਟੀ ਵੀ ਤੇ ਰੇਡੀਓ SabRang ਰੋਜ਼ਾਨਾ ਸੁਣੋ

(Download Sub Rang Radio station application)

Homeopathicvibes

We treat Acute and chronic diseases like Asthma, Allergies, Mood swings, Migraine, Anxiety, Depression, Insomnia, Bed wetting, Acne, Diabetes, Arthritis, PMS, Acidity, Indigestion, Hot flashes, Blood Pressure, Kidney stones, Neuralgic pains, Skin disorders, especially non specific headaches and many more....



Now we have two locations :
940, E. El Camino Real, Sunnyvale, CA 94087
Office : (408) 737-7100 Fax: (408) 737-7102
39039 Paseo Padre Pkwy Suite #209 (upstairs) Fremont CA 94538
www.homeopathicvibes.com

We sell and ship homeopathic remedies through out North America.

ਸਮੂਹ ਸਰਪ੍ਰਸਤਾਂ ਅਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ

Harminder Singh Gill D.H.M.S;B.C.I.H
(Ex Homeopathic Medical officer Punjab Govt.)

CAPITAL SERVICES

Capital services

ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ

* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੇਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co. website: capitalservices.us

Allstate. You're in good hands.

ALL STATE INSURANCE

ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ

AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

# ਪੰਜਾਬ ਵਿਚ ਆਕਸੀਜਨ ਦਾ ਸਟਾਕ ਘਟਿਆ

## ਦੂਜੇ ਰਾਜਾਂ ਦੇ ਮਰੀਜ਼ ਇਲਾਜ ਕਰਵਾਉਣ ਲਈ ਆ ਰਹੇ ਹਨ ਪੰਜਾਬ

**ਬਘੇਲ ਸਿੰਘ ਧਾਲੀਵਾਲ**

ਪੰਜਾਬ ਵਿਚ ਆਕਸੀਜਨ ਦਾ ਸਟਾਕ ਦਿਨੋਂ ਦਿਨ ਘਟ ਰਿਹਾ ਹੈ, ਕਿਉਂਕਿ ਦੂਜੇ ਸੂਬਿਆਂ ਵਿਚ ਆਕਸੀਜਨ ਸੰਕਟ ਕਾਰਨ ਕਰੋਨਾ ਮਰੀਜ਼ ਪੰਜਾਬ ਦਾ ਰੁਖ਼ ਕਰ ਰਹੇ ਹਨ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰੀ ਸਿਹਤ ਮੰਤਰੀ ਹਰਸ਼ਵਰਧਨ ਨੂੰ ਲਗਾਤਾਰ ਦੂਜੇ ਦਿਨ ਪੱਤਰ ਲਿਖ ਕੇ ਕਿਹਾ ਹੈ ਕਿ ਪੰਜਾਬ ਵਿਚ ਹੋਰ ਆਕਸੀਜਨ ਦਾ ਸਟਾਕ ਭੇਜਿਆ ਜਾਵੇ। ਉਨਾਂ ਆਕਸੀਜਨ ਦਾ ਕੋਟਾ ਵਧਾਉਣ ਦੀ ਮੰਗ ਕਰਦਿਆਂ ਮੁੱਖ ਸਕੱਤਰ ਵਿਨੀ ਮਹਾਜਨ ਨੂੰ ਵੀ ਕੇਂਦਰ ਨਾਲ ਰਾਬਤਾ ਬਣਾਉਣ ਲਈ ਕਿਹਾ। ਉਨਾਂ ਦੂਜੇ ਪੱਤਰ ਵਿਚ ਕਿਹਾ ਹੈ ਕਿ ਮੌਜੂਦਾ ਸਪਲਾਈ ਨਾਲ ਗੰਭੀਰ ਮਰੀਜ਼ਾਂ ਦਾ ਇਲਾਜ ਕਰਨ ਵਿਚ ਦਿੱਕਤ ਆ ਸਕਦੀ ਹੈ, ਇਸ ਕਰਕੇ ਜਲਦੀ ਮੈਡੀਕਲ ਆਕਸੀਜਨ ਸਪਲਾਈ ਭੇਜੀ ਜਾਵੇ। ਮੁੱਖ ਮੰਤਰੀ ਨੇ ਆਖਿਆ ਕਿ ਪੰਜਾਬ ’ਚ ਦੂਸਰੇ ਸੂਬਿਆਂ ਤੋਂ ਆਉਣ ਵਾਲੇ ਮਰੀਜ਼ਾਂ ਦੀ ਗਿਣਤੀ ਵਧਣ ਲੱਗੀ ਹੈ, ਜਿਸ ਕਰਕੇ ਮੈਡੀਕਲ ਆਕਸੀਜਨ ਦੀ ਸਪਲਾਈ ’ਚ ਵਾਧਾ ਕੀਤਾ ਜਾਵੇ। ਉਨਾਂ ਨੇ ਮੁੱਖ ਸਕੱਤਰ ਨੂੰ ਅੰਮ੍ਰਿਤਸਰ ਲਈ ਜ਼ਰੂਰੀ ਸਪਲਾਈ ਭੇਜਣ ਦੀ ਹਦਾਇਤ ਕੀਤੀ, ਜਿੱਥੇ ਇੱਕ ਪ੍ਰਾਈਵੇਟ ਹਸਪਤਾਲ ਫਤਿਹਗੜ ਚੂੜੀਆਂ ਰੋਡ ’ਤੇ ਸਥਿਤ ਨੀਲਕੰਠ ਹਸਪਤਾਲ ’ਚ ਵਿੱਚ ਆਕਸੀਜਨ ਦੀ ਘਾਟ ਕਾਰਨ ਬੀਤੇ ਦਿਨ 6 ਮਰੀਜ਼ਾਂ ਦੀ ਮੌਤ ਹੋ ਗਈ ਸੀ। ਸਰਕਾਰ ਅਤੇ ਪ੍ਰਸ਼ਾਸਨ ਇਸ ਘਟਨਾ ਲਈ ਜਿਥੇ ਹਸਪਤਾਲ ਨੂੰ ਜ਼ਿੰਮੇਵਾਰ ਠਹਿਰਾ ਰਿਹਾ ਹੈ, ਉਥੇ ਹੀ ਹਸਪਤਾਲ ਦੇ ਐੱਮ. ਡੀ. ਸੁਨੀਲ ਦੇਵਗਨ ਨੇ ਦਸਤਾਵੇਜ਼ ਜਨਤਕ ਕਰਦੇ ਹੋਏ ਪ੍ਰਸ਼ਾਸਨ ਅਤੇ ਸਰਕਾਰ ਦੇ ਦਾਅਵਿਆਂ ਦੀ ਪੋਲ ਖੋਲ ਦਿੱਤੀ ਹੈ। ਹਸਪਤਾਲ ’ਚ ਆਕਸੀਜਨ ਦੀ ਘਾਟ ਨਾਲ 6 ਮਰੀਜ਼ਾਂ ਦੀ ਮੌਤ ਦੇ ਮਾਮਲੇ ’ਚ ਦੇਵਗਨ ਨੇ ਕਿਹਾ ਕਿ ਬੀਤੇ ਹਫਤੇ ਤੋਂ ਹੁਣ ਤੱਕ ਉਹ ਲਗਾਤਾਰ





- ✪ ਮੁੱਖ ਮੰਤਰੀ ਕੈਪਟਨ ਨੇ ਕੇਂਦਰ ਨੂੰ ਲਗਾਤਾਰ ਦੂਜੇ ਦਿਨ ਲਿਖਿਆ ਪੱਤਰ ਕਿ ਪੰਜਾਬ ਲਈ ਆਕਸੀਜਨ ਦਾ ਕੋਟਾ ਫੌਰੀ ਵਧਾਏ ਕੇਂਦਰ
- ✪ ਖਾਲਸਾ ਏਡ ਨੇ ਕੈਪਟਨ ਸਰਕਾਰ ਨੂੰ ਦਿੱਤੀਆਂ ਸੇਵਾਵਾਂ
- ✪ ਕੈਪਟਨ ਵਲੋਂ 18 ਸਾਲ ਤੋਂ ਵੱਧ ਉਮਰ ਵਰਗ ਦੀ ਟੀਕਾਕਰਨ ਨੀਤੀ ਸੂਬਿਆਂ ਨਾਲ ਪੱਖਪਾਤੀ ਕਰਾਰ
- ✪ ਕੇਂਦਰ ਕੋਲੋਂ ਫੰਡਾਂ ਦੀ ਕੀਤੀ ਮੰਗ

ਪ੍ਰਸ਼ਾਸਨ ਤੋਂ ਆਕਸੀਜਨ ਦੀ ਮੰਗ ਕਰ ਰਹੇ ਸਨ। ਈ-ਮੇਲ ਭੇਜੀਆਂ, ਫੋਨ ਵੀ ਕੀਤੇ ਪਰ ਆਕਸੀਜਨ ਨਹੀਂ ਮਿਲੀ।

ਮੁੱਖ ਮੰਤਰੀ ਵੱਲੋਂ ਪ੍ਰਤੀ ਦਿਨ ਘੱਟੋ-ਘੱਟ 250 ਮੀਟ੍ਰਿਕ ਟਨ ਤੱਕ ਲੀਕੁਅਡ ਮੈਡੀਕਲ ਆਕਸੀਜਨ (ਐੱਲਐੱਮਓ) ਵਧਾਉਣ ਦੀ ਕੀਤੀ ਗਈ ਮੰਗ ਦੇ ਬਾਵਜੂਦ ਨਵੀਂ ਵੰਡ ਮੁਤਾਬਕ ਪੰਜਾਬ ਦਾ ਕੋਟਾ ਵਧਾਉਣ ਵਿੱਚ ਕੇਂਦਰ ਦੀ ਨਾਕਾਮੀ ਮਗਰੋਂ ਕੇਂਦਰੀ ਸਿਹਤ ਮੰਤਰੀ ਨੂੰ ਇਕ ਹੋਰ ਪੱਤਰ ਲਿਖਿਆ ਗਿਆ ਹੈ। ਭਾਰਤ ਸਰਕਾਰ ਵੱਲੋਂ ਬੀਤੇ ਦਿਨ ਜਾਰੀ ਕੀਤੀ ਗਈ ਐੱਲਐੱਮਓ ਦੀ ਨਵੀਂ ਵੰਡ ਵਿੱਚ ਪੰਜਾਬ ਦੇ ਕੋਟੇ ਵਿੱਚ ਵਾਧਾ ਨਹੀਂ ਕੀਤਾ ਗਿਆ, ਹਾਲਾਂਕਿ ਹੋਰ ਸੂਬਿਆਂ ਲਈ ਇਸ ਦੀ ਅਲਾਟਮੈਂਟ ਵਧਾਈ ਗਈ ਹੈ, ਜਿਵੇਂ ਕਿ ਕਰਨਾਟਕ ਲਈ 167 ਫ਼ੀਸਦੀ, ਤੇਲੰਗਾਨਾ 20 ਫ਼ੀਸਦੀ ਅਤੇ ਰਾਜਸਥਾਨ ਲਈ 29 ਫ਼ੀਸਦੀ ਵਾਧਾ ਕੀਤਾ ਗਿਆ।

**ਖਾਲਸਾ ਏਡ’ ਵਲੋਂ ਪੰਜਾਬ ਸਰਕਾਰ ਨੂੰ ਵੱਡੀ ਪੇਸ਼ਕਸ਼**

ਕੋਰੋਨਾ ਦੀ ਇਸ ਔਖੀ ਘੜੀ ਵਿਚ ਖ਼ਾਲਸਾ ਏਡ ਦੇ ਸੰਸਥਾਪਕ ਰਵੀ ਸਿੰਘ ਨੇ ਪੰਜਾਬ ਸਰਕਾਰ ਨੂੰ ਮਦਦ ਦੀ ਪੇਸ਼ਕਸ਼ ਕੀਤੀ ਹੈ। ਰਵੀ ਸਿੰਘ ਨੇ ਸੋਸ਼ਲ ਮੀਡੀਆ ’ਤੇ ਮਦਦ ਦੀ ਪੇਸ਼ਕਸ਼ ਕਰਦੇ ਹੋਏ ਆਖਿਆ ਹੈ ਕਿ ਪੰਜਾਬ ਸਰਕਾਰ ਅਤੇ ਪੰਜਾਬ ਦੀਆਂ ਸਥਾਨਕ ਸੰਸਥਾਵਾਂ ਨੂੰ ਇਸ ਵੇਲੇ ਕੋਵਿਡ ਮਹਾਂਮਾਰੀ ਦੀ ਐਮਰਜੈਂਸੀ ਦੀ ਤਿਆਰੀ ਕਰਨ ਲਈ ਬਹੁਤ ਲੋੜ ਹੈ। ਖਾਲਸਾ ਏਡ ਪੰਜਾਬ ਸਰਕਾਰ ਦੇ ਨਾਲ ਕੰਮ ਕਰਨ ਲਈ, ਹਸਪਤਾਲਾਂ ਅਤੇ ਰਜਿਸਟਰਡ ਸੰਸਥਾਵਾਂ ਦੀ ਮਦਦ ਲਈ ਤਿਆਰ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਬਕਾਇਦਾ ਟੈਗ ਕਰਦੇ ਹੋਏ ਸੰਪਰਕ ਕਰਨ ਲਈ ਈਮੇਲ ਵੀ ਦਿੱਤੀ ਹੈ।

ਇਥੇ ਇਹ ਵੀ ਖ਼ਾਸ ਤੌਰ ’ਤੇ ਦੱਸਣਯੋਗ ਹੈ ਕਿ ਦਿੱਲੀ ’ਚ ਕੋਰੋਨਾ ਵਾਇਰਸ ਦੇ ਕੇਸਾਂ ’ਚ ਲਗਾਤਾਰ ਵਾਧਾ ਹੋ ਰਿਹਾ ਹੈ। ਖ਼ਾਲਸਾ ਏਡ ਵਲੋਂ ਦਿੱਲੀ ਵਿਚ ਆਕਸੀਜਨ ਮਸ਼ੀਨਾਂ ਦਾ ਲੰਗਰ ਲਗਾ ਦਿੱਤਾ ਗਿਆ। ਆਕਸੀਜਨ ਦੀ ਕਮੀ ਨੂੰ ਪੂਰਾ ਕਰਨ ਲਈ ਖ਼ਾਲਸਾ ਏਡ ਨੇ ਨੰਬਰ ਵੀ ਜਾਰੀ ਕੀਤਾ ਹੈ। ਇਸ ਬਾਬਤ ਵਾਲੰਟੀਅਰ ਅਮਨਪ੍ਰੀਤ ਸਿੰਘ ਨੇ ਦੱਸਿਆ ਕਿ ਅਸੀਂ ਸੋਸ਼ਲ ਮੀਡੀਆ ਹੈਂਡਲ ’ਤੇ ਇਕ ਨੰਬਰ ਜਾਰੀ ਕੀਤਾ ਹੈ। ਉਨਾਂ ਦੱਸਿਆ ਕਿ ਵੈਟਸਐਪ ਸੰਦੇਸ਼ ਜ਼ਰੀਏ ਇਕ ਲਿੰਕ ਮਿਲੇਗਾ, ਜਿਸ ਮਗਰੋਂ ਉਨਾਂ ਨੂੰ ਇਕ ਫਾਰਮ ਭਰਨਾ ਹੋਵੇਗਾ। ਇਸ ਤਰਾਂ ਉਨਾਂ ਨੂੰ ਆਕਸੀਜਨ ਮਸ਼ੀਨ ਦਿੱਤੀ ਜਾਵੇਗੀ।

**ਮੁੱਖ ਮੰਤਰੀ ਨੇ ਆਕਸੀਜਨ ਕੰਟਰੋਲ ਰੂਮ ਸਥਾਪਤ ਕਰਨ ਲਈ ਕਿਹਾ**

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਹਸਪਤਾਲਾਂ ਵਿੱਚ ਆਕਸੀਜਨ ਦੀ ਵਧਦੀ ਮੰਗ ਨੂੰ ਦੇਖਦਿਆਂ ਨੂੰ ਸੂਬੇ ’ਚ ਲੋਹੇ ਤੇ ਸਟੀਲ ਉਦਯੋਗਾਂ ਦੀਆਂ ਗਤੀਵਿਧੀਆਂ ਬੰਦ ਕਰਨ ਦੇ ਹੁਕਮ ਦਿੱਤੇ ਹਨ ਤਾਂ ਆਕਸੀਜਨ ਦੀ ਵਰਤੋਂ ਮੈਡੀਕਲ ਕਾਰਜਾਂ ਲਈ ਕੀਤੀ ਜਾ ਸਕੇ। ਉਨਾਂ ਤੁਰੰਤ ਹੀ ਸੂਬਾ ਤੇ ਜ਼ਿਲਾ ਪੱਧਰ ’ਤੇ ਆਕਸੀਜਨ ਕੰਟਰੋਲ ਰੂਮ ਸਥਾਪਤ ਕਰਨ ਦੇ ਹੁਕਮ ਵੀ ਦਿੱਤੇ।

10 ਸਾਲ ਤੋਂ ਵੱਧ ਉਮਰ ਵਰਗ ਲਈ ਬਣਾਈ ਨਵੀਂ ਟੀਕਾਕਰਨ ਨੀਤੀ ਨੂੰ ਸੂਬਿਆਂ ਲਈ ਪੱਖਪਾਤੀ ਕਰਾਰ ਦਿੰਦਿਆਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪਹਿਲੀ ਮਈ ਤੋਂ 18 ਸਾਲ ਤੋਂ ਵੱਧ ਉਮਰ ਵਰਗ ਲਈ ਸ਼ੁਰੂ ਹੋਣ ਵਾਲੇ ਟੀਕਾਕਰਨ ਲਈ ਕੇਂਦਰ ਤੇ ਸੂਬਿਆਂ ਦੀ ਬਰਾਬਰ ਭਾਈਵਾਲੀ ਦੀ ਮੰਗ ਕੀਤੀ ਹੈ।

**ਬਾਕੀ ਸਫ਼ਾ 31 ’ਤੇ**

# ਵੋਟਾਂ ਲਈ ਪੰਜਾਬੀਆਂ ਨਾਲ ਸਿਆਸਤ ਖੇਡ ਰਹੇ ਨੇ ਸਿਆਸੀ ਦਲ

**ਐਡਵੋਕੇਟ ਕੇਹਰ ਸਿੰਘ**

ਪੰਜਾਬ ਵਿਚ ਵਿਧਾਨ ਸਭਾ ਚੋਣਾਂ ਬਹੁਤ ਨੇੜੇ ਆ ਚੁੱਕੀਆਂ ਹਨ। ਕਰੀਬ ਦਸ ਕੁ ਮਹੀਨਿਆਂ ਦਾ ਸਮਾਂ ਬਾਕੀ ਹੈ। ਹਰ ਵਾਰੀ ਦੀ ਤਰਾਂ ਚੋਣਾਂ ਦੇ ਮੱਦੇਨਜ਼ਰ ਲੋਕਾਂ ਨੂੰ ਲੁਭਾਉਣ ਅਤੇ ਫਸਲਾਉਣ ਲਈ ਸਿਆਸੀ ਦਲਾਂ ਨੇ ਸਿਆਸੀ ਬਿਆਨਬਾਜ਼ੀਆਂ ਅਤੇ ਥੋਥੇ ਵਾਅਦੇ ਕਰਨੇ ਸ਼ੁਰੂ ਕਰ ਦਿੱਤੇ ਹਨ। ਭਾਵੇਂ ਲੋਕ ਸਿਆਸੀ ਦਲਾਂ ਦੇ ਝੂਠੇ ਵਾਅਦਿਆਂ ਅਤੇ ਲਾਰਿਆਂ ਤੋਂ ਤੰਗ ਆ ਚੁੱਕੇ ਹਨ ਪਰ ਸਿਆਸਤਦਾਨ ਲੋਕਾਂ ਦੀ ਰਮਜ਼ ਜਾਣਦੇ ਹਨ। ਉਹ ਲੋਕਾਂ ਨੂੰ ਆਪਣੇ ਵੱਲ ਕਰਨ ਦੀਆਂ ਜੁਗਤਾਂ ਖ਼ੂਬ ਜਾਣਦੇ ਹਨ। ਹਰ ਵਾਰੀ ਚੋਣਾਂ ਤੋਂ ਪਹਿਲਾਂ ਲੋਕ ਅਕਸਰ ਕਹਿੰਦੇ ਸੁਣੇ ਜਾਂਦੇ ਹਨ ਕਿ ਸਾਰੇ ਖਾਣ ਵਾਲੇ ਹਨ। ਲੋਕ ਅਕਸਰ ਕਹਿੰਦੇ ਹਨ ਕਿ ਸਾਰੇ ਹੀ ਸਿਆਸੀ ਧੜੇ ਭ੍ਰਿਸ਼ਟ ਹਨ। ਉਹ ਸਾਰਿਆਂ ਨੂੰ ਹੀ ਮਾੜਾ ਕਹਿੰਦੇ ਹਨ। ਪਰ ਇਹ ਵੀ ਅਕਸਰ ਵੇਖਿਆ ਜਾਂਦਾ ਹੈ ਕਿ ਹਰ ਵਾਰੀ ਉਹ ਹੀ ਬੰਦੇ ਚੁਣੇ ਜਾਂਦੇ ਹਨ ਜਿਨਾਂ ਨੂੰ ਲੋਕ ਮਾੜਾ ਕਹਿੰਦੇ ਹਨ। ਪੰਜਾਬ ਵਿਚ ਅੱਜ ਤੱਕ ਅਕਾਲੀ ਅਤੇ ਕਾਂਗਰਸ ਹੀ ਵਾਰੋ-ਵਾਰੀ ਸੂਬੇ ਦੀ ਸੱਤਾ ’ਤੇ ਕਾਬਜ਼ ਰਹੇ ਹਨ। ਲੋਕ ਦੋਵਾਂ ਨੂੰ ਹੀ ਚੰਗਾ ਨਹੀਂ ਮੰਨਦੇ ਪਰ ਸੱਤਾ ਵਿਚ ਆ ਉਹ ਹੀ ਜਾਂਦੇ ਹਨ।

ਹਰ ਵਾਰੀ ਚੋਣਾਂ ਸਮੇਂ ਲੋਕਾਂ ਨੂੰ ਲੁਭਾਉਣ ਲਈ ਬਹੁਤ ਕੁਝ ਕਿਹਾ-ਸੁਣਿਆ ਜਾਂਦਾ ਹੈ ਤਾਂ ਕਿ ਲੋਕਾਂ ਦੀ ਵੋਟ ਪ੍ਰਾਪਤ ਕੀਤੀ ਜਾ ਸਕੇ। ਹਰ ਵਾਰੀ ਸਿਆਸੀ ਪਾਰਟੀਆਂ ਲੋਕਾਂ ਨੂੰ ਚੰਦ ਤੋੜ ਕੇ ਉਨਾਂ ਦੀ ਝੋਲੀ ਵਿਚ ਪਾਉਣ ਦਾ ਵਾਅਦਾ ਕਰਦੀਆਂ ਹਨ ਪਰ ਅਜਿਹਾ ਹੋਇਆ ਅੱਜ ਤੱਕ ਕਦੇ ਵੀ ਨਹੀਂ। ਹਰ ਵਾਰੀ ਲੋਕਾਂ ਨੂੰ ਸਬਜ਼ਬਾਗ ਵਿਖਾਉਣ ਦੀ ਕੋਈ ਕਮੀ ਨਹੀਂ ਛੱਡੀ ਜਾਂਦੀ ਪਰ ਲੋਕਾਂ ਦੇ ਪੱਲੇ ਅੱਜ ਤੱਕ ਕੁਝ ਵੀ ਨਹੀਂ ਪਿਆ। ਸਿਰਫ ਸਿਆਸੀ ਆਦਮੀ ਅਤੇ ਉਨਾਂ ਦੇ ਨਜ਼ਦੀਕੀ ਹੀ ਸਭ ਕੁਝ ਹੜੱਪ ਜਾਂਦੇ ਹਨ। ਜਿੱਥੋਂ ਤੱਕ ਆਮ ਲੋਕਾਂ ਦੀ ਗੱਲ ਹੈ ਉਨਾਂ ਦਾ ਹਾਲ ਹਰ ਵਾਰੀ ਕੰਨੀ ਦੇ ਕਿਆਰੇ ਵਾਲਾ ਹੀ ਹੁੰਦਾ ਹੈ ਜੋ ਅਕਸਰ ਸੁੱਕਾ ਹੀ ਰਹਿੰਦਾ ਹੈ। ਸਭ ਤੋਂ ਵੱਡੀ ਮਾਰ ਦਲਿਤਾਂ ਅਤੇ ਦਮਿਤਾਂ ’ਤੇ ਪੈਂਦੀ ਹੈ। ਉਨਾਂ ਨਾਲ ਤਾਂ ਬੜਾ ਹੀ ਕੋਝਾ ਮਜ਼ਾਕ ਹੁੰਦਾ ਹੈ। ਇਸ ਵਾਰੀ ਵੀ ਉਨਾਂ ਨਾਲ ਮਜ਼ਾਕ ਹੋਣੇ ਸ਼ੁਰੂ ਹੋ ਗਏ ਹਨ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕਹਿੰਦੇ ਹਨ ਕਿ ਵਿਕਾਸ ਰਾਸ਼ੀ ਦਾ 30 ਫ਼ੀਸਦੀ ਦਲਿਤਾਂ ’ਤੇ ਖ਼ਰਚਿਆ ਜਾਵੇਗਾ। ਉਨਾਂ ਨੂੰ ਹੋਰ ਵੀ ਬਹੁਤ ਸਾਰੀਆਂ ਸਹੂਲਤਾਂ ਦੇਣ ਦੀ ਗੱਲ ਕਹੀ ਗਈ ਹੈ। ਪਰ ਅਜਿਹਾ ਕੈਪਟਨ ਸਾਹਿਬ ਨੇ ਮੌਜੂਦਾ ਸਰਕਾਰ ਸਮੇਂ ਕਿਉਂ ਨਹੀਂ ਕੀਤਾ। ਇਸ ਬਾਰੇ ਨਾ ਉਹ ਕੁਝ ਦੱਸ ਰਹੇ ਹਨ ਨਾ ਉਨਾਂ ਨੂੰ ਕੋਈ ਪੁੱਛ ਰਿਹਾ ਹੈ। ਅਕਾਲੀ ਕਹਿੰਦੇ ਹਨ ਅਸੀਂ ਉਪ ਮੁੱਖ ਮੰਤਰੀ ਦਲਿਤ ਭਾਈਚਾਰੇ ਵਿਚੋਂ ਬਣਾਵਾਂਗੇ ਪਰ ਉਹ ਲਗਾਤਾਰ 10 ਸਾਲ ਸੱਤਾ ਵਿਚ ਰਹੇ ਹਨ, ਉਸ ਸਮੇਂ ਅਜਿਹਾ ਕਿਉਂ ਨਹੀਂ ਕੀਤਾ? ਭਾਜਪਾ ਵਾਲੇ ਕਹਿੰਦੇ ਹਨ ਕਿ ਜੇਕਰ ਉਨਾਂ ਦੀ ਸਰਕਾਰ ਬਣੀ ਤਾਂ ਉਹ ਮੁੱਖ ਮੰਤਰੀ ਕਿਸੇ ਦਲਿਤ ਨੂੰ ਬਣਾਉਣਗੇ। ਆਮ ਆਦਮੀ ਪਾਰਟੀ ਵਾਲੇ ਹਾਲੇ ਸੋਚ ਰਹੇ ਹਨ ਕਿ ਉਹ ਕਿਹੜਾ ਲਾਰਾ ਦਲਿਤ ਵਰਗ ਨੂੰ ਲਾਉਣ ਤਾਂ ਕਿ ਉਨਾਂ ਦੀ ਵੋਟ ਲਈ ਜਾ ਸਕੇ। ਅਸਲ ਵਿਚ ਇਹ ਦਲਿਤਾਂ ਦੀ ਵੋਟ ਲੈਣ ਲਈ ਸਿਆਸੀ ਪੈਂਤੜੇਬਾਜ਼ੀ ਖੇਡੀ ਜਾ ਰਹੀ ਹੈ। ਅਜਿਹਾ ਹੋਵੇ ਵੀ ਕਿਉਂ ਨਾ। ਦਲਿਤਾਂ ਦੀ ਵੋਟ ਪੰਜਾਬ ਵਿਚ 30 ਫ਼ੀਸਦੀ ਤੋਂ ਵਧ ਦੱਸੀ ਜਾਂਦੀ ਹੈ। ਇਹ ਵੱਖਰੀ ਗੱਲ ਹੈ ਕਿ ਉਹ ਚੇਤੰਨ ਨਹੀਂ ਹਨ। ਅਸਲ ਵਿਚ ਉਨਾਂ ਦਾ ਕੋਈ ਆਪਣਾ ਸਰਬ ਪ੍ਰਵਾਨਿਤ ਪਲੇਟਫਾਰਮ ਨਹੀਂ। ਬਾਬੂ ਕਾਂਸ਼ੀ ਰਾਮ ਨੇ ਬਿਨਾਂ ਸ਼ੱਕ ਉਨਾਂ ਨੂੰ ਇਕ ਵੱਖਰਾ ਰਾਜਨੀਤਕ ਪਲੇਟਫਾਰਮ ਦਿੱਤਾ ਸੀ ਪਰ ਅੱਜ ਉਹ ਬੇਸਹਾਰੇ ਹਨ। ਉਹ ਆਪ ਮੁਹਾਰੇ ਘੁੰਮ ਰਹੇ ਹਨ। ਉਹ ਕਿਸੇ ਪਾਸੇ ਵੀ ਚਲੇ ਜਾਣ, ਪੁੱਛ-ਪ੍ਰਤੀਤ ਉਨਾਂ ਦੀ ਕਿਤੇ ਵੀ ਨਹੀਂ ਹੈ। ਉਨਾਂ ਦਾ ਕੋਈ ਰਾਹ ਦਸੇਰਾ ਅੱਜ ਵਿਖਾਈ ਨਹੀਂ ਦੇ ਰਿਹਾ। ਉਨਾਂ ਦੀ ਵੋਟ ਬਾਕੀਆਂ ਦੇ ਮੁਕਾਬਲੇ ਆਸਾਨੀ ਨਾਲ ਮਿਲ ਜਾਂਦੀ ਹੈ ਕਿਉਂਕਿ ਉਹ ਚੇਤੰਨ ਨਹੀਂ ਹਨ। ਸੱਤਾ ਦਾ ਸਵਾਦ ਉਨਾਂ ਨੇ ਹਾਲੇ ਤੱਕ ਵੇਖਿਆ ਹੀ ਨਹੀਂ ਹੈ। ਕੋਈ ਉਨਾਂ ਨੂੰ ਸੱਤਾ ਦੇਣ ਲਈ ਤਿਆਰ ਨਹੀਂ ਹੈ। ਅਜਿਹੇ ਹਾਲਾਤ ਵਿਚ ਉਨਾਂ ਨਾਲ ਮਜ਼ਾਕ ਹੀ ਹੋਣੇ ਹਨ। ਸਾਰਿਆਂ ਨੂੰ ਪਤਾ ਹੈ ਕਿ ਕਹਿਣ ਵਿਚ ਕੀ ਹਰਜ਼ ਹੈ ਜਦੋਂ ਸਮਾਂ ਆਵੇਗਾ, ਵੇਖ ਲਿਆ ਜਾਏਗਾ। ਭਾਜਪਾ ਵਾਲਿਆਂ ਨੂੰ ਸਾਫ਼ ਪਤਾ ਹੈ ਕਿ ਸੱਤਾ ਮਿਲਣ ਦੇ ਕੋਈ ਆਸਾਰ ਨਹੀਂ ਹਨ। ਫਿਰ ਵਾਅਦੇ ਕਰਨ ਵਿਚ ਕੀ ਜਾਂਦਾ ਹੈ। ਨਾਲੇ ਲੱਤ ਉੱਪਰ ਰਹਿ ਜਾਵੇਗੀ। ਕਹਿਣ ਵਾਲੇ ਬਣਾਂਗੇ ਕਿ ਉਹ ਦਲਿਤ ਹਿਤੈਸ਼ੀ ਹਨ। ਅਕਾਲੀਆਂ ਨੂੰ ਵੀ ਪਤਾ ਹੈ ਕਿ ਸੱਤਾ ਵਿਚ ਆਉਣਾ ਜਾਂ ਨਹੀਂ ਆਉਣਾ, ਨਿਸ਼ਚਿਤ ਨਹੀਂ



ਹੈ, ਕਿਉਂਕਿ ਲੋਕ ਉਨਾਂ ਤੋਂ ਵੀ ਖ਼ੁਸ਼ ਨਹੀਂ ਜਾਪਦੇ। ਅਜਿਹੇ ਹਾਲਾਤ ਵਿਚ ਵੋਟ ਪ੍ਰਾਪਤੀ ਲਈ ਵਾਅਦੇ ਜਾਂ ਗੱਲਾਂ ਤਾਂ ਹੋ ਹੀ ਸਕਦੀਆਂ ਹਨ। ਕਹਿਣ ਦਾ ਭਾਵ ਸਾਰੇ ਹੀ ਵੋਟ ਵਟੋਰਨ ਤੱਕ ਸੀਮਤ ਹਨ।

ਜਿਵੇਂ-ਜਿਵੇਂ ਸਮਾਂ ਨਜ਼ਦੀਕ ਆ ਰਿਹਾ ਹੈ, ਸਿਆਸੀ ਦਲਾਂ ਨੇ ਆਪਣੇ ਸਿਆਸੀ ਕਦਮ ਵਧਾ ਦਿੱਤੇ ਹਨ। ਸਿਆਸੀ ਰੈਲੀਆਂ ਅਤੇ ਮੀਟਿੰਗਾਂ ਸ਼ੁਰੂ ਹੋ ਗਈਆਂ ਹਨ। ਲੋਕਾਂ ਨੂੰ ਕਿਵੇਂ ਲਿਆਉਣਾ ਹੈ ਜਾਂ ਇਕੱਠ ਕਿਵੇਂ ਕਰਨੇ ਹਨ, ਉਹ ਭਲੀ-ਭਾਂਤ ਜਾਣਦੇ ਹਨ। ਭਾਵੇਂ ਮਹਾਂਮਾਰੀ ਦਾ ਦੌਰ ਚੱਲ ਰਿਹਾ ਹੈ। ਪੰਜਾਬ ਮਹਾਂਮਾਰੀ ਨਾਲ ਪ੍ਰਭਾਵਿਤ ਖੇਤਰਾਂ ਵਿਚ ਸ਼ਾਮਿਲ ਹੈ ਪਰ ਨੇਤਾਗਣਾਂ ਦੀ ਲੋਕਾਂ ਤੱਕ ਪਹੁੰਚ ਕਰਨ ਦੀ ਮਜਬੂਰੀ ਹੈ, ਕਿਉਂਕਿ ਹੁਣ 5-6 ਮਹੀਨੇ ਹੀ ਲੋਕਾਂ ਪਾਸ ਜਾਣਾ ਹੈ, ਉਸ ਤੋਂ ਬਾਅਦ ਸਾਢੇ ਚਾਰ ਸਾਲ ਤਾਂ ਲੋਕਾਂ ਨੂੰ ਮਿਲਣਾ ਹੀ ਨਹੀਂ। ਇਸ ਲਈ ਸਾਰਿਆਂ ਨੇ ਹੀ ਆਪਣਾ ਤੋਰਾ-ਫੇਰਾ ਵਧਾ ਲਿਆ ਹੈ। ਨੰਬਰ ਕਿਸ ਦਾ ਲੱਗਦਾ ਹੈ, ਇਹ ਤਾਂ ਸਮਾਂ ਹੀ ਦੱਸੇਗਾ ਕਿਉਂਕਿ ਹਾਲੇ ਕਈ ਤਰਾਂ ਦੇ ਉਤਰਾਅ-ਚੜਾਅ ਆਉਣੇ ਹਨ। ਕਈ ਤਰਾਂ ਦੇ ਮੇਲ-ਮਿਲਾਪ ਵੀ ਹੋਣੇ ਹਨ। ਪਰ ਇਹ ਵੀ ਆਸਾਰ ਹਨ ਕਿ ਕਿਸੇ ਨੂੰ ਵੀ ਬਹੁਮਤ ਨਹੀਂ ਮਿਲੇਗਾ।

ਸਿਆਸੀ ਦਲ ਸਮੇਂ ਮੁਤਾਬਿਕ ਵਾਅਦੇ ਅਤੇ ਦਾਅਵੇ ਕਰਦੇ ਹਨ। ਸਮੇਂ ਮੁਤਾਬਿਕ ਫ਼ੈਸਲੇ ਲਏ ਜਾਂਦੇ ਹਨ। ਸਮੇਂ ਮੁਤਾਬਿਕ ਮੁੱਦੇ ਚੁੱਕੇ ਜਾਂਦੇ ਹਨ। ਕੈਪਟਨ ਅਮਰਿੰਦਰ ਸਿੰਘ ਨੇ ਔਰਤਾਂ ਲਈ ਸਰਕਾਰੀ ਬੱਸਾਂ ਵਿਚ ਸਫ਼ਰ ਮੁਫ਼ਤ ਕਰ ਦਿੱਤਾ ਹੈ। ਅਕਾਲੀ ਦਲ ਨੇ ਉਸ ਤੋਂ ਵੀ ਉੱਪਰ ਛਾਲ ਮਾਰ ਦਿੱਤੀ ਹੈ। ਸੁਖਬੀਰ ਸਿੰਘ ਬਾਦਲ ਕਹਿੰਦੇ ਹਨ ਜੇਕਰ ਉਨਾਂ ਦੀ ਸਰਕਾਰ ਬਣਦੀ ਹੈ ਤਾਂ ਉਹ ਸਾਰੀਆਂ ਬੱਸਾਂ ਵਿਚ ਹੀ ਔਰਤਾਂ ਦਾ ਸਫ਼ਰ ਮੁਫ਼ਤ ਕਰ ਦੇਣਗੇ। ਵਿਵਾਦਤ ਖੇਤੀ ਕਾਨੂੰਨਾਂ ਦਾ ਮੁੱਦਾ ਵੀ ਤਾਜ਼ਾ ਹੈ। ਉਸ ਨੂੰ ਭਨਾਉਣ ਲਈ ਵੀ ਹਰ ਇਕ ਦੀ ਕੋਸ਼ਿਸ਼ ਹੈ। ਸਾਰੇ ਹੀ ਆਪਣੇ ਆਪ ਨੂੰ ਕਿਸਾਨ ਹਿਤੈਸ਼ੀ ਵਿਖਾਉਣ ਲਈ ਤਰਲੋਮੱਛੀ ਹੋ ਰਹੇ ਹਨ। ਸਾਰੇ ਕਿਸਾਨਾਂ ਪ੍ਰਤੀ ਹੇਜ ਜਤਾ ਰਹੇ ਹਨ। ਪਰ ਇਹ ਸੱਚ ਹੈ ਕਿ ਕਿਸਾਨ ਮੁੱਦੇ ’ਤੇ ਰਾਜਨੀਤੀ ਹੋ ਰਹੀ ਹੈ। ਅਕਾਲੀ ਦਲ ਦਾ ਭਾਜਪਾ ਨਾਲ ਗੱਠਜੋੜ ਕੁਝ ਸਮਾਂ ਪਹਿਲਾਂ ਹੀ ਟੁੱਟਿਆ ਹੈ। ਉਹ ਵੀ ਉਸ ਸਮੇਂ ਪਿੱਛੇ ਮੁੜੇ ਹਨ ਜਦੋਂ ਲੋਕ ਮਗਰ ਪੈਣ ਲੱਗ ਗਏ। ਵਰਨਾ ਪਹਿਲਾਂ ਅਕਾਲੀ ਖੇਤੀ ਕਾਨੂੰਨਾਂ ਨੂੰ ਚੰਗਾ ਕਹਿ ਰਹੇ ਸਨ। ਉਹ ਖੇਤੀ ਕਾਨੂੰਨਾਂ ਦੇ ਹੱਕ ਵਿਚ ਭੁਗਤੇ ਵੀ ਹਨ। ਕੈਪਟਨ ਅਮਰਿੰਦਰ ਸਿੰਘ ਨੇ ਵੀ ਖੇਤੀ ਕਾਨੂੰਨ ਦੀ ਕੋਈ ਵਿਰੋਧਤਾ ਨਹੀਂ ਕੀਤੀ। ਸਿਰਫ ਉਸ ਸਮੇਂ ਹੀ ਰੌਲਾ ਪਾਉਣਾ ਸ਼ੁਰੂ ਕੀਤਾ ਜਦੋਂ ਲੋਕਾਂ ਦਾ ਰੁਖ਼ ਵੇਖਿਆ। ਠੀਕ ਇਸ ਤਰਾਂ ਹੀ ਪਹਿਲਾਂ ਅਰਵਿੰਦ ਕੇਜਰੀਵਾਲ ਨੇ ਵੀ ਵਿਵਾਦਤ ਖੇਤੀ ਕਾਨੂੰਨਾਂ ਦੀ ਪ੍ਰਸੰਸਾ ਕੀਤੀ ਸੀ ਪਰ ਅੱਜ ਸਮੇਂ ਦੀ ਨਜ਼ਾਕਤ ਵੇਖਦੇ ਹੋਏ

**ਬਾਕੀ ਸਫ਼ਾ 31 ’ਤੇ**

# ਆਕਸੀਜਨ ਦੀ ਕਮੀ ਵਾਲੇ ਦੇਸ਼ ਦੀ ਹਕੂਮਤ ਦੁਆਰਾ ਬਣਾਏ ਕਾਨੂੰਨ ਕਿੰਨੇ ਕੁ ਸਫ਼ਲ ?

## ਹਕੂਮਤ ਦੀ ਲਾਪ੍ਰਵਾਹੀ ਆਮ ਇਨਸਾਨ ’ਤੇ ਭਾਰੂ



**ਸਰਬਜੀਤ ਕੌਰ ‘ਸਰਬ’**

ਕੋਰੋਨਾ ਮਹਾਂਮਾਰੀ ਦਾ ਇਹ ਦੂਸਰਾ ਸਾਲ ਚੱਲ ਰਿਹਾ ਹੈ, ਜਦੋਂ ਦੂਜੇ ਦੇਸ਼ਾਂ ਵਿਚ ਇਹ ਮਹਾਂਮਾਰੀ ਖਤਮ ਹੋਣ ’ਤੇ ਆਈ ਹੈ ਤਾਂ ਭਾਰਤ ਵਿੱਚ ਇਹ ਬਿਮਾਰੀ ਲਗਾਤਾਰ ਵੱਧ ਰਹੀ ਹੈ। ਇਸ ਬਿਮਾਰੀ ਦੇ ਵਧਣ ਦੇ ਕਾਰਨ ਹਕੂਮਤ ਦੀ ਲਾਪ੍ਰਵਾਹੀ ਹੈ, ਜਿਸ ਨੇ ਨਾ ਤਾਂ ਸਹੀ ਪ੍ਰਬੰਧ ਕੀਤੇ ਅਤੇ ਨਾ ਹੀ ਆਮ ਜਨਤਾ ਨੂੰ ਇਸ ਬਿਮਾਰੀ ਪ੍ਰਤੀ ਜਾਗਰੂਕਤਾ ਕਰਨ ਲਈ ਕੋਈ ਅਭਿਆਨ ਚਲਾਇਆ। ਸਭ ਤੋਂ ਵੱਡੀ ਲਾਪ੍ਰਵਾਹੀ ਸਮਾਂ ਰਹਿੰਦੇ ਹੋਏ ਵੀ ਕੋਈ ਚੰਗੀ ਰਣਨੀਤੀ ਨਹੀਂ ਅਪਣਾਈ ਗਈ, ਜੋ ਮੀਟਿੰਗਾਂ ਅੱਜ ਤੋਂ ਇਕ ਸਾਲ ਪਹਿਲਾਂ ਕਰ ਲੈਣੀਆਂ ਚਾਹੀਦੀਆਂ ਸਨ ਉਹ ਹੁਣ ਬਿਮਾਰੀ ਦੇ ਵਧਣ ਉੱਤੇ ਕੀਤੀਆਂ ਜਾ ਰਹੀਆਂ ਹਨ ਤੇ ਜਿਸ ਦਾ ਖਾਮਿਆਜ਼ਾ ਇਸ ਆਮ ਜਨਤਾ ਨੂੰ ਭੁਗਤਣਾ ਪੈ ਰਿਹਾ ਹੈ। ਪੰਜਾਬ ਜਿਉਂਦਾ ਗੁਰਾਂ ਦੇ ਨਾਮ ਉੱਤੇ ਇਹ ਗੱਲ ਅੱਜ ਸੱਚ ਹੋ ਨਿੱਬੜੀ ਹੈ ਕਿਉਂਕਿ ਭਾਰਤ ਦੇ ਸਾਰੇ ਰਾਜਾਂ ਵਿਚ ਕੋਰੋਨਾ ਮਹਾਂਮਾਰੀ ਨਾਲ ਹਾਹਾਕਾਰ ਫੈਲੀ ਹੋਈ ਹੈ। ਪੰਜਾਬ ਦੇ ਹਾਲਾਤ ਬਾਕੀ ਰਾਜਾਂ ਨਾਲੋਂ ਬਿਹਤਰ ਹਨ, ਕਿਉਂਕਿ ਪੰਜਾਬ ਦਾ ਵਾਤਾਵਰਨ ਦੂਜੇ ਰਾਜਾਂ ਦੇ ਮੁਕਾਬਲੇ ਕੁਝ ਸ਼ੁੱਧ ਹੈ ਪਰ ਫਿਰ ਵੀ ਅਸੀਂ ਇਹ ਨਹੀਂ ਕਹਿ ਸਕਦੇ ਕਿ ਪੰਜਾਬ ਦਾ ਵਾਤਾਵਰਨ ਬਿਲਕੁਲ ਹੀ ਸਾਫ਼ ਸੁਥਰਾ ਹੈ। ਸਮੇਂ ਦੀਆਂ ਸਰਕਾਰਾਂ ਨੇ ਲੋਕਾਂ ਨੂੰ ਇਸ ਭਿਆਨਕ ਮਹਾਂਮਾਰੀ ਪ੍ਰਤੀ ਚੰਗੇ ਢੰਗ ਨਾਲ ਸੁਚੇਤ ਨਹੀਂ ਕੀਤਾ ਜਿਸ ਦੇ ਨਤੀਜੇ ਅੱਜ ਸਾਨੂੰ ਵੇਖਣ ਨੂੰ ਮਿਲ ਰਹੇ ਹਨ। ਸਰਕਾਰਾਂ ਦੀਆਂ ਅਜਿਹੀਆਂ ਲਾਪ੍ਰਵਾਹੀਆਂ ਇਸ ਗੱਲ ਨੂੰ ਸਪੱਸ਼ਟ ਕਰਦੀਆਂ ਹਨ ਕਿ ਇੱਥੇ ਲੋਕਾਂ ਦੀ ਜ਼ਿੰਦਗੀ ਦਾ ਕੋਈ ਵੀ ਮੁੱਲ ਨਹੀਂ ਹੈ, ਜੇਕਰ ਮੁੱਲ ਹੈ ਤਾਂ ਉਹ ਕੇਵਲ ਉਸ ਦੀ ਵੋਟ ਦਾ ਜਿਸ ਦਾ ਇਸਤੇਮਾਲ ਕਰ ਕੇ ਕੁਰਸੀ ਨੂੰ ਪਾਇਆ ਜਾਂਦਾ ਹੈ। ਅੱਜ ਜੋ ਵੀ ਹਾਲਾਤ ਭਾਰਤ ਵਿੱਚ ਚੱਲ ਰਹੇ ਹਨ ਉਹ ਸਰਕਾਰਾਂ ਦੀਆਂ ਨਾਕਾਮੀਆਂ ਨੂੰ ਸਾਹਮਣੇ ਲਿਆਉਂਦੇ ਹਨ। ਆਕਸੀਜਨ ਦੀ ਆਈ ਕਮੀ ਨਾਲ ਅਣਗਿਣਤ ਮੌਤਾਂ ਹੋ ਚੁੱਕੀਆਂ ਹਨ। ਇਨਾਂ ਮੌਤਾਂ ਦਾ ਜ਼ਿੰਮੇਵਾਰ ਕੌਣ ਹੈ ? ਉਹ ਆਮ ਇਨਸਾਨ ਜਿਸ ਨੂੰ ਇਸ ਮਹਾਂਮਾਰੀ ਪ੍ਰਤੀ ਚੰਗੇ ਢੰਗ ਨਾਲ ਸੁਚੇਤ ਨਹੀਂ ਕੀਤਾ ਗਿਆ ਜਾਂ ਫਿਰ ਸਾਡੀਆਂ ਹਕੂਮਤਾਂ ਜਿਸ ਨੇ ਸਮਾਂ ਰਹਿੰਦੇ ਹੋਏ ਵੀ ਕੋਈ ਸਹੀ ਪ੍ਰਬੰਧ ਨਹੀਂ ਕੀਤੇ ਇਸ ਬਿਮਾਰੀ ਨਾਲ ਨਜਿੱਠਣ ਦੇ ਲਈ। ਪਿਛਲੇ ਸਾਲ ਜਦੋਂ ਕੋਰੋਨਾ ਮਹਾਂਮਾਰੀ ਦੀ ਸ਼ੁਰੂਆਤ ਭਾਰਤ ਵਿੱਚ ਹੋਈ ਸੀ ਉਦੋਂ ਪ੍ਰਬੰਧਾਂ ਦੀ ਗਿਣਤੀ ਅਣਗਿਣਤ ਦੱਸੀ ਜਾਂਦੀ ਸੀ, ਪਰ ਜਦੋਂ ਇਸ ਬਿਮਾਰੀ ਦਾ ਪ੍ਰਕੋਪ ਏਨਾ ਜ਼ਿਆਦਾ ਵਧ ਗਿਆ ਤਦ ਸਰਕਾਰ ਦੁਆਰਾ ਕੀਤੇ ਉਨਾਂ ਪ੍ਰਬੰਧਾਂ ’ਚੋਂ ਇਕ ਵੀ ਨਜ਼ਰੀਂ ਨਹੀਂ ਪਿਆ। ਲੋਕ ਆਪਣੇ ਸਾਕ ਸਬੰਧੀਆਂ ਦੀਆਂ ਦਾਹ ਸਸਕਾਰ ਕਰਨ ਲਈ ਵੀ ਕਤਾਰਾਂ ਵਿੱਚ ਖੜੇ ਨਜ਼ਰ ਆ ਰਹੇ ਹਨ।

ਦਿੱਲੀ ਦੇ ਹਸਪਤਾਲਾਂ ਵਿਚ ਆਕਸੀਜਨ ਦੀ ਕਮੀ ਦੇ ਕਾਰਨ ਅਨੇਕਾਂ ਹੀ ਲੋਕ ਮੌਤ ਦੇ ਮੂੰਹ ਚਲੇ ਗਏ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੁਆਰਾ ਆਪਣੇ ਨਾਲ ਲੱਗਦੇ ਸੂਬਿਆਂ ਤੋਂ ਆਕਸੀਜਨ ਦੀ ਮੰਗ ਰੱਖੀ ਤਾਂ ਉਨਾਂ ਨੇ ਸਾਫ਼ ਮਨਾ ਕਰ ਦਿੱਤਾ। ਬੇਸ਼ੱਕ ਬਾਅਦ ਵਿਚ ਪ੍ਰਧਾਨ ਮੰਤਰੀ ਨਾਲ ਹੋਈ ਮੀਟਿੰਗ ਤੋਂ ਬਾਅਦ ਸੂਬਿਆਂ ਨੇ ਆਕਸੀਜਨ ਇੱਕ ਦੂਸਰੇ ਰਾਜਾਂ ਨੂੰ ਦੇਣ ਦੀ ਪਹਿਲ ਕੀਤੀ। ਪਰ ਦੇਖਣਯੋਗ ਹੈ ਕਿ ਜਦੋਂ ਇਕ ਦੇਸ਼ ਦੇ ਵਾਸੀ ਹੁੰਦੇ ਹੋਏ ਵੀ ਸਿਆਸਤੀ ਪ੍ਰਬੰਧਾਂ ਵਿੱਚ ਭਿੰਨਤਾ ਨਜ਼ਰ ਆਈ ਤਾਂ



ਉੱਥੋਂ ਦੀ ਹਕੂਮਤ ਦੁਆਰਾ ਬਣਾਏ ਗਏ ਲੋਕਾਂ ਲਈ ਕਾਨੂੰਨ ਕਿੰਨੇ ਕੁ ਸਫ਼ਲ ਹੋ ਸਕਦੇ ਹਨ। ਸਭ ਤੋਂ ਵੱਡੀ ਸੋਚ ਇਹ ਹੀ ਪੈਦਾ ਹੁੰਦੀ ਹੈ ਕਿ ਜੋ ਹਕੂਮਤ ਮਹਾਂਮਾਰੀ ਫੈਲਣ ਦੇ ਦੌਰਾਨ ਹੀ ਰਣਨੀਤੀਆਂ ਤਿਆਰ ਕਰਦੀ ਹੈ ਉਸ ਦੇ ਬਣਾਏ ਉਹ ਕਾਨੂੰਨ ਜਿਨਾਂ ਦਾ ਅੱਜ ਕਿਸਾਨਾਂ ਦੁਆਰਾ ਵਿਰੋਧ ਕੀਤਾ ਜਾ ਰਿਹਾ ਹੈ ਉਹ ਆਮ ਜਨਤਾ ਲਈ ਕਿੰਨੇ ਕੁ ਫਾਇਦੇਮੰਦ ਹੋਣਗੇ ? ਇਹ ਇੱਕ ਸੋਚਣ ਦਾ ਵਿਸ਼ਾ ਹੈ ਕਿ ਜੋ ਖੇਤੀ ਬਿਲ ਸਰਕਾਰ ਦੁਆਰਾ ਪਾਸ ਕੀਤੇ ਗਏ ਹਨ ਉਹ ਆਉਣ ਵਾਲੇ ਸਮੇਂ ਵਿੱਚ ਕਿਸਾਨ ਲਈ ਕੀ ਸਿੱਟਾ ਕੱਢਣਗੇ ਤੇ ਨਾਲ ਉਹ ਮਜ਼ਦੂਰ ਜੋ ਕਮਾਉਂਦੇ ਹਨ ਉਹ ਹੀ ਖਾਂਦੇ ਹਨ। ਜਨਤਾ ਜਦੋਂ ਵੀ ਕਿਸੇ ਕਾਨੂੰਨ ਦਾ ਵਿਰੋਧ ਕਰਦੀ ਹੈ ਤਦ ਉਹ ਆਪਣੇ ਆਉਣ ਵਾਲੇ ਭਵਿੱਖ ਨੂੰ ਵੇਖ ਕੇ ਓ ਉਸ ਦੀ ਚਿੰਤਾ ਲਈ ਕਰਦੀ ਹੈ ਤਾਂ ਜੋ ਉਸ ਦੀਆਂ ਆਉਣ ਵਾਲੀਆਂ ਪੀੜੀਆਂ ਨੂੰ ਕਿਸੇ ਵੀ ਤਰਾਂ ਦੀ ਮੁਸੀਬਤ ਦਾ ਸਾਹਮਣਾ ਨਾ ਕਰਨਾ ਪਵੇ। ਸਰਕਾਰਾਂ ਕਾਨੂੰਨ ਬਣਾਉਦੀਆਂ ਹਨ ਸਮੇਂ ਦੀ ਨਜ਼ਾਕਤ ਨਾਲ, ਆਉਣ ਵਾਲੇ ਸਮੇਂ ਵਿੱਚ ਇਨਾਂ ਕਾਨੂੰਨਾਂ ਦਾ ਕੀ ਅਸਰ ਹੋਵੇਗਾ ਉਸ ਦੀ ਸੋਝੀ ਇਨਾਂ ਨੂੰ ਨਹੀਂ ਹੁੰਦੀ। ਇਹ ਹਕੂਮਤਾਂ ਕੇਵਲ ਤੇ ਕੇਵਲ ਸਿਆਸਤ ਕਰਨਾ ਹੀ ਜਾਣਦੀਆਂ ਹਨ। ਇਸ ਸਿਆਸਤੀਪੁਣੇ ਨੇ ਹੀ ਅੱਜ ਭਾਰਤ ਦੀ ਉਹ ਸਥਿਤੀ ਕਰ ਦਿੱਤੀ ਕਿ ਦੇਸ਼ ਨੂੰ ਆਕਸੀਜਨ ਵੀ ਦੂਜੇ ਦੇਸ਼ਾਂ ਤੋਂ ਮੰਗਵਾਉਣੀ ਪੈ ਰਹੀ ਹੈ। ਜੇ ਸਾਡੇ ਲੋਕਤੰਤਰੀ ਦੇਸ਼ ਵਿਚ ਸਮੇਂ ’ਤੇ ਠੀਕ ਪ੍ਰਬੰਧ ਨਹੀਂ ਹੋ ਸਕਦੇ ਤਾਂ ਇਸ ਦੇ ਲੋਕਾਂ ਲਈ ਬਣਾਏ ਕਾਨੂੰਨ ਵੀ ਭਰੋਸੇਯੋਗ ਨਹੀਂ

ਭਾਰਤੀ ਹਾਲਾਤ ਦੇਖ ਕੇ ਅੱਜ ਇਉਂ ਜਾਪਦਾ ਹੈ ਕਿ ਇੱਥੋਂ ਦੀ ਰਾਜਨੀਤੀ ਕੇਵਲ ਕੁਰਸੀ ਦੇ ਲਈ ਹੁੰਦੀ ਹੈ। ਆਮ ਜਨਤਾ ਦੀ ਜ਼ਿੰਦਗੀ ਨਾਲ ਇਨਾਂ ਨੂੰ ਬਹੁਤਾ ਫ਼ਰਕ ਨਹੀਂ ਪੈਂਦਾ, ਫ਼ਰਕ ਪੈਂਦਾ ਹੈ ਤਾਂ ਕੇਵਲ ਵੋਟ ਦਾ। ਜੇਕਰ ਇਸ ਗੰਦੀ ਰਾਜਨੀਤੀ ਵਿੱਚ ਕੋਈ ਸੱਚਾ ਵਿਅਕਤੀ ਵੀ ਆ ਜਾਂਦਾ ਹੈ ਤਾਂ ਉਸ ਨੂੰ ਸਿਆਸਤੀ ਢੰਗ ਨਾਲ ਬਦਨਾਮ ਕਰ ਕੇ ਉਸ ਨੂੰ ਰਾਜਨੀਤੀ ਛੱਡਣ ਤੱਕ ਮਜਬੂਰ ਕਰ ਦਿੰਦੀਆਂ ਹਨ। ਇਸ ਸਿਆਸਤੀ ਖੇਡ ਵਿੱਚ ਕਿਤੇ ਨਾ ਕਿਤੇ ਆਮ ਜਨਤਾ ਵੀ ਜ਼ਿੰਮੇਵਾਰ ਹੁੰਦੀ ਹੈ, ਕਿਉਂਕਿ ਅਸੀਂ ਲੋਕ ਕੁਝ ਰੁਪਿਆਂ ਦੇ ਲਾਲਚ ਵਿਚ ਆਪਣੀ ਜ਼ਮੀਰ ਤੱਕ ਵੇਚ ਦਿੰਦੇ ਹਾਂ ਜਿਸ ਦਾ ਭੁਗਤਾਨ ਸਾਨੂੰ ਅੰਦੋਲਨ ਕਰ ਕੇ ਜਾਂ ਫਿਰ ਧਰਨੇ ਲਾ ਕੇ ਚੁਕਾਉਣਾ ਪੈਂਦਾ ਹੈ। ਗ਼ੈਰ ਜ਼ਿੰਮੇਵਾਰ ਇਸ ਹਕੂਮਤ ਤੋਂ ਅਸੀਂ ਕੁਝ ਵੀ ਉਮੀਦ ਨਹੀਂ ਰੱਖ ਸਕਦੇ ਕਿਉਂਕਿ ਜਿੱਥੇ ਅੱਜ ਆਕਸੀਜਨ ਦੀ ਕਮੀ ਆ ਰਹੀ ਹੈ, ਉਸ ਦੀ ਘਾਟ ਕਾਰਨ ਅਨੇਕਾਂ ਹੀ ਰਾਜਾਂ ਵਿੱਚ ਆਮ ਜਨਤਾ ਦੀਆਂ ਲਾਸ਼ਾਂ ਦੀ ਗਿਣਤੀ ਵੀ ਨਹੀਂ ਕੀਤੀ ਜਾ ਸਕਦੀ।

# ਸਿਹਤ, ਵਿੱਦਿਆ, ਸਿਖਲਾਈ, ਰੁਜ਼ਗਾਰ ਤੇ ਆਮਦਨ ਦੀ ਆਸ ਲਗਾਈ ਬੈਠੇ ਲੋਕ

**ਦਲੀਪ ਸਿੰਘ ਵਾਸਨ, ਐਡਵੋਕੇਟ**

ਸਦੀਆਂ ਦੀ ਗੁਲਾਮੀ ਬਾਅਦ ਇਹ ਆਜ਼ਾਦੀ ਆਈ ਸੀ ਅਤੇ ਸਾਨੂੰ ਦਸਿਆ ਗਿਆ ਸੀ ਕਿ ਹੁਣ ਮੁਲਕ ਵਿੱਚ ਆਪਣੇ ਹੀ ਲੋਕਾਂ ਦੀ ਸਰਕਾਰ ਬਣਿਆ ਕਰੇਗੀ ਅਤੇ ਉਹ ਵੀ ਲੋਕੀਂ ਆਪ ਚੁਣਿਆ ਕਰਨਗੇ। ਇਹ ਵੀ ਸਾਨੂੰ ਸਮਝਾ ਦਿੱਤਾ ਗਿਆ ਸੀ ਕਿ ਅਗਰ ਕੋਈ ਸਾਡੀ ਹੀ ਚੁਣੀ ਸਰਕਾਰ ਠੀਕ ਠਾਕ ਕੰਮ ਕਰਕੇ ਨਹੀਂ ਦਿਖਾਏਗੀ ਤਾਂ ਸਾਡੇ ਪਾਸ ਇਹ ਹਕ ਦੇ ਦਿੱਤਾ ਗਿਆ ਸੀ ਕਿ ਅਸੀਂ ਚੋਣਾਂ ਕਰਕੇ ਨਵੀਂ ਸਰਕਾਰ ਵੀ ਬਣਾ ਲਿਆ ਕਰਾਂਗੇ। ਇਹ ਜਿਹੜਾ ਪਰਜਾਤੰਤਰ ਆਇਆ ਸੀ ਇਸ ਉਤੇ ਸਾਡੀਆਂ ਬੜੀਆਂ ਉਮੀਦਾਂ ਬਣ ਆਈਆਂ ਸਨ ਅਤੇ ਸ਼ੁਰੂ ਸ਼ੁਰੂ ਵਿੱਚ ਸਾਡੇ ਮੁਲਕ ਦੀਆਂ ਜ਼ਿਮੇਵਾਰੀਆਂ ਜਿਸ ਕਿਸੇ ਨੇ ਵੀ ਸੰਭਾਲੀਆਂ ਸਨ ਉਨਾਂ ਨੇ ਬੜੀ ਹੀ ਸਿਆਣਪ ਨਾਲ ਮੁਲਕ ਨੂੰ ਕੁਝ ਸੇਧਾਂ ਵੀ ਦੇ ਦਿਤੀਆਂ ਸਨ ਅਤੇ ਸਾਨੂੰ ਆਸ ਜਿਹੀ ਬਝ ਗਈ ਸੀ ਕਿ ਹੁਣ ਅਸੀਂ ਆਪਣੇ ਸੁਪਨਿਆਂ ਦਾ ਭਾਰਤ ਬਣਾ ਸਕਾਂਗੇ। ਅਰਥਾਤ ਅਸਾਂ ਇਹ ਆਸ ਲਗਾ ਲਈ ਸੀ ਕਿ ਹੁਣ ਸਾਡੇ ਮੁਲਕ ਵਿੰਚ ਹਰ ਕਿਸੇ ਪਾਸ ਵਾਜਬ ਜਿਹੀ ਸਿਹਤ ਹੋਵੇਗੀ, ਵਾਜਬ ਜਿਹੀ ਵਿਦਿਆ ਹੋਵੇਗੀ, ਵਾਜਬ ਜਿਹੀ ਸਿਖਲਾਈ ਹੋਵੇਗੀ, ਵਾਜਬ ਜਿਹਾ ਰੁਜ਼ਗਾਰ ਹੋਵੇਗਾ, ਵਾਜਬ ਜਿਹੀ ਹਰ ਕਿਸੇ ਦੀ ਆਮਦਨ ਬਣ ਜਾਵੇਗੀ ਅਤੇ ਇਸ ਤਰਾਂ ਹਰ ਕੋਈ ਵਾਜਬ ਜਿਹਾ ਜੀਵਨ ਜਿਉਣ ਲਗ ਪਵੇਗਾ। ਅਸਾਂ ਕਦੀ ਵੀ ਇਹ ਆਸ ਨਹੀਂ ਸੀ ਬਣਾਈ ਕਿ ਸਾਡੇ ਮੁਲਕ ਵਿੱਚ ਬਰਾਬਰਤਾ ਆ ਜਾਵੇਗੀ ਕਿਉਂਕਿ ਅਸੀਂ ਜਾਣਦੇ ਸਾਂ ਕਿ ਰੱਬ ਨੇ ਵੀ ਬਰਾਬਰਤਾ ਖੜੀ ਨਹੀਂ ਕੀਤੀ ਅਤੇ ਅਸੀਂ ਇਸ ਦੁਨੀਆਂ ਦੇ ਲੋਕੀਂ ਬਰਾਬਰਤਾ ਕਿਵੇਂ ਬਣਾ ਸਕਦੇ ਹਾਂ। ਅਸੀਂ ਤਾਂ ਵਾਜਬ ਜਿਹਾ ਜੀਵਨ ਚਾਹ ਰਹੇ ਸਾਂ ਅਤੇ ਇਹ ਵਾਲਾ ਜਿਹੜਾ ਵੀ ਪਰਜਾਤੰਤਰ ਸਾਡੇ ਮੁਲਕ ਵਿੱਚ ਆ ਗਿਆ ਸੀ ਇਸ ਪਾਸੋਂ ਵੱਡੀਆਂ ਉਮੀਦਾਂ ਰੱਖੀਆਂ ਜਾ ਰਹੀਆਂ ਸਨ।

ਅੱਜ ਜਦ ਅਸੀਂ ਆਪਣੇ ਸਾਢੇ ਸੱਤ ਦਹਾਕਿਆਂ ਦੇ ਇਤਿਹਾਸ ਉਤੇ ਨਜ਼ਰ ਮਾਰਦੇ ਹਾਂ ਤਾਂ ਅਸੀਂ ਆਪ ਹੈਰਾਨ ਪ੍ਰੇਸ਼ਾਨ ਹਾਂ ਕਿ ਆਜ਼ਾਦੀ ਵੀ ਅਈਅ, ਇਹ ਪਰਜਾਤੰਤਰ ਵੀ ਆਇਆ, ਵਿਗਿਆਨ ਵੀ ਆਇਆ, ਇਹ ਤਕਨਾਲੋਜੀ ਵੀ ਆਈ, ਤਰਕੀ ਵੀ ਹੋਈ, ਮਨੁਖੀ ਵਰਤੋਂ ਦੀ ਹਰ ਸ਼ੈਅ, ਖਾਣ ਪੀਣ, ਹੰਢਾਉਣ ਅਤੇ ਹੋਰ ਆਵਾਜਾਈ ਦਾ ਹਰ ਸਾਧਨ ਸਾਡੇ ਮੁਲਕ ਵਿੱਚ ਆ ਬਣਿਆ, ਪਰ ਪਤਾ ਨਹੀਂ ਕਿਉਂ ਹਰ ਕਿਸੇ ਤੱਕ ਪੁਜਦਾ ਨਹੀਂ ਕੀਤਾ ਜਾ ਸਕਿਆ। ਕੌਣ ਗਲਤ ਹੈ ਇਹ ਸਵਾਲ ਅੱਜ ਪਰਜਾਤੰਤਰ ਵਿੱਚ ਨਹੀਂ ਕੀਤਾ ਜਾ ਸਕਦਾ ਕਿਉਂਕਿ ਅਗਰ ਇਸ ਦੀਆਂ ਜ਼ਿੰਮੇਵਾਰ ਸਾਡੀਆਂ ਸਰਕਾਰਾਂ ਹਨ ਤਾਂ ਅਸੀਂ ਆਪ ਵੀ ਜ਼ਿੰਮੇਵਾਰ ਹਾਂ ਕਿ ਇਹ ਸਰਕਾਰਾਂ ਆਸਮਾਨ ਤੋਂ ਨਹੀਂ ਆਈਆਂ ਅਤੇ ਨਾ ਹੀ ਮੁਗਲਾਂ ਜਾਂ ਅੰਗਰੇਜ਼ਾਂ ਦੀਆਂ ਹਨ ਜਿਹੜੀਆਂ ਬਾਹਰੋਂ ਆਈਆਂ ਹਨ, ਇਹ ਸਰਕਾਰਾਂ ਅਸੀਂ ਆਪ ਚੁਣਦੇ ਰਹੇ ਹਾਂ ਅਤੇ ਉਹ ਵੀ ਹਰ ਪੰਜਾਂ ਸਾਲਾਂ ਬਾਅਦ ਸਾਨੂੰ ਮਾੜੀ ਸਰਕਾਰ ਬਦਲਣ ਦਾ ਮੌਕਾ ਦਿੱਤਾ ਜਾਂਦਾ ਰਿਹਾ ਹੈ। ਇਥੇ ਆ ਕੇ ਇਹ ਵੀ ਨਤੀਜਾ ਜਿਹਾ ਨਿਕਲਦਾ ਰਿਹਾ ਹੈ ਕਿ ਅਸੀਂ ਚੋਣ ਹੀ ਗਲਤ ਆਦਮੀਆਂ ਦੀਆਂ ਕਰਦੇ ਰਹੇ ਹਾਂ। ਕੁਝ ਖਾਨਦਾਨਾਂ ਅਤੇ ਕੁਝ ਵਿਅਕਤੀ ਵਿਸ਼ੇਸ਼ਾਂ ਨੇ ਆਪਣੇ ਆਪਣੇ ਧੜੇ ਬਣਾ ਕੇ ਉਨਾਂ ਨੂੰ ਰਾਜਸੀ ਪਾਰਟੀਆਂ ਦਾ ਨਾਮ ਦੇ ਦਿਤਾ ਸੀ ਅਤੇ ਅਸੀਂ ਤਾਂ ਅੱਜ ਤਕ ਆਪਣੇ ਪ੍ਰਤੀਨਿਧ ਵੀ ਚੁਣ ਨਹੀਂ ਸਕੇ, ਬਲਕਿ ਇਹ ਧੜਿਆਂ ਦੇ ਸਰਦਾਰ ਜਿਹੜਾ ਵੀ ਆਪਣਾ ਸਪੋਰਟਰ ਖੜਾ ਕਰਦੇ ਰਹੇ ਹਨ ਅਤੀਂ ਸਰਦਾਰ ਦਾ ਆਖਾ ਮਨਕੇ ਉਸਦਾ ਸਪੋਰਟਰ ਜਿਤਾਉਂਦੇ ਰਹੇ ਹਾਂ ਅਤੇ ਇਹ ਵਿਅਕਤੀ ਵਿਸ਼ੇਸ਼ ਹੀ ਆਪਣੀਆਂ ਸਰਦਾਰੀਆਂ ਚਲਾਉਂਦੇ ਰਹੇ ਹਨ ਅਤੇ ਇਹ ਬਾਕੀ ਦੇ ਸਪੋਰਟਰ ਤਾਂ ਬਸ ਗਿਣਤੀ ਹੀ ਪੂਰੀ ਕਰਨ ਲਈ ਸਦਨਾਂ ਵਿੱਚ ਜਾਂਦੇ ਰਹੇ ਹਨ। ਅਰਥਾਤ ਅਗਰ ਸਦਨਾ ਦਾ ਕੰਮ ਘੋਖਿਆ ਜਾਵੇ ਤਾਂ ਇਹ ਵਿਧਾਇਕ ਕਦੀ ਵੀ ਸਦਨ ਵਿੱਚ ਕੋਈ ਕੰਮ ਨਹੀਂ ਕਰ ਸਕੇ। ਇਹ ਕੈਸਾ ਪਰਜਾਤੰਤਰ ਜਿਹਾ ਬਣ ਗਿਆ ਹੈ ਜਿਥੇ ਅੱਜ ਤੱਕ ਲੋਕੀਂ ਆਪਣੇ ਪ੍ਰਤੀਨਿਧ ਹੀ ਨਹੀਂ ਚੁਣ ਸਕੇ ਅਤੇ ਅਜ ਤਕ ਲੋਕਾਂ ਦੀਆਂ ਸਮਸਿਆਵਾਂ ਜਿਹੜੀਆਂ ਗੁਲਾਮੀ ਦੌਰਾਨ ਆ ਖੜੀਆਂ ਹੋਈਆਂ ਸਨ, ਦੂਰ ਕੀਤੀਆਂ ਜਾ ਸਕਦੀਆ।

ਬਸ ਰਸਮੀ ਜਿਹਾ ਇਹ ਪ੍ਰਸ਼ਾਸਨ ਚਲਦਾ ਆ ਰਿਹਾ ਹੈ ਅਤੇ ਅਗਰ ਘੋਖ ਨਾਲ ਦੇਖਿਆ ਜਾਵੇ ਤਾਂ ਇਹ ਪ੍ਰਸ਼ਾਸਨ ਵੀ ਅੰਗਰੇਜ਼ ਸਾਮਰਾਜੀਆਂ ਦੀ ਦੇਣ ਹੈ। ਇਸ ਵਿੱਚ ਇਹ ਵਾਲੀਆਂ ਸਾਡੀਆਂ ਚੁਣੀਆਂ ਸਰਕਾਰਾਂ ਕੋਈ ਵਡੀ ਦੇਣ ਨਹੀਂ ਪਾ ਸਕੀਆਂ।

ਹੁਣ ਸਵਾਲ ਇਹ ਆ ਬਣਿਆ ਹੈ ਕਿ ਪਿਛਲੇ ਸਾਢੇ ਸਤ ਦਹਾਕਿਆਂ ਵਿੱਚ ਇਹ ਜਿਹੜੀਆਂ ਗਲਤੀਆਂ ਸਥਾਪਿਤ ਕਰ ਦਿੱਤੀਆਂ ਗਈਆਂ ਹਨ ਇੰਨਾਂ ਲਈ ਲੋਕੀਂ ਜ਼ਿਮੇਵਾਰ ਹਨ ਜਾਂ ਰਾਜਸੀ ਲੋਕੀ ਜ਼ਿਮੇਵਾਰ ਹਨ। ਇਹ ਗਲਤੀਆਂ ਜੇਕਰ ਸ਼ੁਰੂ ਵਿੱਚ ਹੀ ਫੜ ਲਈਆਂ ਜਾਂਦੀਆਂ ਤਾਂ ਅੱਜ ਤੱਕ ਅਸੀਂ ਲੋਕਾਂ ਲਈ ਬਹੁਤ ਕੁਝ ਕਰ ਲੈਣਾ ਸੀ, ਪਰ ਅਸੀਂ ਤਾਂ ਚੋਣਾਂ ਉਤੇ ਹੀ ਵਿਸ਼ਵਾਸ ਕਰਦੇ ਰਹੇ ਹਾਂ ਕਿ ਅਗਲੀ ਸਰਕਾਰ ਵਧੀਆ ਆ ਜਾਵੇਗੀ। ਅਸੀਂ ਕਦੇ ਇਹ ਨਹੀਂ ਸੋਚਿਆ ਕਿ ਰਾਜਸੀ ਲੋਕੀਂ ਸਾਰੇ ਦੇ ਸਾਰੇ ਇਕ ਹੀ ਜਮਾਤ ਦੇ ਹਨ ਅਤੇ ਇਹ ਰਜਾਸੀ ਪਾਰਟੀਆਂ ਤਾਂ ਬਸ ਟੀਮਾਂ ਜਿਹੀਆਂ ਹਨ ਅਤੇ ਇਹ ਚੋਣਾਂ ਅਤੇ ਇਹ ਰਾਜ ਤਾਂ ਬਸ ਦੋਸਤਾਨਾ ਮੈਚ ਹੀ ਹਨ। ਇਨਾਂ ਦੌਸਤਾਨਾ ਮੈਚਾ ਨੇ ਤਾਂ ਸਾਨੂੰ ਸਿਰਫ ਦਰਸ਼ਿਕ ਬਣਾ ਦਿਤਾ ਹੈ ਅਤੇ ਆਪਣੇ ਹੀ ਚੁਣੇ ਹੋਏ ਲੋਕਾਂ ਦੀਆਂ ਕਾਰਵਾਈਆਂ ਦੇਖਕੇ ਕਦੇ ਤਾੜੀਆਂ ਮਾਰੀ ਜਾ ਰਹੇ ਹਾਂ, ਕਦੇ ਹਸ ਰਹੇ ਹਾਂ, ਕਦੇ ਨਾਹਰੇ ਲਗਾਉਣ ਲਗ ਜਾਂਦੇ ਹਾਂ ਅਤੇ ਕਦੇ ਕਦੇ ਬੱਤੀਆਂ ਜਗਾਕੇ ਖੁਸ਼ੀਆਂ ਮਨਾਈ ਜਾਂਦੇ ਹਾਂ। ਅਸਾਂ ਕਦੇ ਨਹੀਂ ਸੋਚਿਆ ਕਿ ਇਹ ਸਰਕਾਰਾਂ ਅਸਾਂ ਬਣਾਈਆਂ ਕਾਹਦੇ ਲਈ ਹਨ ਅਤੇ ਕੀ ਇਹ ਕੋਈ ਕੰਮ ਵੀ ਕਰ ਰਹੀਆਂ ਹਨ ਜਾਂ ਮਹਿਜ਼ ਸਾਨੂੰ ਤਮਾਸ਼ਬੀਨ ਬਣਾ ਦਿਤਾ ਗਿਆ ਹੈ।

ਅਗਲੀਆਂ ਆਮ ਚੋਣਾਂ ਆਉਣ ਵਿੱਚ ਹਾਲਾਂ ਤਿੰਨ ਸਾਲ ਪਏ ਹਨ ਅਤੇ ਇਸ ਲਈ ਸਾਨੂੰ ਅੱਜ ਹੀ ਸੋਚਣਾ ਪਵੇਗਾ ਕਿ ਅਗਲੀ ਸਰਕਾਰ ਵਿੱਚ ਅਸੀਂ ਆਦਮੀ ਕਿਹੋ ਜਿਹੇ ਭੇਜਣੇ ਹਨ। ਇਸ ਮਸਲੇ ਉਤੇ ਵਿਚਾਰ ਕਰਨਾ ਅਤੇ ਫ਼ੈਸਲਾ ਕਰਨਾ ਬਹੁਤ ਹੀ ਮੁਸ਼ਕਿਲ ਹੈ। ਸਾਡੀ ਬਦਕਿਸਮਤੀ ਹੈ ਕਿ ਪਿਛਲੇ ਸਾਢੇ ਸਤ ਦਹਾਕਿਆਂ ਵਿੱਚ ਰਾਜਸੀ ਲੋਕਾਂ ਦਾ ਬਾਕਾਇਦਾ ਇਕ ਵਖਰਾ ਤਬਕਾ ਜਿਹਾ ਬਣ ਗਿਆ ਹੈ ਅਤੇ ਕੁਝ ਵਿਅਕਤੀਵਿਸ਼ੇਸ਼ਾਂ ਅਤੇ ਖਾਨਦਾਨਾਂ ਦੀ ਸ਼ਨਾਖਤ ਹੋ ਚੁਕੀ ਹੈ ਜਿਹੜੇ ਪ੍ਰਧਾਨ ਮੰਤਰੀ ਬਣਨਾ ਚਾਹ ਰਹੇ ਹਨ ਅਤੇ ਕੋਈ ਨਾ ਕੋਈ ਉਨਾਂ ਵਿਚੋਂ ਹੀ ਪ੍ਰਧਾਨ ਮੰਤਰੀ ਬਣੇਗਾ ਵੀ। ਹੁਣ ਫੈਸਲਾ ਕਰਨਾ ਵੀ ਮੁਸ਼ਕਿਲ ਜਿਹਾ ਆ ਬਣਿਆ ਹੈ ਕਿ ਅਗਲਾ ਪ੍ਰਧਾਨ ਮੰਤਰੀ ਕਿਹੜਾ ਚੁਣਿਆ ਜਾਵੇ। ਅਸੀਂ ਜੇਕਰ ਇਹ ਸੋਚਕੇ ਵੋਟਾਂ ਪਾਈਏ ਕਿ ਅਸਾਂ ਇਸ ਵਾਰ ਬਹੁਤ ਹੀ ਵਧੀਆ ਆਦਮੀ ਪ੍ਰਧਾਨ ਮੰਤਰੀ ਬਨਾਉਣ ਹੈ ਤਾਂ ਸਾਨੂੰ ਹਰ ਖੇਤਰ ਵਿੱਚ ਉਸਦਾ ਖੜਾ ਕੀਤਾ ਉਮੀਦਵਾਰ ਵੀ ਚੁਣਨਾ ਹੈ। ਇਸ ਮੁਲਕ ਵਿੱਚ ਸਿਰਫ ਪ੍ਰਧਾਨ ਮੰਤਰੀ ਹੀ ਨਹੀਂ ਚੁਣਨਾ ਬਲਕਿ ਉਸਦੇ ਸਪੋਟਰ ਵੀ ਚਾਹੀਦੇ ਹਨ ਕਿਉਂਕਿ ਇਸ ਮੁਲਕ ਵਿੱਚ ਬਹੁਮਤ ਨਾਲ ਹੀ ਸਰਕਾਰਾਂ ਬਣਾਈਆਂ ਜਾ ਸਕਦੀਆਂ ਹਨ ਅਤੇ ਚਲਦੀਆਂ ਵੀ ਰੱਖੀਆਂ ਜਾ ਸਕਦੀਆਂ ਹਨ। ਅਸੀਂ ਦੇਖਦੇ ਆ ਰਹੇ ਹਾਂ ਕਿ ਸਾਡੀਆਂ ਸਦਨਾਂ ਵਿੱਚ ਵਿਰੋਧੀ ਧਿਰਾਂ ਬਣਦੀਆਂ ਤਾਂ ਰਹੀਆਂ ਹਨ, ਪਰ ਜਲਦੀ ਕਰਕੇ ਉਨਾਂ ਦੀ ਕੋਈ ਸੁਣਦਾ ਨਹੀਂ ਹੈ ਅਤੇ ਪ੍ਰਧਾਨ ਮੰਤਰੀ ਆਪਣੇ ਬਹੁਮਤ ਨਾਲ ਜੋ ਚਾਹੇ ਕਰੀ ਜਾਂਦਾ ਹੈ।

ਸੋ ਅੱਜ ਤੱਕ ਸਾਡੇ ਮੁਲਕ ਵਿੱਚ ਸਿਰਫ ਸਰਕਾਰਾਂ ਬਨਾਉਣ, ਚਲਦੀਆਂ ਰੱਖਣ ਲਈ ਹੀ ਇਹ ਵਾਲਾ ਚੋਣਾਂ ਵਾਲਾ ਸਿਲਸਿਲਾ ਬਣ ਆਇਆ ਹੈ ਅਤੇ ਹਾਲਾਂ ਤੱਕ ਲੋਕਾਂ ਦੀ ਹਾਲਤ ਸੁਧਾਰਨ ਲਈ ਸਾਡੀਆਂ ਸਰਕਾਰਾਂ ਪਾਸ ਵਕਤ ਹੀ ਨਹੀਂ ਬਣਿਆ ਹੈ। ਜੇਕਰ ਇਹ ਸਿਹਤ, ਵਿਦਿਆ, ਸਿਖਲਾਈ, ਰੁਜ਼ਗਾਰ ਅਤੇ ਆਮਦਨ ਵਾਲੀਆਂ ਗੱਲਾਂ ਇਕ ਇਕ ਕਰਕੇ ਵੀ ਕਰ ਲਈਆਂ ਜਾਂਦੀਆਂ ਤਾਂ ਅੱਜ ਤੱਕ ਅਸੀਂ ਬਹੁਤ ਕੁਝ ਕਰ ਸਕਦੇ ਸਾਂ। ਪਰ ਅਸਾਂ ਜਿਹੜਾ ਵੀ ਇਹ ਵਾਲਾ ਸਿਲਸਿਲਾ ਬਣਾ ਬੈਠੇ ਹਾਂ ਇਹੀ ਅਗਰ ਚਲਦਾ ਰਹਿੰਦਾ ਹੈ ਤਾਂ ਅਸੀਂ ਕਦੇ ਵੀ ਆਪਣੇ ਮੁਲਕ ਦੇ ਲੋਕਾਂ ਨੂੰ ਆਪਣੇ ਪੈਰਾਂ ਉਤੇ ਖੜਾ ਕਰਨ ਜੋਗਾ ਨਹੀਂ ਬਣਾ ਪਾਵਾਂਗੇ। ਇਹ ਰਾਜਸੀ ਲੋਕ ਮਸਾਂ ਮਸਾਂ ਕੁਰਸੀਆਂ ਤੱਕ ਪੁਜਦੇ ਹਨ ਅਤੇ ਫਿਰ ਇਕ ਹੱਥ ਕੁਰਸੀ ਉਤੇ ਅਤੇ ਇਕ ਹਥ ਪਗੜੀ ਉਤੇ ਪਾ ਕੇ, ਪੱਕੀ ਤਰਾਂ ਨਪਕੇ ਆਪਣੇ ਪੰਜ ਸਾਲ ਪੂਰੇ ਕਰਦੇ ਹਨ। ਇਸ ਲਈ ਸਾਨੂੰ ਇਹ ਮੰਨਕੇ ਚਲਣਾ ਪਵੇਗਾ ਕਿ ਅਗਰ ਇਹੀ ਵਾਲਾ ਸਿਲਸਿਲਾ ਕਾਇਮ ਰਹਿੰਦਾ ਹੈ ਤਾਂ ਇਹ ਰਾਜਸੀ ਲੋਕੀਂ ਸਾਡੀਆਂ ਇਹ ਵਾਲੀਆਂ ਮੁਢਲੀਆਂ ਸਮਸਿਆਵਾਂ ਕਦੀ ਵੀ ਹਲ ਨਹੀਂ ਕਰ ਪਾਉਣਗੇ। ਪਿਛਲੇ ਸਾਢੇ ਸਤ ਦਹਾਕਿਆਂ ਦੀਆਂ ਕੀਤੀਆਂ ਸਾਡੇ ਸਾਹਮਣੇ ਹੀ ਹਨ ਅਤੇ ਅਸੀਂ ਅਜ ਸਤਰ ਅਸੀਂ ਕਰੋੜ ਲੋਕਾਂ ਨੂੰ ਮੁਫਤ ਰਾਸ਼ਨ ਦੇਣ ਲਈ ਮਜਬੂਰ ਹੋ ਗਏ ਹਾਂ। ਇਹ ਵੀ ਤਾਂ ਇਸ ਲਈ ਕੀਤਾ ਗਿਆ ਹੈ ਤਾਂਕਿ ਇਹ ਗਰੀਬਾਂ ਦੀਆਂ ਵੋਟਾਂ ਕਾਇਮ ਰਹਿਣ ਜਿਸ ਨਾਲ ਇਹ ਵਾਲੇ ਰਾਜ ਸਾਡੇ ਮੁਲਕ ਵਿੱਚ ਬਣਦੇ ਰਹਿੰਦੇ ਹਨ। ਅਗਰ ਇਹ ਵੋਟ ਬੈਂਕਾਂ ਵਾਲੀ ਗੱਲ ਨਾ ਹੁੰਦੀ ਤਾਂ ਇਹ ਵੀ ਹੋ ਸਕਦਾ ਸੀ ਇਹ ਕੋਰੋਨਾ ਬਿਮਾਰੀ ਨਹੀਂ ਬਲਕਿ ਬਹੁਤੇ ਲੋਕਾਂ ਦੀ ਭੁਖਮਰੀ ਨਾਲ ਮੌਤ ਹੋ ਜਾਂਦੀ।

ਹੁਣ ਸਵਾਲ ਇਹ ਆ ਬਣਿਆ ਹੈ ਕਿ ਅਗਲੀ ਵਾਰੀਂ ਅਸੀਂ ਆਪਣਾ ਪ੍ਰਧਾਨ ਮੰਤਰੀ ਅਤੇ ਬਾਕੀ ਦੇ ਵਿਧਾਇਕ ਕਿਵੇਂ ਚੁਣਾਂਗੇ ਅਤੇ ਇਹ ਕਿਵੇਂ ਪਤਾ ਕਰਾਂਗੇ ਕਿ ਉਹ ਲੋਕਾਂ ਦੇ ਪ੍ਰਤੀਨਿਧ ਹੋਣ ਅਤੇ ਸਿਰਫ ਪ੍ਰਧਾਨ ਮੰਤਰੀ ਦੀ ਨਾ ਚਲੇ ਬਲਕਿ ਸਾਰੇ ਹਾਜ਼ਰ ਵਿਧਾਇਕਾਂ ਦੀ ਲਿਆਕਤ, ਸਿਆਣਪ, ਤਜਰਬਾ, ਜ਼ਮੀਰ ਦੀ ਆਵਾਜ਼ ਸੁਣਕੇ ਕੀਤਾ ਜਾਵੇ ਅਤੇ ਸਾਡੇ ਮੁਲਕ ਵਿੱਚ ਵੀ ਅਸਲੀ ਪਰਜਾਤੰਤਰ ਆ ਜਾਵੇ। ਸਾਡਾ ਮੁਲਕ ਅਮੀਰ ਹੈ ਅਤੇ ਅਸੀਂ ਅਗਰ ਆਪਣੇ ਲੋਕਾਂ ਵਲ ਧਿਆਨ ਦੇਣ ਦਾ ਸਿਲਸਿਲਾ ਚਲਾ ਦਈਏ ਤਾਂ ਕੁਝ ਹੀ ਸਾਲਾਂ ਵਿੱਚ ਲੋਕਾਂ ਦੀ ਸਿਹਤ, ਸਿਖਿਆ, ਸਿਖਲਾਈ, ਰੁਜ਼ਗਾਰ ਅਤੇ ਵਾਜਬ ਜਿਹੀ ਆਮਦਨ ਬਣਾ ਸਕਦੇ ਹਾਂ ਅਤੇ ਲੋਕਾਂ ਦਾ ਵਾਜਬ ਜਿਹਾ ਜੀਵਨ ਵੀ ਬਣ ਆਵੇਗਾ ਜਿਹੜਾ ਪਰਜਾਤੰਤਰ ਵਿੱਚ ਪਹਿਲੀਆਂ ਸ਼ਰਤਾਂ ਹੁੰਦੀਆਂ ਹਨ।

*101-ਸੀ ਵਿਕਾਸ ਕਲੋਨੀ, ਪਟਿਆਲਾ-ਪੰਜਾਬ-ਭਾਰਤ-147001
ਫੋਨ 0175 5191856

# ਪਰਵਾਸ ਕਾਰਨ ਹੋ ਰਿਹਾ ਪੰਜਾਬ ਦਾ ਉੱਜਾੜਾ ਕਿਵੇਂ ਰੋਕਿਆ ਜਾਵੇ ?

**✪ ਵਿਦੇਸ਼ ਵਾਸਤੇ ਪੇਪਰ ਪਾਸ ਜਾਂ ਬਾਹਰ ਦਾ ਕੰਮ ਬਣਨ ਦੀਆਂ ਅਰਦਾਸਾਂ ਦਾ ਰੁਝਾਨ ✪ ਪੰਜਾਬ ਵਿਚ ਹੀ 15000 ਦੇ ਕਰੀਬ ਆਈਲਟਸ ਸੈਂਟਰ ਖੁੱਲੇ**

### ਡਾਕਟਰ ਸੁਖਦੇਵ ਸਿੰਘ

ਹੁਣ ਧਾਰਮਿਕ ਸਥਾਨਾਂ 'ਤੇ ਆਈਲਟਸ ਵਿਚ ਸਫਲਤਾ ਲਈ ਹੁੰਦੀਆਂ ਹਨ ਅਰਦਾਸਾਂ

ਪਿੰਡ ਵਿਚ ਗੁਰਦੁਆਰੇ ਦੇ ਗ੍ਰੰਥੀ ਵਲੋਂ ਇਕ ਆਈਲਟਸ ਪਾਸ ਕਰਕੇ ਵਿਦੇਸ਼ ਜਾਂ ਰਹੇ ਲੜਕੇ ਦੇ ਮਾਪਿਆਂ ਵਲੋਂ ਸ਼ੁਕਰਾਨੇ ਦੀ ਅਰਦਾਸ ਕਰਵਾਉਣਾ ਅਤੇ ਹੋਰ ਮਾਪਿਆਂ ਵਲੋਂ ਆਪਣੇ ਬੱਚਿਆਂ ਲਈ ਇਹ ਟੈਸਟ ਪਾਸ ਵਾਸਤੇ ਸੁੱਖਾਂ ਸੁੱਖਣ ਬਾਰੇ ਬੋਲੇ ਧਾਰਮਿਕ ਸ਼ਬਦ ਪੰਜਾਬ ਦੇ ਧੁਰ ਅੰਦਰ ਤੱਕ ਉਪਜ ਰਹੀਆਂ ਆਰਥਿਕ, ਸਮਾਜਿਕ ਤੇ ਮਨੋਵਿਗਿਆਨਕ ਤਬਦੀਲੀਆਂ ਬਾਰੇ ਇਕ ਪ੍ਰਤੱਖ ਇਸ਼ਾਰਾ ਲੱਗਦਾ ਹੈ। ਜਿਥੇ ਪਹਿਲਾਂ ਲੋਕ ਘਰ ਦੀ ਖੈਰ ਸੁੱਖ, ਕੰਮਾਂ ਵਿਚ ਵਾਧੇ ਅਤੇ ਪਰਿਵਾਰਾਂ ਦੀ ਤੰਦਰੁਸਤੀ ਦੀ ਮੰਗ ਕਰਦੇ ਸਨ ਜਦ ਕਿ ਹੁਣ ਵਿਦੇਸ਼ ਵਾਸਤੇ ਪੇਪਰ ਪਾਸ ਜਾਂ ਬਾਹਰ ਦਾ ਕੰਮ ਬਣਨ ਦੀਆਂ ਅਰਦਾਸਾਂ ਕਰਵਾਈਆਂ ਜਾਂਦੀਆਂ ਹਨ ? ਰੱਬ ਖੈਰ ਕਰੇ ! ਅੱਜ ਪੰਜਾਬ ਦੇ ਹਰ ਵੱਡੇ ਸ਼ਹਿਰ ਤੋਂ ਲੈ ਕੇ ਛੋਟੇ ਪਿੰਡਾਂ ਤੱਕ ਹਰ ਘਰ ਵਿਚ ਵਿਦੇਸ਼ ਜਾਣ ਦੀਆਂ ਬਹਿਸਾਂ ਸੁਣੀਆਂ ਜਾ ਸਕਦੀਆਂ ਹਨ। ਇਸ ਦਾ ਪ੍ਰਤੱਖ ਪ੍ਰਮਾਣ ਹਨ ਥਾਂ-ਥਾਂ 'ਤੇ ਖੁੱਲੇ ਆਈਲਟਸ ਸੈਂਟਰਾਂ ਤੇ ਬਾਉਮੀਟਰੀ ਸੈਂਟਰਾਂ 'ਤੇ ਜੁੜਦੀਆਂ ਭੀੜਾਂ। ਮੋਟੇ ਤੌਰ 'ਤੇ ਇਕੱਲੇ ਪੰਜਾਬ ਵਿਚ ਹੀ 15000 ਦੇ ਕਰੀਬ ਆਈਲਟਸ (ਇੰਟਰਨੈਸ਼ਨਲ ਇੰਗਲਿਸ਼ ਲੈਂਗੁਏਜ਼ ਟੈਸਟਿੰਗ ਸਿਸਟਮ) ਸੈਂਟਰ ਹਨ ਜਦ ਕਿ ਹਜ਼ਾਰਾਂ ਦੀ ਤਾਦਾਦ ਵਿਚ ਏਜੰਟ ਸੈਂਟਰ ਕਾਰਜਸ਼ੀਲ ਹਨ। ਕਈ ਪੰਜਾਬੀ ਪਿੰਡਾਂ ਵਿਚ ਤਾਂ ਨੌਜਵਾਨ ਲੜਕਿਆਂ ਦੀ ਅਣਹੋਂਦ ਦੇ ਚਰਚੇ ਹਨ। ਪਿਛਲੀਆਂ ਪੰਚਾਇਤੀ ਚੋਣਾਂ ਦੌਰਾਨ ਤਾਂ ਕਈ ਪਿੰਡਾਂ ਵਿਚੋਂ ਉਮੀਦਵਾਰ ਨਾ ਮਿਲਣ ਦੀਆਂ ਖ਼ਬਰਾਂ ਵੀ ਪੜਨ ਨੂੰ ਮਿਲੀਆਂ। ਜਿਥੇ ਕੁਝ ਲੋਕ ਪ੍ਰਵਾਸ ਨੂੰ ਜਾਇਜ਼ ਤੇ ਸਮੇਂ ਦੀ ਜ਼ਰੂਰਤ ਮੰਨਦੇ ਹਨ, ਉਥੇ ਬਹੁਤ ਸਾਰੇ ਇਸ ਕਰਕੇ ਪੰਜਾਬ ਵਿਚਲੇ ਬਦਲਾਅ, ਖਾਲੀਪਣ ਤੇ ਆਉਣ ਵਾਲੇ ਸਮੇਂ ਵਿਚ ਹੋਰ ਮੁਸ਼ਕਲਾਂ ਬਾਰੇ ਗੰਭੀਰ ਚਿੰਤਾ ਪ੍ਰਗਟ ਕਰਦੇ ਹਨ।

ਪੁਰਾਣੇ ਕਬੀਲਿਆਂ ਅਤੇ ਖੇਤੀ ਆਧਾਰਿਤ ਸਮਾਜਿਕ ਬਣਤਰਾਂ ਵਿਚ ਵੀ ਵਪਾਰਕ ਕਾਫਲੇ ਦੂਰ ਦੁਰਾਡੀਆਂ ਥਾਵਾਂ 'ਤੇ ਜਾਂਦੇ ਸਨ ਪ੍ਰੰਤੂ ਵਸੇਬਾ ਵਧੇਰੇ ਕਰਕੇ ਜਨਮ ਭੋਇੰ 'ਤੇ ਆਪਣੇ ਜੀਆਂ ਵਿਚ ਹੀ ਹੁੰਦਾ ਸੀ ਜਦਕਿ ਕੁਝ ਵਿਸ਼ੇਸ਼ ਸਮਿਆਂ ਵਿਚ ਕਈ ਕਬੀਲੇ ਹੋਰ ਥਾਂ ਜਾ ਕੇ ਵਸਦੇ ਸਨ। ਬਰਮਾ (ਮਿਆਂਮਾਰ) ਵਿਚ ਜਾ ਕੇ ਕੰਮ/ਠੇਕੇਦਾਰੀ ਕਰ ਕੇ ਪੈਸਾ ਕਮਾ ਕੇ ਲਿਆਉਣਾ ਤਾਂ ਸਾਡੇ ਲੋਕ ਅਖਾਣਾਂ ਵਿਚ ਬਦਲ ਗਿਆ ਸੀ। 'ਨਾ ਜਾਈਂ ਬਰਮਾ ਨੂੰ ਭਾਗ ਜਾਣਗੇ ਨਾਲ'। ਕੁਝ ਸਮਾਂ ਪਹਿਲਾਂ ਤੱਕ ਫ਼ੌਜਾਂ ਵਿਚੋਂ ਸੇਵਾ-ਮੁਕਤੀ ਉਪਰੰਤ ਵਧੇਰੇ ਫ਼ੌਜੀ ਆਪਣੇ ਪਿੰਡਾਂ ਵਿਚ ਹੀ ਆ ਵਸਦੇ ਸਨ। ਇਸੇ ਤਰਾਂ ਖਾੜੀ ਦੇਸ਼ਾਂ ਤੋਂ ਕਮਾਈ ਕਰਕੇ ਵੀ ਬਹੁਤੇ ਲੋਕ ਘਰਾਂ ਨੂੰ ਵਾਪਸੀ ਕਰਦੇ ਸਨ। ਪਿਛਲੇ ਕੁਝ ਸਾਲਾਂ ਵਿਚ ਸਾਡੇ ਦੇਸ਼ ਤੇ ਖ਼ਾਸ ਕਰਕੇ ਪੰਜਾਬ ਤੋਂ ਪ੍ਰਵਾਸ ਉਪਰੰਤ ਪੱਕੇ ਵਸੇਬੇ ਦਾ ਰੁਝਾਨ ਪੈਦਾ ਹੋ ਗਿਆ ਹੈ। ਲਗਭਗ ਇਕ




ਸਦੀ ਪਹਿਲਾਂ ਦੁਆਬੇ ਤੋਂ ਪੱਛਮੀ ਦੇਸ਼ਾਂ ਨੂੰ ਸ਼ੁਰੂ ਹੋਏ ਪ੍ਰਵਾਸ ਨੇ ਹੁਣ ਸਾਰੇ ਪੰਜਾਬ ਨੂੰ ਆਪਣੇ ਕਲਾਵੇ ਵਿਚ ਲੈ ਲਿਆ ਹੈ। ਵਿਦੇਸ਼ਾਂ ਵਿਚ ਵਸੇ ਪੰਜਾਬੀਆਂ ਬਾਰੇ ਇਕ ਅੰਦਾਜ਼ਾ ਹੈ ਕਿ 25 ਲੱਖ ਦੇ ਕਰੀਬ ਪੰਜਾਬੀ ਦੁਨੀਆ ਦੇ ਵੱਖ-ਵੱਖ ਦੇਸ਼ਾਂ ਵਿਚ ਵਸ ਰਹੇ ਹਨ। ਅਜੋਕੇ ਸਮੇਂ ਪੰਜਾਬੀ ਪ੍ਰਵਾਸੀ ਬਹੁਲਤਾ ਵਾਲੇ ਦੇਸ਼ ਹਨ ਕੈਨੇਡਾ, ਅਮਰੀਕਾ, ਬ੍ਰਿਟੇਨ, ਸਪੇਨ, ਆਸਟ੍ਰੇਲੀਆ ਤੇ ਨਿਊਜ਼ੀਲੈਂਡ ਆਦਿ।

ਪ੍ਰਵਾਸ ਦੇ ਅਜੋਕੇ ਰੁਝਾਨ ਦਾ ਜੇ ਤੱਥ ਆਧਾਰਿਤ ਵਿਸ਼ਲੇਸ਼ਣ ਕਰੀਏ ਤਾਂ ਪਤਾ ਚੱਲੇਗਾ ਕਿ ਆਪਣੀ ਜਨਮ ਤੇ ਕਰਮ ਭੂਮੀ ਨੂੰ ਛੱਡ ਕੇ ਵਿਦੇਸ਼ਾਂ ਵਿਚ ਵਸੇਬੇ ਕਰਨ ਦਾ ਕੋਈ ਇਕ ਕਾਰਨ ਨਹੀਂ ਬਲਕਿ ਆਰਥਿਕ, ਸਮਾਜਿਕ, ਮਨੋਵਿਗਿਆਨਕ, ਰਾਜਨੀਤਕ ਅਤੇ ਸਮਾਜ ਵਿਚ ਉੱਭਰ ਰਹੇ ਹਾਲਾਤ ਸਮੇਤ ਅਨੇਕਾਂ ਕਾਰਨ ਹਨ। ਭਾਰਤ ਦੇ ਹੋਰ ਇਲਾਕਿਆਂ ਵਾਂਗ ਪੰਜਾਬ ਵੀ ਖੇਤੀ ਆਧਾਰਿਤ ਸਮਾਜ ਸੀ ਅਤੇ ਹੁਣ ਵੀ ਹੈ। ਜ਼ਿੰਦਗੀ ਸਾਦੀ ਸੀ ਪਰ ਜੀਵਨ ਹੁਲਾਸਯੁਕਤ ਸੀ। 'ਜੋ ਸੁਖ ਛੱਜੂ ਦੇ ਚੁਬਾਰੇ ਨਾ ਬਲਖ ਨਾ ਬੁਖਾਰੇ' ਵਰਗੀ ਭਾਵਨਾ ਦੀ ਹੋਂਦ ਸੀ। ਹੁਣ ਹਾਲਾਤ ਬਦਲ ਗਏ ਹਨ। ਖੇਤੀ ਆਧਾਰਿਤ ਪੇਂਡੂ ਵਸੋਂ ਵਾਸਤੇ ਰੋਟੀ ਦਾ ਮਸਲਾ ਖੜਾ ਹੋ ਰਿਹਾ ਹੈ। ਪੰਜਾਬ ਸਮੇਤ ਦੇਸ਼ ਦੀ ਖੇਤੀ ਗਹਿਰੇ ਸੰਕਟ ਵਿਚ ਹੈ। ਜ਼ਮੀਨ ਦੀ ਪੁਸ਼ਤੀ ਵੰਡ ਸਦਕਾ ਵਾਹੀਯੋਗ ਜੋਤਾਂ ਦਾ ਆਕਾਰ ਘਟਣਾ, ਖੇਤੀ ਲਾਗਤਾਂ ਵਿਚ ਅਥਾਹ ਵਾਧਾ, ਉਤਪਾਦਨ ਦਾ ਢੁਕਵਾਂ ਮੁੱਲ ਨਾ ਮਿਲਣਾ, ਖਾਦਾਂ ਦੀ ਕੀਮਤ (ਡੀ.ਏ.ਪੀ., ਯੂਰੀਆ) ਹੁਣੇ ਹੀ ਅਥਾਹ ਵਾਧਾ ਤੇ ਸਮਰਥਨ ਮੁੱਲ ਤੋਂ ਸਰਕਾਰਾਂ ਵਲੋਂ ਕਿਨਾਰਾ ਕਰਨ ਦੀ ਤਿਆਰੀ, ਨਵੇਂ ਖੇਤੀ ਬਿੱਲਾਂ ਦੀ ਆਮਦ, ਸਮਾਜਿਕ ਜ਼ਰੂਰਤਾਂ ਦੀ ਪੂਰਤੀ ਆਦਿ ਕਰਕੇ ਨਿਰੋਲ ਖੇਤੀ ਆਧਾਰਤ ਪਰਿਵਾਰਾਂ ਦਾ ਗੁਜ਼ਾਰਾ ਦਿਨ-ਬ-ਦਿਨ ਔਖਾ ਹੋ ਰਿਹਾ ਹੈ ਅਤੇ ਹਾਲਾਤ ਹੋਰ ਵਿਗੜਨ ਦਾ ਖਦਸ਼ਾ ਹੈ। ਖੇਤੀ ਵਿਚੋਂ ਮੁਨਾਫ਼ਾ ਨਾ ਹੋਣ ਸਦਕਾ ਕਿਸਾਨਾਂ ਦੇ ਕਰਜ਼ੇ ਦੀ ਪੰਡ ਭਾਰੀ ਹੋ ਰਹੀ ਹੈ। ਕਰਜ਼ਾ ਨਾ ਮੋੜ ਸਕਣ ਦੀ ਸੂਰਤ ਵਿਚ ਅਤੇ ਕੁਝ ਹੋਰ ਕਾਰਨਾਂ ਕਰਕੇ ਆਤਮ-ਹਤਿਆਵਾਂ ਹੋ ਰਹੀਆਂ ਹਨ। ਪਿਛਲੇ ਤਿੰਨ ਦਹਾਕਿਆਂ ਵਿਚ ਮੋਟੇ ਤੌਰ 'ਤੇ ਪੰਜਾਬ ਵਿਚ 20 ਹਜ਼ਾਰ ਦੇ ਕਰੀਬ ਕਿਸਾਨਾਂ ਅਤੇ ਖੇਤ ਮਜ਼ਦੂਰ ਖ਼ੁਦਕੁਸ਼ੀਆਂ ਕਰ ਚੁੱਕੇ ਹਨ ਜਦਕਿ ਭਾਰਤ ਵਿਚ ਇਹ ਅੰਕੜਾ 4 ਲੱਖ ਦੇ ਕਰੀਬ ਹੈ। ਬਹੁਤ ਛੋਟੀਆਂ ਜੋਤਾਂ ਕਰਕੇ ਭਾਰਤ ਵਿਚ ਲੱਖਾਂ ਹੀ ਕਿਸਾਨ ਪਿਛਲੇ ਤਿੰਨ ਦਹਾਕਿਆਂ ਦੌਰਾਨ ਖੇਤੀ ਨੂੰ ਛੱਡ ਚੁੱਕੇ ਹਨ ਅਤੇ ਛੱਡ ਰਹੇ ਹਨ। ਪੰਜਾਬ ਵਿਚ ਵੀ ਇਹ ਪ੍ਰਕਿਰਿਆ ਤੇਜ਼ੀ ਫੜ ਰਹੀ ਹੈ। ਏਸ ਲਈ ਵਧੇਰੇ ਲੋਕ ਭਵਿੱਖ ਤੋਂ ਚਿੰਤਤ ਹੋ ਆਪਣੇ ਬੱਚਿਆਂ ਨੂੰ ਵਿਦੇਸ਼ਾਂ ਵਿਚ ਭੇਜ ਰਹੇ ਹਨ। ਖੇਤੀ ਤੋਂ ਬਾਹਰ ਜੇ ਰੁਜ਼ਗਾਰ ਦੇ ਮੌਕੇ ਦੇਖੀਏ ਤਾਂ ਕਿਤੇ ਵੀ ਆਸ ਦੀ ਕਿਰਨ ਨਹੀਂ ਦਿਖਦੀ। ਨਿੱਜੀ ਸੈਕਟਰ ਵਿਚ ਰੁਜ਼ਗਾਰ ਦੀ ਖੜੋਤ ਅਤੇ ਪਬਲਿਕ ਸੈਕਟਰ ਵਿਚ ਅਸਲੋਂ ਹਨੇਰਾ ਤੇ ਵਧੇਰੇ ਬੱਚਿਆਂ ਦਾ ਖੇਤੀ ਵੱਲ ਝੁਕਾ ਨਾ ਹੋਣ ਕਰਕੇ ਵਿਦੇਸ਼ਾਂ ਨੂੰ ਵਹੀਰਾਂ ਤੇਜ਼ ਹੋ ਰਹੀਆਂ ਹਨ। ਅੱਜ ਪਾੜ੍ਹਿਆਂ ਵਿਚੋਂ 70-80 ਫ਼ੀਸਦੀ ਦੇ ਕਰੀਬ +2 ਪਾਸ ਬੱਚੇ ਆਈਲਟਸ ਕਰਕੇ ਵਿਦੇਸ਼ਾਂ ਵਿਚ ਵੱਖ-ਵੱਖ ਕੋਰਸਾਂ ਲਈ ਕਾਲਜਾਂ ਯੂਨੀਵਰਸਿਟੀਆਂ ਦੀਆਂ ਮੋਟੀਆਂ ਫੀਸਾਂ ਭਰਨ ਲਈ ਤੱਤਪਰ ਹਨ ਜਦਕਿ ਲੱਖਾਂ ਹੀ ਹੋਰ ਜਾਇਜ਼/ਨਾਜਾਇਜ਼ ਵਿਆਹਾਂ ਦੇ ਜ਼ਰੀਏ, ਏਜੰਟਾਂ ਜਾਂ ਗ਼ੈਰ-ਕਾਨੂੰਨਨ ਢੰਗਾਂ ਰਾਹੀਂ ਬਾਹਰਲੇ ਮੁਲਕਾਂ ਵਿਚ ਪ੍ਰਵੇਸ਼ ਕਰਨ ਲਈ ਯਤਨ ਕਰਦੇ ਹਨ। ਜਿਨਾਂ ਵਿਚੋਂ ਕੁਝ ਲੱਖਾਂ ਰੁਪਏ ਲਾ ਕੇ ਬਾਹਰ ਜਾਣ ਵਿਚ ਕਾਮਯਾਬ ਹੁੰਦੇ ਹਨ ਜਦਕਿ ਹਜ਼ਾਰਾਂ ਦੀ ਤਾਦਾਤ ਵਿਚ ਜਾਇਦਾਦਾਂ ਵੇਚ ਕੇ ਵੀ ਨਹੀਂ ਜਾ ਸਕਦੇ ਅਤੇ ਅਨੇਕਾਂ ਨਾਜਾਇਜ਼ ਢੰਗਾਂ ਰਾਹੀਂ ਜਾਂਦੇ ਮੌਤ ਦੇ ਮੂੰਹ ਵਿਚ ਜਾ ਡਿਗਦੇ ਹਨ ਜਾਂ ਜੇਲਾਂ ਦੀ ਹਵਾ ਖਾਂਦੇ ਹਨ।

ਕਿਸੇ ਵੀ ਸਮੂਹ ਸਮਾਜ ਦੀ ਉੱਨਤੀ ਲਈ ਅਤਿ ਜ਼ਰੂਰੀ ਹੁੰਦਾ ਹੈ ਉਥੋਂ ਦਾ ਰਾਜਨੀਤਕ, ਸਮਾਜਿਕ ਤੇ ਮਨੋਵਿਗਿਆਨਕ ਉਸਾਰ। ਅੱਜ ਸਾਡੇ ਦੇਸ਼ ਦੀ ਰਾਜਨੀਤਕ ਦਸ਼ਾ ਅਤੇ ਦਿਸ਼ਾ ਕਿਸੇ ਤੋਂ ਛੁਪੀ ਹੋਈ ਨਹੀਂ। ਤਰੱਕੀ ਦਾ ਜ਼ਰੂਰੀ ਪੱਖ ਹੁੰਦਾ ਹੈ ਦੇਸ਼ ਵਾਸੀਆਂ ਦਾ ਸਸ਼ਕਤੀਕਰਨ ਤੇ ਰਾਜਨੀਤੀ ਵਿਚ ਹਿੱਸੇਦਾਰੀ। ਆਜ਼ਾਦੀ ਦੀ ਪੌਣੀ ਸਦੀ ਬਾਅਦ ਵੀ ਲਗਦਾ ਹੈ ਕਿ ਆਮ ਲੋਕ ਬੇਸਹਾਰਾ ਹੀ ਮਹਿਸੂਸ ਕਰ ਰਹੇ ਹਨ। ਜੇਕਰ ਕਿਸੇ ਦਾ ਕੋਈ ਜੁਗਾੜ ਨਹੀਂ ਤਾਂ ਆਪਣੇ ਨਾਗਰਿਕ ਹੱਕਾਂ ਦੇ ਬਲਬੂਤੇ ਕਿਸੇ ਸਰਕਾਰੇ, ਦਰਬਾਰੇ, ਵੱਖ-ਵੱਖ ਸੰਸਥਾਵਾਂ ਤੇ ਹੁਣ ਅਦਾਲਤਾਂ ਵਿਚ ਕੋਈ ਪੁੱਛ ਪ੍ਰਤੀਤ ਨਹੀਂ। ਨਾਗਰਿਕਾਂ ਦੀ ਭਲਾਈ ਅਤੇ ਜੀਵਨ ਵਿਚ ਤਰੱਕੀ ਹਿਤ ਉਸਾਰੇ ਦੇਸ਼ ਦੇ ਜਨਤਕ ਢਾਂਚਿਆਂ 'ਤੇ ਆਮ ਨਾਗਰਿਕ ਵਿਚ ਖਾਈ ਬਹੁਤ ਡੂੰਘੀ ਹੋ ਰਹੀ ਹੈ। ਪੂੰਜੀਵਾਦੀ ਨਿਜ਼ਾਮ ਦੇ ਗਲਬੇ ਕਾਰਨ ਜਿਥੇ ਜਨਤਕ ਸੈਕਟਰ ਦਾ ਖ਼ਾਤਮਾ ਹੋ ਰਿਹਾ ਹੈ, ਉਥੇ ਰਾਜ ਕਰਨ ਵਾਲੇ ਤੇ ਪੂੰਜੀਪਤੀਆਂ ਅਤੇ ਆਮ ਲੋਕਾਂ ਵਿਚ ਆਰਥਿਕ ਨਾ ਬਰਾਬਰੀ ਏਨੀ ਵਧ ਗਈ ਹੈ ਕਿ ਆਮ ਨਾਗਰਿਕ ਹੀਆ ਨਹੀਂ ਕਰ ਸਕਦਾ। ਰਾਜਨੀਤੀ ਦਾ ਗਲਬਾ ਹਰੇਕ ਸੰਸਥਾ 'ਤੇ ਭਾਰੂ ਹੈ। 1991-92 ਤੋਂ ਲਾਗੂ ਨਵੀਆਂ ਆਰਥਿਕ ਨੀਤੀਆਂ ਦੀ ਆਮਦ ਕਰਕੇ ਵੱਖ-ਵੱਖ ਪੱਖ ਖ਼ਾਸ ਕਰਕੇ ਸਿੱਖਿਆ ਤੇ ਸਿਹਤ ਦੇ ਪ੍ਰਾਈਵੇਟ ਸੈਕਟਰ ਅਧੀਨ ਆਉਣ ਕਾਰਨ ਖਰਚੇ ਹੱਦੋਂ ਵਧ ਰਹੇ ਹਨ ਤੇ ਲੋਕ +2 ਦੀ ਪੜਾਈ ਕਰਵਾ ਕੇ ਔਖੇ-ਸੌਖੇ ਹੋ ਕੇ ਬੱਚਿਆਂ ਨੂੰ ਬਾਹਰ ਭੇਜਣ ਵਿਚ ਹੀ ਬਿਹਤਰੀ ਸਮਝ ਰਹੇ ਹਨ।

ਬਾਕੀ ਸਫ਼ਾ 31 'ਤੇ

# ਮਜ਼ਦੂਰ ਦਿਵਸ 'ਤੇ ਮਜਬੂਰ ਮਜ਼ਦੂਰ

### ਹਰਮਨਪ੍ਰੀਤ ਸਿੰਘ
9855010005

**ਮਜ਼ਦੂਰ ਦਿਵਸ 'ਤੇ ਵਿਸ਼ੇਸ਼**

ਅਸੀਂ ਸਧਾਰਨ ਲੋਕ ਹਾਂ, ਬਹੁਤ ਹੀ ਸਧਾਰਨ, ਸਾਡੀ ਕੋਈ ਛੁੱਟੀ ਨਹੀਂ ਤੇ ਸਾਡਾ ਕਾਹਦਾ ਮਜ਼ਦੂਰ ਦਿਵਸ, ਅਸੀਂ ਤਾਂ ਅੱਜ ਦੇ ਦਿਨ ਵੀ ਮਜ਼ਦੂਰ ਦਿਵਸ ਤੇ ਮਜਬੂਰ ਹਾਂ, ਦੋ ਵਕਤ ਦੀ ਰੋਟੀ ਖ਼ਾਤਰ ਮਜ਼ਦੂਰ ਚੌਂਕ 'ਚ ਖੜੇ ਦਿਹਾੜੀ ਲੱਗ ਜਾਣ ਦੀ ਉਡੀਕ ਕਰ ਰਹੇ ਹੁੰਦੇ ਹਾਂ, ਕਿਉਂਕਿ ਅਸੀਂ ਮਜ਼ਦੂਰ ਹੁੰਦੇ ਹਾਂ, ਇਹ ਸ਼ਬਦ ਮੈਨੂੰ ਉਨਾਂ ਕੰਮਕਾਜੀ ਮਿਹਨਤਕਸ਼ ਮਜ਼ਦੂਰਾਂ ਦੀਆਂ ਅੱਖਾਂ 'ਚੋਂ ਪੜਨ ਨੂੰ ਮਿਲੇ ਜਿਨਾਂ ਦੇ ਚਿਹਰੇ ਮੈਨੂੰ ਇਕੋ ਜਿਹੇ ਜਾਪੇ ਤੇ ਸਭ ਦੇ ਚਿਹਰਿਆਂ 'ਤੇ ਇਕੋ ਜਿਹੀ ਚਿੰਤਾ। ਭਾਰਤ ਵਿਚ ਮਜ਼ਦੂਰ ਦਿਵਸ ਕੰਮਕਾਜੀ ਲੋਕਾਂ ਦੇ ਸਨਮਾਨ ਵਜੋਂ ਮਨਾਇਆ ਜਾਂਦਾ ਹੈ। ਜੇਕਰ ਇਮਾਨਦਾਰੀ ਨਾਲ ਅਸੀਂ ਆਪਣੇ ਆਲੇ-ਦੁਆਲੇ ਵੇਖੀਏ ਤਾਂ ਕਿੰਨਾ ਕੂ ਸਨਮਾਨ ਮਿਲਦਾ ਹੈ ਇਨਾਂ ਮਿਹਨਤਕਸ਼ ਮਜ਼ਦੂਰਾਂ ਨੂੰ, ਕਈ ਵਾਰ ਤਾਂ ਮਜ਼ਦੂਰੀ ਵੀ ਪੂਰੀ ਨਹੀਂ ਮਿਲਦੀ ਤੇ ਇਉਂ ਜਾਪਦਾ ਹੈ ਕਿ ਇਹ ਆਪਣੇ ਆਪ ਤੋਂ ਵਾਰ-ਵਾਰ ਇਹ ਸਵਾਲ ਕਰਦੇ ਹੋਣ ਕਿ ਸਾਡੇ ਹਿੱਸੇ ਹੀ ਇਹ ਤੰਗੀਆਂ-ਤਰੁਸ਼ੀਆਂ ਹੀ ਕਿਉਂ ਆਈਆਂ ਹਨ। ਕੀ ਇਸ ਦਾ ਕਾਰਨ ਵਿੱਦਿਆ ਤੋਂ ਵਾਂਝੇ ਰਹਿਣਾ ਹੈ ਜਾਂ ਕੋਈ ਹੋਰ ਕਾਰਨ ਹੈ। ਜੇ ਵਿੱਦਿਆ ਤੋਂ ਵਾਂਝੇ ਰਹਿਣਾ ਮਜ਼ਦੂਰੀ ਕਰਨ ਦਾ ਕਾਰਨ ਹੁੰਦਾ ਤਾਂ ਅੱਜ ਚੰਗੀ ਪੜਾਈ ਹਾਸਲ ਕਰ ਵੀ ਕਈ ਲੋਕ ਮਜ਼ਦੂਰੀ ਕਰਨ ਨੂੰ ਮਜਬੂਰ ਨਾ ਹੁੰਦੇ। ਇਸ ਪਿਛੇ ਇਕ ਵੱਡਾ ਕਾਰਨ ਸਮਾਜਿਕ ਪ੍ਰਬੰਧਾਂ ਦਾ ਦਰੁਸਤ ਨਾ ਹੋਣਾ ਹੈ। ਜਿੰਨਾਂ ਚਿਰ ਸਮਾਜਿਕ ਪ੍ਰਬੰਧਾਂ ਦਾ ਢਾਂਚਾ ਦਰੁਸਤ ਨਹੀਂ ਹੁੰਦਾ, ਉਨਾ ਚਿਰ ਮਜ਼ਦੂਰ ਵਰਗ ਦਾ ਭਲਾ ਹੋਣਾ ਮੁਸ਼ਕਿਲ ਹੈ।

ਅੱਜ ਵੀ ਬਹੁਤ ਸਾਰੇ ਮਜ਼ਦੂਰਾਂ ਦੀ ਮਜਬੂਰੀ ਹੁੰਦੀ ਹੈ ਕਿ ਜਿਸ ਦਿਨ ਉਨਾਂ ਦੇ ਨਾਮ 'ਤੇ ਮਜ਼ਦੂਰ ਦਿਵਸ ਮਨਾਇਆ ਜਾਂਦਾ ਤੇ ਉਸ ਦਿਨ ਉਹ ਆਪਣੇ ਤੇ ਆਪਣੇ ਪਰਿਵਾਰ ਦੇ ਢਿੱਡ ਦੀ ਅੱਗ (ਭੁੱਖ) ਬੁਝਾਉਣ ਖਾਤਰ ਤੇ ਆਪਣੇ ਘਰ ਦੇ ਚੁੱਲੇ ਦੀ ਅੱਗ ਮਘਾਉਣ ਖਾਤਰ ਮਜ਼ਦੂਰੀ ਕਰ ਰਿਹਾ ਹੁੰਦਾ। ਇੱਥੇ ਮੈਨੂੰ ਸੰਤ ਰਾਮ ਉਦਾਸੀ ਦੀਆਂ ਕੁਝ ਸਤਰਾਂ ਯਾਦ ਆ ਰਹੀਆਂ ਹਨ, ਉਹ ਕਹਿੰਦੇ ਸਨ :

ਮਾਂ ਧਰਤੀਏ ! ਤੇਰੀ ਗੋਦ ਨੂੰ ਚੰਨ ਹੋਰ ਬਥੇਰੇ,
ਤੂੰ ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵੇਹੜੇ,
ਜਿੱਥੇ ਤੰਗ ਨਾ ਸਮਝਣ ਤੰਗੀਆਂ ਨੂੰ,
ਜਿੱਥੇ ਮਿਲਣ ਅੰਗੂਠੇ ਸੰਘੀਆਂ ਨੂੰ,
ਜਿੱਥੇ ਵਾਲ ਤਰਸਦੇ ਕੰਘੀਆਂ ਨੂੰ,
ਨੱਕ ਵਗਦੇ, ਅੱਖਾਂ ਚੁੰਨੀਆਂ ਤੇ ਦੰਦ ਕਰੇੜੇ,
ਤੂੰ ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵੇਹੜੇ।

ਅੱਜ ਵੀ ਮਜ਼ਦੂਰ ਵਰਗ ਦੀ ਵੱਡੀ ਅਬਾਦੀ ਜੀਵਨ ਬਹੁਤ ਮੁਸ਼ਕਲ ਬਸਰ ਕਰ ਰਹੀ ਹੈ ਤੇ ਅੱਜ ਵੀ ਮੁਢਲੀਆਂ ਸਹੂਲਤਾਂ ਤੋਂ ਵਾਂਝੀ ਹੈ। ਮਜ਼ਦੂਰ ਵਰਗ 'ਚੋਂ ਹੋਣਾ ਜਾਂ ਮਜ਼ਦੂਰ ਹੋਣਾ ਕੋਈ ਜ਼ਰੂਰੀ ਨਹੀਂ ਕਿ ਉਹ ਕਿਸੇ ਖਾਸ ਜਾਤ- ਧਰਮ ਦੇ ਹੋਣ, ਮਜ਼ਦੂਰ ਕੋਈ ਵੀ ਹੋ ਸਕਦਾ, ਉਹ ਕੋਈ ਵੀ ਹੋ ਸਕਦਾ। ਦੁਨੀਆਂ ਦੇ ਤਕਰੀਬਨ 80 ਦੇਸ਼ਾਂ ਵਿਚ ਮਜ਼ਦੂਰ ਦਿਵਸ ਹਰ ਸਾਲ ਮਨਾਇਆ ਜਾਂਦਾ ਹੈ। ਇਸ ਦਿਵਸ ਨੂੰ ਮਨਾਉਣ ਦੀ ਸ਼ੁਰੂਆਤ 1 ਮਈ 1886 ਈ. ਨੂੰ ਸ਼ਿਕਾਗੋ ਸ਼ਹਿਰ ਜੋ ਕੇ ਅਮਰੀਕਾ ਵਿਚ ਹੈ, ਤੋਂ ਹੋਈ ਸੀ। ਦਰਅਸਲ ਉਸ ਸਮੇਂ ਦੇ ਮਜ਼ਦੂਰਾਂ ਤੋਂ 10 ਤੋਂ 15 ਘੰਟੇ ਜਬਰਨ ਕੰਮ ਲਿਆ ਜਾਂਦਾ ਸੀ। ਇਸ ਜਬਰ ਦੇ ਵਿਰੁੱਧ ਮਜ਼ਦੂਰ ਯੂਨੀਅਨਾਂ ਨੇ ਇਕੱਠੇ ਹੋ ਸਰਕਾਰ ਖਿਲਾਫ ਇਕ ਵੱਡਾ ਅੰਦੋਲਨ ਕੀਤਾ। ਇਸ ਅੰਦੋਲਨ ਵਿਚ ਕਈ



ਮਜ਼ਦੂਰਾਂ ਦੀਆਂ ਸ਼ਹੀਦੀਆਂ ਵੀ ਹੋਈਆਂ। ਭਾਰਤ ਵਿਚ ਸਭ ਤੋਂ ਪਹਿਲਾ ਮਜ਼ਦੂਰ ਦਿਵਸ ਚੇਨਈ ਵਿਚ 1 ਮਈ 1923 ਈ : ਨੂੰ ਮਨਾਇਆ ਗਿਆ। ਉਸ ਸਮੇਂ ਭਾਰਤ ਵਿਚ ਮਜ਼ਦੂਰ ਦਿਵਸ ਮਨਾਉਣ ਦੀ ਸ਼ੁਰੂਆਤ ਭਾਰਤੀ ਮਜ਼ਦੂਰ ਕਿਸਾਨ ਪਾਰਟੀ ਦੇ ਨੇਤਾ ਕਾਮਰੇਡ ਸਿੰਗਾਰਵੇਲੂ ਚੇਟਯਾਰ ਨੇ ਕੀਤੀ ਸੀ। ਇਸ ਮੌਕੇ ਪਹਿਲੀ ਵਾਰ ਲਾਲ ਝੰਡੇ ਵਰਤੇ ਗਏ। ਮਦਰਾਸ ਹਾਈ ਕੋਰਟ ਦੇ ਸਾਹਮਣੇ ਹੋਏ ਇਸ ਅੰਦੋਲਨ ਦੌਰਾਨ ਲਾਲ ਝੰਡੇ ਹੇਠ ਭਾਰਤ ਸਰਕਾਰ ਨੂੰ 1 ਮਈ ਨੂੰ ਮਜ਼ਦੂਰ ਦਿਵਸ ਵਜੋਂ ਘੋਸ਼ਿਤ ਕਰਨ ਅਤੇ ਇਸ ਦਿਨ ਨੂੰ ਰਾਸ਼ਟਰੀ ਛੁੱਟੀ ਦਾ ਪ੍ਰਸਤਾਵ ਦਿੱਤਾ ਗਿਆ ਸੀ। ਉਸ ਤੋਂ ਮਗਰੋਂ ਹੀ ਇਸ ਦਿਨ ਨੂੰ ਭਾਰਤ ਵਿਚ ਮਜ਼ਦੂਰ ਦਿਵਸ ਨੂੰ ਸਰਕਾਰੀ ਛੁੱਟੀ ਵਜੋਂ ਵੀ ਮਾਨਤਾ ਪ੍ਰਾਪਤ ਹੋਈ। ਮੌਜੂਦਾ ਸਮੇਂ ਮਜ਼ਦੂਰ ਦਿਵਸ ਸੰਸਾਰ ਭਰ ਵਿਚ ਇੱਕ ਇਤਿਹਾਸਕ ਮਹੱਤਵ ਰੱਖਦਾ ਹੈ। ਇਹ ਹੀ ਕਾਰਨ ਹੈ ਕਿ ਅੱਜ ਇਸ ਦਿਵਸ ਨੂੰ ਸੰਸਾਰ ਭਰ ਵਿਚ ਅੰਤਰਰਾਸ਼ਟਰੀ ਤੌਰ 'ਤੇ 1 ਮਈ ਨੂੰ ਮਜ਼ਦੂਰ ਦਿਵਸ ਵਜੋਂ ਮਨਾਇਆ ਜਾਂਦਾ ਹੈ। ਸੋ ਸਾਨੂੰ ਇਸ ਦਿਨ ਨੂੰ ਮਨਾਉਣ ਦੇ ਨਾਲ-ਨਾਲ ਮਜ਼ਦੂਰ ਵਰਗ ਦਾ ਜੀਵਨ ਪੱਧਰ ਉੱਚਾ ਚੁੱਕਣ ਅਤੇ ਉਨਾਂ ਵਿਚ ਸਮਾਜਿਕ ਜਾਗਰੂਕਤਾ ਵਧਾਉਣ ਲਈ ਅੱਗੇ ਆਉਣਾ ਚਾਹੀਦਾ ਹੈ, ਕਿਉਂਕਿ ਮਜ਼ਦੂਰ ਵਰਗ ਕਿਸੇ ਵੀ ਸਮਾਜ ਦਾ ਇਕ ਮਹੱਤਵਪੂਰਨ ਹਿੱਸਾ ਹੁੰਦਾ ਹੈ। ਇਸ ਲਈ ਸਾਨੂੰ ਹਮੇਸ਼ਾ ਹੀ ਮਜ਼ਦੂਰਾਂ ਨੂੰ ਉਨਾਂ ਦਾ ਬਣਦਾ ਹੱਕ ਤੇ ਸਤਿਕਾਰ ਦੇਣਾ ਚਾਹੀਦਾ ਹੈ।

# ਅਮਰੀਕਾ ਦਾ ਕਿਸਾਨੀ ਸੰਕਟ ਤੇ ਅੰਦੋਲਨ ਦਾ ਇਤਿਹਾਸ

**ਦਵਿੰਦਰ ਸ਼ਰਮਾ**

ਸਰਦੀਆਂ ਦੀ ਇਕ ਸਵੇਰ ਵਾਸ਼ਿੰਗਟਨ ਦੀਆਂ ਸੜਕਾਂ 'ਤੇ ਸੈਂਕੜਿਆਂ ਦੀ ਗਿਣਤੀ ਵਿਚ ਟਰੈਕਟਰ ਨਿਕਲ ਆਏ। ਤਾਰੀਕ ਸੀ 5 ਫਰਵਰੀ 1979 ਜਦੋਂ 900 ਤੋਂ ਵੱਧ ਟਰੈਕਟਰ (ਕੁਝ ਲੋਕਾਂ ਦਾ ਅੰਦਾਜ਼ਾ 1500 ਤੋਂ ਜ਼ਿਆਦਾ) ਲੈ ਕੇ ਕਿਸਾਨ ਅਮਰੀਕੀ ਰਾਜਧਾਨੀ ਵਿਚ ਆ ਗਏ ਸਨ ਜਿਨਾਂ ਦਾ ਮਕਸਦ ਉਨਾਂ ਨੀਤੀਆਂ ਦਾ ਵਿਰੋਧ ਕਰਨਾ ਸੀ ਜੋ ਖੇਤੀ ਜਿਣਸਾਂ ਦੀਆਂ ਕੀਮਤਾਂ ਨੂੰ ਬੰਨ ਕੇ ਰੱਖਦੀਆਂ ਸਨ ਤੇ ਨਤੀਜੇ ਵਜੋਂ ਕਿਸਾਨਾਂ ਦੀ ਆਮਦਨ ਘਟ ਰਹੀ ਸੀ ਅਤੇ ਕਿਸਾਨਾਂ ਦੀ ਮੰਗ ਸੀ ਕਿ ਉਨਾਂ ਨੂੰ ਖੇਤੀਬਾੜੀ ਲਈ ਨਿਸ਼ਚਿਤ ਆਮਦਨ ਦਿੱਤੀ ਜਾਵੇ।

ਤਕਰੀਬਨ 42 ਸਾਲਾਂ ਬਾਅਦ ਉਸੇ ਕਿਸਮ ਦੀ ਬੇਮਿਸਾਲ ਕਿਸਾਨ ਲਹਿਰ ਦਾ ਝਲਕਾਰਾ ਨਜ਼ਰ ਆ ਰਿਹਾ ਹੈ ਜਿਸ ਦੀਆਂ ਉਮੰਗਾਂ ਤੇ ਮੰਗਾਂ ਉਹੋ ਜਿਹੀਆਂ ਹਨ।

1977 ਦੇ ਅਮਰੀਕੀ ਖੇਤੀ ਬਿਲ ਤੋਂ ਬਾਅਦ ਇਹ ਅਮਰੀਕਨ ਖੇਤੀਬਾੜੀ ਲਹਿਰ ਉੱਠੀ ਸੀ ਕਿਉਂਕਿ ਅਨਾਜ ਦੀ ਵਾਧੂ ਪੈਦਾਵਾਰ ਦੇ ਸਮਿਆਂ 'ਚ ਇਹ ਬਿਲ ਖੇਤੀ ਜਿਣਸਾਂ ਦੀਆਂ ਕੀਮਤਾਂ ਦੀ ਰਾਖੀ ਕਰਨ ਵਿਚ ਨਾਕਾਮ ਸਿੱਧ ਹੋਇਆ ਸੀ। ਖੇਤੀ ਜਿਣਸਾਂ ਦੀਆਂ ਕੀਮਤਾਂ ਡਿੱਗਦੀਆਂ ਹੀ ਜਾ ਰਹੀਆਂ ਸਨ ਤੇ ਕਿਸਾਨਾਂ ਨੂੰ ਫ਼ਸਲੀ ਲਾਗਤ ਮੁੱਲ ਵੱਟਣਾ ਵੀ ਮੁਸ਼ਕਲ ਹੋ ਰਿਹਾ ਸੀ। ਸਿੱਟੇ ਵਜੋਂ ਛੋਟੇ ਕਿਸਾਨ ਖੇਤੀਬਾੜੀ ਛੱਡ ਰਹੇ ਸਨ ਅਤੇ ਖੇਤੀਯੋਗ ਜ਼ਮੀਨਾਂ ਦੀ ਨਿਲਾਮੀ ਦਾ ਅਮਲ ਤੇਜ਼ ਹੋਣ ਲੱਗ ਪਿਆ। ਕਿਸਾਨਾਂ ਦੀ ਦਲੀਲ ਸੀ ਕਿ ਸਰਕਾਰ ਦਾ ਸਾਰਾ ਫ਼ਿਕਰ ਖਪਤਕਾਰਾਂ ਲਈ ਖਾਣ ਪੀਣ ਦੀਆਂ ਚੀਜ਼ਾਂ ਦੀਆਂ ਕੀਮਤਾਂ ਕਾਬੂ ਹੇਠ ਰੱਖਣ 'ਤੇ ਕੇਂਦਰਤ ਸੀ ਤੇ ਉਸ ਨੂੰ ਕਿਸਾਨਾਂ ਦੀ ਕੋਈ ਪਰਵਾਹ ਨਹੀਂ ਸੀ। ਕੀ ਹੁਣ ਵੀ ਇਵੇਂ ਦਾ ਹੀ ਕੁਝ ਸੁਣਨ ਨੂੰ ਨਹੀਂ ਮਿਲ ਰਿਹਾ?

ਮਿਸਾਲ ਦੇ ਤੌਰ 'ਤੇ ਜੇ ਮਹਿੰਗਾਈ ਦਰ ਨਾਲ ਮਿਲਾਣ ਕਰ ਕੇ ਕਣਕ ਦੀ ਕੀਮਤ ਕੱਢੀ ਜਾਵੇ ਤਾਂ ਅਮਰੀਕੀ ਕਿਸਾਨ ਦੇ ਪੱਲੇ ਜੋ ਕੀਮਤ ਪਾਈ ਜਾ ਰਹੀ ਸੀ ਉਹ ਦੂਜੀ ਆਲਮੀ ਜੰਗ ਵੇਲਿਆਂ ਦੀ ਕੀਮਤ ਨਾਲੋਂ ਵੀ ਘੱਟ ਸੀ। ਇਕ ਹੋਰ ਅਧਿਐਨ ਤੋਂ ਪਤਾ ਚੱਲਿਆ ਕਿ ਜੇ ਮਹਿੰਗਾਈ ਦਰ ਨਾਲ ਮਿਲਾਣ ਕੀਤਾ ਜਾਵੇ ਤਾਂ 1976 ਵਿਚ ਹੋ ਰਹੀ ਅਮਰੀਕੀ ਖੇਤੀ ਆਮਦਨ 1930ਵਿਆਂ 'ਚ ਮਹਾਂਮੰਦੀ ਦੇ ਸਾਲਾਂ ਦੌਰਾਨ ਹੋਣ ਵਾਲੀ ਸਾਲਾਨਾ ਖੇਤੀ ਆਮਦਨ ਨਾਲੋਂ ਵੀ ਘੱਟ ਸੀ।

ਤਦ ਕੋਲੋਰੈਡੋ ਦੇ ਕੈਂਪੋ ਵਿਖੇ ਕੁਝ ਕਿਸਾਨ ਇਕੱਤਰ ਹੋਏ ਅਤੇ ਉਨਾਂ ਨੇ ਸੂਬਾਈ ਰਾਜਧਾਨੀਆਂ ਵਿਚ ਲੜੀਵਾਰ ਹੜਤਾਲਾਂ ਸ਼ੁਰੂ ਕਰਨ ਦਾ ਫ਼ੈਸਲਾ ਕੀਤਾ ਤਾਂ ਕਿ ਸਰਕਾਰ ਤੇ ਦੇਸ਼ ਦੇ ਲੋਕਾਂ ਨੂੰ ਪੇਂਡੂ ਢਾਂਚੇ ਦੀ ਬਦਹਾਲੀ ਅਤੇ ਖੇਤੀਬਾੜੀ ਵਿਚ ਲੱਗੇ ਲੋਕਾਂ ਦੀ ਗਿਣਤੀ ਨਾਂ-ਮਾਤਰ ਰਹਿ ਜਾਣ ਦੀ





ਹਕੀਕਤ ਦਿਖਾਈ ਜਾ ਸਕੇ। ਕਿਸਾਨੀ ਰੋਹ ਦੇ ਪ੍ਰਤੀਕ ਵਜੋਂ ਅਗਲੇ ਦੋ ਸਾਲਾਂ 'ਚ ਸੂਬਾਈ ਰਾਜਧਾਨੀਆਂ ਵਿਚ ਰੋਸ ਮੁਜ਼ਾਹਰਿਆਂ ਲਈ ਹਜ਼ਾਰਾਂ ਟਰੈਕਟਰਾਂ ਦੀ ਵਰਤੋਂ ਕੀਤੀ ਗਈ। ਇਨਾਂ ਟਰੈਕਟਰ ਮੁਜ਼ਾਹਰਿਆਂ ਜਿਨਾਂ ਨੂੰ 'ਟਰੈਕਟਰਕੇਡ' ਕਿਹਾ ਜਾਣ ਲੱਗ ਪਿਆ ਸੀ, ਨੇ ਖੇਤੀਬਾੜੀ 'ਤੇ ਬਣੀ ਭੀੜ ਦਾ ਸੰਦੇਸ਼ ਉਨਾਂ ਸ਼ਹਿਰੀ ਲੋਕਾਂ ਤੱਕ ਪਹੁੰਚਾਉਣ ਵਿਚ ਮਦਦ ਕੀਤੀ ਜੋ ਅਮਰੀਕਾ ਦੇ ਸ਼ਹਿਰੀ ਤੇ ਦਿਹਾਤੀ ਖੇਤਰਾਂ ਦਰਮਿਆਨ ਵਧ ਰਹੇ ਆਰਥਿਕ ਪਾੜੇ ਬਾਰੇ ਬਹੁਤਾ ਕੁਝ ਨਹੀਂ ਜਾਣਦੇ ਸਨ।

**ਖੇਤੀ ਸੰਕਟ**

ਅਮਰੀਕੀ ਸੈਨੇਟ ਦੀ ਖੇਤੀਬਾੜੀ, ਪੋਸ਼ਣ ਅਤੇ ਜੰਗਲਾਤ ਬਾਰੇ ਕਮੇਟੀ ਮੁਤਾਬਿਕ ਕਿਸਾਨ ਇਹ ਚਾਹੁੰਦੇ ਹਨ ਕਿ ਘਰੋਗੀ ਤੇ ਬਰਾਮਦ ਕੀਤੀਆਂ ਜਾਂਦੀਆਂ ਖੇਤੀ ਜਿਣਸਾਂ 'ਤੇ ਸੌ ਫ਼ੀਸਦ ਪੈਰਿਟੀ ਜਾਂ ਸਮਾਨਤਾ, ਸਾਰੇ ਕਰਾਰਸ਼ੁਦਾ ਖੇਤੀ ਪਦਾਰਥਾਂ 'ਤੇ ਸੌ ਫ਼ੀਸਦ ਸਮਾਨਤਾ, ਖ਼ੁਰਾਕੀ ਵਸਤਾਂ ਦੀਆਂ ਦਰਾਮਦਾਂ 'ਤੇ ਉਦੋਂ ਤੱਕ ਰੋਕ ਰੱਖੀ ਜਾਵੇ ਜਦੋਂ ਤੱਕ ਘਰੋਗੀ ਮੰਗ ਦੀ ਪੂਰਤੀ ਲਈ ਘਰੋਗੀ ਜਿਣਸਾਂ ਵਰਤ ਨਾ ਲਈਆਂ ਜਾਣ, ਖੇਤੀ ਨੀਤੀ ਦਾ ਅਗਾਊਂ ਐਲਾਨ ਕੀਤਾ ਜਾਵੇ ਤਾਂ ਕਿ ਕਿਸਾਨਾਂ ਨੂੰ ਪੈਦਾਵਾਰ ਅਦਲ-ਬਦਲ ਕਰਨ ਦਾ ਸਮਾਂ ਮਿਲ ਸਕੇ ਅਤੇ ਨੀਤੀ ਮਾਮਲਿਆਂ ਵਿਚ ਕਿਸਾਨਾਂ ਦੀ ਸੱਦ ਪੁੱਛ ਯਕੀਨੀ ਬਣਾਈ ਜਾਵੇ। ਦੂਜੇ ਸ਼ਬਦਾਂ ਵਿਚ ਅਮਰੀਕੀ ਕਿਸਾਨ ਫ਼ਸਲ ਦੀ ਕੀਮਤ ਦਾ ਭਰੋਸਾ ਚਾਹੁੰਦੇ ਸਨ ਤੇ ਨਾਲ ਹੀ ਵਪਾਰਕ ਉਥਲ-ਪੁਥਲ ਦੇ ਸਮਿਆਂ ਵਿਚ ਸੁਰੱਖਿਆ ਚਾਹੁੰਦੇ ਸਨ।

ਜਦੋਂ ਮੈਂ ਭਾਰਤ ਵਿਚ ਅੰਦੋਲਨ ਕਰ ਰਹੇ ਕਿਸਾਨਾਂ ਦੀਆਂ ਮੰਗਾਂ ਵੱਲ ਝਾਤ ਮਾਰਦਾ ਹਾਂ ਅਤੇ ਅਮਰੀਕੀ ਕਿਸਾਨਾਂ ਦੀਆਂ ਮੰਗਾਂ ਨਾਲ ਉਨਾਂ ਦੀ ਤੁਲਨਾ ਕਰਦਾ ਹਾਂ ਤਾਂ ਦੋਵਾਂ 'ਚ ਸਮਾਨਤਾ ਨਜ਼ਰ ਆਉਂਦੀ ਹੈ। ਹਾਲਾਂਕਿ ਭਾਰਤੀ ਕਿਸਾਨ ਸਮਾਨਤਾ ਜਿਹੇ ਸ਼ਬਦ ਦੀ ਵਰਤੋਂ ਨਹੀਂ ਕਰਦੇ, ਪਰ ਉਹ ਨਿਰਧਾਰਤ ਕੀਮਤ ਜ਼ਰੀਏ ਨਿਸ਼ਚਿਤ ਆਮਦਨ ਦੀ ਹੀ ਮੰਗ ਕਰ ਰਹੇ ਹਨ। ਕਿਸਾਨ ਜਾਣਦੇ ਹਨ ਕਿ ਹਰ ਜਗਾ ਉਨਾਂ ਨੂੰ ਬਾਜ਼ਾਰਾਂ ਦੀ ਵਹਿਸ਼ਤ ਦਾ ਖਮਿਆਜ਼ਾ ਭੁਗਤਣਾ ਪੈਂਦਾ ਹੈ ਜਿਸ ਕਰਕੇ ਉਹ ਚਾਹੁੰਦੇ ਹਨ ਕਿ ਘੱਟੋ ਘੱਟ ਸਮਰਥਨ ਮੁੱਲ ਨੂੰ ਕਾਨੂੰਨੀ ਅਧਿਕਾਰ ਦੀ ਮਾਨਤਾ ਦਿੱਤੀ ਜਾਵੇ। ਇਸ ਨਾਲ ਯਕੀਨਨ ਵਪਾਰ ਨੀਤੀ ਪ੍ਰਭਾਵਤ ਹੋਵੇਗੀ, ਪਰ ਸਾਲ ਦਰ ਸਾਲ ਲੱਖਾਂ ਕਿਸਾਨਾਂ ਦੀ ਰੋਜ਼ੀ ਰੋਟੀ ਦੇ ਨੁਕਸਾਨ ਦੇ ਮੁਕਾਬਲੇ ਇਹ ਇਕ ਮਾਮੂਲੀ ਕੀਮਤ ਹੈ। ਜਦੋਂ ਕਿਸਾਨ ਉਨਾਂ ਨਾਲ ਵਿਚਾਰ ਚਰਚਾ ਤੋਂ ਬਗੈਰ ਲਿਆਂਦੇ ਗਏ ਤਿੰਨ ਕੇਂਦਰੀ ਕਾਨੂੰਨਾਂ ਨੂੰ ਰੱਦ ਕਰਨ ਦੀ ਮੰਗ ਕਰਦੇ ਹਨ ਤਾਂ ਅਸਲ ਵਿਚ ਉਹ ਭਵਿੱਖ ਦੀਆਂ ਖੇਤੀ ਨੀਤੀਆਂ ਘੜਨ ਵਿਚ ਆਪਣੀ ਭੂਮਿਕਾ ਨੂੰ ਹੀ ਦੇਖ ਰਹੇ ਹਨ।

1979 ਵਿਚ ਵਾਸ਼ਿੰਗਟਨ ਡੀਸੀ ਦੀਆਂ ਸੜਕਾਂ 'ਤੇ ਇਤਿਹਾਸਕ 'ਟਰੈਕਟਰਕੇਡ' ਵਿਚ ਦੇਸ਼ ਭਰ 'ਚੋਂ ਕਿਸਾਨਾਂ ਨੇ ਹਿੱਸਾ ਲਿਆ ਸੀ। ਬੈਵਰਲੀ ਐਂਡਰਸਨ ਸ਼ਾਇਦ ਇਕੋ ਇਕ ਸੁਆਣੀ ਸੀ ਜੋ 1300 ਮੀਲ ਟਰੈਕਟਰ ਚਲਾ ਕੇ ਉਸ ਮੁਜ਼ਾਹਰੇ ਵਿਚ ਸ਼ਾਮਲ ਹੋਈ ਸੀ ਤੇ ਉਸ ਨੇ ਇਕ ਮੁਲਾਕਾਤ ਵਿਚ ਕਿਹਾ ਸੀ : 'ਕਦੇ ਕਦਾਈਂ ਟਰੈਕਟਰਕੇਡਰਾਂ (ਸਵਾਰਾਂ) ਨੂੰ ਰਾਹ ਵਿਚ ਪੈਂਦੇ ਲੋਕਾਂ ਵੱਲੋਂ ਖਾਣਾ ਛਕਾਇਆ ਗਿਆ ਤੇ ਜਦੋਂ ਉਹ ਕੌਮੀ ਮਾਰਗਾਂ 'ਤੇ ਨਿਕਲਦੇ ਸਨ ਤਾਂ ਲੋਕ ਥਾਂ ਥਾਂ ਖੜੇ ਹੋ ਕੇ ਉਨਾਂ ਨੂੰ ਨਿਹਾਰਦੇ ਸਨ। ਇਸ ਲਿਹਾਜ਼ ਤੋਂ ਉਨਾਂ ਦਾ ਮਕਸਦ ਪੂਰਾ ਹੋ ਗਿਆ ਸੀ- ਸੰਪਰਕਾਂ ਜ਼ਰੀਏ ਕਿਸਾਨਾਂ ਨੂੰ ਆਪਣੀਆਂ ਕਹਾਣੀਆਂ ਦੱਸਣ ਦਾ ਮੌਕਾ ਮਿਲ ਗਿਆ ਕਿ ਉਨਾਂ ਦੀ ਕਣਕ ਦਾ ਜੋ ਭਾਅ ਦਿੱਤਾ ਜਾ ਰਿਹਾ ਹੈ ਉਹ ਦੂਜੀ ਆਲਮੀ ਜੰਗ ਖ਼ਤਮ ਹੋਣ ਵਕਤ ਮਿਲਣ ਵਾਲੇ ਕਣਕ ਦੇ ਭਾਅ ਦੇ ਬਰਾਬਰ ਸੀ ਹਾਲਾਂਕਿ ਪੈਦਾਵਾਰੀ ਲਾਗਤਾਂ ਵਧ ਗਈਆਂ ਹਨ ਭਾਵ ਇਹ ਕਿ ਇਕ ਫ਼ਸਲ ਤਿਆਰ ਕਰਨ 'ਤੇ ਜੋ ਲਾਗਤ ਪੈਂਦੀ ਹੈ, ਉਸ ਦਾ ਮੁੱਲ ਵੀ ਨਹੀਂ ਵੱਟਿਆ ਜਾਂਦਾ ਅਤੇ

ਬਾਕੀ ਸਫ਼ਾ 33 'ਤੇ

# ਕਿਸਾਨਾਂ ਦੀ ਦੁਰਦਸ਼ਾ ਲਈ ਕੇਂਦਰ ਸਰਕਾਰ ਤੇ ਸੂਬਾ ਸਰਕਾਰਾਂ ਜ਼ਿੰਮੇਵਾਰ

**ਡਾਕਟਰ ਅਮਨਪ੍ਰੀਤ ਸਿੰਘ ਬਰਾੜ**

ਅੱਜ 'ਆਤਮ-ਨਿਰਭਰ' ਸ਼ਬਦ ਬੜੇ ਹੀ ਉੱਚ ਕੋਟੀ ਦੇ ਲੋਕਾਂ ਦੇ ਮੂੰਹ ਤੋਂ ਸੁਣਨ ਨੂੰ ਮਿਲ ਰਿਹਾ ਹੈ। ਖ਼ਾਸ ਕਰਕੇ ਸਭ ਤੋਂ ਜ਼ਿਆਦਾ ਸਾਡੇ ਦੇਸ਼ ਦੇ ਪ੍ਰਧਾਨ ਮੰਤਰੀ ਇਸ ਦੀ ਵਰਤੋਂ ਕਰ ਰਹੇ ਹਨ। ਉਨਾਂ ਨੇ ਇਸ ਦੀ ਵਰਤੋਂ ਕੋਵਿਡ-19 ਬਿਮਾਰੀ ਦੇ ਵਕਤ ਤੋਂ ਸ਼ੁਰੂ ਕੀਤੀ। ਜੇ ਦੇਸ਼ ਆਰਥਿਕ ਤੌਰ 'ਤੇ ਆਤਮ-ਨਿਰਭਰ ਹੁੰਦਾ ਤਾਂ ਅੰਤਰਰਾਜੀ ਫੰਡਿੰਗ ਏਜੰਸੀਆਂ ਦੇ ਦਬਾਅ ਹੇਠ ਆ ਕੇ ਸਾਨੂੰ ਖੇਤੀ ਕਾਨੂੰਨ 2020 ਨਾ ਬਣਾਉਣੇ ਪੈਂਦੇ ਅਤੇ ਅੱਜ ਕਿਸਾਨ ਸੜਕਾਂ 'ਤੇ ਨਾ ਰੁਲਦੇ। ਇਸ ਗੱਲ ਦਾ ਪ੍ਰਮਾਣ 'ਹਿੰਦੁਸਤਾਨ ਟਾਈਮਜ਼' ਅਖ਼ਬਾਰ ਦੀ 16 ਜਨਵਰੀ, 2021 ਦੀ ਖ਼ਬਰ ਜਿਸ ਵਿਚ ਆਈ.ਐੱਮ.ਐੱਫ. ਦੇ ਕਮਿਊਨੀਕੇਸ਼ਨ ਡਾਇਰੈਕਟਰ ਗੈਰੀ ਰਾਈਸ ਨੇ ਕਿਹਾ ਕਿ ਖੇਤੀ ਸੁਧਾਰ ਲਾਗੂ ਕਰਨ ਵੇਲੇ ਜਿਹੜੇ ਲੋਕਾਂ 'ਤੇ ਅਸਰ ਪਵੇਗਾ, ਉਨਾਂ ਦੇ ਹਿਤਾਂ ਨੂੰ ਧਿਆਨ ਵਿਚ ਰੱਖਣਾ ਚਾਹੀਦਾ ਹੈ ਅਤੇ ਉਨਾਂ ਲਈ ਬਦਲਵੇਂ ਰੁਜ਼ਗਾਰ ਦੇ ਪ੍ਰਬੰਧ ਕਰਨੇ ਚਾਹੀਦੇ ਹਨ। ਇਸ ਦਾ ਸਿੱਧਾ ਅਰਥ ਇਹ ਹੈ ਕਿ ਇਨਾਂ ਕਾਨੂੰਨਾਂ ਦੇ ਲਾਗੂ ਹੋਣ ਨਾਲ ਖੇਤੀ ਵਿਚ ਲੱਗੇ ਲੋਕਾਂ ਵਿਚੋਂ ਕਾਫੀ ਲੋਕ ਬੇਰੁਜ਼ਗਾਰ ਹੋਣਗੇ।

ਅੱਜ ਜੋ ਕਿਸਾਨਾਂ ਦੀ ਦੁਰਦਸ਼ਾ ਹੋ ਰਹੀ ਹੈ, ਉਸ ਵਿਚ ਕੇਂਦਰ ਸਰਕਾਰ ਦੇ ਨਾਲ-ਨਾਲ ਸਾਡੀਆਂ ਸੂਬਾ ਸਰਕਾਰਾਂ ਵੀ ਜ਼ਿੰਮੇਵਾਰ ਹਨ। ਕਿਉਂਕਿ ਕਿਸੇ ਵੀ ਸਮੇਂ ਦੀ ਸਰਕਾਰ ਨੇ ਸੂਬਾਈ ਪੱਧਰ 'ਤੇ ਆਤਮ-ਨਿਰਭਰ ਹੋਣ ਲਈ ਕੋਈ ਸਾਰਥਕ ਪਾਲਿਸੀ ਹੀ ਨਹੀਂ ਬਣਾਈ। ਸਮਾਜ ਵਿਚ ਇੱਜ਼ਤ ਉਸੇ ਦੀ ਹੈ ਜੋ ਆਤਮ-ਨਿਰਭਰ ਹੈ ਭਾਵੇਂ ਉਹ ਕੋਈ ਇਕੱਲਾ ਇਨਸਾਨ ਹੋਵੇ, ਟੱਬਰ ਹੋਵੇ, ਪਿੰਡ ਹੋਵੇ, ਸੂਬਾ ਹੋਵੇ ਜਾਂ ਦੇਸ਼ ਹੋਵੇ। ਇਸ ਦੀ ਉਦਾਹਰਨ ਇਥੋਂ ਹੀ ਲੈ ਲਉ। ਹਰ ਕੋਈ ਗ੍ਰਹਿਸਤੀ ਪਰਿਵਾਰ ਔਲਾਦ ਚਾਹੁੰਦਾ ਹੈ ਤੇ ਜੇ ਉਹੋ ਹੀ ਔਲਾਦ ਵੱਡੀ ਹੋ ਕੇ ਆਤਮ-ਨਿਰਭਰ ਨਾ ਹੋਵੇ ਤਾਂ ਸਮਾਂ ਪਾ ਕੇ ਮਾਂ-ਪਿਉ ਅਤੇ ਉਸ ਵਿਚ ਵੀ ਮਤਭੇਦ ਹੋ ਜਾਂਦੇ ਹਨ ਅਤੇ ਇਕ-ਦੂਜੇ ਪ੍ਰਤੀ ਨਫ਼ਰਤ ਹੋਣ ਲੱਗ ਪੈਂਦੀ ਹੈ।

ਸਮੇਂ ਦੀਆਂ ਸਰਕਾਰਾਂ ਵੋਟਾਂ ਦੀ ਖ਼ਾਤਰ ਸੁਚੱਜਾ ਰਾਜ ਪ੍ਰਬੰਧ ਚਲਾਉਣ ਤੋਂ ਨਕਾਰਾ ਰਹੀਆਂ ਹਨ ਅਤੇ ਉਸ ਦਾ ਅਸਰ ਇਹ ਹੋਇਆ ਹੈ ਕਿ ਭ੍ਰਿਸ਼ਟਾਚਾਰ ਵਧ ਗਿਆ ਅਤੇ ਸਰਕਾਰੀ ਆਮਦਨ ਦੇ ਸਰੋਤ ਘੱਟ ਗਏ। ਆਮਦਨ ਦਾ ਮੁੱਖ ਸਰੋਤ (ਵੈਟ) ਨੂੰ ਜੀ.ਐੱਸ.ਟੀ. ਵਿਚ ਬਦਲ ਕੇ ਕੇਂਦਰ ਸਰਕਾਰ ਪਹਿਲਾਂ ਹੀ ਸੂਬਿਆਂ ਨੂੰ ਆਪਣੇ ਅਧੀਨ ਲੈ ਚੁੱਕੀ ਹੈ। ਅੱਜ ਹਾਲਾਤ ਇਹ ਹਨ ਕਿ ਕੇਂਦਰ ਜੋ ਸੂਬੇ ਦਾ ਜੀ.ਐੱਸ.ਟੀ. ਦਾ ਹਿੱਸਾ ਬਣਦਾ ਸੀ, ਉਹ ਵੀ ਪੂਰਾ ਵਾਪਸ ਨਹੀਂ ਦੇ ਰਹੀ। ਸਗੋਂ ਸੂਬਾ ਸਰਕਾਰਾਂ ਨੂੰ ਕਹਿ ਦਿੱਤਾ ਗਿਆ ਕਿ ਉਨਾਂ ਨੂੰ ਜੀ.ਐੱਸ.ਟੀ. ਦਾ ਪੂਰਾ ਬਕਾਇਆ ਨਹੀਂ ਮਿਲਣਾ, ਜੇ ਉਹ ਚਾਹੁਣ ਤਾਂ ਆਰ.ਬੀ.ਆਈ. ਤੋਂ ਕਰਜ਼ ਲੈ ਸਕਦੇ ਹਨ। ਇਸ ਤੋਂ ਇਲਾਵਾ ਸਰਕਾਰੀ ਆਮਦਨ ਦੇ ਸਰੋਤ ਗੁੰਡਾ ਟੈਕਸ ਦਾ ਸਰੂਪ ਧਾਰ ਗਏ ਹਨ। ਜਿਸ ਦਾ ਨਤੀਜਾ ਇਹ ਹੋਇਆ ਕੇ ਸੂਬੇ ਦੇ ਵਿਕਾਸ ਲਈ ਸੂਬਾ ਸਰਕਾਰਾਂ ਕੇਂਦਰ ਵੱਲ ਦੇਖਣ ਲੱਗ ਪਈਆਂ ਹਨ, ਜਿਸ ਦੇ ਫਲਸਰੂਪ ਕੇਂਦਰ ਨੇ ਬਹੁਤੇ ਅਧਿਕਾਰ ਆਪਣੇ ਹੇਠ ਕਰ ਲਏ ਤੇ ਸੂਬਾ ਸਰਕਾਰਾਂ ਨੂੰ ਕੱਠਪੁਤਲੀਆਂ ਬਣਾ ਦਿੱਤਾ। ਇਹ ਵੱਖਰੀ ਗੱਲ ਹੈ ਕਿ ਕੇਂਦਰ ਨੇ ਆਪਣੀ ਨਲਾਇਕੀ ਛੁਪਾਉਣ ਲਈ ਸਰਕਾਰੀ ਸੰਪਤੀ ਪ੍ਰਾਈਵੇਟ ਹੱਥਾਂ ਵਿਚ ਸਸਤੇ ਭਾਅ ਵੇਚ ਦਿੱਤੀ।

ਇਸ ਵਿਚ ਸਾਰਾ ਕਸੂਰ ਸਰਕਾਰਾਂ ਦਾ ਨਹੀਂ ਹੈ, ਕਸੂਰ ਆਮ ਆਦਮੀ ਦਾ ਵੀ ਹੈ। ਜਿਹੜਾ ਵੋਟ ਪਾਉਂਦਾ ਹੈ ਉਸ



ਦਾ ਵੀ ਹੈ। ਕਿਉਂਕਿ ਉਹ ਪਾਰਟੀ ਰਾਜਨੀਤੀ ਦਾ ਹਿੱਸਾ ਬਣ ਗਿਆ। ਉਸ ਨੇ ਵੋਟ ਉਮੀਦਵਾਰ ਦੀ ਬਜਾਏ ਪਾਰਟੀ ਨੂੰ ਪਾਉਣੀ ਸ਼ੁਰੂ ਕਰ ਦਿੱਤੀ। ਜਿਸ ਕਰਕੇ ਗ਼ਲਤ ਉਮੀਦਵਾਰ ਵੀ ਚੁਣੇ ਜਾਣ ਲੱਗੇ।

**ਭੱਖਦਾ ਮੱਸਲਾ**

ਹਰ ਪੰਜ ਸਾਲ ਬਾਅਦ ਉਮੀਦਵਾਰ ਦੀ ਸੰਪਤੀ 1 ਤੋਂ 2 ਗੁਣਾ ਵਧ ਜਾਂਦੀ ਹੈ। ਅੱਜ ਹਾਲਾਤ ਇਹ ਹਨ ਕਿ ਤੁਸੀਂ ਜਿਸ ਪਾਰਟੀ ਨੂੰ ਵੋਟ ਪਾ ਕੇ ਜਤਾਉਂਦੇ ਹੋ ਫਿਰ ਜਦੋਂ ਉਹ ਜਿੱਤ ਜਾਂਦੀ ਹੈ ਅਤੇ ਜਿਸ ਪਾਰਟੀ ਨੂੰ ਤੁਸੀਂ ਹਰਾਇਆ ਹੈ, ਤਾਂ ਉਸੇ ਪਾਰਟੀ ਨਾਲ ਗੱਠਜੋੜ ਦੀ ਸਰਕਾਰ ਬਣ ਜਾਂਦੀ ਹੈ।

**ਆਤਮ-ਨਿਰਭਰਤਾ ਲਈ ਕੀ ਕੀਤਾ ਜਾਵੇ**

1. ਭ੍ਰਿਸ਼ਟਾਚਾਰ ਨੂੰ ਜੜੋਂ ਪੁੱਟਿਆ ਜਾਵੇ : ਭ੍ਰਿਸ਼ਟਾਚਾਰ ਇਕੱਲਾ ਪੈਸੇ ਦੀ ਨਹੀਂ ਹੁੰਦਾ। ਜਿਹੜਾ ਅਧਿਕਾਰੀ ਤਨਖਾਹ ਲੈ ਕੇ ਕੰਮ ਨਹੀਂ ਕਰਦਾ ਮੈਂ ਉਸ ਨੂੰ ਵੀ ਭ੍ਰਿਸ਼ਟ ਸਮਝਦਾ ਹਾਂ। ਹਰ ਅਧਿਕਾਰੀ ਤੋਂ ਆਪਣੇ ਮਹਿਕਮੇ ਦੇ ਕੰਮ ਦਾ ਟੀਚਾ ਲਿਆ ਜਾਵੇ। ਇਸ ਵਕਤ ਟੀਚਾ ਤਾਂ ਕੀ ਲੈਣਾ ਹੈ ਕਿਸੇ ਮਹਿਕਮੇ ਦੀ ਸਾਲਾਨਾ ਰਿਪੋਰਟ ਹੀ ਨਹੀਂ ਨਿਕਲਦੀ ਕਿ ਸਾਲ ਵਿਚ ਕੀ ਕੰਮ ਕੀਤਾ ਗਿਆ। ਜਿਹੜਾ ਅਧਿਕਾਰੀ ਟੂਰ 'ਤੇ ਜਾਂਦਾ ਹੈ, ਉਹ ਟੂਰ ਰਿਪੋਰਟ ਹੀ ਨਹੀਂ ਲਿਖਦਾ ਕਿ ਮੈਂ ਕਿਥੇ ਗਿਆ ਤੇ ਕੀ ਕੰਮ ਕਰਕੇ ਆਇਆ ਹਾਂ? ਅਫ਼ਸਰਾਂ ਦੀਆਂ ਗੱਡੀਆਂ ਦੀ ਲਾਗ ਬੁੱਕ 'ਤੇ ਦਸਤਖ਼ਤ ਵੀ ਪੀ.ਏ. ਕਰਦਾ ਹੈ ਜਦਕਿ ਗੱਡੀ ਵਿਚ ਸਫ਼ਰ ਅਫ਼ਸਰ ਕਰਦਾ ਹੈ।

2. ਸੂਬੇ ਵਿਚ ਹਰ ਵਿਕਣ ਵਾਲੀ ਚੀਜ਼ ਦੀ ਐੱਮ.ਐੱਸ.ਪੀ. ਅਤੇ ਐੱਮ.ਆਰ.ਪੀ. ਫਿਕਸ ਕੀਤੀ ਜਾਵੇ। ਉਸ ਨੂੰ ਸਖ਼ਤੀ ਨਾਲ ਲਾਗੂ ਕੀਤਾ ਜਾਵੇ। ਕਈ ਵਾਰੀ ਤਰਕ ਆਉਂਦਾ ਕਿ ਖਾਣ ਵਾਲੀਆਂ ਚੀਜ਼ਾਂ ਦੀ ਐੱਮ.ਆਰ.ਪੀ. ਨਹੀਂ ਫਿਕਸ ਕੀਤੀ ਜਾ ਸਕਦੀ। ਸਭ ਕੁਝ ਹੋ ਸਕਦਾ ਫਿਕਸ ਹੋਣੀ ਜ਼ਰੂਰੀ ਹੈ। ਹੁਣ ਗੋਭੀ 1-2 ਰੁਪਏ ਕਿੱਲੋ ਵਿਕੀ ਕਿਸਾਨ ਕੋਲੋਂ ਅਤੇ ਰਿਟੇਲ ਦਾ ਭਾਅ ਕਦੇ 20/- ਰੁਪਏ ਤੋਂ ਥੱਲੇ ਨਹੀਂ ਆਇਆ। ਇਸ ਤਰਾਂ ਮੱਕੀ ਦੀ ਐੱਮ.ਐੱਸ.ਪੀ. 1855/- ਰੁਪਏ ਕੁਇੰਟਲ ਪਰ ਵਿਕੀ 700/- ਤੋਂ 1000/- ਰੁਪਏ ਕੁਇੰਟਲ ਭਾਵ 7 ਤੋਂ 10 ਰੁਪਏ ਕਿੱਲੋ ਪਰ ਮੱਕੀ ਦਾ ਆਟਾ ਵਿਕਦਾ ਹੈ 40 ਤੋਂ 45 ਰੁਪਏ ਕਿੱਲੋ ਯਾਨੀ ਚਾਰ ਤੋਂ ਛੇ ਗੁਣਾ ਭਾਅ 'ਤੇ। ਹੁਣ ਇਸ ਦਾ ਫਾਇਦਾ ਕਿਸ ਨੂੰ ਮਿਲਿਆ? ਕਿਸਾਨ ਜਿਸ ਨੇ ਸਾਰੀ ਮਿਹਨਤ ਕੀਤੀ, ਖਰਚਾ ਕੀਤਾ, ਉਸ ਨੂੰ ਘਾਟਾ ਪਿਆ ਤੇ ਖਪਤਕਾਰ ਨੂੰ ਉਹੀ ਚੀਜ਼ ਮਿਲੀ ਚਾਰ ਗੁਣਾ ਭਾਅ 'ਤੇ। ਇਸ ਲਈ ਕਿਸਾਨ ਲਈ ਐੱਮ.ਐੱਸ.ਪੀ. ਅਤੇ ਖਪਤਕਾਰ ਲਈ ਐੱਮ.ਆਰ.ਪੀ. ਫਿਕਸ ਕਰਨਾ ਜ਼ਰੂਰੀ ਹੈ ਤਾਂ ਜੋ ਵਸਤੂ ਪੈਦਾ ਕਰਨ ਵਾਲਾ ਅਤੇ ਖਪਤਕਾਰ ਦੋਵੇਂ ਹੀ ਰੱਜ ਕੇ ਰੋਟੀ ਖਾ ਸਕਣ।

3. ਜਿਹੜੇ ਟੈਕਸ ਲੱਗੇ ਹਨ, ਉਹ ਸਖ਼ਤੀ ਨਾਲ ਉਗਰਾਏ ਜਾਣ। ਖਪਤਕਾਰ ਟੈਕਸ ਦਿੰਦਾ ਹੈ ਇਹ ਵੱਖਰੀ ਗੱਲ ਹੈ ਉਹ ਸਰਕਾਰ ਕੋਲ ਪਹੁੰਚਣ ਜਾਂ ਨਾ ਪਹੁੰਚਣ। ਇਸ ਲਈ ਟੈਕਸਾਂ ਦੀ ਚੋਰੀ ਬੰਦ ਕੀਤੀ ਜਾਵੇ ਅਤੇ ਇਹ ਨਿਸਚਿਤ ਕੀਤਾ ਜਾਵੇ ਕਿ ਸਰਕਾਰ ਨੂੰ ਚਲਾਉਣ ਲਈ ਕਿਸੇ ਸੰਸਥਾ ਤੋਂ ਕਰਜ਼ਾ ਨਾ ਲੈਣਾ ਪਵੇ।

ਬਾਕੀ ਸਫ਼ਾ 31 'ਤੇ

### ਮਾਮਲਾ ਲੱਖਾ ਸਿਧਾਣਾ ਦੇ ਭਰਾ ਦੀ ਕੁੱਟਮਾਰ ਦਾ

## ਪੰਜਾਬ ਸਰਕਾਰ ਤੇ ਦਿੱਲੀ ਪੁਲਿਸ ਨੂੰ ਨੋਟਿਸ ਜਾਰੀ

**ਚੰਡੀਗੜ/ਏ.ਟੀ.ਨਿਊਜ਼ :** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਦੱਸਿਆ ਕਿ ਦਿੱਲੀ ਪੁਲਿਸ ਵੱਲੋਂ ਲੱਖਾ ਸਿਧਾਣਾ ਦੇ ਭਰਾ ਗੁਰਦੀਪ ਸਿੰਘ ਮੁੰਡੀ ਨਾਲ ਕੁੱਟਮਾਰ ਕਰਨ ਦੇ ਮਾਮਲੇ 'ਚ ਦਿੱਲੀ ਗੁਰਦੁਆਰਾ ਕਮੇਟੀ ਵੱਲੋਂ ਪਾਏ ਕੇਸ 'ਤੇ ਕਾਰਵਾਈ ਕਰਦਿਆਂ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰ ਕੇ 15 ਦਿਨਾਂ ਵਿਚ ਇਸ ਕਾਰਵਾਈ ਦਾ ਜਵਾਬ ਮੰਗਿਆ ਹੈ। ਸਿਰਸਾ ਨੇ ਦੱਸਿਆ ਕਿ ਹਾਈਕੋਰਟ ਨੇ ਦਿੱਲੀ ਪੁਲਿਸ ਅਧਿਕਾਰੀਆਂ ਨੂੰ ਵੀ ਨੋਟਿਸ ਜਾਰੀ ਕੀਤਾ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ AMRITSAR TIMES

30 ਅਪ੍ਰੈਲ 2021 ਤੋਂ 06 ਮਈ 2021

# ਕਰੋਨਾ ਮਹਾਂਮਾਰੀ : ਇਕ ਸਾਲ ਬਾਅਦ ਸਰਕਾਰ ਅਤੇ ਸਮਾਜ

ਇਕ ਵਾਰ ਫਿਰ ਕਰੋਨਾ ਮਹਾਂਮਾਰੀ ਦੀ ਚਰਚਾ ਜੋਰਾਂ ‘ਤੇ ਹੈ। ਰੋਜ਼ਾਨਾਂ ਅਖਬਾਰਾਂ ਵਿੱਚ ਵੱਡੇ ਮੋਟੇ ਅੱਖਰਾਂ ਵਿੱਚ ਕਰੋਨਾਂ ਕਾਰਨ ਹੋ ਰਹੀਆਂ ਮੌਤਾਂ ਦਾ ਜਿਕਰ ਆ ਰਿਹਾ ਹੈ, ਸਿਵਿਆਂ ਵਿੱਚ ਮ੍ਰਿਤਕਾਂ ਦੀਆਂ ਦੇਹਾਂ ਦੀਆਂ ਕਤਾਰਾਂ ਅਤੇ ਸਸਕਾਰ ਵੇਲੇ ਦੀਆਂ ਤਸਵੀਰਾਂ ਛਪ ਰਹੀਆਂ ਹਨ। ਲੋਕ ਆਪਣੇ ਪਿਆਰਿਆਂ ਨੂੰ ਜਾਂਦੇ ਵੇਖ ਰਹੇ ਹਨ ਅਤੇ ਇਕ ਵਾਰ ਫਿਰ ਸਮੂਹਿਕ ਰੂਪ ਵਿੱਚ ਲੋਕ ਮੌਤ ਨੂੰ ਬਹੁਤ ਨੇੜਿਓਂ ਮਹਿਸੂਸ ਕਰ ਰਹੇ ਹਨ। ਤਾਲਾਬੰਦੀ ਵਿੱਚ ਮੁੜ ਤੋਂ ਹੌਲੀ ਹੌਲੀ ਵਾਧਾ ਕੀਤਾ ਜਾ ਰਿਹਾ ਹੈ। ਦਵਾਈਆਂ ਦੀ ਕਾਲਾਬਜ਼ਾਰੀ ਦੀਆਂ ਵੀ ਖਬਰਾਂ ਹਨ ਅਤੇ ਸਿੱਖਾਂ ਵੱਲੋਂ ਆਕਸੀਜ਼ਨ ਦੇ ਲਾਏ ਲੰਗਰਾਂ ਦੇ ਵੀ ਚਰਚੇ ਹਨ। ਕੁਝ ਸੁਹਿਰਦ ਸਖਸ਼ੀਅਤਾਂ, ਲੇਖਕ, ਪੱਤਰਕਾਰ, ਡਾਕਟਰ ਅਤੇ ਸਮਾਜਿਕ ਕਾਰਕੁੰਨ ਮੌਜੂਦਾ ਹਾਲਾਤ ਅਤੇ ਪਿਛਲੇ ਤਕਰੀਬਨ ਇਕ ਸਾਲ ਦੀ ਪੜਚੋਲ ਵੀ ਕਰ ਰਹੇ ਹਨ। ਮਾੜੇ ਚੰਗੇ ਸਾਰੇ ਰੁਝਾਨ ਆਪੋ ਆਪਣੀ ਰਫਤਾਰ ਵਿੱਚ ਜਾਰੀ ਹਨ।

ਅਸੀਂ ਪਿਛਲੇ ਸਾਲ ਆਪਣੀ 8 ਜੁਲਾਈ ਵਾਲੀ ਸੰਪਾਦਕੀ ਵਿੱਚ ਇਸ ਗੱਲ ਉੱਤੇ ਧਿਆਨ ਕੇਂਦਰਿਤ ਕਰਵਾਉਣ ਦਾ ਯਤਨ ਕੀਤਾ ਸੀ ਕਿ ਅਸਲ ਵਿਚਾਰ ਚਰਚਾ ਕਿਸ ਗੱਲ ਉੱਤੇ ਹੋਣੀ ਚਾਹੀਦੀ ਹੈ। ਬਿਨ੍ਹਾਂ ਸ਼ੱਕ ਵਕਤੀ ਹੱਲ ਲੱਭਣੇ ਵੀ ਚਾਹੀਦੇ ਹਨ ਅਤੇ ਨਾਲ ਹੀ ਕਰੋਨਾ ਰਾਹੀਂ ਮਿਲ ਰਹੇ ਸੁਨੇਹਿਆਂ ਨੂੰ ਸਮਝਣ ਦੇ ਅਮਲ ਵਿੱਚ ਵੀ ਪੈਣਾ ਚਾਹੀਦਾ ਹੈ, ਕਈ ਵਾਰ ਸਦੀਵੀ ਹੱਲ ਕਿਸੇ ਜਰੀਏ ਰਾਹੀਂ ਮਿਲ ਰਹੇ ਸੁਨੇਹਿਆਂ ਵਿੱਚ ਪਿਆ ਹੁੰਦਾ ਹੈ। ਜਿੱਥੇ ਵਕਤੀ ਹੱਲ ਕਰਨੇ ਮੁੱਖ ਅਤੇ ਪੂਰਨ ਤੌਰ ‘ਤੇ ਸਰਕਾਰ ਦੀ ਜਿੰਮੇਵਾਰੀ ਸੀ/ਹੈ, ਉੱਥੇ ਸਦੀਵੀ ਹੱਲ ਲਈ ਯਤਨ ਕਰਨੇ ਜਾਂ ਕੋਈ ਸਾਂਝੀ ਸਮਝ ਬਣਾਉਣੀ ਪੂਰੇ ਸਮਾਜ ਦੀ ਜਿੰਮੇਵਾਰੀ ਬਣਦੀ ਸੀ/ਹੈ। ਇਕ ਸਾਲ ਬਾਅਦ ਦੀ ਜੋ ਜਮੀਨੀ ਹਕੀਕਤ ਹੈ ਉਹ ਦੱਸਦੀ ਹੈ ਕਿ ਦੋਵਾਂ ਪਾਸਿਓਂ ਇਹ ਜਿੰਮੇਵਾਰੀ ਨਹੀਂ ਨਿਭਾਈ ਗਈ।

ਸਰਕਾਰ ਵਕਤੀ ਹੱਲ ਲੱਭਣ ਅਤੇ ਵਕਤੀ ਹੱਲ ਲਈ ਆਪਣੇ ਪ੍ਰਬੰਧਾਂ ਵਿੱਚ ਸੁਧਾਰ ਕਰਨ ਦੀ ਜਿੰਮੇਵਾਰੀ ਵਿੱਚ ਇਕ ਸਾਲ ਬਾਅਦ ਵੀ ਨਾਕਾਮ ਰਹੀ ਹੈ। ਹਸਪਤਾਲਾਂ ਅਤੇ ਲੋੜੀਂਦੀਆਂ ਦਵਾਈਆਂ/ਆਕਸੀਜ਼ਨ ਲਈ ਲੋਕ ਉਸੇ ਤਰ੍ਹਾਂ ਜੂਝ ਰਹੇ ਹਨ। ਸਰਕਾਰ, ਆਕਸੀਜਨ ਬਣਾਉਣ ਵਾਲੀਆਂ ਸਨਅਤਾਂ ਤੋਂ ਆਕਸੀਜਨ ਲੈ ਕੇ ਹਸਪਤਾਲਾਂ ਤਕ ਨਹੀਂ ਪਹੁੰਚਾ ਸਕੀ। ਲੋਕ ਹਸਪਤਾਲਾਂ ਦੇ ਬਾਹਰ ਪਏ ਹਨ। ਲੋੜੀਂਦੀਆਂ ਦਵਾਈਆਂ ਦੀ ਕਾਲਾਬਜ਼ਾਰੀ ਚੱਲ ਰਹੀ ਹੈ। ਕਰੋਨਾ ਟੀਕਿਆਂ ਉੱਤੇ ਵੀ ਲੋਕਾਂ ਦੀ ਬੇਭਰੋਸਗੀ ਜੱਗ ਜਾਹਰ ਹੈ, ਅਸਲ ਵਿੱਚ ਇਹ ਬੇਭਰੋਸਗੀ ਸਰਕਾਰ ਦੀ ਭਰੋਸੇਯੋਗਤਾ ਉੱਤੇ ਸਵਾਲੀਆ ਚਿੰਨ ਲਾਉਂਦੀ ਹੈ। ਨੀਤੀਆਂ ਦੇ ਪੱਧਰ ’ਤੇ ਵੀ ਸਰਕਾਰ ਦਾ ਖੋਖਲਾਪਣ ਸਭ ਦੇ ਸਾਹਮਣੇ ਹੈ। ਸਰਕਾਰ ਦੇ ਰਵਈਏ ਅਤੇ ਅਮਲ ਉੱਤੇ ਜਿੱਥੇ ਸਿਆਸੀ ਪਾਰਟੀਆਂ ਦੇ ਬਿਆਨ ਆ ਰਹੇ ਹਨ ਉੱਥੇ ਪਿਛਲੇ ਦਿਨੀਂ ਹਾਈ ਕੋਰਟ ਨੇ ਵੀ ਸਰਕਾਰ ਦੇ ਗੈਰ-ਜਿੰਮੇਵਾਰਾਨਾ ਬਿਆਨ ਦੀ ਅਲੋਚਨਾ ਕੀਤੀ ਹੈ। ਕੇਂਦਰੀ ਸਿਹਤ ਮੰਤਰੀ ‘ਹਰਸ਼ਵਰਧਨ’ ਦੇ ਬਿਆਨ ਜਿਸ ਵਿੱਚ ਉਸ ਨੇ ਕਿਹਾ ਸੀ ਕਿ ਦੇਸ਼ ਵਿੱਚ ਆਕਸੀਜਨ ਜਾਂ ਵੈਕਸੀਨ ਦੀ ਕੋਈ ਤੋਟ ਨਹੀਂ ਹੈ, ਦੇ ਜਵਾਬ ਵਿੱਚ ਕਾਂਗਰਸ ਦੇ ਸੀਨੀਅਰ ਆਗੂ ‘ਪੀ. ਚਿਦੰਬਰਮ’ ਨੇ ਲੋਕਾਂ ਨੂੰ ਕਿਹਾ ਹੈ ਕਿ ਉਹ ‘ਉਨ੍ਹਾਂ ਨੂੰ ਮੂਰਖ ਸਮਝਣ ਵਾਲੀ’ ਸਰਕਾਰ ਖ਼ਿਲਾਫ਼ ‘ਵਿਦਰੋਹ’ ਕਰਨ। ਦਿੱਲੀ ਦੇ ਆਰਐੱਸਐੱਸ ਆਗੂ ‘ਰਾਜੀਵ ਤੁਲੀ’ ਨੇ ਵੀ ਸੰਕਟ ਦੇ ਸਮੇਂ ਭਾਜਪਾ ਆਗੂਆਂ ਦੇ ਕੌਮੀ ਰਾਜਧਾਨੀ ਤੋਂ ‘ਗ਼ੈਰ-ਹਾਜ਼ਰ’ ਰਹਿਣ ’ਤੇ ਸਵਾਲ ਉਠਾਏ ਹਨ। ਦਿੱਲੀ ਹਾਈ ਕੋਰਟ ਨੇ ਕੇਂਦਰ ਸਰਕਾਰ ਦੇ ਇਸ ਆਦੇਸ਼ ਕਿ ਵਾਇਰਸ ਨੂੰ ਮਾਰਨ ਵਾਲੀ ਰੈਮਡਿਸਿਵਰ ਸਿਰਫ਼ ਉਨ੍ਹਾਂ ਮਰੀਜ਼ਾਂ ਨੂੰ ਦਿੱਤੀ ਜਾਵੇ ਜਿਨ੍ਹਾਂ ਦੀ ਹਾਲਤ ਬੇਹੱਦ ਖ਼ਰਾਬ ਹੋਵੇ ਤੇ ਉਹ ਆਕਸੀਜਨ ’ਤੇ ਨਿਰਭਰ ਹੋਣ, ਦੀ ਸਖ਼ਤ ਅਲੋਚਨਾ ਕਰਦਿਆਂ ਕਿਹਾ ਹੈ ਕਿ ਇੰਜ ਪ੍ਰਤੀਤ ਹੁੰਦਾ ਹੈ ਕਿ ਕੇਂਦਰ ਸਰਕਾਰ ਚਾਹੁੰਦੀ ਹੈ ਕਿ ਲੋਕ ਮਰਨ। ਸਰਕਾਰ ਦਾ ਵੱਧ ਜ਼ੋਰ ਲੋਕਾਂ ਨੂੰ ਡਰਾਉਣ ਵੱਲ ਲੱਗਿਆ ਹੋਇਆ ਹੈ ਜਿਸ ਵਿੱਚ ਮੀਡੀਏ ਦਾ ਵੱਡਾ ਹਿੱਸਾ ਵੀ ਪੂਰਾ ਯੋਗਦਾਨ ਪਾ ਰਿਹਾ ਹੈ। ਖਬਰਾਂ, ਰਿਪੋਰਟਾਂ,ਵਰਤੇ ਜਾਂਦੇ ਸ਼ਬਦ, ਮੁਹਾਵਰੇ, ਬੋਲਣ/ਲਿਖਣ ਦੇ ਢੰਗ ਤਰੀਕੇ ਆਦਿ ਹਰ ਸੰਭਵ ਚੀਜ਼ ਲੋਕਾਂ ਦੇ ਮਨਾ ਅੰਦਰ ਖੌਫ ਪੈਦਾ ਕਰਨ ਲਈ ਵਰਤੀ ਜਾ ਰਹੀ ਹੈ। ਪਿਛਲੇ ਦਿਨੀਂ ਫੇਸਬੁੱਕ ਨੇ ਮੋਦੀ ਦੇ ਅਸਤੀਫੇ ਵਾਲੇ ਹੈਸ਼ਟੈਗ ਵਾਲੀਆਂ ਪੋਸਟਾਂ ਨੂੰ ਬਲੌਕ ਕਰ ਦਿੱਤਾ ਸੀ, ਭਾਵੇਂ ਬਾਅਦ ਵਿੱਚ ਇਸਦੀ ਮੁਆਫੀ ਮੰਗ ਕੇ ਆਪਣੀ ਵੱਖਰੀ ਦਲੀਲ ਦਿੱਤੀ ਗਈ ਪਰ ਪਿਛਲੇ ਵਰ੍ਹਿਆਂ ਤੋਂ ਬਿਜਲ ਸੱਥ ਉੱਤੇ ਲੋਕਾਂ ਨੂੰ ਆਪਣੀ ਗੱਲ ਕਰਨ ਦੀ ਕਿੰਨੀ ਕੁ ਅਜ਼ਾਦੀ ਦਿੱਤੀ ਜਾ ਰਹੀ ਹੈ, ਇਹ ਗੱਲ ਹੁਣ ਲੁਕੀ ਛਿਪੀ ਨਹੀਂ ਹੈ। ਮੀਡੀਆ ਅਤੇ ਸਰਕਾਰ ਦੀ ਦਹਿਸ਼ਤ ਦਾ ਅਸਰ ਇਸ ਕਦਰ ਪੈ ਰਿਹਾ ਹੈ ਕਿ ਪਿਛਲੇ ਦਿਨੀਂ ਯੂਪੀ ਦੇ ਜੌਨਪੁਰ ਜ਼ਿਲ੍ਹੇ ਦੇ ਪਿੰਡ ਅੰਬਰਪੁਰ ਵਿਖੇ ਇਕ 70 ਸਾਲਾ ਬਜ਼ੁਰਗ ਨੂੰ ਆਪਣੀ ਪਤਨੀ, ਜਿਸ ਦੀ ਕਰੋਨਾ ਕਰਕੇ ਮੌਤ ਹੋ ਗਈ ਸੀ, ਦੀ ਮ੍ਰਿਤਕ ਦੇਹ ਨੂੰ ਆਪਣੀ ਸਾਈਕਲ ’ਤੇ ਲੱਦ ਕੇ ਸ਼ਮਸ਼ਾਨਘਾਟ ਲਿਜਾਣਾ ਪਿਆ। ਡਰ ਕਾਰਨ ਪਿੰਡ ਦਾ ਇਕ ਵੀ ਵਿਅਕਤੀ ਇਸ ਬਜ਼ੁਰਗ ਦੀ ਮਦਦ ਲਈ ਅੱਗੇ ਨਹੀਂ ਆਇਆ।

ਇਸ ਸਮੇਂ ਦੌਰਾਨ ਸਮਾਜ ਦੇ ਹਿੱਸੇ ਵੀ ਜੋ ਵੱਡੀ ਜਿੰਮੇਵਾਰੀ ਬਣਦੀ ਸੀ, ਉਹ ਵੀ ਅਸੀਂ ਨਿਭਾਅ ਨਹੀਂ ਸਕੇ। ਜਦੋਂ ਪਿਛਲੇ ਵਰ੍ਹੇ ਮੌਤ ਦੇ ਡਰ ਨੇ ਸਭ ਕੁਝ ਰੋਕ ਦਿੱਤਾ ਸੀ ਤਾਂ ਸਾਡੇ ਕੋਲ ਠਹਿਰਾਓ ਸੀ, ਪਲ ਦੀ ਫੁਰਸਤ ਨੂੰ ਤਰਸਣ ਵਾਲਿਆਂ ਕੋਲ ਸਮਾਂ ਹੀ ਸਮਾਂ ਸੀ। ਗੁਰੂ ਪਾਤਸ਼ਾਹ ਨੇ ਸਾਨੂੰ ਗੈਰ ਕੁਦਰਤੀ ਜੀਵਨ ਨੂੰ ਬਦਲਣ ਲਈ ਸੋਚਣ ਦਾ, ਵਿਚਾਰਨ ਦਾ ਅਤੇ ਅਮਲ ਕਰਨ ਦਾ ਵਕਤ ਬਖਸ਼ਿਆ ਸੀ। ਸਾਡੇ ਕੋਲ ਸਮਾਂ ਸੀ ਕਿ ਅਸੀਂ ਮਨੁੱਖੀ ਜੀਵਨ ਦੇ ਅਸਲ ਅਰਥਾਂ ਨੂੰ ਸਮਝਣ ਲਈ ਯਤਨ ਕਰਦੇ, ਵਿਚਾਰਾਂ ਕਰਦੇ, ਸੰਵਾਦ ਰਚਾਉਂਦੇ ਅਤੇ ਅਗਲੇ ਅਮਲ ਤੈਅ ਕਰਦੇ ਪਰ ਜਦੋਂ ਹੀ (ਭਾਵੇਂ ਥੋੜੇ ਸਮੇਂ ਲਈ)ਸਭ ਕੁਝ ਪਹਿਲਾਂ ਵਰਗਾ ਹੋਇਆ ਤਾਂ ਅਸੀਂ ਫਿਰ ਉਸੇ ਰਫਤਾਰ ਅਤੇ ਖਿਆਲਾਂ ਦੇ ਹਾਣ ਦੇ ਹੋਣ ਲਈ ਕਮਰ ਕੱਸੇ ਕਰ ਲਏ।

ਨਤੀਜੇ ਵਜੋਂ ਅਸੀਂ ਉੱਥੇ ਹੀ ਖੜੇ ਹਾਂ ਜਿੱਥੇ ਇਕ ਸਾਲ ਪਹਿਲਾਂ ਸੀ। ਨਾ ਸਰਕਾਰ ਨੇ ਬਣਦੀ ਜਿੰਮੇਵਾਰੀ ਨਿਭਾਈ ਅਤੇ ਨਾ ਹੀ ਅਸੀਂ ਕੋਈ ਕਦਮ ਪੁੱਟਿਆ। ਸਮੇਂ ਦੀ ਰਮਜ਼ ਨੂੰ ਮਹਿਸੂਸ ਕਰਕੇ ਹਜੇ ਵੀ ਸਰਕਾਰ ਅਤੇ ਸਮਾਜ ਨੂੰ ਆਪੋ ਆਪਣੀ ਬਣਦੀ ਜਿੰਮੇਵਾਰੀ ਉੱਤੇ ਗੌਰ ਕਰਨੀ ਚਾਹੀਦੀ ਹੈ। ਵਕਤੀ ਅਤੇ ਸਦੀਵੀ ਦੋਵੇਂ ਹੱਲ ਲੱਭਣ ਲਈ ਇਮਾਨਦਾਰੀ ਨਾਲ ਯਤਨ ਕਰਨੇ ਚਾਹੀਦੇ ਹਨ। ਕੁਦਰਤ ਸਾਥ ਦੇਵੇਗੀ।

# ਖਾਲਿਸਤਾਨ ਦਾ ਐਲਾਨਨਾਮਾ, ਮਾਰਕਸ ਅਤੇ ਹਲੇਮੀ ਰਾਜ



- ਗੁਰਬਚਨ ਸਿੰਘ ਦੇਸ ਪੰਜਾਬ

9815698451

ਅੱਜ ਦੇ ਦਿਨ 35 ਸਾਲ ਪਹਿਲਾਂ ਸ੍ਰੀ ਅਕਾਲ ਤਖਤ ਸਾਹਿਬ ਤੋਂ ਖਾਲਿਸਤਾਨ ਦੇ ਜਾਰੀ ਕੀਤੇ ਗਏ ਐਲਾਨਨਾਮੇ ਵਿਚ ਹੇਠ ਲਿਖੀ ਧਾਰਨਾ ਬੜੀ ਦਿਲਚਸਪ ਹੈ “ਖਾਲਿਸਤਾਨ’ ਕੁਦਰਤੀ ਨਿਹਮਤਾਂ ਅਤੇ ਜਰੂਰੀ ਜ਼ਰੂਰਤਾਂ (ਮਿਨੀਮਮ ਨੀਡਸ) ਦੀ ਵੰਡ ਮਨੁਖੀ ਅਧਾਰਾਂ ਉਤੇ ਕਰਨਾ ਚਾਹੇਗਾ। ਅਜ਼ਾਰੇਦਾਰੀ ਅਤੇ ਸਰਮਾਏਦਾਰੀ ਨੂੰ ਸਰਕਾਰੀ ਮਸ਼ੀਨਰੀ ਅਤੇ ਜਨਤਾ ਦੀ ਸੋਚਣੀ ਉਤੇ ਪ੍ਰਭਾਵਿਤ ਨਹੀਂ ਹੋਣ ਦਿਤਾ ਜਾਵੇਗਾ। ਇਸ ਦੇ ਉਲਟ ਹਰ ਵਿਅਕਤੀ ਨੂੰ ਆਪਣੀ ਲਿਆਕਤ ਮਿਹਨਤ ਅਤੇ ਸਮਰਥਾ ਮੁਤਾਬਿਕ ਵਧਣ ਫੁਲਣ ਉਤੇ ਕੋਈ ਰੋਕ ਨਹੀਂ ਲਾਈ ਜਾਵੇਗੀ।”

ਇਸ ਧਾਰਨਾ ਨੂੰ ਪੜ੍ਹ ਕੇ ਇਉਂ ਜਾਪਦਾ ਹੈ ਕਿ ਜਿਵੇਂ ਇਹ ਕਿਸੇ ਬਹੁਤ ਹੀ ਸੂਝਵਾਨ ਕਮਿਊਨਿਸਟ ਦੀ ਲਿਖੀ ਹੋਈ ਹੈ, ਜਿਹੜਾ ਮਾਰਕਸਵਾਦ ਦੀ ਬੜੀ ਡੂੰਘੀ ਸਮਝ ਰਖਦਾ ਹੈ। ਕਿਉਂਕਿ ਇਹ ਧਾਰਨਾ ਅਸਲੀ ਮਨੁਖੀ ਆਜਾਦੀ ਅਤੇ ਭਵਿਖ ਦੇ ਕਮਿਊਨਿਸਟ ਸਮਾਜ ਨਾਲ ਸਬੰਧਤ ਹੈ, ਜਿਸ ਦੀ ਵਿਆਖਿਆ ਭਾਵੇਂ ਮਾਰਕਸ ਨੇ ਕੀਤੀ ਹੋਈ ਹੈ ਪਰ ਜਿਸ ਨੂੰ ਮਾਰਕਸ ਦੇ ਬਹੁਤੇ ਪੈਰੋਕਾਰ ਅੱਜ ਵੀ ਮੰਨਣ ਤੋਂ ਇਨਕਾਰੀ ਹਨ। ਆਪਣੇ ਅਜਿਹੇ ਪੈਰੋਕਾਰਾਂ ਤੋਂ ਖਫਾ ਹੋ ਕੇ ਹੀ ਮਾਰਕਸ ਨੇ ਕਿਹਾ ਸੀ ਕਿ ਮੈਂ ਅਜਗਰ ਬੀਜੇ ਸਨ ਪਰ ਪਿਸੂ ਵਢੇ ਹਨ। ਇਸ ਧਾਰਨਾ ਦੇ ਤਿੰਨ ਪਖ ਹਨ :

1. ਕੁਦਰਤੀ ਨਿਆਮਤਾਂ ਅਤੇ ਜਰੂਰੀ ਜਰੂਰਤਾਂ (ਮਿਨੀਮਮ ਨੀਡਸ) ਦੀ ਵੰਡ ਮਨੁਖੀ ਆਧਾਰ ਉਤੇ ਕਰਨੀ।

2. ਅਜਾਰੇਦਾਰੀ ਅਤੇ ਸਰਮਾਏਦਾਰੀ ਨੂੰ ਸਰਕਾਰੀ ਮਸ਼ੀਨਰੀ ਅਤੇ ਜਨਤਾ ਦੀ ਸੋਚਣੀ ਉਤੇ ਹਾਵੀ ਨਾ ਹੋਣ ਦੇਣਾ।

3. ਹਰੇਕ ਵਿਅਕਤੀ ਨੂੰ ਆਪਣੀ ਲਿਆਕਤ ਮਿਹਨਤ ਅਤੇ ਸਮਰਥਾ ਮੁਤਾਬਿਕ ਵਧਣ ਫੁਲਣ ਦਾ ਮੌਕਾ ਦੇਣਾ।

ਇਸ ਧਾਰਨਾ ਦਾ ਪਹਿਲਾਂ ਪਖ ਮਨੁਖੀ ਲੋੜਾਂ ਨਾਲ ਸਬੰਧਤ ਹੈ : ਹਰੇਕ ਮਨੁਖ ਨੂੰ ਕੁਦਰਤੀ ਨਿਆਮਤਾਂ ਮਾਣਨ ਦਾ ਮੌਕਾ ਦੇਣਾ ਅਤੇ ਹਰੇਕ ਮਨੁਖ ਦੀਆਂ ਜਰੂਰੀ ਜਰੂਰਤਾਂ ਦੀ ਪੂਰਤੀ ਕਰਨੀ। ਇਥੇ ਕਿਸੇ ਕਿਸਮ ਦਾ ਕੋਈ ਭੁਲੇਖਾ ਨਾ ਰਹੇ ਇਸ ਲਈ ਬਰੈਕਟ ਵਿਚ ਅੰਗਰੇਜੀ ਦੇ ਸ਼ਬਦ ਦੁਹਰਾਏ ਗਏ ਹਨ : ਮਿਨੀਮਮ ਨੀਡਸ ਭਾਵ ਘਟੋਘਟ ਲੋੜਾਂ। ਭਾਵ ਸਮੁਚੀ ਪੈਦਾਵਾਰ ਦੀ ਵੰਡ ਇਸ ਤਰ੍ਹਾਂ ਕਰਨੀ ਕਿ ਹਰੇਕ ਮਨੁਖ ਦੀਆਂ ਘਟੋਘਟ ਲੋੜਾਂ ਪੂਰੀਆ ਹੋਣ। ਅਜਾਰੇਦਾਰੀ ਭਾਵ ਹਰੇਕ ਕੁਦਰਤੀ ਨਿਆਮਤ ਉਤੇ ਕਬਜਾ ਕਰਨ ਦੀ ਲਾਲਸਾ ਅਤੇ ਸਰਮਾਏਦਾਰੀ ਭਾਵ ਮੁਨਾਫੇ ਦੀ ਹਾਬੜੀ ਕਮੀਨੀ ਅਤੇ ਲਾਲਚੀ ਬਿਰਤੀ ਨੂੰ ਸਰਕਾਰੀ ਮਸ਼ੀਨਰੀ ਅਤੇ ਜਨਤਾ ਦੀ ਸੋਚ ਉਤੇ ਹਾਵੀ ਨਾ ਹੋਣ ਦੇਣਾ ਅਤੇ ਹਰੇਕ ਵਿਅਕਤੀ ਨੂੰ ਆਪਣੀ ਲਿਆਕਤ ਮਿਹਨਤ ਅਤੇ ਸਮਰਥਾ ਮੁਤਾਬਿਕ ਵਧਣ ਫੁਲਣ ਦੇ ਮੌਕੇ ਦੇਣੇ। ਇਹ ਇਕ ਅਟਲ ਸਚਾਈ ਹੈ ਕਿ ਕੁਦਰਤ ਮਨੁਖ ਦੀਆਂ ਲੋੜਾਂ ਪੂਰੀਆਂ ਕਰ ਸਕਦੀ ਹੈ ਪਰ ਉਸਦੀਆਂ ਬੇਲੋੜੀਆ ਅੰਤਹੀਣ ਲਾਲਸਾਵਾਂ ਦੀ ਪੂਰਤੀ ਕਦੇ ਨਹੀਂ ਹੋ ਸਕਦੀ।

1875 ਵਿਚ ‘ਗੋਥਾ ਪ੍ਰੋਗਰਾਮ ਦੀ ਪੜਚੋਲ ਕਰਦਿਆਂ ਕਾਰਲ ਮਾਰਕਸ ਨੇ ਆਪਣੇ ਸਿਧਾਂਤ ਦੇ ਤਤ ਵਜੋਂ ਇਕ ਨਾਅਰਾ ਬੁਲੰਦ ਕੀਤਾ ਸੀ। ਕਮਿਊਨਿਸਟ ਸਮਾਜ ਵਿਚ “ਹਰੇਕ ਮਨੁਖ ਕੋਲੋ ਉਸ ਦੀ ਸਮਰਥਾ ਅਨੁਸਾਰ ਕੰਮ ਲਿਆ ਜਾਏਗਾ ਅਤੇ ਹਰੇਕ ਮਨੁਖ ਦੀਆਂ ਲੋੜਾਂ ਦੀ ਪੂਰਤੀ ਕੀਤੀ ਜਾਏਗੀ।” ਇਥੇ ਮਾਰਕਸ ਨੇ ਮਨੁਖੀ ਲੋੜਾਂ ਦੀ ਵੀ ਸਪਸ਼ਟ ਵਿਆਖਿਆ ਕੀਤੀ ਹੈ। ਮਨੁਖੀ ਆਜਾਦੀ ਬਾਰੇ ਗੱਲ ਕਰਦਿਆਂ ਮਾਰਕਸ ਨੇ ਕਿਹਾ ਹੈ, “ਉਚੀ ਪਧਰ ਦੀ ਆਤਮਿਕ ਆਜਾਦੀ ਵਿਕਸਿਤ ਕਰਨ ਲਈ ਇਕ ਸਮਾਜ (ਇਕ ਮਨੁਖ) ਹਰ ਹਾਲਤ ਵਿਚ ਆਪਣੀਆਂ ਸਰੀਰਕ ਲੋੜਾਂ ਦੇ ਬੰਧਨ ਨੂੰ ਤੋੜੇ। ਉਹ ਸਰੀਰਕ ਲੋੜਾਂ ਦੀ ਗੁਲਾਮੀ ਤੋਂ ਮੁਕਤ ਹੋਵੇ।” ਭਾਵ ਉਹ ਆਪਣੀਆਂ ਲੋੜਾਂ ਦੀ ਸੁਚੇਤ ਪਛਾਣ ਦੇ ਆਧਾਰ ਉਤੇ ਉਹਨਾਂ ਨੂੰ ਸੀਮਤ ਕਰੇ। ਮਨੁਖੀ ਆਜਾਦੀ ਅਤੇ ਮਨੁਖੀ ਲੋੜਾਂ ਬਾਰੇ ਏਂਗਲਜ ਦਾ ਮੰਨਣਾ ਹੈ, ਕਿ “ਮਨੁਖੀ ਆਜ਼ਾਦੀ ਦਾ ਭਾਵ ਆਪਣੀਆਂ ਕੁਦਰਤੀ ਲੋੜਾਂ ਦੀ ਸੁਚੇਤ ਪਛਾਣ ਦੇ ਆਧਾਰ ਉਤੇ ਆਪਣੇ ਆਤਮ ਨੂੰ ਸਵੈਜ਼ਬਤ ਵਿਚ ਰਖਣਾ ਅਤੇ ਕੁਦਰਤ ਦੇ ਜਾਬਤੇ ਵਿਚ ਰਹਿਣਾ ਹੈ।”

ਕਮਿਊਨਿਸਟ ਆਗੂ ਕੋਬਾਡ ਗਾਂਧੀ ਨੇ ਆਪਣੀ ਕਿਤਾਬ ਵਿਚ ਲਿਖਿਆ ਹੈ, “ਜਦੋਂ ਮਾਰਕਸ ਨੂੰ ਪੁਛਿਆ ਗਿਆ ਕਿ ਮਨੁਖ ਵਿਚਲੇ ਕਿਹੜੇ ਗੁਣ ਨੂੰ ਉਹ ਸਭ ਤੋਂ ਚੰਗਾ ਸਮਝਦਾ ਹੈ ਤਾਂ ਉਸਦਾ ਜੁਆਬ ਸੀ : ਸਾਦਗੀ।”

ਗੁਰਮਤਿ ਦੀ ਧਾਰਨਾ ਹੈ : ਹੇ ਮੂਰਖ ਮਨਾਂ! ਕਾਹਦਾ ਮਾਣ ਕਰਦਾ ਹੈ। ਮਾਲਕ ਦੇ ਭਾਣੇ ਵਿਚ ਕਿਸੇ ਵੇਲੇ ਵੀ ਮੌਤ ਆ ਸਕਦੀ ਹੈ। ਬੇਲੋੜੇ ਸੁਆਦਾਂ ਨੂੰ ਤਿਆਗਣ ਨਾਲ ਹੀ ਸਹਿਜ ਹੋਈਦਾ ਹੈ। ਸਰੀਰ ਲਈ ਬੇਲੋੜਾ ਪਰ ਸਿਰਫ ਸੁਆਦ ਲਈ ਖਾਧਾ ਭੋਜਨ ਸਰੀਰ ਨੂੰ ਬਿਮਾਰ ਕਰਦਾ ਹੈ ਅਤੇ ਮੋਟਾਪਾ ਵਧਾਉਂਦਾ ਹੈ। ਸਰੀਰ ਦੀ ਰੋਗਾਂ ਨਾਲ ਲੜਨ ਦੀ ਸਮਰਥਾਂ ਨੂੰ ਘਟਾਉਂਦਾ ਹੈ। ਆਪਣੀਆਂ ਮਨੁਖੀ ਲੋੜਾਂ ਦੀ ਸੁਚੇਤ ਪਛਾਣ ਕਰ ਕੇ ਹੀ ਸੁਖੀ ਰਿਹਾ ਜਾ ਸਕਦਾ ਹੈ। ਅੰਤ ਨੂੰ ਇਹ ਵਡੇ-ਵਡੇ ਆਲੀਸ਼ਾਨ ਘਰ ਛਡਣੇ ਪੈਣੇ ਹਨ। ਇਥੇ ਸਦਾ ਲਈ ਨਹੀਂ ਰਹਿਣਾ। ਕੁਝ ਖਾ ਪੀ ਕੇ ਬਾਕੀ ਸਾਂਭਣ ਦਾ ਫਾਇਦਾ ਤੇ ਤਾਂ ਹੀ ਹੋਣਾ ਹੈ ਜੇ ਦੁਬਾਰਾ ਇਸ ਸੰਸਾਰ ਵਿਚ ਆਉਣਾ ਹੋਵੇ। ਇਸ ਲਈ ਐਵੇਂ ਵਡੇ-ਵਡੇ ਘਰਾਂ ਕਾਰਾਂ ਕੋਠੀਆਂ ਦੇ ਸੁਪਨੇ ਲੈਣੇ ਛਡ ਅਤੇ ਆਪਣੀਆਂ ਸੀਮਤ ਮਨੁਖੀ ਲੋੜਾਂ ਦੀ ਪੂਰਤੀ ਦੇ ਯਤਨ ਕਰ। ਇਕ ਮਨੁਖ ਨੂੰ ਖਾਣ ਜੋਗੀ ਦਾਲ ਲੂਣ ਅਤੇ ਘਿਉ ਚਾਹੀਦਾ ਹੈ। ਤਨ ਉਤੇ ਪਾਉਣ ਲਈ ਕੁਝ ਕਪੜੇ ਚਾਹੀਦੇ ਹਨ। ਪੈਰਾਂ ਵਿਚ ਪਾਉਣ ਲਈ ਇਕ ਜੋੜੀ ਜੁਤੀ ਚਾਹੀਦੀ ਹੈ। ਖਾਣ ਲਈ ਲੋੜੀਂਦਾ ਅਨਾਜ, ਦੁਧ ਪੀਣ ਲਈ ਲਵੇਰੀ ਗਾਂ ਮਝ ਅਤੇ ਸਵਾਰੀ ਲਈ ਇਕ ਚੰਗੀ ਘੋੜੀ ਚਾਹੀਦੀ ਹੈ। ਗ੍ਰਹਿਸਤੀ ਜੀਵਨ ਲਈ ਆਪਣੀ ਘਰ ਦੀ ਔਰਤ ਹੀ ਚੰਗੀ ਹੈ। ਇਕ ਮਨੁਖ ਦੀਆਂ ਬਸ ਏਨੀਆਂ ਕੁ ਹੀ ਲੋੜਾਂ ਹਨ। ਏਂਗਲਜ ਨੇ ਮਨੁਖੀ ਲੋੜਾਂ ਦੀ ਵਿਆਖਿਆ ਇਸ ਰੂਪ ਵਿਚ ਕੀਤੀ ਹੈ : “ਭੋਜਨ, ਵਿਰੋਧੀ ਲਿੰਗ ਦਾ ਇਕ ਜੀਵ, ਕਿਤਾਬਾਂ, ਬਾਤਚੀਤ, ਬਹਿਸਾਂ, ਸਰਗਰਮੀਆਂ, ਵਰਤੋਂ ਯੋਗ ਵਸਤੂਆਂ ਦੀ ਹੋਂਦ।”

ਪਰ ਹਰੇਕ ਚੀਜ਼ ਨੂੰ ਮੰਡੀ ਦਾ ਮਾਲ ਸਮਝਣ ਵਾਲੀ ਅਜੋਕੀ ਸਾਮਰਾਜੀ ਸੋਚ ਨੇ ਦੁਨੀਆ ਭਰ ਦੇ ਲੋਕਾਂ ਅਤੇ ਖਾਸ ਕਰਕੇ ਮਧ ਵਰਗੀ ਲੋਕਾਂ ਨੂੰ ਜਿਥੇ ਟੀ.ਵੀ. ਅਤੇ ਇੰਟਰਨੈਟ ਦੇ ਜਾਲ ਰਾਹੀਂ ਆਪਣੇ ਬੇਲੋੜੇ ਖਪਤਕਾਰੀ ਸਭਿਆਚਾਰ ਨਾਲ ਮਨੋਰੋਗੀ ਬਣਾਇਆ ਹੈ, ਉਥੇ ਉਹਨਾਂ ਨੇ ਕੁਝ ਕੁ ਆਪੇ ਸਿਰਜੇ ਮਾਡਲਾਂ ਨੂੰ ਅਰਬਾਂ ਲੋਕਾਂ ਦੇ ਜੀਵਨ ਦਾ ਆਦਰਸ਼ ਬਣਾ ਦਿਤਾ ਹੈ। ਇਹਨਾਂ ਮਾਡਲਾਂ ਦੇ ਰੂਪ ਵਿਚ ਖੂਬਸੂਰਤੀ ਅਤੇ ਸਭਿਆਚਾਰ ਦੇ ਨਵੇਂ ਮਿਆਰ ਘੜੇ ਹਨ ਅਤੇ ਇਹਨਾਂ ਮਿਆਰਾਂ ਰਾਹੀਂ ਬਦਲੀ ਉਹਨਾਂ ਦੀ ਸੋਚ ਨੂੰ ਆਪਣੀਆਂ ਬੇਲੋੜੀਆਂ ਵਸਤੂਆਂ ਵੇਚਣ ਅਤੇ ਖਰੀਦਣ ਲਈ ਤਿਆਰ ਕੀਤਾ ਹੈ। ਹਰੇਕ ਅਲ੍ਹੜ ਮੁੰਡਾ ਕੁੜੀ ਆਪਣੀ ਕਲਪਨਾ ਵਿਚ ਇਹਨਾਂ ਮਾਡਲਾਂ ਦੀ ਜ਼ਿੰਦਗੀ ਜਿਉਂਦਾ ਹੈ ਅਤੇ ਉਸ ਨੂੰ ਅਸਲੀ ਜ਼ਿੰਦਗੀ ਵਿਚ ਜਿਉਣ ਦੀ ਕੋਸ਼ਿਸ਼ ਕਰਦਾ ਹੈ। ਅਜਿਹੀ ਕਲਪਿਤ ਜ਼ਿੰਦਗੀ ਜਿਉਂਦੇ ਨੌਜਵਾਨ ਬਚੇ-ਬਚੀਆਂ ਆਪਣੀ ਕੁਦਰਤੀ ਸੀਮਾ ਅਤੇ ਸਮਰਥਾ ਨੂੰ ਵੀ ਉਕਾ ਹੀ ਭੁਲ ਜਾਂਦੇ ਹਨ। ਸਾਮਰਾਜੀ ਖਪਤਕਾਰੀ ਦੀ ਇਹ ਵਹਿਸ਼ਤ ਮਨੁਖ ਦੇ ਮਨੁਖੀ ਗੁਣ ਵੀ ਖਤਮ ਕਰਦੀ ਜਾ ਰਹੀ ਹੈ। ਸਿਟੇ ਵਜੋਂ ਬੇਲੋੜੀਆਂ ਵਸਤੂਆਂ ਦਾ ਹੜ੍ਹ ਆਇਆ ਹੈ ਪਰ ਸਮੁਚੀ ਮਨੁਖ ਜਾਤੀ ਲਈ ਲੋੜੀਂਦੇ ਸੰਤੁਲਿਤ ਭੋਜਨ ਦੀ ਘਾਟ ਬਣੀ ਹੋਈ ਹੈ। ਮਨੁਖੀ ਚੌਗਿਰਦਾ ਪਲੀਤ ਹੋ ਰਿਹਾ ਹੈ ਤੇ ਅਨੇਕ ਕਿਸਮ ਦੇ ਭਿਆਨਕ ਰੋਗ ਜਨਮ ਲੈ ਰਹੇ ਹਨ। ਜਿਨ੍ਹਾਂ ਵਿਚੋਂ ਇਕ ਇਹ ਕਰੋਨਾ ਵਾਇਰਸ ਦੀ ਮਹਾਂਮਾਰੀ ਹੈ।

ਗੁਰਮਤਿ ਅਨੁਸਾਰ ਖਾਲਿਸਤਾਨ ਦੀ ਰਾਜਨੀਤੀ ਦਾ ਤਤ ਅਜਿਹੇ ਰਾਜ ਦੀ ਸਥਾਪਨਾ ਕਰਨੀ ਹੈ, ਜਿਥੇ ਹਰੇਕ ਮਾਈ ਭਾਈ ਇਸ ਬੇਅੰਤ-ਅਸੀਮ ਕੁਦਰਤ ਨਾਲ ਇਕਸੁਰਤਾ ਅਤੇ ਇਸਦੇ ਜਾਣੇ ਹੋਏ ਨੇਮਾਂ ਵਿਚ ਰਹਿਣ ਦੇ ਯਤਨ ਕਰਦਿਆਂ ਸਵੈ-ਸੰਜਮੀ (ਸਦਾਚਾਰੀ) ਜਿੰਦਗੀ ਜੀਵੇ ਅਤੇ ਹਥੀਂ ਕਿਰਤ ਕਰਦਾ ਹੋਇਆਂ ਸਮੂਹ ਭਾਈਚਾਰੇ ਨਾਲ ਰਲਮਿਲ ਕੇ ਵੰਡ ਛਕਣ ਦੇ ਅਸੂਲ ਤਹਿਤ ਆਪਣੀਆ ਤਰਕਸੰਗਤ ਲੋੜਾਂ ਦੀ ਪੂਰਤੀ ਕਰੇ। ਗੁਰਮਤਿ ਸਪਸ਼ਟ ਐਲਾਨ ਕਰਦੀ ਹੈ :

ਹੁਣ ਹੁਕਮੁ ਹੋਆ ਮਿਹਰਵਾਣ ਦਾ ਪੈ ਕੋਇ
ਨ ਕਿਸੈ ਰਞਾਣਦਾ ॥
ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ
ਰਾਜੁ ਜੀਉ ॥ (ਪੰਨਾ 74)

ਯਥਾ ਹੁਣ ਮਿਹਰਵਾਨ ਸਚੇ ਪਾਤਸ਼ਾਹ ਨੇ ਇਸ ਧਰਤੀ ਉਤੇ ਹਲੇਮੀ ਰਾਜ ਦੀ ਸਿਰਜਣਾ ਦਾ ਐਲਾਨ ਕਰ ਦਿਤਾ ਹੈ। ਜਿਸ ਰਾਜ ਵਿਚ ਕਿਸੇ ਨੂੰ ਤੰਗ-ਪ੍ਰੇਸ਼ਾਨ ਨਹੀਂ ਕੀਤਾ ਜਾਵੇਗਾ ਅਤੇ ਸਾਰੇ ਲੋਕ ਸੁਖੀ ਵਸਣਗੇ। ਰਾਜ ਦਾ ਇਹ ਸੰਕਲਪ ਹੀ ਅਜੋਕੀ ਮਨੁਖ ਜਾਤੀ ਦਾ ਭਵਿਖ ਹੈ। ਹੁਣ ਮਸਲਾ ਤਿੰਨ ਖੇਤੀ ਬਿਲਾਂ ਦੀ ਵਾਪਸੀ ਤਕ ਸੀਮਤ ਨਹੀਂ ਬਲਕਿ ਮੋਦੀਕਿਆਂ ਦੇ ਮਨੂਵਾਦੀ ਰਾਜ ਦੀ ਥਾਂ ਨਵੇਂ ਰਾਜ ਦੇ ਸੰਕਲਪ ਨੂੰ ਉਭਾਰਨ ਦਾ ਵੀ ਹੈ। ਮਨੁਖ ਜਾਤੀ ਦੇ ਭਵਿਖ ਉਤੇ ਨਜਰ ਮਾਰਿਆ ਸਪਸ਼ਟ ਦਿਸ ਰਿਹਾ ਹੈ ਕਿ ਪਛਮੀ ਸਾਮਰਾਜ ਦਾ ਬੇੜਾ ਡੁਬ ਰਿਹਾ ਹੈ ਅਤੇ ਮੋਦੀਕਿਆਂ ਦੇ ਪਿਛਲੇ ਸਾਲਾਂ ਵਿਚ ਕੀਤੇ ਪਾਪ ਸਿਰ ਚੜ੍ਹ ਕੇ ਬੋਲ ਰਹੇ ਹਨ। ਮੋਦੀ-ਸ਼ਾਹ ਦੇ ਚੋਣਾਂ ਜਿਤਣ ਦੇ ਪਾਗਲਪਣ ਨੇ ਜਿਵੇਂ 138 ਕਰੋੜ ਲੋਕਾਂ ਦੀ ਜਾਨ ਬਲੀ ਦੇ ਬੂਥੇ ਦਿਤੀ ਹੈ, ਉਸ ਨੂੰ ਭੋਗਦਿਆਂ ਹਰੇਕ ਮਨੁਖ ਤ੍ਰਾਹ ਤ੍ਰਾਹ ਕਰ ਰਿਹਾ ਹੈ। ਕੋਬਾਡ ਗਾਂਧੀ ਦਾ ਇਹ ਕਹਿਣਾ ਬਿਲਕੁਲ ਦਰੁਸਤ ਹੈ ਕਿ ਹੁਣ ਜਮਾਤੀ ਸੰਘਰਸ਼ ਪਹਿਲੇ ਰੂਪ ਵਿਚ ਨਹੀਂ ਬਲਕਿ ਨਵੇਂ ਰੂਪ ਵਿਚ ਪ੍ਰਗਟ ਹੋ ਰਿਹਾ ਹੈ। ਜਿਸ ਦੇ ਇਕ ਪਾਸੇ ਸਗਲ ਮਨੁਖ ਜਾਤੀ ਹੈ ਅਤੇ ਦੂਜੇ ਪਾਸੇ ਅੰਬਾਨੀ ਅਡਾਨੀ ਬਿਲ ਗੇਟਸ ਵਰਗੇ ਕੁਝ ਕੁ ਸੈਂਕੜੇ ਪਾਗਲ ਕਾਰਪੋਰੇਟ ਘਰਾਣੇ ਅਤੇ ਇਹਨਾਂ ਦੇ ਪਾਲਤੂ ਮੋਦੀਕੇ, ਇਖਲਾਕਹੀਣ ਅਮਰਿੰਦਰਕੇ ਤੇ ਬੇਸ਼ਰਮ ਬਾਦਲਕੇ ਹਨ, ਜਿਨ੍ਹਾਂ ਨੇ ਸਮੁਚੇ ਕੁਦਰਤੀ ਅਤੇ ਪੈਦਾਵਾਰੀ ਸਾਧਨਾਂ ਉਤੇ ਕਬਜਾ ਕੀਤਾ ਹੋਇਆ ਹੈ ਅਤੇ ਆਪਣੇ ਮਨ ਕਲਪਿਤ ਮਨੂਵਾਦੀ ਸੰਸਾਰ ਦੀ ਸਿਰਜਣਾ ਕਰਦਿਆਂ ਸਮੁਚੀ ਮਨੁਖ ਜਾਤੀ ਨੂੰ ਤਬਾਹੀ ਵਲ ਧਕੀ ਜਾ ਰਹੇ ਹਨ। ਸੰਸਾਰ ਭਰ ਵਿਚ ਲਗਾਤਾਰ ਵਧ ਰਿਹਾ ਸਾਮਰਾਜੀ ਦੇਸਾਂ ਵਿਚਲਾ ਟਕਰਾਅ ਨਿਤ ਦਿਨ ਸਪਸ਼ਟ ਕਰ ਰਿਹਾ ਹੈ ਕਿ ਇਹ ਕੂੜ ਦਾ ਰਾਜ ਹੁਣ ਹੋਰ ਬਹੁਤ ਸਮਾ ਨਹੀਂ ਚਲ ਸਕਦਾ।

# ਕਰੋਨਾ ਦੇ ਸੰਦਰਭ ਵਿਚ ਅਮਰੀਕਾ, ਚੀਨ ਨੂੰ ਕਟਹਿਰੇ ਵਿਚ ਖੜ੍ਹਾ ਨਾ ਕਰ ਸਕਿਆ

## ✪ ਚੀਨੀ ਵਾਇਰਸ ਦੀ ਉਤਪੱਤੀ ਨੂੰ ਲੈ ਕੇ ਜਾਂਚ ਕਿਸੇ ਨਤੀਜੇ 'ਤੇ ਨਾ ਪੁੱਜੀ

## ✪ ਰਾਸ਼ਟਰਪਤੀ ਜੋਅ ਬਾਈਡਨ ਨੇ ਚੀਨੀ ਰਾਸ਼ਟਰਪਤੀ ਨਾਲ ਗੱਲਬਾਤ ਦੌਰਾਨ ਮੁੱਦਾ ਨਾ ਚੁੱਕਿਆ

**ਦਿੱਵਿਆ ਕੁਮਾਰ ਸੋਤੀ**

ਕੋਰੋਨਾ ਵਾਇਰਸ ਤੋਂ ਉਪਜੀ ਮਹਾਂਮਾਰੀ ਕੋਵਿਡ-19 ਦੁਨੀਆ 'ਤੇ ਕਹਿਰ ਢਾਹ ਰਹੀ ਹੈ, ਪਰ ਇਸ 'ਤੇ ਕੋਈ ਚਰਚਾ ਨਹੀਂ ਹੋ ਰਹੀ ਹੈ ਕਿ ਇਹ ਵਾਇਰਸ ਪਣਪਿਆ ਅਤੇ ਫੈਲਿਆ ਕਿਵੇਂ ? ਦੁਨੀਆ ਦੀਆਂ ਗੋਡਣੀਆਂ ਲੁਆਉਣ ਵਾਲੇ ਇਸ ਚੀਨੀ ਵਾਇਰਸ ਦੀ ਉਤਪਤੀ ਨੂੰ ਲੈ ਕੇ ਜੋ ਜਾਂਚ ਸ਼ੁਰੂ ਹੋਈ ਸੀ, ਉਹ ਕਿਸੇ ਨਤੀਜੇ 'ਤੇ ਪੁੱਜਦੀ ਨਹੀਂ ਦਿਸ ਰਹੀ ਕਿਉਂਕਿ ਚੀਨੀ ਸੱਤਾ ਵਿਸ਼ਵ ਸਿਹਤ ਸੰਗਠਨ ਨੂੰ ਸਹਿਯੋਗ ਨਹੀਂ ਦੇ ਰਹੀ। ਇਸ ਦੇ ਬਾਵਜੂਦ ਅਮਰੀਕੀ ਪ੍ਰਸ਼ਾਸਨ ਚੀਨ ਦੀ ਜਵਾਬਦੇਹੀ ਤੈਅ ਕਰਨ ਦੀ ਟਰੰਪ ਦੀ ਨੀਤੀ ਨੂੰ ਪੂਰੀ ਤਰਾਂ ਛੱਡਦਾ ਦਿਖਾਈ ਦੇ ਰਿਹਾ ਹੈ। ਰਾਸ਼ਟਰਪਤੀ ਜੋਅ ਬਾਈਡਨ ਨੇ ਚੀਨੀ ਰਾਸ਼ਟਰਪਤੀ ਨਾਲ ਆਪਣੀ ਹਾਲੀਆ ਗੱਲਬਾਤ ਵਿਚ ਇਹ ਮੁੱਦਾ ਚੁੱਕਿਆ ਤੱਕ ਨਹੀਂ ਜਿਸ ਮਹਾਂਮਾਰੀ ਕਾਰਨ ਅਜੇ ਤੱਕ ਵਿਸ਼ਵ ਵਿਚ 30 ਲੱਖ ਤੋਂ ਵੱਧ ਮੌਤਾਂ ਹੋ ਚੁੱਕੀਆਂ ਹਨ। ਉਸ ਦੇ ਸਬੰਧ ਵਿਚ ਅਮਰੀਕਾ, ਚੀਨ ਤੋਂ ਸਵਾਲ-ਜਵਾਬ ਕਰਨ ਦੀ ਕੋਈ



ਇੱਛਾ ਤੱਕ ਨਹੀਂ ਜ਼ਾਹਰ ਕਰ ਰਿਹਾ। ਹੁਣ ਜਦੋਂ ਵਿਸ਼ਵ ਸਿਹਤ ਸੰਗਠਨ ਚੀਨ 'ਤੇ ਕੋਰੋਨਾ ਵਾਇਰਸ ਦੇ ਫੈਲਣ ਨਾਲ ਸਬੰਧਤ ਅੰਕੜਿਆਂ ਨੂੰ ਲੁਕਾਉਣ ਦਾ ਦੋਸ਼ ਲਗਾ ਰਿਹਾ ਹੈ, ਉਦੋਂ ਇਸ ਮਹਾਂਮਾਰੀ ਦੀ ਦੂਜੀ ਲਹਿਰ ਅਤੇ ਚੀਨੀ ਹਮਲਾਵਰ ਰੁਖ਼ ਦਾ ਸਾਹਮਣਾ ਕਰ ਰਹੇ ਭਾਰਤ ਨੂੰ ਹੋਰ ਦੇਸ਼ਾਂ ਨੂੰ ਨਾਲ ਲੈ ਕੇ ਇਸ ਮਾਮਲੇ ਵਿਚ ਸਖ਼ਤ ਰੁਖ ਅਪਨਾਉਣਾ ਚਾਹੀਦਾ ਹੈ। ਭਲਾ ਕਿਵੇਂ ਕੌਮਾਂਤਰੀ ਭਾਈਚਾਰਾ ਲੱਖਾਂ ਲੋਕਾਂ ਦੀ ਮੌਤ ਲਈ ਜ਼ਿੰਮੇਵਾਰ ਚੀਨ ਨੂੰ ਬਿਨਾਂ ਜਵਾਬਦੇਹੀ ਤੈਅ ਕੀਤੇ ਛੱਡ ਸਕਦਾ ਹੈ ? ਮਹਾਂਮਾਰੀ ਦੇ ਸ਼ੱਕੀ ਅਪਰਾਧੀ ਚੀਨ ਦੇ ਪ੍ਰਤੀ ਵਿਸ਼ਵ ਭਾਈਚਾਰੇ ਦਾ ਮੌਨ ਹੈਰਾਨ ਵੀ ਕਰਦਾ ਹੈ ਅਤੇ ਪ੍ਰੇਸ਼ਾਨ ਵੀ। ਇਸ ਤੋਂ ਵੀ ਵੱਧ ਫ਼ਿਕਰ ਵਾਲੀ ਗੱਲ ਇਹ ਹੈ ਕਿ ਚੀਨ ਆਪਣਾ ਹਮਲਾਵਰ ਰੁਖ਼ ਛੱਡਣ ਨੂੰ ਤਿਆਰ ਨਹੀਂ ਹੈ। ਉਹ ਹਰ ਉਸ ਦੇਸ਼ ਨੂੰ ਪ੍ਰੇਸ਼ਾਨ ਕਰ ਰਿਹਾ ਹੈ ਜਿਸ ਨੂੰ ਉਹ ਆਪਣੇ ਲਈ ਚੁਣੌਤੀ ਮੰਨ ਰਿਹਾ ਹੈ ਜਾਂ ਫਿਰ ਜੋ ਉਸ ਦੀ ਹਾਂ ਵਿਚ ਹਾਂ ਨਹੀਂ ਮਿਲਾ ਰਿਹਾ। ਬੀਤੇ ਕੁਝ ਦਿਨਾਂ ਵਿਚ ਕਈ ਖ਼ਬਰਾਂ ਆਈਆਂ ਹਨ ਜਿਨਾਂ ਦੇ ਭਾਰਤੀ ਸੁਰੱਖਿਆ ਲਈ ਦੂਰਗਾਮੀ ਪ੍ਰਭਾਵ ਹੋ ਸਕਦੇ ਹਨ। ਚੀਨੀ ਸੈਨਾ ਭਾਰਤੀ ਫ਼ੌਜ ਨਾਲ ਤਾਜ਼ਾ ਦੌਰ ਦੀ ਗੱਲਬਾਤ ਵਿਚ ਪੈਂਗੋਂਗ ਝੀਲ ਸਮੇਤ ਪੂਰਬੀ ਲੱਦਾਖ ਵਿਚ ਅਸਲ ਕੰਟਰੋਲ ਰੇਖਾ ਦੇ ਹੋਰ ਇਲਾਕਿਆਂ ਤੋਂ ਪਿੱਛੇ ਹਟਣ ਤੋਂ ਨਾਂਹ-ਨੁਕਰ ਕਰ ਰਹੀ ਹੈ ਅਤੇ ਤਰਾਂ-ਤਰਾਂ ਦੀਆਂ ਸ਼ਰਤਾਂ ਲਾ ਰਹੀ ਹੈ। ਇਹ ਬਹੁਤ ਚਿੰਤਾ ਵਧਾਉਣ ਵਾਲੀ ਗੱਲ ਹੈ। ਚੀਨ ਦੇ ਰਵੱਈਏ ਅਤੇ ਉਸ ਨਾਲ ਭਵਿੱਖ ਵਿਚ ਉਤਪੰਨ ਹੋ ਸਕਣ ਵਾਲੇ ਖ਼ਤਰੇ ਨੂੰ ਬਦਲੀ ਹੋਈ ਅਮਰੀਕੀ ਨੀਤੀ ਦੇ ਸਬੰਧ ਵਿਚ ਵੀ ਦੇਖਣਾ ਜ਼ਰੂਰੀ ਹੈ। ਕੋਰੋਨਾ ਸੰਕਟ ਸ਼ੁਰੂ ਹੋਣ ਤੋਂ ਬਾਅਦ ਤੋਂ ਹੀ ਅਮਰੀਕਾ ਨੇ ਚੀਨ ਪ੍ਰਤੀ ਸਖ਼ਤ ਰੁਖ਼ ਅਪਣਾ ਲਿਆ ਸੀ ਪਰ

**ਵਿਸ਼ਵ ਚਰਚਾ**

ਹੁਣ ਬਾਈਡਨ ਵੀ ਚੀਨ ਨੂੰ ਲੈ ਕੇ ਟਰੰਪ ਵਾਲੀਆਂ ਨੀਤੀਆਂ ਨੂੰ ਜਾਰੀ ਰੱਖਣਗੇ, ਇਸ ਵਿਚ ਸ਼ੱਕ ਹੈ। ਭਾਰਤ ਨੂੰ ਧਿਆਨ ਦੇਣਾ ਹੋਵੇਗਾ ਕਿ ਉਹ ਚੀਨ ਨਾਲ ਨਜਿੱਠਣ ਲਈ ਇਕ ਫ਼ੌਜੀ ਗਠਜੋੜ ਜਾਂ ਅਮਰੀਕਾ 'ਤੇ ਨਿਰਭਰ ਹੋ ਕੇ ਬੇਫ਼ਿਕਰ ਨਹੀਂ ਹੋ ਸਕਦਾ।

---

# ਕੋਰੋਨਾ ਕਾਰਨ ਪ੍ਰਵਾਸੀ ਮਜ਼ਦੂਰਾਂ ਦੀ ਹਾਲਤ ਮਾੜੀ



**ਗੁਰਮੀਤ ਸਿੰਘ ਪਲਾਹੀ**
9815802070

ਭਾਰਤ ਵਿੱਚ ਕੁਲ ਕਾਮਿਆਂ ਦੀ ਗਿਣਤੀ 45 ਕਰੋੜ ਹੈ। ਇਨਾਂ ਵਿੱਚੋਂ 93 ਫੀਸਦੀ ਅਸੰਗਠਿਤ ਖੇਤਰ ਵਿੱਚ ਕੰਮ ਕਰਨ ਵਾਲੇ ਮਜ਼ਦੂਰ ਹਨ। ਇਹ ਮਜ਼ਦੂਰ ਵੱਡੇ ਬੁਨਿਆਦੀ-ਢਾਂਚੇ, ਮਲਟੀਪਲੈਕਸਾਂ, ਹੋਟਲਾਂ, ਡਲਿਵਰੀ ਬੁਆਏ, ਰਿਕਸ਼ਾ ਚਾਲਕ, ਘਰੇਲੂ ਕੰਮ ਕਾਰ ਵਿੱਚ ਲੱਗੇ ਹੋਏ ਹਨ। ਇਹ ਲੋਕ ਨਾ ਕਿਸੇ ਟਰੇਡ ਯੂਨੀਅਨ ਦਾ ਹਿੱਸਾ ਹਨ ਅਤੇ ਨਾ ਹੀ ਇਨਾਂ ਦੀ ਨੌਕਰੀ ਦੀ ਕਿਧਰੇ ਕੋਈ ਸੁਰੱਖਿਆ ਹੈ। ਇਨਾਂ ਵਿੱਚੋਂ ਵੱਡੀ ਗਿਣਤੀ ਵਿੱਚ ਪ੍ਰਵਾਸੀ ਮਜ਼ਦੂਰ ਹਨ, ਜੋ ਇਨਾਂ ਅਸੰਗਠਿਤ ਖੇਤਰ ਦੇ ਮਜ਼ਦੂਰਾਂ ਵਿੱਚ ਸਭ ਤੋਂ ਕਮਜ਼ੋਰ ਤਬਕਾ ਹਨ। ਇਹ ਕਾਮੇ ਰੁਜ਼ਗਾਰ ਦੀ ਤਲਾਸ਼ ਵਿੱਚ ਸ਼ਹਿਰ ਵੱਲ ਜਾਂਦੇ ਹਨ ਕਿਉਂਕਿ ਉਨਾਂ ਦੇ ਆਪਣੇ ਪਿੰਡਾਂ ਵਿੱਚ ਚੰਗਾ ਜੀਵਨ ਬਸਰ ਦੇ ਸਾਧਨ ਹੀ ਨਹੀਂ ਹਨ।

ਪਿਛਲੇ ਸਾਲ ਇਨਾਂ ਪ੍ਰਵਾਸੀ ਮਜ਼ਦੂਰਾਂ ਨਾਲ ਕੋਵਿਡ-19 ਦੀ ਮਹਾਂਮਾਰੀ ਦੇ ਸਮੇਂ ਜੋ ਵਾਪਰਿਆ, ਉਹ ਇੱਕ ਦਰਦਨਾਕ ਕਹਾਣੀ ਹੈ। ਇਹ ਪ੍ਰਵਾਸੀ ਮਜ਼ਦੂਰ, ਜਿਹੜੇ ਆਮ ਤੌਰ 'ਤੇ ਗਗਨਚੁੰਬੀ ਇਮਾਰਤਾਂ ਦੇ ਨਜ਼ਦੀਕ ਬਣੇ ਸਲੱਮ ਖੇਤਰ, ਝੁੱਗੀਆਂ ਆਦਿ ਥਾਂਵਾਂ 'ਤੇ ਨਿਵਾਸ ਕਰਦੇ ਸਨ, ਉਨਾਂ ਦੀਆਂ ਦਿਹਾੜੀਆਂ ਦੇ ਕੰਮ ਖੁਸ ਗਏ। ਉਨਾਂ ਨੂੰ ਰੋਟੀ ਤੋਂ ਵੀ ਤੰਗੀ ਆਉਣ ਲੱਗੀ, ਲਾਕਡਾਊਨ ਕਾਰਨ ਉਨਾਂ ਦੇ ਮਾਲਕਾਂ ਨੇ ਭਾਵੇਂ ਉਹ ਠੇਕੇਦਾਰ ਸਨ, ਭਾਵੇਂ ਫੈਕਟਰੀ ਮਾਲਕ, ਉਹਨਾਂ ਦੀ ਬਾਂਹ ਨਾ ਫੜੀ। ਅੰਤਰਰਾਸ਼ਟਰੀ ਲੇਬਰ ਔਰਗੇਨਾਈਜੇਸ਼ਨ ਦੀ ਇੱਕ ਰਿਪੋਰਟ ਅਨੁਸਾਰ 6.94 ਕਰੋੜ ਮਜ਼ਦੂਰਾਂ ਨੇ ਲਾਕਡਾਊਨ ਵਿੱਚ ਨੌਕਰੀਆਂ ਗੁਆਈਆਂ ਅਤੇ ਕਾਮਿਆਂ ਨੂੰ ਇਸ ਦੌਰਾਨ 63, 553 ਕਰੋੜ ਦਾ ਘਾਟਾ ਪਿਆ ਜੋ ਭਾਰਤ ਦੀ ਮਗਨਰੇਗਾ ਸਕੀਮ ਦਾ ਇੱਕ ਸਾਲ ਦਾ ਬਜਟ ਹੈ।

ਇਹੋ ਜਿਹੀਆਂ ਹਾਲਤਾਂ ਵਿੱਚ ਉਨਾਂ ਨੂੰ ਸੁਰੱਖਿਅਤ ਥਾਂ ਆਪਣਾ ਜੱਦੀ ਘਰ, ਜੱਦੀ ਪਿੰਡ ਹੀ ਦਿਸਿਆ। ਉਹ ਸੈਂਕੜੇ ਮੀਲ ਦੂਰ ਆਪਣੇ ਪਿੰਡਾਂ ਨੂੰ ਵਾਪਸ ਜਾਣ ਲਈ ਔਖ-ਸੌਖ ਨਾਲ ਲੱਭੇ ਸਾਧਨਾਂ ਜਾਂ ਫਿਰ ਆਪਣੇ ਘਰਾਂ ਵੱਲ ਜਾਂਦਿਆਂ ਵੱਡੀਆਂ ਸੜਕਾਂ 'ਤੇ ਪੈਦਲ ਹੀ ਤੁਰ ਪਏ। ਕਈਆਂ ਨੂੰ 500 ਕਿਲੋਮੀਟਰ ਤਕ ਤੁਰਨਾ ਪਿਆ। ਸੂਬਿਆਂ ਦੀਆਂ ਸਰਹੱਦਾਂ 'ਤੇ ਪੁਲਿਸ ਦੀ ਕੁੱਟ ਖਾਣੀ ਪਈ। ਉਨਾਂ ਦਾ ਰੋਜ਼ਗਾਰ ਖਤਮ ਹੋ ਗਿਆ ਸੀ। ਇਹਨਾਂ ਹਾਸ਼ੀਏ ਉੱਤੇ ਜ਼ਿੰਦਗੀ ਜੀਊਣ ਵਾਲੇ ਲੋਕਾਂ ਦਾ ਜੀਵਨ ਅਨਿਸ਼ਚਿਤ ਹੋ ਗਿਆ ਸੀ, ਉਨਾਂ ਕੋਲ ਸ਼ਰਨ ਲੈਣ ਲਈ ਸਿਰਫ ਤੇ ਸਿਰਫ ਆਪਣਾ ਜੱਦੀ ਘਰ ਰਹਿ ਗਿਆ ਸੀ।

ਇਹ ਸਥਿਤੀ ਪਿਛਲੇ ਸਾਲ ਅਪ੍ਰੈਲ ਮਹੀਨੇ ਦੀ ਹੈ ਅਤੇ ਪੂਰੇ ਇੱਕ ਸਾਲ ਬਾਅਦ ਹੁਣ ਫਿਰ ਇਨਾਂ ਪ੍ਰਵਾਸੀ ਕਾਮਿਆਂ ਅੰਦਰ ਡਰ ਪੈਦਾ ਹੋ ਰਿਹਾ ਹੈ। ਕੋਰੋਨਾ ਮਹਾਂਮਾਰੀ ਨੇ ਦੇਸ਼ ਵਿੱਚ ਫਿਰ ਦਸਤਕ ਦਿੱਤੀ ਹੈ। ਕੁਝ ਸੂਬਿਆਂ ਵਿੱਚ ਲਾਕਡਾਊਨ ਅਤੇ ਹਫਤਾਵਾਰੀ ਕਰਫਿਊ ਲੱਗ ਰਹੇ ਹਨ। ਮਹਾਰਾਸ਼ਟਰ ਵਿੱਚ ਵਸਣ ਵਾਲੇ ਪ੍ਰਵਾਸੀ ਇਸ ਡਰ ਤੋਂ ਕਿ ਉਹ ਮੁੜ ਲਾਕਡਾਊਨ ਵਿੱਚ ਫਸ ਨਾ ਜਾਣ, ਰੋਜ਼ੀ-ਰੋਟੀ ਤੋਂ ਰਹਿਤ ਹੋ ਭੁੱਖੇ ਨਾ ਮਰ ਜਾਣ, ਰੇਲ ਗੱਡੀਆਂ ਅਤੇ ਹੋਰ ਸਾਧਨਾਂ ਰਾਹੀਂ ਆਪਣੇ ਪਿੰਡਾਂ ਵੱਲ ਸਸਤੇ-ਮਹਿੰਗੇ ਵਾਹਨਾਂ ਰਾਹੀਂ ਚਾਲੇ ਪਾਉਣ ਲਈ ਮਜਬੂਰ ਹਨ। ਉਨਾਂ ਪਿੰਡਾਂ ਵੱਲ, ਜਿੱਥੇ ਉਨਾਂ ਲਈ ਕੋਈ ਰੁਜ਼ਗਾਰ ਨਹੀਂ, ਕੋਈ ਸੁਵਿਧਾ ਨਹੀਂ, ਜੇ ਕੁਝ ਹੈ ਤਾਂ ਇਹ ਇਹਸਾਸ ਕਿ ਉਹ ਆਪਣੇ ਘਰ ਵਿੱਚ 'ਸੁੱਖ ਦੀ ਨੀਂਦ' ਵਿੱਚ ਰਹਿਣਗੇ।

ਬਿਨਾਂ ਸ਼ੱਕ ਕੋਰੋਨਾ ਮਹਾਂਮਾਰੀ ਦੇ ਦੌਰ ਵਿੱਚ ਦੇਸ਼ ਦਾ ਹਰੇਕ ਨਾਗਰਿਕ ਪ੍ਰਭਾਵਤ ਹੋ ਰਿਹਾ ਹੈ। ਕੋਵਿਡ-19 ਦੇ ਦੂਜੇ ਫੈਲਾਅ ਵਿੱਚ ਲੋਕਾਂ ਉੱਤੇ ਇਲਾਜ ਦੀ ਮਾਰ ਅਤੇ ਹਸਪਤਾਲਾਂ ਦੇ ਖਰਚ ਦਾ ਦਬਾਅ ਹੈ। ਪੈਟਰੋਲ-ਡੀਜ਼ਲ ਅਤੇ ਹੋਰ ਵਸਤੂਆਂ ਦੀਆਂ ਥੋਕ ਕੀਮਤਾਂ ਵਿੱਚ ਮਾਰਚ ਮਹੀਨੇ ਵਿੱਚ ਪਿਛਲੇ ਅੱਠ ਸਾਲਾਂ ਵਿੱਚ ਸਭ ਤੋਂ ਵੱਧ ਵਾਧਾ ਚਿੰਤਾਜਨਕ ਹੈ। ਥੋਕ ਮਹਿੰਗਾਈ ਦਰ ਦਾ ਆਮ ਆਦਮੀ ਉੱਤੇ ਭਾਵੇਂ ਸਿੱਧਾ ਅਸਰ ਨਹੀਂ ਪੈਂਦਾ ਪਰ ਇਸਦੇ ਤੇਜ਼ੀ ਨਾਲ ਵਧਣ ਦਾ ਮਤਲਬ ਇਹ ਹੈ ਕਿ ਉਸ ਪ੍ਰਚੂਨ ਮਹਿੰਗਾਈ ਦਰ ਉੱਤੇ ਵੀ ਇਸਦੀ ਤੇਜ਼ੀ ਆਏਗੀ, ਜੋ ਆਮ ਆਦਮੀ ਨਾਲ ਸਿੱਧੀ ਜੁੜੀ ਹੋਈ ਹੈ। ਇਹਨਾਂ ਵਿੱਚ ਕੱਚੇ ਤੇਲ ਅਤੇ ਖਾਧ ਪਦਾਰਥਾਂ ਦੀ ਕੀਮਤ ਵਿੱਚ ਆ ਰਹੀ ਤੇਜ਼ੀ ਇਹ ਮੰਨਣ ਦਾ ਕਾਰਨ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਮਹਿੰਗਾਈ ਵਧੇਗੀ। ਮਹਾਂਮਾਰੀ ਦੀ ਆੜ ਵਿੱਚ ਜਮਾਂਖੋਰੀ ਵੀ ਵਧੇਗੀ।

ਇਸ ਸਮੇਂ ਜਦੋਂ ਕਿ ਦੇਸ਼ ਵਿੱਚ ਕਰੋਨਾ ਕਾਰਨ ਕੁਹਰਾਮ ਮਚਿਆ ਹੋਇਆ ਹੈ, ਲੋਕਾਂ ਵਿੱਚ ਡਰ-ਭੈਅ ਵਧ ਰਿਹਾ ਹੈ, ਨਿਰਾਸ਼ਾ ਵਧ ਰਹੀ ਹੈ। ਪਰ ਦੇਸ਼ ਦੇ ਕੁਝ ਸੂਬਿਆਂ ਵਿੱਚ ਵੱਡੀਆਂ ਚੋਣ ਰੈਲੀਆਂ ਆਯੋਜਿਤ ਹੋ ਰਹੀਆਂ ਹਨ, ਜਿਨਾਂ ਵਿੱਚ ਸਿਆਸੀ ਧਿਰਾਂ ਦੇ ਵੱਡੇ ਨੇਤਾ ਹਜ਼ਾਰਾਂ-ਲੱਖਾਂ ਲੋਕਾਂ ਦਾ ਇਕੱਠ ਕਰਦੇ ਹਨ। ਦੇਸ਼ ਵਿੱਚ ਵੱਡੇ ਧਾਰਮਿਕ ਇਕੱਠ ਵੀ ਹੋ ਰਹੇ ਹਨ। ਕੀ ਇਸ ਨਾਲ ਕੋਰੋਨਾ ਪਸਾਰ ਨਹੀਂ ਵੱਧ ਰਿਹਾ ?

ਕਰੋਨਾ ਪਸਾਰ ਦੇ ਵਾਧੇ ਕਾਰਨ ਲੌਕਡਾਊਨ ਅਤੇ ਕਰਫਿਊ ਲੱਗਣ ਨਾਲ ਦੇਸ਼ ਵਿੱਚ ਸਭ ਤੋਂ ਕਮਜ਼ੋਰ ਲੋਕਾਂ, ਖਾਸ ਕਰ ਪ੍ਰਵਾਸੀ ਕਾਮਿਆਂ ਉੱਤੇ ਪ੍ਰਭਾਵ ਪਏਗਾ। ਉਹ ਦੂਜੀ ਵੇਰ ਫਿਰ ਪੈਦਾ ਹੋਈ ਭਿਅੰਕਰ ਸਥਿਤੀ ਤਾਂ ਸਾਹਮਣਾ ਕਿਵੇਂ ਕਰਨਗੇ ? ਕਿਵੇਂ ਉਹ ਦੁਬਾਰਾ ਉਸ ਹੋਣੀ ਨਾਲ ਦੋ ਚਾਰ ਹੋਣਗੇ ਜਿਹੜੀ ਉਹਨਾਂ ਨੇ ਆਪਣੇ ਪਿੰਡਿਆਂ 'ਤੇ ਪਿਛਲੇ ਵਰੇ ਹੰਢਾਈ, ਸੜਕਾਂ ਉੱਤੇ ਨੰਗੇ ਪੈਰ ਤੁਰਦਿਆਂ, ਰੇਲ ਲਾਈਨਾਂ ਕੰਢੇ ਸਫਰ ਕਰਦਿਆਂ। ਇਹ ਸਫਰ ਕਈ ਪ੍ਰਵਾਸੀ ਕਾਮੇ ਪੂਰਾ ਵੀ ਨਾ ਕਰ ਸਕੇ। ਇੱਕ ਮਾਲ ਰੇਲ ਗੱਡੀ ਨੇ ਉਹਨਾਂ ਵਿੱਚੋਂ 16 ਕਾਮਿਆਂ ਨੂੰ ਅਰੰਗਾਬਾਦ ਦੇ ਲਾਗੇ ਦਰੜ ਸੁੱਟਿਆ ਜਿਹੜੇ ਆਪਣੇ ਮੱਧ ਪ੍ਰਦੇਸ਼ ਵਿੱਚ ਘਰਾਂ ਨੂੰ ਪਰਤ ਰਹੇ ਸਨ। ਇਹ ਸਾਰੇ ਫੈਕਟਰੀ ਵਰਕਰ ਸਨ।

ਅਸਲ ਵਿੱਚ ਨਿੱਤ ਦਿਹਾੜੇ ਔਖਿਆਈਆਂ ਨਾਲ ਦੋ ਚਾਰ ਹੋਣ ਵਾਲੇ ਕਾਮਿਆਂ ਨੂੰ ਮਹਾਂਮਾਰੀਆਂ ਜਾਨ ਦਾ ਖੋਅ ਬਣਕੇ ਟੱਕਰਦੀਆਂ ਹਨ। ਪਿਛਲੇ ਸਾਲ ਜਦੋਂ ਪ੍ਰਵਾਸੀ ਲੋਕ ਮਾਰੇ ਗਏ, ਮਹਾਂਮਾਰੀ ਨੇ ਉਹਨਾਂ ਦਾ ਲੱਕ ਤੋੜਿਆ ਤਾਂ ਭਾਰਤੀ ਸੰਸਦ ਦੀ ਇੱਕ ਕਮੇਟੀ ਬਣਾਈ ਗਈ ਕਿ ਕਿਵੇਂ ਇਹਨਾਂ ਪ੍ਰਵਾਸੀ ਕਾਮਿਆਂ ਨੂੰ ਦੇਸ਼ ਦੇ ਕਾਮਿਆਂ ਦੀ ਮੁੱਖ ਧਾਰਾ ਵਿੱਚ ਲਿਆ ਜਾਵੇ। ਸੰਸਦ ਦੀ ਇਸ ਸਥਾਈ ਕਮੇਟੀ ਨੇ ਇਹ



ਮੰਨਿਆ ਕਿ ਪ੍ਰਵਾਸੀ ਕਾਮੇ ਉਦਯੋਗਿਕ ਖੇਤਰ ਦੀ ਰੀੜ ਦੀ ਹੱਡੀ ਹਨ, ਲੇਕਿਨ ਕੋਵਿਡ-19 ਮਹਾਂਮਾਰੀ ਨੇ ਮੌਜੂਦਾ ਸਰਵਜਨਕ ਨੀਤੀ ਢਾਂਚੇ ਵਿੱਚ ਕੁਝ ਖਾਮੀਆਂ ਹਨ। ਇਸ ਕਮੇਟੀ ਨੇ ਸਰਕਾਰ ਨੂੰ ਸਿਫਾਰਸ਼ ਕੀਤੀ ਕਿ ਸੰਗਠਿਤ ਅਤੇ ਅਸੰਗਠਿਤ ਦੋਨਾਂ ਖੇਤਰਾਂ ਵਿੱਚ ਕੰਮ ਕਰਨ ਵਾਲੇ ਕਾਮਿਆਂ ਨੂੰ ਸਿਹਤ ਸੇਵਾਵਾਂ, ਨਕਦੀ ਬੈਂਕ ਲੈਣ-ਦੇਣ ਅਤੇ ਹੋਰ ਸਮਾਜਿਕ ਭਲਾਈ ਕੰਮਾਂ ਵਿੱਚ ਸ਼ਾਮਲ ਕਰਕੇ ਇਹਨਾਂ ਦੀ ਘੱਟੋ-ਘੱਟ ਦਿਹਾੜੀ, ਖਾਧ ਸੁਰੱਖਿਆ ਅਤੇ ਸੁਰੱਖਿਅਤ ਜੀਵਨ ਸਥਿਤੀ ਯਕੀਨੀ ਬਣਾਈ ਜਾਵੇ ਅਤੇ ਪ੍ਰਵਾਸੀ ਕਾਮਿਆਂ ਦਾ ਇੱਕ ਰਾਸ਼ਟਰੀ ਡਾਟਾ ਬੇਸ ਤਿਆਰ ਕੀਤਾ ਜਾਵੇ ਤਾਂ ਕਿ ਉਹਨਾਂ ਨੂੰ ਰਾਸ਼ਨ ਅਤੇ ਹੋਰ ਲਾਭ ਦਿੱਤੇ ਜਾਣ। ਪਰ ਇੱਕ ਸਾਲ ਦੇ ਸਮੇਂ ਵਿੱਚ ਇਸ ਗੋਹੜੇ ਵਿੱਚੋਂ ਇੱਕ ਪੂਣੀ ਵੀ ਨਹੀਂ ਕੱਤੀ ਗਈ। ਕੁਝ ਰਾਸ਼ੀ ਪ੍ਰਧਾਨ ਮੰਤਰੀ ਫੰਡ ਵਿੱਚੋਂ ਰੇਹੜੀ ਵਾਲਿਆਂ ਆਦਿ ਲਈ ਰਾਖਵੀਂ ਕੀਤੀ ਗਈ। ਘੱਟੋ-ਘੱਟ ਪ੍ਰਵਾਸੀ ਕਾਮਿਆਂ ਲਈ ਇਸ ਇੱਕ ਸਾਲ ਦੇ ਸਮੇਂ ਵਿੱਚ ਉਹਨਾਂ ਦੀ ਕੰਮ ਜਾਂ ਠਹਿਰ ਵਾਲੀ ਥਾਂ ਉੱਤੇ ਹਰ ਮਹੀਨੇ ਖਾਧ ਪਦਾਰਥ (ਰਾਸ਼ਨ) ਦੇਣ ਦੇ ਪ੍ਰਬੰਧ ਹੀ ਕੀਤੇ ਹੁੰਦੇ ਤਾਂ ਸ਼ਾਇਦ ਇਹ ਪ੍ਰਵਾਸੀ ਕਾਮਿਆਂ ਨੂੰ ਕੁਝ ਰਾਹਤ ਤਾਂ ਮਿਲਦੀ। ਉਹ ਕਰੋਨਾ ਮਹਾਂਮਾਰੀ ਦੇ ਦੂਜੇ ਦੌਰ ਵਿੱਚ ਕੁਝ ਤਾਂ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰਦੇ।

ਭਾਰਤ ਦੀ 2.19 ਫ਼ੀਸਦੀ ਅਬਾਦੀ ਗਰੀਬੀ ਰੇਖਾ ਤੋਂ ਹੇਠ ਹੈ। ਪਿਛਲੇ ਸਾਲ ਭਾਰਤ ਵਿੱਚ ਤਿੰਨ ਕਰੋੜ ਤੀਹ ਲੱਖ ਵਿਅਕਤੀ ਹੋਰ ਗਰੀਬ ਹੋ ਗਏ। ਸਭ ਲਈ ਭੋਜਨ 80 ਕਰੋੜ ਲੋਕਾਂ ਲਈ ਸਹੂਲਤ ਦੇਣ ਲਈ ਐਲਾਨਿਆ ਗਿਆ। ਪਰ ਇਹ ਭੋਜਨ ਕਿੰਨਿਆਂ ਹੱਥ ਆਉਂਦਾ ਹੈ ? ਭਾਰਤ ਦੀ ਵਿਕਾਸ ਨੀਤੀ ਵਿੱਚ ਸੰਗਠਿਤ ਮਜ਼ਦੂਰਾਂ ਲਈ ਸੁਰੱਖਿਆ, ਟਰੇਡ ਯੂਨੀਅਨ, ਤਨਖਾਹ, ਸਿਹਤ, ਖਾਧ ਸੁਰੱਖਿਆ ਘੱਟੋ ਘੱਟ ਤਨਖਾਹਾਂ ਦੀ ਗੱਲ ਤਾਂ ਕੀਤੀ ਜਾਂਦੀ ਹੈ, ਪਰ ਦੇਸ਼ ਦੇ ਹਾਕਮਾਂ ਨੇ ਅਸੁਰੱਖਿਅਤ ਅਸੰਗਠਿਤ ਸਮੇਤ ਪ੍ਰਵਾਸੀ ਮਜ਼ਦੂਰਾਂ ਨੂੰ ਉਨਾਂ ਦੇ ਰਹਿਮੋ ਕਰਮ ਉੱਤੇ ਛੱਡਿਆ ਹੋਇਆ ਹੈ। ਦੇਸ਼ ਵਿੱਚ ਇੱਕ ਸੂਬੇ ਤੋਂ ਦੂਜੇ ਸੂਬੇ ਤਕ ਪ੍ਰਵਾਸ ਕਰਨ ਵਾਲਿਆਂ ਦੀ ਗਿਣਤੀ 1.4 ਕਰੋੜ ਹੈ। ਆਪਣੇ ਸੂਬੇ ਦੇ ਪਿੰਡਾਂ ਤੋਂ ਸ਼ਹਿਰਾਂ ਅਤੇ ਆਪਣੇ ਸ਼ਹਿਰ ਤੋਂ ਦੂਜੇ ਸ਼ਹਿਰਾਂ ਤਕ ਪ੍ਰਵਾਸ ਕਰਨ ਵਾਲਿਆਂ ਦੀ ਗਿਣਤੀ 14 ਕਰੋੜ ਹੈ। ਇਹ 1.4 ਕਰੋੜ ਲੋਕਾਂ ਦੀ ਪ੍ਰਤੀ ਮਹੀਨਾ ਪ੍ਰਤੀ ਪਰਿਵਾਰ ਆਮਦਨ 3500 ਤੋਂ 4000 ਰੁਪਏ ਹੈ। ਅਰਥਾਤ ਜੇਕਰ ਇੱਕ ਪਰਿਵਾਰ ਵਿੱਚ 5 ਜੀਅ ਹਨ ਤਾਂ ਪ੍ਰਤੀ ਵਿਅਕਤੀ ਔਸਤ ਆਮਦਨ 700 ਰੁਪਏ ਤੋਂ ਅੱਠ ਸੌ ਰੁਪਏ ਤਕ ਹੈ ਜੋ ਕਿ ਕਿਸੇ ਵੀ ਹਾਲਾਤ ਵਿੱਚ ਪ੍ਰਤੀ ਦਿਨ ਲਈ ਗੁਜ਼ਾਰਾ ਯੋਗ ਰਾਸ਼ੀ ਨਹੀਂ ਹੈ।

ਹੈਰਾਨੀ ਵਾਲੀ ਗੱਲ ਤਾਂ ਇਹ ਵੀ ਹੈ ਕਿ ਅਸੰਗਠਿਤ 85 ਫ਼ੀਸਦੀ ਕਾਮਿਆਂ ਉੱਤੇ ਕੋਈ ਵੀ ਮਜ਼ਦੂਰ ਐਕਟ ਲਾਗੂ ਨਹੀਂ ਹੈ। ਅਸੰਗਠਿਤ ਖੇਤਰ ਦੇ ਕਾਮਿਆਂ ਦੇ ਕੰਮ ਕਰਨ ਦੇ ਘੰਟੇ ਨੀਅਤ ਨਹੀਂ ਹਨ। ਘੱਟੋ-ਘੱਟ ਤਨਖਾਹਾਂ ਦਾ ਐਕਟ ਉਨਾਂ 'ਤੇ ਲਾਗੂ ਨਹੀਂ। ਉਨਾਂ ਨੂੰ ਮਾੜੀਆਂ ਹਾਲਤਾਂ ਵਿੱਚ ਕੰਮ ਕਰਨ ਲਈ ਮਜਬੂਰ ਹੋਣਾ ਪੈਂਦਾ ਹੈ। ਔਰਤਾਂ ਅਤੇ ਬੱਚਿਆਂ ਦੇ ਕੰਮ ਦੇ ਹਾਲਾਤ ਤਾਂ ਬਹੁਤ ਤਰਸਯੋਗ ਹਨ।

ਅੰਤਰਰਾਸ਼ਟਰੀ ਲੇਬਰ ਕਮਿਸ਼ਨ (ਆਈ.ਐੱਲ.ਓ.) ਅਤੇ ਅਜੀਵਕਾ ਨਾਮ ਦੀ ਸਮਾਜ ਸੇਵੀ ਸੰਸਥਾ ਨੇ ਦਸੰਬਰ 2020 ਵਿੱਚ ਕਾਮਿਆਂ ਦੇ ਮੁੱਦਿਆਂ, ਖ਼ਾਸ ਕਰਕੇ ਪ੍ਰਵਾਸੀ ਮਜ਼ਦੂਰਾਂ ਸਬੰਧੀ ਇੱਕ ਰਿਪੋਰਟ ਛਾਪੀ ਹੈ ਅਤੇ ਸਰਕਾਰ ਨੂੰ ਕਾਮਿਆਂ ਦੀ ਜ਼ਿੰਦਗੀ ਸੁਖਾਵੀਂ ਬਣਾਉਣ ਦੀ ਲੋੜ ਉੱਤੇ ਜ਼ੋਰ ਦਿੱਤਾ ਹੈ। ਇਨਾਂ ਮੁੱਦਿਆਂ ਵਿੱਚ ਕਾਮਿਆਂ ਦੀ ਇਨਸਾਫ਼ ਤੱਕ ਸੌਖੀ ਪਹੁੰਚ, ਕੰਮ ਵਾਲੀਆਂ ਥਾਂਵਾਂ ਉੱਤੇ ਸੁਰੱਖਿਅਤ ਹਾਲਾਤ, ਗੈਰ-ਪਰੰਪਰਾਗਤ ਸਿੱਖਿਆ, ਹਰ ਕਿਸਮ ਦੀ ਸਮਾਜਿਕ ਸੁਰੱਖਿਆ ਅਤੇ ਸਿਹਤ ਸਹੂਲਤਾਂ ਅਤੇ ਟਰੇਡ ਯੂਨੀਅਨ ਅਤੇ ਸੰਗਠਨਾਂ ਦੀ ਮੈਂਬਰਸ਼ਿਪ ਮੁੱਖ ਮੁੱਦੇ ਹਨ। ਭਾਰਤ ਕਿਉਂਕਿ ਨੌਜਵਾਨ ਕਾਮਾ ਸ਼ਕਤੀ ਵਿੱਚ ਵਿਸ਼ਵ ਭਰ ਵਿੱਚ ਵਿਸ਼ੇਸ਼ ਥਾਂ ਰੱਖਦਾ ਹੈ, ਇਸ ਲਈ ਦੇਸ਼ ਦੇ ਨੀਤੀ-ਘਾੜਿਆਂ ਨੂੰ ਇਨਾਂ ਸਿਫ਼ਾਰਸ਼ਾਂ ਵੱਲ ਧਿਆਨ ਦੇ ਕੇ ਕਾਮਿਆਂ ਦੀ ਹਾਲਾਤ ਸੁਧਾਰਨ ਵੱਲ ਵਧੇਰੇ ਧਿਆਨ ਦੇਣ ਦੀ ਲੋੜ ਹੈ ਤਾਂ ਕਿ ਮਹਾਂਮਾਰੀ ਦੇ ਦੂਜੇ ਦੌਰ ਵਿੱਚ ਕਾਮੇ ਭੁੱਖਮਰੀ ਦਾ ਸ਼ਿਕਾਰ ਨਾ ਹੋਣ, ਅਸੁਰੱਖਿਅਤ ਮਹਿਸੂਸ ਨਾ ਕਰਨ ਅਤੇ ਖ਼ਾਸ ਕਰਕੇ ਪ੍ਰਵਾਸੀ ਕਾਮੇ 'ਹਮੇ ਘਰ ਜਾਨੇ ਦੋ' ਵਰਗੇ ਮਨੁੱਖੀ ਮਨ ਨੂੰ ਪੀੜਤ ਕਰਨ ਵਾਲੇ ਬੋਲ, ਬੋਲਣ ਲਈ ਮੁੜ ਮਜਬੂਰ ਨਾ ਹੋਣ।

# ਭਾਰਤ ਵਿਚ ਮਾਓਵਾਦੀ ਸੰਘਰਸ਼



ਰਣਜੀਤ ਸਿੰਘ ਕੁਕੀ

ਛੱਤੀਸਗੜ੍ਹ ਦੇ ਬਸਤਰ ਜਿਲੇ ਵਿਚ ਹਾਲ ਹੀ ਵਿਚ ਮਾਓਵਾਦੀਆਂ ਅਤੇ ਭਾਰਤੀ ਸੁਰੱਖਿਆ ਬਲਾਂ ਦੀ ਝੜਪ ਜਿਸ ਵਿਚ ਬਾਈ ਸੁਰੱਖਿਆ ਕਰਮੀ ਮਾਰੇ ਗਏ, ਉਸ ਨੇ ਭਾਰਤ ਵਿਚ ਮਾਓਵਾਦੀ ਖਤਰੇ ਨੂੰ ਮੁੜ ਤੋਂ ਕੇਂਦਰ ਵਿਚ ਲੈ ਆਂਦਾ ਹੈ।ਗਿਆਰਾਂ ਸਾਲ ਪਹਿਲਾਂ ਇਸ ਨੂੰ ਉਦੋਂ ਦੇ ਪ੍ਰਧਾਨ ਮੰਤਰੀ ਦੁਆਰਾ ਦੇਸ਼ ਦੇ ਲਈ ਸਭ ਤੋਂ ਗੰਭੀਰ ਅੰਦਰੂਨੀ ਸੁਰੱਖਿਆ ਚੁਣੌਤੀ ਗਰਦਾਨਿਆ ਗਿਆ ਸੀ।ਮਾਓਵਾਦੀਆਂ ਅਤੇ ਭਾਰਤੀ ਸੁਰੱਖਿਆ ਬਲਾਂ ਵਿਚਕਾਰ ਯੁੱਧ ਦੁਸ਼ਮਣ ਉੱਪਰ ਵਾਰ-ਵਾਰ ਹਮਲਾ ਕਰਕੇ ਉਸ ਨੂੰ ਕਮਜੋਰ ਕਰਨ ਦੀ ਪ੍ਰੀਕਿਰਿਆ ਹੈ ਜਿੱਥੇ ਦਹਾਕਿਆਂ ਦੀ ਹਿੰਸਾ ਤੋਂ ਬਾਅਦ ਵੀ ਕੋਈ ਜੇਤੂ ਨਹੀਂ ਹੋ ਪਾਇਆ ਹੈ। ਕਬਾਇਲੀ ਲੋਕ, ਜਿਨਾਂ ਦੀ ਪ੍ਰਤੀਨਿਧਤਾ ਦਾ ਮਾਓਵਾਦੀ ਦਾਅਵਾ ਕਰਦੇ ਹਨ, ਉਮੀਦ ਦੀ ਲੜਾਈ ਲੜ ਰਹੇ ਹਨ ਜਿਸ ਦੀ ਇਵਜ਼ ਵਿਚ ਸਟੇਟ ਹੱਥੋਂ ਉਹ ਭੁੱਖਮਰੀ, ਮੌਤ, ਉਜਾੜਾ, ਦਮਨ ਅਤੇ ਬਲਤਾਕਾਰ ਜਿਹੇ ਅਣਮਨੁੱਖੀ ਤਸ਼ੱਦਦ ਝੱਲ ਰਹੇ ਹਨ। ਮਾਓਵਾਦੀਆਂ ਅਤੇ ਭਾਰਤੀ ਸੁਰੱਖਿਆ ਬਲਾਂ ਵਿਚਕਾਰ ਯੁੱਧ ਨੂੰ ਇਨਾਂ ਸ਼ਬਦਾਂ ਵਿਚ ਲਿਖਿਆ ਜਾ ਸਕਦਾ ਹੈ :

ਮੁਮਕਿਨ ਨਹੀਂ ਚਮਨ ਮੇਂ ਦੋਨੋਂ ਕੀ ਜਿੱਦ ਹੋ ਪੂਰੀ,
ਯਾ ਬਿਜਲੀਆਂ ਰਹੇਂਗੀ ਯਾ ਆਸ਼ਿਆਂ ਰਹੇਗਾ।
ਤਰਗਿਗੀ ਕੀ ਅਪਨੀ ਜ਼ਿੱਦ ਹੈ, ਜੁਗਨੂੰਉਂ ਕੀ ਅਪਨੀ ਜ਼ਿੱਦ,
ਠੋਕਰੋਂ ਕੀ ਅਪਨੀ ਜ਼ਿੱਦ ਹੈ, ਹੌਂਸਲੋਂ ਕੀ ਅਪਨੀ ਜ਼ਿੱਦ।

ਭਾਰਤ ਜਿਹਾ ਰਾਸ਼ਟਰ ਇਕ ਕਲਪਿਤ ਸਮੁਦਾਇ/ਭਾਈਚਾਰਾ ਹੈ ਜੋ ਸਭ ਤੋਂ ਪਹਿਲਾਂ ਲੋਕਾਂ ਦੇ ਦਿਮਾਗਾਂ ਵਿਚ ਆਕਾਰ ਲੈਂਦਾ ਹੈ। ਰਾਸ਼ਟਰੀ ਭਾਵਨਾ ਪੈਦਾ ਕਰਨ ਲਈ ਉਨਾਂ ਦੀਆਂ ਕਲਪਨਾਵਾਂ ਅਤੇ ਅਵਸਥਾ ਨੂੰ ਸਮਝਣਾ ਬਹੁਤ ਜ਼ਰੂਰੀ ਹੈ।ਇਹ ਨਕਲੀ ਰਾਸ਼ਟਰੀ ਭਾਵਨਾ ਉੱਪਰ ਆਧਾਰਿਤ ਨਹੀਂ ਹੋ ਸਕਦਾ ਜਿਸ ਤਰਾਂ ਦੀ ਭਾਵਨਾ ਜਬਰਦਸਤੀ ਕਬਾਇਲੀਆਂ ਵਿਚ ਪੈਦਾ ਕੀਤੀ ਜਾ ਰਹੀ ਹੈ ਜਿਨਾਂ ਦੀਆਂ ਭਾਵਨਾਵਾਂ, ਅਵਸਥਾਵਾਂ ਅਤੇ ਕਲਪਨਾਵਾਂ ਦੀ ਨਿਸ਼ਾਨਦੇਹੀ ਭਾਰਤੀ ਰਾਜ ਨੇ ਕਦੇ ਨਹੀਂ ਕੀਤੀ। ਮੂਲ ਰੂਪ ਵਿਚ ਬ੍ਰਿਟਿਸ਼ ਸਾਮਰਾਜ ਨੇ ਭਾਰਤ ਨੂੰ ਸਾਮਰਾਜ ਦੀ ਸਥਿਤੀ ਵਿਚ ਹੀ ਛੱਡਿਆ ਜਿੱਥੇ ਇਸ ਦੇ ਇਲਾਕਿਆਂ ਉੱਪਰ ਫੌਜੀ ਤਾਕਤਾਂ ਦੁਆਰਾ ਮੁੜ ਦਾਅਵਾ ਕਰਕੇ ਇਨਾਂ ਨੂੰ ਇਕੱਠੇ ਰੱਖਿਆ ਗਿਆ। ਇਨਾਂ ਦਾ ਰਾਜ ਪ੍ਰਬੰਧ ਕੇਂਦਰੀ ਕਮਾਂਡ ਰਾਹੀ ਦਿੱਲੀ ਤੋਂ ਕੀਤਾ ਗਿਆ ਜੋ ਕਿ ਕਬਾਇਲੀਆਂ ਅਤੇ ਅਧੀਨਾਂ ਲਈ ਓਨੀ ਹੀ ਵਿਦੇਸ਼ੀ ਸੀ ਜਿੰਨਾ ਕਿ ਕੋਈ ਵਿਦੇਸ਼ੀ ਮਹਾਂਨਗਰ। ਕਬਾਇਲੀ ਲੋਕਾਂ, ਕਸ਼ਮੀਰੀਆਂ, ਉੱਤਰ-ਪੂਰਬੀ ਰਾਜਾਂ ਅਤੇ ਸਿੱਖ ਰਾਸ਼ਟਰ ਦੀਆਂ ਰਾਜਨੀਤਿਕ ਭਾਵਨਾਵਾਂ ਨੂੰ ਉਨਾਂ ਦੀ ਇੱਛਾ ਦੇ ਵਿਰੁੱਧ ਦਬਾ ਦਿੱਤਾ ਗਿਆ।

ਅਜ਼ਾਦੀ ਤੋਂ ਬਾਅਦ ਨਵੇਂ ਸਥਾਪਿਤ ਸਾਮਰਾਜ ਵਿਚ ਇਕ ਅਜਿਹੇ ਯੋਗ ਨੇਤਾ ਦੀ ਘਾਟ ਸੀ ਜੋ ਸੱਭਿਆਚਾਰਕ ਪੱਧਰ ਤੇ ਇੰਨੀ ਵਿਭਿੰਨਤਾ ਰੱਖਣ ਵਾਲੇ ਲੋਕਾਂ ਦੀਆਂ ਭਾਵਨਾਵਾਂ ਅਤੇ ਰਾਜਨੀਤਿਕ ਇੱਛਾਵਾਂ ਨੂੰ ਸਮਝ ਕੇ ਕਦਮ ਚੁੱਕਦਾ ਅਤੇ ਜੋ ਉਨਾਂ ਦੀ ਰਾਜਨੀਤਿਕ ਅਤੇ ਆਰਥਿਕ ਅਸਲੀਅਤ ਨੂੰ ਧਿਆਨ ਵਿਚ ਰੱਖ ਕੇ ਮਾਨਵਤਾ ਦੀ ਭਲਾਈ ਲਈ ਇਸ ਤਰਾਂ ਕੰਮ ਕਰਦਾ ਜੋ ਉਸ ਦੇ ਸਾਮਰਾਜ ਦੇ ਲੋਕਾਂ ਦੇ ਨਜ਼ਰੀਏ ਵਿਚ ਵੀ ਤਬਦੀਲੀ ਲੈ ਕੇ ਆਉਂਦਾ ਅਤੇ ਉਸ ਦੀ ਦੂਰ-ਅੰਦੇਸ਼ੀ ਦੀ ਤਸਦੀਕ ਕਰਦਾ।ਇਸ ਤਰਾਂ ਦੇ ਯੋਗ ਨੇਤਾ ਦੀ ਕਮੀ ਦੇ ਖਲਾਅ ਅਤੇ ਰਾਜ ਨੂੰ ਲੈ ਕੇ ਦੂਰ-ਅੰਦੇਸ਼ੀ ਦੀ ਘਾਟ ਨੇ ਭਾਰਤੀ ਰਾਜਤੰਤਰ ਵਿਚ ਬਹੁਤ ਸਾਰੇ ਅਣਸੁਲਝੇ ਸੁਆਲ ਛੱਡ ਦਿੱਤੇ ਹਨ ਅਤੇ ਰਾਜ ਵਿਚ ਬਹੁਤ ਸਾਰੇ ਤਬਕਿਆਂ ਦੀਆਂ ਰਾਜਨੀਤਿਕ ਅਭਿਲਾਸ਼ਾਵਾਂ ਅਧੂਰੀਆਂ ਪਈਆਂ ਹਨ।

ਚੀਨੀ ਕ੍ਰਾਂਤੀ ਤੋਂ ਪ੍ਰਭਾਵਿਤ ਮਾਓਵਾਦ ਦਾ ਵਿਚਾਰ ਕਿਸਾਨਾਂ ਦੇ ਮੁੱਦਿਆਂ ਨੂੰ ਸੰਬੋਧਿਤ ਹੋਣ ਲਈ ਪੈਦਾ ਹੋਇਆ ਅਤੇ ਜਿਸ ਨੇ ਬਾਅਦ ਵਿਚ ਭਾਰਤੀ ਰਾਜ ਦੇ ਭੁੱਲੇ-ਵਿਸਰੇ ਕਬਾਇਲੀਆਂ ਦੀ ਕਲਪਨਾ ਵਿਚ ਘਰ ਕਰ ਲਿਆ।ਭਾਰਤੀ ਰਾਜਤੰਤਰ ਨੂੰ ਸੁੱਰਖਿਅਤ ਰੱਖਣ ਅਤੇ ਇਸ ਨੂੰ ਮੁੜ ਪ੍ਰਭਾਸ਼ਿਤ ਕਰਨ ਦੀ ਕੋਸ਼ਿਸ਼ ਵਿਚ ਮਾਓਵਾਦੀਆਂ ਅਤੇ ਭਾਰਤੀ ਸੁਰੱਖਿਆ ਬਲਾਂ ਵਿਚਕਾਰ ਯੁੱਧ ਨੇ ਇਹਨਾਂ ਦੀ ਜਿੰਦਗੀਆਂ ਨੂੰ ਹੋਰ ਵੀ ਤਬਾਹ ਕਰ ਕੇ ਰੱਖ ਦਿੱਤਾ ਹੈ।ਕਬਾਇਲੀਆਂ ਦੀਆਂ ਜਿੰਦਗੀਆਂ ਇਕ ਪਾਸੇ ਭਾਰਤੀ ਸੁਰੱਖਿਆ ਬਲਾਂ ਦੇ ਤਸ਼ੱਦਦ ਕਰਕੇ ਨਰਕ ਬਣੀਆਂ ਹੋਈਆਂ ਹਨ ਦੂਜੇ ਪਾਸੇ, ਮਾਓਵਾਦੀ ਵਿਦਰੋਹੀਆਂ ਦੀ ਹਿੰਸਾ ਨੇ ਉਨਾਂ ਦੀ ਜਾਨ ਕੁੜਿੱਕੀ ਵਿਚ ਫਸਾ ਰੱਖੀ ਹੈ।ਮੌਜੂਦਾ ਲੜਾਈ ਦਾ ਮੈਦਾਨ ਕਬਾਇਲੀ ਅਬਾਦੀ ਦੇ ਆਲੇ ਦੁਆਲੇ ਹੀ ਕੇਂਦਰਿਤ ਹੈ ਜੋ ਕਿ ਸਦੀਆਂ ਤੋਂ ਇਨਾਂ ਜੰਗਲਾਂ ਵਿਚ ਰਹਿ ਰਹੀ ਹੈ। ਇਨਾਂ ਜੰਗਲਾਂ ਦੀ ਅਥਾਹ ਦੌਲਤ ਨੇ ਹੀ ਸਾਮਰਾਜ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ।ਇਸ ਅਥਾਹ ਦੌਲਤ ਨੂੰ ਸੰਗਠਿਤ ਖੇਤਰ ਦੇ ਹਵਾਲੇ ਕਰਨ ਲਈ 26 ਮਿਲੀਅਨ ਕਬਾਇਲੀ ਲੋਕਾਂ ਨੂੰ ਉਜਾੜ ਦਿੱਤਾ ਗਿਆ ਹੈ।ਰਾਜ ਦੇ ਪ੍ਰਤੀ ਡਰ ਅਤੇ ਵਿਸ਼ਵਾਸ ਦੀ ਭਾਵਨਾ ਦੀ ਕਮੀ ਨੇ ਕਬਾਇਲੀ ਲੋਕਾਂ ਦਾ ਝੁਕਾਅ ਮਾਓਵਾਦੀਆਂ ਵੱਲ ਕਰ ਦਿੱਤਾ ਹੈ ਜੋ ਕਿ ਸੀਮਿਤ ਸਾਧਨਾਂ ਦੇ ਬਾਵਜੂਦ ਵਰਿਆਂ ਤੋਂ ਇਹਨਾਂ ਜੰਗਲਾਂ ਵਿਚ ਕਬਾਇਲੀਆਂ ਦੀਆਂ ਜਿੰਦਗੀਆਂ ਨੂੰ ਬਿਹਤਰ ਬਣਾਉਣ ਦਾ ਕੰਮ ਕਰ ਰਹੇ ਹਨ।ਕਬਾਇਲੀ ਜੰਗਲਾਂ ਉੱਪਰ ਮੁੜ ਤੋਂ ਦਾਅਵੇ ਦੀ ਪ੍ਰੀਕਿਰਿਆ ਨਵੇਂ ਸਾਮਰਾਜ ਦੀ ਸਥਾਪਤੀ ਨਾਲ ਹੀ ਸ਼ੁਰੂ ਹੋ ਗਈ ਸੀ ਜਦੋਂ ਸਾਮਰਾਜ ਦੇ ਵਿਸਥਾਰ ਅਤੇ ਇਸ ਨੂੰ ਮਜਬੂਤ ਕਰਨ ਦੇ ਲਾਲਚ ਕਰਕੇ ਲੱਖਾਂ ਹੀ ਕਬਾਇਲੀਆਂ ਨੂੰ ਉਜਾੜ ਦਿੱਤਾ ਗਿਆ।

ਹਾਲ ਹੀ ਵਿਚ ਹੋਏ ਮਾਓਵਾਦੀ ਹਮਲੇ ਜਿਸ ਵਿਚ 22 ਭਾਰਤੀ ਸੁਰੱਖਿਆ ਜਵਾਨ ਆਪਣੀ ਜਾਨ ਗੁਆ ਬੈਠੇ, ਇਸ ਨੇ ਇਕ ਵਾਰ ਫਿਰ ਤੋਂ ਭਾਰਤੀ ਸੁਰੱਖਿਆ ਬਲਾਂ ਦੀ ਕਮਜ਼ੋਰੀ ਨੂੰ ਨੰਗਾ ਕਰ ਦਿੱਤਾ ਹੈ ਜਿੱਥੇ ਇੰਨਾ ਵੱਡਾ ਸੁਰੱਖਿਆ ਢਾਂਚਾ ਮਾਓਵਾਦੀ ਫੌਜ ਦੇ ਅਨੁਸ਼ਾਸਨ ਕਰਕੇ ਦਾਅ 'ਤੇ ਲੱਗਿਆ ਹੋਇਆ ਹੈ। ਅਮਰੀਕਾ ਦੇ ਪ੍ਰਸਿੱਧ ਰਾਜਨੀਤੀਵਾਨ ਹੈਨਰੀ ਕਸਿੰਜਰ ਨੇ ਇਕ ਵਾਰ ਕਿਹਾ ਸੀ, 'ਰਵਾਇਤੀ ਫੌਜ ਉਦੋਂ ਹਾਰ ਜਾਂਦੀ ਹੈ ਜਦੋਂ ਇਸ ਨੂੰ ਕੋਈ ਜਿੱਤ ਪ੍ਰਾਪਤ ਨਹੀਂ ਹੁੰਦੀ, ਗੁਰੀਲਾ ਉਦੋਂ ਜਿੱਤ ਜਾਂਦਾ ਹੈ ਜਦੋਂ ਉਹ ਨਹੀਂ ਹਾਰਦਾ।' ਮਾਓਵਾਦੀ ਇਕ ਦਹਾਕੇ ਤੋਂ ਵੀ ਵੱਧ ਸਮੇਂ ਤੋਂ ਭਾਰਤੀ ਸੁਰੱਖਿਆ ਬਲਾਂ ਦਾ ਸਾਹਮਣਾ ਕਰ ਰਹੇ ਹਨ। ਹੁਣ ਤੱਕ ਦੋ ਸੌ ਤੋਂ ਜਿਆਦਾ ਸੁਰੱਖਿਆ ਬਲਾਂ ਨੇ ਆਪਣੀਆਂ ਜਿੰਦਗੀਆਂ ਗੁਆ ਲਈਆਂ ਹਨ ਅਤੇ ਜਵਾਬੀ ਕਾਰਵਾਈ ਵਿਚ ਸੈਂਕੜੇ ਹੀ ਮਾਓਵਾਦੀ ਮਾਰੇ ਜਾ ਚੁੱਕੇ ਹਨ, ਸੈਂਕੜੇ ਹੀ ਜੇਲਾਂ ਵਿਚ ਸੜ ਰਹੇ ਹਨ ਅਤੇ ਤਸ਼ੱਦਦ ਸਹਿ ਰਹੇ ਹਨ। ਇਸ ਨੇ ਉਨਾਂ ਵਿਚ ਅਲਗਾਵ ਦੀ ਭਾਵਨਾ ਪੈਦਾ ਕਰ ਦਿੱਤੀ ਹੈ। ਮਾਓਵਾਦੀਆਂ ਦਾ ਜਿਆਦਾਤਰ ਕੇਡਰ ਕਬਾਇਲੀ ਹੈ ਅਤੇ ਉਨਾਂ ਦਾ ਮੌਜੂਦਾ ਨੇਤਾ ਵੀ ਕਬਾਇਲੀ ਹੈ।



ਮਾਓਵਾਦ ਦਾ ਅਸਲ ਰੂਪ ਮਹਿਜ ਇਕ ਵਿਚਾਰ ਨਹੀਂ ਬਲਕਿ ਇਕ ਵਰਤਾਰਾ ਹੈ।ਇਹ ਮਹਿਜ ਹਥਿਆਰਬੰਦ ਸੰਘਰਸ਼ ਨਹੀਂ ਹੈ। ਜੋ ਵਿਚਾਰ ਇਹ ਸਾਂਝੇ ਕਰਦਾ ਹੈ, ਉਹ ਭਾਵੇਂ ਖਤਰਨਾਕ ਲੱਗਦੇ ਹੋਣ ਪਰ ਉਨਾਂ ਉੱਪਰ ਫੌਜੀ ਰਸਤੇ ਰਾਹੀ ਕਾਬੂ ਨਹੀਂ ਪਾਇਆ ਜਾ ਸਕਦਾ।ਇਹ ਵਿਚਾਰ ਸ਼ੁਰੂ ਵਿਚ ਚਾਰੂ ਮਜੂਮਦਾਰ, ਕਨੂ ਸਨਿਆਲ ਅਤੇ ਨਾਗੀ ਰੈਡੀ ਵਰਗੇ ਲੀਡਰਾਂ ਦੀ ਅਗਵਾਈ ਵਿਚ ਸ਼ੁਰੂ ਹੋਇਆ ਜਿਨਾਂ ਦੇ ਤਸੱਵਰ ਵਿਚ ਲੋਕਾਂ ਨੂੰ ਸੰਗਠਿਤ ਕਰਨਾ ਸੀ।ਇਕ ਸਮੇਂ ਲੱਖਾਂ ਲੋਕ ਇਸ ਵਿਚਾਰ ਦਾ ਸਮਰਥਨ ਕਰਨ ਲਈ ਅੱਗੇ ਆਏ।ਪਰ ਬੀਤਦੇ ਸਮੇਂ ਨਾਲ ਭਾਰਤੀ ਸੁਰੱਖਿਆ ਬਲਾਂ ਦੇ ਦਬਾਅ ਕਰਕੇ ਸੰਘਰਸ਼ ਦੇ ਅਕਾਰ ਅਤੇ ਢਾਂਚੇ ਵਿਚ ਬਦਲਾਅ ਆ ਗਿਆ ਹੈ।ਇਹ ਖ਼ੂਨੀ ਸੰਭਾਵਨਾਵਾਂ ਵਾਲੀ ਹਥਿਆਰਬੰਦ ਸੰਘਰਸ਼ ਬਣ ਗਿਆ ਹੈ।ਹਾਲਾਂਕਿ ਲੋਕ ਪੱਖੀ ਸੰਘਰਸ਼ ਅਤੇ ਕਬਾਇਲੀਆਂ ਦੇ ਹੱਕਾਂ ਦੀ ਰਾਖੀ ਦਾ ਮੁਲੱਮਾ ਅਜੇ ਵੀ ਕਾਇਮ ਹੈ ਜੋ ਕਿ ਯੂਨੀਵਰਸਿਟੀਆਂ ਅਤੇ ਕਾਲਜਾਂ ਦੇ ਬੁੱਧੀਜੀਵੀਆਂ ਵਿਚ ਅਜੇ ਵੀ ਆਪਣੀ ਪਕੜ ਰੱਖਦਾ ਹੈ।ਇੱਥੋਂ ਤੱਕ ਕਿ ਸਰਵਉੱਤਮ ਸਿੱਖਿਅਕ ਸੰਸਥਾਵਾਂ ਅਤੇ ਯੂਨੀਵਰਸਿਟੀਆਂ ਵਿਚ ਵਿਦਿਆਰਥੀ ਅਤੇ ਉਨਾਂ ਦੇ ਨੇਤਾ ਮਾਓਵਾਦੀ ਹਿੱਤਾਂ ਦਾ ਵਿਚਾਰਧਾਰਕ ਪੱਧਰ ਤੇ ਸਮਰਥਨ ਕਰਦੇ ਹਨ।ਜਦੋਂ ਸਾਮਰਾਜਵਾਦ ਪੱਖੀ ਤਾਕਤਾਂ ਸੰਗਠਿਤ ਘਰਾਣਿਆਂ ਲਈ ਹੀ ਸਾਰੇ ਰਾਹ ਖੋਲ ਰਹੀਆਂ ਹਨ ਤਾਂ ਉਨਾਂ ਦੀ ਗੰਭੀਰਤਾ ਸਮਝੀ ਜਾ ਸਕਦੀ ਹੈ।ਹਾਲਾਂਕਿ ਚਾਰੂ ਮਜੂਮਦਾਰ ਦੇ ਸਮੇਂ ਵਾਲੀ ਚਮਕ ਫਿੱਕੀ ਪੈ ਗਈ ਹੈ, ਪਰ ਕਬਾਇਲੀ ਸਮਰਥਕਾਂ ਦੀ ਤਾਕਤ ਅਜੇ ਵੀ ਕਾਇਮ ਹੈ।ਦਬੀ ਅਵਾਜ਼ ਵਿਚ ਉਨਾਂ ਦੀ ਗਰਜਣਾ ਅਜੇ ਵੀ ਸੁਣੀ ਜਾ ਸਕਦੀ ਹੈ।ਨਵੀਂ ਸਦੀ ਵਿਚ ਪੈਰ ਰੱਖਣ ਤੋਂ ਬਾਅਦ ਮਾਓਵਾਦੀ ਅਜੇ ਵੀ ਅਸਲੀ ਵਿਚਾਰਧਾਰਾ ਅਤੇ ਬੌਧਿਕ ਆਧਾਰ ਰੱਖਦੇ ਹਨ ਪਰ ਸਮੇਂ ਦੇ ਨਾਲ ਇਹ ਹਥਿਆਰਬੰਦ ਅਤੇ ਹਿੰਸਕ ਵਰਤਾਰਾ ਬਣ ਗਿਆ ਹੈ ਜੋ ਕਿ ਲੋਕਾਂ ਦੇ ਸਰੋਕਾਰਾਂ ਤੋਂ ਦੂਰ ਜਾ ਰਿਹਾ ਹੈ।ਅੱਜ ਦਾ ਮਾਓਵਾਦ ਅੱਧੀ ਸਦੀ ਤੋਂ ਪਹਿਲਾਂ ਵਾਲਾ ਮਾਓਵਾਦ ਨਹੀਂ ਹੈ।ਬੀਤੇ ਦੇ ਸ਼ਾਂਤੀਪੂਰਵਕ ਵਿਰੋਧ ਦੀ ਥਾਂ ਹਿੰਸਾ ਨੇ ਲੈ ਲਈ ਹੈ।ਸੁਰੱਖਿਆ ਬਲਾਂ ਦੁਆਰਾ ਕੀਤੇ ਜਾਂਦੇ ਤਸ਼ੱਦਦ, ਬਲਾਤਕਾਰ ਅਤੇ ਪੁਲਿਸ ਮੁਸਤੈਦੀ ਨੇ ਨੌਜਵਾਨਾਂ ਦਾ ਝੁਕਾਅ ਮਾਓਵਾਦੀਆਂ ਵੱਲ ਕਰ ਦਿੱਤਾ ਹੈ ਜਿਸ ਵਿਚ ਇਕ ਤਰਾਂ ਦਾ ਰੁਮਾਂਸ ਵੀ ਸ਼ਾਮਿਲ ਹੈ।ਮਾਓਵਾਦ ਅਜੇ ਵੀ ਸੰਘਣੇ ਜੰਗਲਾਂ ਵਿਚ ਚੱਲ ਰਿਹਾ ਵਰਤਾਰਾ ਹੈ ਜੋ ਕਿ ਸਾਮਰਾਜ ਦੇ ਦਮਨਕਾਰੀ ਰਵੱਈਏ ਕਰਕੇ ਹੋਰ ਵਧ ਰਿਹਾ ਹੈ ਪਰ ਉਨਾਂ ਕੋਲ ਅਜਿਹਾ ਕੋਈ ਤਸੱਵਰ ਨਹੀਂ ਹੈ ਜੋ ਸੰਘਣੇ ਜੰਗਲਾਂ 'ਚੋਂ ਬਾਹਰ ਦਾ ਰਾਸਤਾ ਬਣਾ ਸਕੇ। 2008 ਵਿਚ ਉਸ ਸਮੇਂ ਦੇ ਪਲਾਨਿੰਗ ਕਮਿਸ਼ਨ ਦੁਆਰਾ ਤਿਆਰ ਕੀਤੀ ਰਿਪੋਰਟ ਪ੍ਰਤੀ ਰਾਜ ਨੇ ਕੋਈ ਸੁਹਿਰਦਤਾ ਜ਼ਾਹਿਰ ਨਹੀਂ ਕੀਤੀ ਜਿਸ ਵਿਚ ਇਹ ਕਿਹਾ ਗਿਆ ਸੀ ਕਿ ਮਾਓਵਾਦੀ ਅੰਦੋਲਨ ਨੂੰ ਰਾਜਨੀਤਿਕ ਅੰਦੋਲਨ ਘੋਸ਼ਿਤ ਕਰ ਦੇਣਾ ਚਾਹੀਦਾ ਹੈ ਜਿਸ ਦਾ ਬੇਜ਼ਮੀਨਿਆਂ ਅਤੇ ਗਰੀਬ ਕਬਾਇਲੀ ਕਿਸਾਨਾਂ ਵਿਚ ਮਜਬੂਤ ਆਧਾਰ ਹੈ। ਇਸ ਦੀ ਪੈਦਾਇਸ਼ ਅਤੇ ਵਿਕਾਸ ਨੂੰ ਸਮਾਜਿਕ ਸੰਦਰਭ ਅਤੇ ਇਸ ਨਾਲ ਜੁੜੇ ਲੋਕਾਂ ਦੇ ਅਨੁਭਵਾਂ ਦੇ ਸੰਦਰਭ ਵਿਚ ਦੇਖਿਆ ਜਾਣਾ ਚਾਹੀਦਾ ਹੈ। ਇਸ ਰਿਪੋਰਟ ਨੇ ਰਾਜ ਦੀਆਂ ਨੀਤੀਆਂ ਅਤੇ ਵਿਹਾਰਕ ਪੱਧਰ 'ਤੇ ਉਨਾਂ ਨੂੰ ਲਾਗੂ ਕਰਨ ਵਿਚ ਵੱਡਾ ਪਾੜਾ ਦਿਖਾਇਆ। ਇਸ ਵਿਚ ਇਹ ਸਿੱਟਾ ਕੱਢਿਆ ਗਿਆ ਕਿ ਹਥਿਆਰਬੰਦ ਪੱਖ ਹੋਣ ਦੇ ਬਾਵਜੂਦ ਅਸਲ ਲੜਾਈ ਸਮਾਜਿਕ ਨਿਆਂ, ਬਰਾਬਰਤਾ, ਸੁਰੱਖਿਆ ਅਤੇ ਸਥਾਨਿਕ ਵਿਕਾਸ ਦੀ ਹੈ।ਪਰ ਸਾਮਰਾਜ ਨੇ ਨਕਾਰਾਤਮਕ ਰਵੱਈਆ ਅਪਣਾਇਆ ਅਤੇ ਹਿਮਾਂਸ਼ੂ ਕੁਮਾਰ ਲੋਕਾਂ ਨੂੰ ਜੇਲਾਂ ਵਿਚ ਡੱਕ ਦਿੱਤਾ। ਕੁਮਾਰ ਇਕ ਪ੍ਰਸਿੱਧ ਗਾਂਧੀਵਾਦੀ ਹੈ ਜੋ ਕਬਾਇਲੀ ਖਿੱਤੇ ਵਿਚ ਦਹਾਕਿਆਂ ਤੋਂ ਇਨਾਂ ਭੁੱਲੇ-ਵਿਸਰੇ ਲੋਕਾਂ ਦੀਆਂ ਜਿੰਦਗੀਆਂ ਨੂੰ ਬਿਹਤਰ ਬਣਾਉਣ ਲਈ ਕੰਮ ਕਰ ਰਿਹਾ ਹੈ। ਇਸੇ ਤਰਾਂ ਡਾਕਟਰ ਬਿਨਾਇਕ ਸੇਨ ਵਰਗੇ ਲੋਕ ਵੀ ਕਬਾਇਲੀ ਖਿੱਤੇ ਵਿਚ ਮਾਨਵਤਾਵਾਦੀ ਕੰਮਾਂ ਦੇ ਬਾਵਜੂਦ ਜੇਲ ਵਿਚ ਸੜ ਰਹੇ ਹਨ ਅਤੇ ਸਟੇਨ ਸਵਾਮੀ ਨੂੰ 'ਸ਼ਹਿਰੀ ਨਕਸਲ' ਗਰਦਾਨ ਕੇ ਉਸ ਉੱਪਰ ਦੇਸ਼ਧ੍ਰੋਹ ਦਾ ਦੋਸ਼ ਲਗਾਇਆ ਗਿਆ ਹੈ।

ਅੰਤ ਵਿਚ ਕਿਹਾ ਜਾ ਸਕਦਾ ਹੈ ਕਿ ਸੰਘਣਾ ਜੰਗਲ ਹੀ ਲੜਾਈ ਦਾ ਧੁਰਾ ਹੈ ਅਤੇ ਸੁਰੱਖਿਆ ਬਲ ਅਤੇ ਰਾਜ ਕਬਾਇਲੀਆਂ ਦੇ ਮਨਾਂ ਦੀ ਥਾਹ ਨਹੀਂ ਪਾ ਸਕੇ ਹਨ। ਇਸ ਸੰਦਰਭ ਵਿਚ ਜੰਗਲਾਂ ਨੂੰ ਸਾਫ ਕਰਕੇ ਕਬਾਇਲੀਆਂ ਦੀ ਧਰਤੀ ਨੂੰ ਸੰਗਠਿਤ ਖੇਤਰ ਦੇ ਹਵਾਲੇ ਕਰ ਦੇਣ ਨਾਲ ਸਮੱਸਿਆ ਨਹੀਂ ਸੁਲਝੇਗੀ ਸਗੋਂ ਇਹ ਹੋਰ ਗੰਭੀਰ ਹੋਵੇਗੀ।

ਜਦੋਂਕਿ ਰਾਜ ਦੀ ਨੀਤੀ ਇਕਹਿਰੇ ਨੁਕਤੇ ਨੂੰ ਹੀ ਲੈ ਕੇ ਚੱਲਦੀ ਹੈ ਜਿਸ ਨੂੰ ਇਸ ਹਵਾਲੇ ਰਾਹੀ ਸਮਝਿਆ ਜਾ ਸਕਦਾ ਹੈ, 'ਕਾਨੂੰਨ ਉਸ ਬਦਕਿਸਮਤ ਅਪਰਾਧੀ ਨੂੰ ਸਲਾਖਾਂ ਪਿੱਛੇ ਬੰਦ ਕਰਦਾ ਹੈ ਜੋ ਸਾਂਝੀ ਜਮੀਨ ਵਿਚੋਂ ਹੰਸ ਚੁਰਾਉਂਦਾ ਹੈ ਜਦੋਂ ਕਿ ਉਸ ਨੂੰ ਖੁੱਲਾ ਛੱਡ ਦਿੰਦਾ ਹੈ ਜੋ ਸਾਂਝੀ ਜਮੀਨ ਹੀ ਚੁਰਾ ਲਵੇ।' ਇੱਥੇ ਜ਼ਿੰਮੇਵਾਰੀ ਤੈਅ ਕਰਨ ਦਾ ਸੁਆਲ ਵੀ ਪੈਦਾ ਹੁੰਦਾ ਹੈ ਕਿ ਕੀ ਮਾਓਵਾਦੀ ਰਾਜ ਉੱਪਰ ਕੰਟਰੋਲ ਕਰਨ ਦੇ ਟੀਚੇ ਨੂੰ ਪੂਰਾ ਕਰਨ ਲਈ ਕਬਾਇਲੀਆਂ ਨੂੰ ਮੋਹਰੇ ਵਾਂਗ ਵਰਤਣ ਲਈ ਜ਼ਿੰਮੇਵਾਰ ਹਨ ਜਾਂ ਕਬਾਇਲੀ ਆਪਣੇ ਸੰਸਾਧਨਾਂ ਨੂੰ ਬਚਾਉਣ ਲਈ ਆਪਣੀ ਮਰਜ਼ੀ ਨਾਲ ਲੜਾਈ ਵਿਚ ਭਾਗ ਲੈ ਰਹੇ ਹਨ ਜਾਂ ਸਾਮਰਾਜ ਇਸ ਦੇ ਲਈ ਜ਼ਿੰਮੇਵਾਰ ਹੈ ਜਿਸ ਨੇ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਤੋਂ ਵੀ ਵਾਂਝੇ ਰੱਖਿਆ ਹੈ ਅਤੇ ਇਸ ਅਸੰਤੋਸ਼ ਲਈ ਖੁਦ ਹੀ ਜ਼ਮੀਨ ਤਿਆਰ ਕੀਤੀ ਹੈ ਕਿਉਂ ਜੋ ਦਮਨ ਸਹਿ ਰਹੇ ਲੋਕਾਂ ਨੇ ਆਪਣੇ ਹਿੱਤਾਂ ਦੀ ਪੂਰਤੀ ਅਤੇ ਹੱਕਾਂ ਦੀ ਰਾਖੀ ਲਈ ਹਥਿਆਰ ਚੁੱਕ ਲਏ ਹਨ।

---

# ਟੁੱਟਦਾ ਜੁੜਦਾ ਬੰਦਾ

ਹਰਕੀਰਤ ਕੌਰ
9779118066

ਅਸੀਂ ਅਕਸਰ ਮਨੁੱਖੀ ਦਿਲ ਨੂੰ ਕੱਚ ਨਾਲ ਦੇ ਰੂਪ ਵਿੱਚ ਪ੍ਰਭਾਸ਼ਿਤ ਕਰਦੇ ਹਾਂ। ਅਕਸਰ ਮੰਨਿਆ ਜਾਂਦਾ ਹੈ ਕਿ ਜਿਵੇਂ ਕੱਚ ਇੱਕ ਵਾਰ ਟੁੱਟ ਜਾਵੇ ਤਾਂ ਜੁੜਦਾ ਨਹੀਂ, ਇਸੇ ਤਰਾਂ ਕਹਾਣੀਆਂ, ਗੀਤਾਂ, ਕਵਿਤਾਵਾਂ, ਗਜ਼ਲਾਂ ਵਿੱਚ ਵੀ ਦਿਲ ਦੇ ਟੁੱਟਣ ਅਤੇ ਕਦੇ ਦੁਬਾਰਾ ਨਾ ਜੁੜਨ ਦੇ ਰੂਪ ਵਿੱਚ ਪੇਸ਼ ਕੀਤਾ ਜਾਂਦਾ ਹੈ। ਜ਼ਰੂਰੀ ਨਹੀਂ ਕਿ ਹਰ ਦਿਲ ਪਿਆਰ, ਮਹੁੱਬਤ, ਇਸ਼ਕ ਵਿੱਚ ਟੁੱਟੇ ਕਦੇ ਸੁਪਨਿਆਂ ਦਾ ਨਾ ਪੂਰਾ ਹੋਣਾ, ਗਰੀਬੀ, ਘਰ ਦੇ ਕਲੇਸ਼, ਬੱਚਿਆਂ ਦੁਆਰਾ ਮਾਪਿਆਂ ਦੀ ਦੇਖਭਾਲ ਨਾ ਕਰਨਾ, ਜਲੀਲਤਾ, ਹੱਕਾਂ ਦਾ ਨਾ ਮਿਲਣਾ ਆਦਿ ਬਹੁਤ ਸਾਰੇ ਕਾਰਣ ਹੋ ਸਕਦੇ ਹਨ। ਪਹਿਲਾਂ ਮੈਂ ਵੀ ਦਿਲ ਨੂੰ ਕੱਚ ਦੀ ਤਰਾਂ ਸਮਝਦੀ ਸੀ ਅਤੇ ਸੋਚਦੀ ਸੀ ਕਿ ਖੌਰੇ ਇੱਕ ਵਾਰ ਟੁੱਟਣ ਤੋਂ ਬਾਅਦ ਅਸੀਂ ਉੱਠ ਹੀ ਨਹੀਂ ਸਕਾਂਗੇ। ਪਰ ਜਿਵੇਂ ਜਿਵੇਂ ਜਿੰਦਗੀ ਦਾ ਤਜਰਬਾ ਹੁੰਦਾ ਗਿਆ (ਖੈਰ ਜਿਆਦਾ ਤਾਂ ਨਹੀਂ) ਤਾਂ ਸਮਝ ਆਉਂਦੀ ਗਈ ਕਿ ਨਹੀਂ ਮਨੁੱਖੀ ਦਿਲ ਕੱਚ ਨਹੀਂ ਹੈ, ਬਲਕਿ ਬਹੁਤ ਮਜ਼ਬੂਤ ਹੈ, ਇਹ ਪਰਮਾਤਮਾ ਦੀ ਇੱਕ ਅਜਿਹੀ ਬਣਤਰ ਹੈ ਕਿ ਇਹ ਟੁੱਟਦਾ ਹੈ ਪਰ ਫਿਰ ਨਵੇਂ ਹਾਲਾਤਾਂ ਵਿੱਚ ਜੁੜਦਾ ਵੀ ਹੈ। ਮਨੁੱਖ ਪਤਾ ਨਹੀਂ ਆਪਣੀ ਪੂਰੀ ਜਿੰਦਗੀ ਵਿੱਚ ਕਿੰਨੀ ਵਾਰ ਟੁੱਟਦਾ ਹੈ ਫਿਰ ਜੁੜਦਾ ਹੈ। ਇੱਥੇ ਮੈਂ ਕਿਸੇ ਬਹੁਤ ਹੀ ਕਾਮਯਾਬ ਜਾਂ ਮਸ਼ਹੂਰ ਵਿਅਕਤੀ ਦੀ ਉਦਹਾਰਣ ਨਹੀਂ ਦੇਣਾ ਚਾਹਾਂਗੀ, ਬਲਕਿ ਪਾਠਕਾਂ ਨੂੰ ਗੁਜ਼ਾਰਿਸ਼ ਕਰਾਂਗੀ ਕਿ ਅਸੀਂ ਆਪਣੇ ਮਾਤਾ ਪਿਤਾ ਦੀ ਜਾਂ ਬਜ਼ੁਰਗਾਂ ਦੀ ਜਿੰਦਗੀ ਹੀ ਦੇਖ ਲਈਏ, ਉਨਾਂ ਕਿੰਨੇ ਉੱਚੇ ਨੀਵੇਂ ਦਿਨ ਦੇਖੇ, ਤੰਗੀਆਂ ਤਰੁਸ਼ੀਆਂ ਸਭ ਸਹੀਆਂ, 47 ਦੀ ਵੰਡ ਦੇਖੀ 84 ਦੇ ਦੰਗੇ ਦੇਖੇ, ਕਈ ਆਪਣੇ ਜਾਨਾਂ ਤੋਂ ਪਿਆਰਿਆਂ ਨੂੰ ਹੱਥੀ ਇਸ ਦੁਨੀਆਂ ਤੋਂ ਤੋਰਿਆ, ਕੀ ਉਨਾਂ ਜਿੰਦਗੀ ਨਹੀਂ ਗੁਜ਼ਾਰੀ, ਕੀ ਮੁੜ ਕਦੇ ਉਨਾਂ ਦੇ ਚਿਹਰੇ 'ਤੇ ਹਾਸਾ ਨਹੀਂ ਆਇਆ ?

ਇੱਕ ਕਵਿੱਤਰੀ ਰਜਨੀ ਵਾਲੀਆ ਦਾ ਕਾਵਿ ਸੰਗ੍ਰਹਿ ਹੈ 'ਟੁੱਟਣਾ ਖੂਬਸੂਰਤ ਹੁੰਦਾ' ਉਨਾਂ ਦਾ ਇਹ ਸਿਰਲੇਖ ਮੈਨੂੰ ਬਹੁਤ ਵਧੀਆ ਲੱਗਾ, ਕਿਉਂਕਿ ਉਨਾਂ ਨੇ ਟੁੱਟਣ ਨੂੰ ਬੁਰਾ ਜਾਂ ਕਮਜ਼ੋਰ ਨਹੀਂ ਬਲਕਿ ਖੂਬਸੂਰਤ ਕਿਹਾ। ਮੇਰੇ ਵਿਚਾਰ ਅਨੁਸਾਰ ਇੱਕ ਟੁੱਟਣਾ ਹੀ ਤਾਂ ਹੈ ਜੋ ਸਾਨੂੰ ਨਿਰੰਤਰ ਚੱਲਣ ਲਈ ਪ੍ਰੇਰਦਾ ਰਹਿੰਦਾ ਹੈ। ਟੁੱਟਣ ਤੋਂ ਬਾਅਦ ਹੀ ਤਾਂ ਜੁੜਿਆ ਜਾ ਸਕਦਾ। ਟੁੱਟ ਕੇ, ਬਿਖਰ ਕੇ ਜਦੋਂ ਮਨੁੱਖ ਜਦ ਫਿਰ ਜੁੜਦਾ ਹੈ ਤਾਂ ਉਹ ਦੁਨੀਆਂ ਵਿੱਚ ਵੱਖਰਾ ਪਹਿਚਾਣਿਆ ਜਾਂਦਾ ਹੈ। ਫਿਰ ਉਹ ਆਪਣੇ ਟੁੱਟਣ ਦੇ ਕਿੱਸੇ ਖੁਸ਼ੀ ਨਾਲ ਦੱਸਦਾ ਹੈ। ਫਿਰ ਉਸਦੇ ਟੁੱਟਣ ਤੋਂ ਫਿਰ ਜੁੜਨ ਤੱਕ ਦੇ ਸਫ਼ਰ ਨੂੰ ਲੇਖਕ ਕਹਾਣੀਆਂ, ਕਵਿਤਾਵਾਂ ਤੇ ਫਿਲਮਾਂ ਰਾਹੀਂ ਪੇਸ਼ ਕਰਦੇ ਹਨ। ਫਿਰ ਟੁੱਟਣਾ ਮਾੜਾ ਕਿਵੇਂ ਹੋਇਆ, ਬੇਸ਼ਰਤੇ ਅਸੀਂ ਟੁੱਟਣ ਦੀ ਅਸਲ ਪਰਿਭਾਸ਼ਾ ਨੂੰ ਸਮਝਦੇ ਹੋਈਏ। ਜੇਕਰ ਮੈਨੂੰ ਕੋਈ ਜਿੰਦਗੀ ਨੂੰ ਪ੍ਰਭਾਸ਼ਿਤ ਕਰਨ ਲਈ ਕਹੇ ਤਾਂ ਮੇਰਾ ਜਵਾਬ ਏਹੀ ਹੋਵੇਗਾ

'ਨਿਰੰਤਰ ਟੁੱਟਦੇ ਰਹਿਣ ਤੋਂ ਜੁੜਦੇ ਰਹਿਣ ਤੱਕ ਦਾ ਸਫ਼ਰ ਹੈ ਜ਼ਿੰਦਗੀ।'

# ਪੰਜਾਬ ਬਚਾਉਣ ਦੇ ਨਾਮ ’ਤੇ ਸਿਆਸੀ ਪਾਰੀਆਂ ਖੇਡ ਰਹੇ ਹਨ ਸੂਬੇ ਦੇ ਸਿਆਸਤਦਾਨ



**ਸੁਖਰਾਜ ਸਿੰਘ ਧਨੌਲਾ**

ਮੋ: 97810-48055

ਰੰਗਲੇ ਪੰਜਾਬ ਦੇ ਹਾਲਾਤ ਕੀ ਤੋਂ ਕੀ ਬਣ ਗਏ ਸਭ ਲਈ ਸੋਚਣ ਦਾ ਵਿਸ਼ਾ ਹੈ। ਹਰ ਪਾਸੇ ਹਰ ਵੇਲੇ ਖੁਸ਼ਹਾਲੀਆਂ ਦੀ ਬਾਤ ਪਾਉਣ ਵਾਲਾ ਪੰਜਾਬ ਹੁਣ ਆਪਣਾ ਪੁਰਾਣਾ ਸਮਾਂ ਚੇਤਾ ਕਰਕੇ ਹੰਝੂ ਕੇਰਦਾ ਹੋਇਆ ਆਪਣੀ ਭੂਮੀ ’ਤੇ ਰਾਜ ਕਰਨ ਵਾਲੇ ਲੀਡਰਾਂ ਨੂੰ ਕੋਸਦਾ ਰਹਿੰਦਾ ਹੈ। ਕਿੱਥੇ ਮਹਾਰਾਜਾ ਰਣਜੀਤ ਸਿੰਘ ਵਾਲਾ ਪੰਜਾਬ ਤੇ ਕਿੱਥੇ ਅੱਜ ਵਾਲਾ ਪੰਜਾਬ! ਆਮਦਨ ਪੱਖੋਂ ਅਮੀਰ ਪੰਜਾਬ ਅੱਜ ਕਰਜ਼ਾਈ ਬਣਾ ਕੇ ਇਸ ਦਾ ਵਾਲ-ਵਾਲ ਕਰਜ਼ੇ ’ਚ ਬਿੰਨ ਦਿੱਤਾ ਹੈ। ਬੜੇ ਸੰਵੇਦਨਸ਼ੀਲ ਹਾਲਾਤਾਂ ’ਚੋਂ ਗੁਜ਼ਰਦੇ ਪੰਜਾਬ ਦੇ ਹਾਕਮਾਂ ਨੂੰ ਇਸ ਦੀ ਜ਼ਰਾ ਕੁ ਵੀ ਚਿੰਤਾ ਨਹੀਂ ਸਤਾ ਰਹੀ। ਜਦਕਿ ਸਮਾਜ ਚਿੰਤਕ, ਬੁੱਧੀਜੀਵੀ ਵਰਗ ਤੇ ਪੁਰਾਣੇ ਬਜ਼ੁਰਗ ਨਿਘਾਰ ਵੱਲ ਵਧਦੇ ਪੰਜਾਬ ਨੂੰ ਦੇਖ ਕੇ ਜ਼ਰੂਰ ਝੂਰ ਰਹੇ ਹਨ। ਪਰ ਇਸ ਦੇ ਉਲਟ ਪੰਜਾਬ ਦੇ ਰਖਵਾਲੇ ਕਹਾਉਣ ਵਾਲੇ ਇਸ ਦੇ ਹਾਕਮੀ ਸਪੁੱਤਰ ਖ਼ੁਦ ਅਮੀਰ ਬਣ ਕੇ ਇਸ ਨੂੰ ਗ਼ਰੀਬ ਬਣਾ ਗਏ। ਹੁਣ ਜਦੋਂ ਹਾਲਾਤ ਅਤਿ ਨਾਜ਼ੁਕ ਹੋ ਗਏ ਤਾਂ ਇੱਥੇ ਰਾਜ ਕਰਨ ਵਾਲੇ ਹਾਕਮੀ ਪੁੱਤਰ ਪੰਜਾਬ ਨੂੰ ਬਚਾਉਣ ਨਾਮ ’ਤੇ ਆਪਣੀਆਂ ਸਿਆਸੀ ਪਾਰੀਆਂ ਖੇਡ ਰਹੇ ਹਨ। ਵਿਚਾਰਨਯੋਗ ਗੱਲ ਇਹ ਹੈ ਕਿ ਕੀ ਇਨਾਂ ਲੋਕਾਂ ਨੂੰ ਪੰਜਾਬ ਦੀ ਚਿੰਤਾ ਸਿਰਫ਼ ਸਰਕਾਰ ਤੋਂ ਬਾਹਰ ਹੋ ਕੇ ਵਿਰੋਧੀ ਧਿਰ ’ਚ ਹੀ ਆ ਕੇ ਕਿਉਂ ਹੁੰਦੀ ਹੈ? ਸੂਬੇ ਦਾ ਬੇੜਾ ਕਰਕੇ ਇਹ ਸਿਆਸਤਦਾਨ ਹੁਣ ‘ਪੰਜਾਬ ਬਚਾਓ’ ਮੁਹਿੰਮਾਂ ਸ਼ੁਰੂ ਕਰਕੇ ਮਗਰਮੱਛ ਵਾਲੇ ਹੰਝੂ ਵਹਾ ਰਹੇ ਹਨ। ਪੰਜਾਬ ਦੀ ਜਵਾਨੀ ਜਿਹੜੀ ਭਰਵੇਂ ਜੁੱਸਿਆਂ ਕਰਕੇ ਪ੍ਰਸਿੱਧ ਸੀ, ਉਹ ਕੋਝੀਆਂ ਚਾਲਾਂ ਤਹਿਤ ਨਸ਼ਿਆਂ ਦੇ ਆਦੀ ਬਣਾ ਕੇ ਪੰਜਾਬ ਦੀ ਭਵਿੱਖ ਬਰਬਾਦ ਕਰਨ ਦੇ ਰਾਹ ਅਖ਼ਤਿਆਰ ਕਰ ਦਿੱਤੇ ਹਨ। ਇਸ ਤੋਂ ਇਲਾਵਾ ਜਿਹੜੇ ਨੌਜਵਾਨ ਇਸ ਭੈੜੀ ਅਲਾਮਤ ਤੋਂ ਬਚ ਗਏ ਉਹਨਾਂ ’ਚੋਂ ਵਧੇਰੇ ਗਿਣਤੀ ਵਿਦੇਸ਼ਾਂ ਵੱਲ ਵਹੀਰਾਂ ਘੱਤ ਗਏ। ਜਿਸ ਕਰਕੇ ਸਾਡਾ ਭਵਿੱਖ ਬਹੁਤਾ ਚੰਗਾ ਨਹੀਂ ਇਸ ਬਾਰੇ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਬਾਕੀ ਜਿਹੜੇ ਇੱਥੇ ਬਚੇ ਹਨ, ਉਹ ਲੱਖਾਂ ਦੀ ਗਿਣਤੀ ’ਚ ਬੇਰੁਜ਼ਗਾਰੀ ਦਾ ਸ਼ਿਕਾਰ ਹੋ ਕੇ ਉਦਾਸੀ ਦੇ ਆਲਮ ’ਚੋਂ ਲੰਘ ਰਹੇ ਹਨ। ਅੰਨ ਭੰਡਾਰ ਵਿੱਚ 70 ਫ਼ੀਸਦੀ ਯੋਗਦਾਨ ਪਾਉਣ ਵਾਲਾ ਪੰਜਾਬ ਦਾ ਅੰਨ ਦਾਤਾ ਅੱਜ ਭੁੱਖਾ ਮਰ ਰਿਹਾ ਹੈ। ਆਪਣੇ ਸਿਰ ਚੜ੍ਹੇ ਕਰਜ਼ੇ ਤੋਂ ਖਹਿੜਾ ਛੁਡਵਾਉਣ ਵਾਸਤੇ ਕਿਸਾਨ ਖ਼ੁਦਕੁਸ਼ੀਆਂ ਕਰ ਰਿਹਾ ਹੈ। ਸਰਕਾਰਾਂ ਇਸ ਦਾ ਹੱਲ ਕਰਨ ਦੀ ਬਿਜਾਏ ਨਵੇਂ-ਨਵੇਂ ਧੱਕੇਸ਼ਾਹੀ ਵਾਲੇ ਫਰਮਾਨ ਜਾਰੀ ਕਰਕੇ ਕਿਸਾਨਾਂ ਦਾ ਗਲਾ ਘੁੱਟਣ ਵਿੱਚ ਮਸਰੂਫ਼ ਹਨ। ਏਨੀ ਸਮਤਲ ਉਪਜਾਊ ਧਰਤੀ ਦਾ ਮਾਲਕ ਕਿਸਾਨ ਖ਼ੁਦਕੁਸ਼ੀਆਂ ਕਰੇ ਇਸ ਤੋਂ ਵੱਡੀ ਤਰਾਸਦੀ ਕੀ ਹੋ ਸਕਦੀ ਹੈ?

ਅਸਲ ਵਿੱਚ ਹੁਣ ਲੋਕ ਸਮੱਸਿਆਵਾਂ ਚੋਣ ਏਜੰਡੇ ਬਣਾ ਕੇ ਰੱਖ ਦਿੱਤੀਆਂ ਹਨ। ਜਦੋਂ ਚੋਣਾਂ ਨਜ਼ਦੀਕ ਆਉਣ ਵਾਲੀਆਂ ਹਨ, ਉਦੋਂ ਲੋਕਾਂ ਦੀਆਂ ਮੁਸ਼ਕਲਾਂ ਨੂੰ ਚੇਤੇ ਕਰਕੇ ਉਨਾਂ ਨੂੰ ਚੋਣ ਮੁੱਦਾ ਬਣਾ ਲਿਆ ਜਾਂਦਾ ਹੈ। ਜਦ ਚੋਣਾਂ ਦਾ ਸਮਾਂ ਗੁਜ਼ਰ ਜਾਂਦਾ ਹੈ ਤਾਂ ਲੋਕਾਂ ਦੀਆਂ ਸਮੱਸਿਆਵਾਂ ਜਿਉਂ ਦੀਆਂ ਤਿਉਂ ਰਹਿੰਦੀਆਂ ਹਨ। ਪਿਛਲੇ ਸਮੇਂ ਦੌਰਾਨ ਦੇਖਣ ਨੂੰ ਮਿਲਿਆ ਹੈ ਕਿ ਕਈ ਲੀਡਰਾਂ ਨੇ ਆਪਣੀਆਂ ਨਵੀਆਂ ਪਾਰਟੀਆਂ ਬਣਾਈਆਂ ਅਤੇ ਪੰਜਾਬ ਬਚਾਉਣ ਦਾ ਨਾਅਰਾ ਲੈ ਕੇ ਅੱਗੇ ਤੁਰੇ। ਇਹ ਸਾਰਾ ਵਰਤਾਰਾ ਦੇਖ ਕੇ ਇੰਜ ਮਹਿਸੂਸ ਹੁੰਦਾ ਹੈ ਕਿ ਜੇਕਰ ਪੰਜਾਬ ਬਚਾਉਣ ਵਾਸਤੇ ਇਹ ਨੇਤਾ ਲੋਕ ਏਨੇ ਸੁਹਿਰਦ ਹਨ ਤਾਂ ਪੰਜਾਬ ਦਿਨੋ-ਦਿਨ ਏਨਾ ਨਿਘਾਰ ਵੱਲ ਕਿਉਂ ਵਧ ਰਿਹਾ ਹੈ? ਪਰ ਇਹ ਸਭ ਆਖ਼ਰ ਨੂੰ ਸਿਆਸੀ ਡਰਾਮਾ ਹੀ ਸਾਬਤ ਹੁੰਦਾ ਹੈ। ਜਿਹੜੇ ਲੋਕਾਂ ਨੂੰ ਅੱਜ ਪੰਜਾਬ ਬਚਾਉਣ ਦਾ ਚੇਤਾ ਆ ਰਿਹਾ ਹੈ, ਇਹਨਾਂ ’ਚ ਬਹੁਗਿਣਤੀ ਨੇਤਾ ਲੋਕ ਉਹ ਹਨ, ਜਿਨਾਂ ਨੇ ਸੱਤਾ ’ਤੇ ਕਾਬਜ਼ ਹੋ ਕੇ ਤਾਂ ਕਦੇ ਪੰਜਾਬ ਬਚਾਉਣ ਲਈ ਦਿਲਚਸਪੀ ਨਹੀਂ ਦਿਖਾਈ ਸਗੋਂ ਨਿੱਜੀ ਹਿੱਤਾਂ ਦੀ ਪੂਰਤੀ ਦਾ ਵਿਸ਼ੇਸ਼ ਧਿਆਨ ਰੱਖਿਆ ਹੈ। ਪਰਿਵਾਰਕ ਮੈਂਬਰਾਂ ਅਤੇ ਰਿਸ਼ਤੇਦਾਰਾਂ ਨੂੰ ਸਿਆਸੀ ਪੌੜੀਆਂ ਚੜਾਉਣ ਨੂੰ ਵਧੇਰੇ ਤਰਜੀਹ ਦਿੱਤੀ ਗਈ ਹੈ। ਜੇਕਰ ਸੂਬੇ ਨੂੰ ਪੈਰਾ ਸਿਰ ਕਰਨ ਲਈ ਠੋਸ ਉਪਰਾਲੇ ਕੀਤੇ ਹੁੰਦੇ ਤਾਂ ਅੱਜ ਸਿਆਸੀ ਸਹਿ ਨਾਲ ਇੱਥੇ ਫੈਲੇ ਵੱਖ-ਵੱਖ ਪ੍ਰਕਾਰ ਦੇ ਮਾਫੀਏ ਨੂੰ ਕਦੋਂ ਦੀ ਨੱਥ ਪਈ ਹੁੰਦੀ। ਜਿਹੜਾ ਮਾਲੀਆ ਮਾਫੀਏ ਦੀ ਭੇਂਟ ਚੜਿਆ ਹੈ, ਉਹ ਸਰਕਾਰੀ ਖ਼ਜ਼ਾਨੇ ’ਚ ਜਮਾ ਹੁੰਦਾ। ਹਮੇਸ਼ਾ ਇਹੀ ਦੇਖਣ ਵਿੱਚ ਆਉਂਦਾ ਹੈ ਕਿ ਜਦੋਂ ਇਹ ਸਿਆਸਤਦਾਨ ਵਿਰੋਧੀ ਧਿਰ ਵਿੱਚ ਹੁੰਦੇ ਹਨ, ਉਦੋਂ ਤਾਂ ਲੋਕ ਮੁੱਦਿਆਂ ਦੀ ਗੱਲ ਕਰਦੇ ਹਨ, ਜਦੋਂ ਸੱਤਾ ਵਿੱਚ ਆ ਜਾਂਦੇ ਹਨ ਤਾਂ ਸਭ ਲੋਕ ਮੁੱਦਿਆਂ ਨੂੰ ਨਜ਼ਰ ਅੰਦਾਜ਼ ਕੀਤਾ ਜਾਂਦਾ ਹੈ। ਲੋਕ ਸੇਵਾ ਦੇ ਨਾਮ ’ਤੇ ਸਿਆਸਤ ਵਿੱਚ ਆਉਣ ਦਾ ਦਾਅਵਾ ਕਰਨ ਵਾਲੇ ਇਨਾਂ ਲੀਡਰਾਂ ਕਰਕੇ ਹੀ ਤਾਂ ਸੂਬੇ ਦੀ ਆਰਥਿਕ ਹਾਲਤ ਬੁਰੀ ਤਰਾਂ ਲੜਖੜਾਈ ਪਈ ਹੈ। ਮੋਟੀਆਂ ਤਨਖ਼ਾਹਾਂ, ਭੱਤਿਆਂ ਅਤੇ ਡਬਲ-ਡਬਲ ਪੈਨਸ਼ਨਾਂ ਦਾ ਭਾਰ ਲੋਕਾਂ ਦੀਆਂ ਜੇਬਾਂ ਵਿੱਚੋਂ ਨਿਕਲ ਕੇ ਖ਼ਜ਼ਾਨੇ ’ਚ ਜਮਾਂ ਹੋਏ ਪੈਸਿਆਂ ’ਤੇ ਪੈਂਦਾ ਹੈ। ਦੇਖਿਆ ਜਾਵੇ ਤਾਂ ਇਨਾਂ ਦੀਆਂ ਤਨਖ਼ਾਹਾਂ ਤੋਂ ਇਲਾਵਾ ਵੀ. ਆਈ. ਪੀ. ਲੋਕਾਂ ਨਾਲ ਚੱਲਦੀ ਸਰਕਾਰੀ ਮਸ਼ੀਨਰੀ, ਸਰਕਾਰੀ ਮੁਲਾਜ਼ਮਾਂ ਸਮੇਤ ਹੋਰ ਕਈ ਪ੍ਰਕਾਰ ਦੇ ਖ਼ਰਚਿਆਂ ਦਾ ਬੋਝ ਖ਼ਜ਼ਾਨੇ ’ਤੇ ਪਾ ਕੇ ਪਤਾ ਨਹੀਂ ਕਿਵੇਂ ਪੰਜਾਬ ਬਚਾਉਣ ਦੀਆਂ ਗੱਲਾਂ ਕੀਤੀਆਂ ਜਾ ਰਹੀਆਂ ਹਨ।

ਜਦੋਂ ਤੋਂ ਸਰਕਾਰਾਂ ਚੁਣੀਆਂ ਜਾਣ ਲੱਗੀਆਂ ਹਨ, ਉਦੋਂ ਤੋਂ ਪੰਜਾਬ ਕਰਜ਼ਾਈ ਹੋਣਾ ਸ਼ੁਰੂ ਹੋਇਆ ਹੈ, ਹਾਲਾਤ ਅੱਜ ਇਹ ਬਣ ਗਏ ਕਿ ਸੂਬਾ ਕਰੋੜਾਂ ਰੁਪਏ ਦੇ ਕਰਜ਼ੇ ਹੇਠ ਹੈ। ਕਰੋੜਾਂ ਰੁਪਏ ਸਾਲਾਨਾ ਵਿਆਜ ਉਤਾਰਨ ’ਤੇ ਲੱਗ ਜਾਂਦੇ ਹਨ। ਸਰਕਾਰ ਨੂੰ ਕਰਜ਼ਾ ਉਤਾਰਨ ਵਾਸਤੇ ਸਰਕਾਰੀ ਜਾਇਦਾਦਾਂ ਵੇਚਣੀਆਂ ਪੈ ਰਹੀਆਂ ਹਨ। ਸੂਬੇ ਦੀ ਵਿੱਤੀ ਹਾਲਤ ਨੂੰ ਅੱਖੋਂ-ਪਰੋਖੇ ਕਰਕੇ ਸਿਆਸੀ ਪਾਰਟੀਆਂ ਆਪਣੀ ਸਰਕਾਰ ਬਣਾਉਣ ਲਈ ਲੰਬੇ-ਚੋੜੇ ਵਾਅਦੇ ਕਰਕੇ ਬਾਅਦ ਦੇ ਵਿੱਚ ਖ਼ਜ਼ਾਨਾ ਖਾਲੀ ਹੋਣ ਦਾ ਢੰਡੋਰਾ ਪਿੱਟ ਕੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਤੋਂ ਟਾਲਾ ਵੱਟ ਲਿਆ ਜਾਂਦਾ ਹੈ। ਜਿਹੜੇ ਲੀਡਰ ਪੰਜਾਬ ਬਚਾਉਣ ਦਾ ਨਾਅਰਾ ਲਗਾਉਂਦੇ ਰਹਿੰਦੇ ਹਨ, ਉਨਾਂ ਨੂੰ ਅਜਿਹੇ ਸਵਾਲ ਕਰਨੇ ਜ਼ਰੂਰੀ ਚਾਹੀਦੇ ਹਨ ਕਿ ‘ਤੁਸੀਂ ਜੇਕਰ ਸੱਚਮੁੱਚ ਪੰਜਾਬ ਬਚਾਉਣਾ ਹੈ ਤਾਂ ਆਪਣੀਆਂ ਤਨਖ਼ਾਹਾਂ, ਭੱਤੇ ਅਤੇ ਨਾਲ ਚੱਲਦੀ ਹੋਰ ਸਰਕਾਰੀ ਮਸ਼ੀਨਰੀ ਨੂੰ ਕਿਉਂ ਨਹੀਂ ਬੰਦ ਕੀਤਾ ਜਾਂਦਾ ਹੈ?’ ਜੇਕਰ ਇਹ ਨੇਤਾ ਲੋਕ ਸੱਚਮੁੱਚ ਹੀ ਪੰਜਾਬ ਨੂੰ ਬਚਾਉਣਾ ਚਾਹੁੰਦੇ ਹਨ ਤਾਂ ਫਿਰ ਉਪਰੋਕਤ ਖ਼ਰਚਿਆਂ ਨੂੰ ਰੋਕ ਕੇ ਖ਼ਜ਼ਾਨੇ ਨੂੰ ਬਚਾਉਣ ਲਈ ਅੱਗੇ ਆਉਣਾ ਚਾਹੀਦਾ ਹੈ। ਫਿਰ ਹੀ ਇਹਨਾਂ ਨੂੰ ਪੰਜਾਬ ਬਚਾਉਣ ਲਈ ਸੱਚੇ ਫ਼ਿਕਰਮੰਦ ਮੰਨਿਆ ਜਾ ਸਕੇਗਾ, ਕਿਉਂਕਿ ਜੋ ਵੀ ਚੰਗਾ ਉਪਰਾਲਾ ਕਰਨਾ ਹੋਵੇ ਤਾਂ ਸ਼ੁਰੂ ਸਭ ਤੋਂ ਪਹਿਲਾਂ ਆਪਣੇ ਤੋਂ ਕਰਨਾ ਚਾਹੀਦਾ ਹੈ।





# ਨਾਰੀ ਜਗਤ



# ਔਰਤ ਦੀ ਜਿੰਦਗੀ ਦਾ ਤਸੱਵੁਰ

**ਰਾਜਵਿੰਦਰ ਕੌਰ**

ਧੀ ਜਨਮ ਲੈਂਦੀ ਹੈ। ਮਾਪਿਆਂ ਸਿਰ ਬੋਝ ਡਿੱਗ ਪੈਂਦਾ ਹੈ, ਉਸ ਦਿਨ ਤੋਂ ਮਾਪੇ ਫਿਕਰਾਂ, ਚਿੰਤਾਵਾਂ ਵਿੱਚ ਘਿਰ ਜਾਂਦੇ ਹਨ। ਅੰਦਰੂਨੀ ਸੋਚਾਂ, ਤਲਖੀ ਵਧਾ ਛੱਡਦੀਆਂ ਹਨ।

ਹਰ ਮਾਪੇ ਸੋਚਦੇ ਹਨ, ਹਰ ਧੀ ਨੂੰ ਚੰਗੀ ਵਿਦਿਆ ਹਾਸਿਲ ਕਰਵਾਈ ਜਾਵੇ।

ਪਰ ਹਾਲਾਤ ਸਾਰਥਿਕ ਨਹੀਂ ਹੁੰਦੇ। ਮਹਿੰਗੀ ਵਿੱਦਿਆ, ਜ਼ਮਾਨੇ ਦਾ ਖੌਫ਼ ਤੇ ਵਿਆਹ ਦੇ ਖਰਚ ਦੀ ਪੰਡ, ਮਨ ਨੂੰ ਅਸ਼ਾਂਤ ਕਰਦੇ ਹਨ। ਇੱਕ ਧੀ ਦੀ ਸੋਚ ਅਲੱਗ ਹੁੰਦੀ ਹੈ। ਉਹ ਅਜਿਹਾ ਨਹੀਂ ਸੋਚਦੀ, ਜੋ ਮਾਂ-ਬਾਪ ਸੋਚਦੇ ਹਨ । ਧੀ ਬਚਪਨ ਤੋਂ ਹੀ ਖੁੱਲ ਕੇ ਸਾਹ ਲੈਣਾ ਚਾਹੁੰਦੀ ਹੈ।

ਬੇਸ਼ੱਕ ਉਸਨੂੰ ਲਾਡ ਪਿਆਰ ਅਤੇ ਭਰਾ ਦੇ ਬਰਾਬਰ ਘਰ ਵਿੱਚ ਹੱਕ ਦਿੱਤੇ ਜਾਂਦੇ ਹਨ, ਪਰ ਧੀ ਅਤੇ ਪੁੱਤ ਵਿੱਚ ਅਸਮਾਨਤਾ ਜਰੂਰ ਦਿਖਾਈ ਦਿੰਦੀ ਹੈ । ਇੱਕ ਧੀ ਚਾਹੰਦੀ ਹੈ ਉਹ ਵੀ ਮੁੰਡੇ ਵਾਂਗ ਖੇਡੇ, ਹੱਸੇ, ਬਾਹਰ ਵੀਰ ਵਾਂਗ ਘੁੰਮੇ-ਫਿਰੇ।

ਉਸਨੂੰ ਘਰ ਦੀ ਚਾਰਦੀਵਾਰੀ ਵਿੱਚ ਕੈਦ ਨਾ ਕੀਤਾ ਜਾਏ । ਉਹ ਪੁੱਤਰ ਵਾਂਗ ਹਰ ਕੰਮ ਨੂੰ ਕਰਨਾ ਲੋਚਦੀ ਹੈ।

ਬਾਪ ਦੇ ਕੰਮਾਂ ਦਾ ਬੋਝ ਵੰਡਾਉਣਾ ਚਾਹੁੰਦੀ ਹੈ ਭਾਵੇਂ ਕੰਮ ਖੇਤੀਬਾੜੀ ਦਾ ਹੋਵੇ ਜਾਂ ਕੋਈ ਹੋਰ ਬਿਜਨਸ ਆਦਿ।

ਧੀ ਇਹ ਨਹੀਂ ਚਾਹੁੰਦੀ ਕਿ ਉਸਦੇ ਘਰੋਂ ਬਾਹਰ ਨਿਕਲਦਿਆਂ ਹੀ ਉਸ ਨੂੰ ਪਰਾਏ ਲੋਕਾਂ ਵੱਲੋਂ ਹਵਸੀ ਨਜ਼ਰਾਂ ਨਾਲ ਵੇਖਿਆ ਜਾਵੇ। ਉਹ ਕਿਸੇ ਦਾ ਸ਼ਿਕਾਰ ਨਹੀਂ ਬਣਨਾ ਚਾਹੁੰਦੀ । ਉਹ ਨਹੀਂ ਚਾਹੁੰਦੀ ਕਿ ਉਸਦੀ ਸਰੀਰਿਕ ਸਮਰੱਥਾ ਨੂੰ ਮੁੰਡਿਆਂ ਦੇ ਮੁਕਾਬਲੇ ਘੱਟ ਸਮਝਿਆ ਜਾਵੇ । ਉਹ ਤਾਕਤਵਾਰ ਹੈ । ਉਹ ਨਹੀਂ ਚਾਹੁੰਦੀ ਕੇ ਜਵਾਨ ਹੋਣ 'ਤੇ ਕੋਈ ਪਿਆਰ ਦਾ ਨਾਟਕ ਰਚਾ ਕੇ ਉਸ ਨੂੰ ਬੇਪੱਤ ਕਰੇ ।

ਔਰਤ ਦੀ ਜਿੰਦਗੀ ਇੱਕ ਮਰਦ ਤੋਂ ਸ਼ੁਰੂ ਹੋ ਕੇ ਉਸੇ ਤੇ ਹੀ ਜੀਵਨ ਦਾ ਅੰਤ ਲੋਚਦੀ ਹੈ ਪਰ ਅਜਿਹਾ ਨਹੀਂ ਹੁੰਦਾ । ਜਦੋਂ ਕੋਈ ਉਸਦੇ ਦਿਲ ਨਾਲ ਖੇਡ ਮੁਕਾਉਂਦਾ, ਉਹ ਬੁਰੀ ਤਰਾਂ ਟੁੱਟਦੀ ਹੈ, ਉਹ ਆਪਣਾ ਨਿਰਾਦਰ ਬਰਦਾਸ਼ਤ ਨਹੀਂ ਕਰ ਸਕਦੀ ।

ਪੜ ਲਿਖ ਕੇ ਮਾਂ-ਬਾਪ ਦਾ ਨਾਮ ਰੋਸ਼ਨ ਕਰਨਾ ਚਾਹੁੰਦੀ ਹੈ ਪਰ ਜਦੋਂ ਗਲਤ ਸੋਚ ਨੂੰ ਨਾ ਸਵੀਕਾਰਦੀ ਤੇਜ਼ਾਬ ਦੀ ਸ਼ਿਕਾਰ ਹੁੰਦੀ ਹੈ ਤਾਂ ਉਹ ਹੀ ਜਾਣਦੀ ਹੈ ਉਸ ਨਾਲ ਕੀ ਬੀਤਦੀ ਹੈ, ਉਹ ਨਿਆਂ ਚਾਹੁੰਦੀ ਹੈ ਪਰ ਕੋਈ ਕਾਨੂੰਨ ਸਾਥ ਨਹੀਂ ਦਿੰਦਾ।

ਲੜਕੀ ਪੜੀ ਲਿਖੀ ਹੋਣ ਕਰਕੇ ਵਿਆਹ ਨਾਮ ਦਾ ਸੌਦਾ ਨਹੀਂ ਕਰਨਾ ਚਾਹੁੰਦੀ ਅਤੇ ਆਪਣੇ ਪਿਆਰੇ ਬਾਪ ਨੂੰ ਸਹੁਰਿਆਂ ਸਾਹਮਣੇ ਹੱਥ ਜੋੜ ਖੜਾ ਵੇਖ ਅੰਦਰੋਂ-ਅੰਦਰੀ ਲਹੂ-ਲੁਹਾਨ ਬੇਵੱਸ ਹੋ ਜਾਂਦੀ ਹੈ।

ਉਹ ਆਪਣੇ ਪਿਤਾ ਨੂੰ ਦਾਜ ਦੇ ਰੂਪ ਵਿੱਚ ਕਰਜ਼ਈ ਵੀ ਨਹੀਂ ਕਰਨਾ ਚਾਹੁੰਦੀ ਕਿ ਉਸਦੇ ਵਿਆਹ ਦਾ ਬੋਝ ਉਸਦੇ ਪਿਤਾ ਨੂੰ ਰੋਗੀ ਬਣਾ ਦੇਵੇ। ਔਰਤ ਬਰਾਬਰ ਦਾ ਵਰ ਚਾਹੁੰਦੀ ਹੈ ਤੇ ਪਤੀ ਦੀ ਵਧੀਆ ਦੋਸਤ, ਵਧੀਆ ਜਿੰਦਗੀ ਭਰ ਦਾ ਸਾਥੀ ਬਣਨਾ ਚਾਹੁੰਦੀ ਹੈ।

ਪਤੀ ਦੀਆਂ ਜਿੰਮੇਵਾਰੀਆਂ ਨੂੰ ਸ਼ਿੱਦਤ ਨਾਲ ਨਿਭਾਉਂਦਿਆਂ ਸਨਮਾਨ ਚਾਹੁੰਦੀ ਹੈ ।

ਬੇਸ਼ੱਕ ਔਰਤ ਪਤੀ ਦੀ ਸੰਤਾਨ ਪੈਦਾ ਕਰਨ ਲਈ ਆਪਣਾ ਹੁਸਨ ਸਦਾ ਲਈ ਗੁਆ ਦਿੰਦੀ ਹੈ ਪਰ ਬਹੁਤੇ ਮਰਦ ਉਸ ਨੂੰ ਅਣਗੌਲਿਆ ਕਰ ਦਿੰਦੇ ਹਨ । ਉਹ ਪਤੀ ਤੋਂ ਵੀ ਓਨੀ ਹੀ ਉਮੀਦ ਰੱਖਦੀ ਹੈ ਜਿੰਨਾ ਸਤਿਕਾਰ ਅਤੇ ਵਫਾਵਾਂ ਪਤੀ ਨਾਲ ਰੱਖਦੀ ਹੈ । ਪਰ ਅਜਿਹਾ ਨਹੀਂ ਹੁੰਦਾ ਉਸ ਨਾਲ ।

ਉਹ ਕੁੱਖ ਵਿੱਚ ਧੀ ਨੂੰ ਮਾਰਨਾ ਨਹੀਂ ਚਾਹੁੰਦੀ, ਆਪਣੇ ਹੰਢਾਏ ਹਲਾਤਾਂ ਦੇ ਮੱਦੇਨਜ਼ਰ ਧੀ ਨੂੰ ਜਨਮ ਦੇਣ ਤੋਂ ਕਤਰਾਉਂਦੀ ਹੈ ਜਦੋਂ ਕਿ ਔਰਤ ਨੂੰ ਪਤਾ ਹੁੰਦਾ ਹੈ ਧੀ ਉਸਦੀ ਸਹੀ ਸਹੇਲੀ ਤੇ ਦੁੱਖ ਦਰਦ ਵੰਡਾਉਣ ਦੀ ਹਿੰਮਤ ਰੱਖਦੀ ਹੈ ।

ਬਹੁਤੀ ਵਾਰ ਤਾਂ ਸਹੁਰੇ ਘਰ ਉਸ ਨੂੰ ਬਿਲਕੁਲ ਵੀ ਇੱਜ਼ਤ ਨਹੀਂ ਦਿੱਤੀ ਜਾਂਦੀ ਫਿਰ ਵੀ ਉਹ ਆਪਾ ਕੁਰਬਾਨ ਕਰ ਤਲਾਕ ਤੋਂ ਪ੍ਰਹੇਜ਼ ਰੱਖਦੀ ਹੈ ।

ਔਰਤ ਇੱਕ ਸਮਝਣ ਵਾਲੀ, ਰੱਬ ਵੱਲੋਂ ਦਿੱਤੀ ਕੁਦਰਤੀ ਦੁਆ ਹੈ, ਜੋ ਹਮੇਸ਼ਾ ਹੀ ਦੂਜਿਆਂ ਦਾ ਭਲਾ ਤੇ ਸਨਮਾਨ ਚਾਹੁੰਦੀ ਹੈ । ਜਦੋਂ ਉਸਨੂੰ ਸਮਝਿਆ ਨਹੀਂ ਜਾਂਦਾ ਉਹ ਆਪਣਾ ਰਵੱਈਆ ਬਦਲਣ ਦੇ ਸਮਰੱਥ ਹੈ, ਪਰ ਸਮਾਜ ਦੀ ਪ੍ਰਵਾਹ ਉਸ ਨੂੰ ਬਹੁਤ ਕੁਝ ਬਰਦਾਸ਼ਤ ਕਰਨ ਲਈ ਮਜਬੂਰ ਕਰਦੀ ਹੈ ।

ਜਿੰਨਾ ਹੀ ਔਰਤ ਨੂੰ ਸਮਝਿਆ ਜਾਵੇ ਉਹ ਥੋੜਾ ਹੁੰਦਾ ਹੈ ਕਿਉਂਕਿ ਔਰਤ ਮਰਦ ਦੇ ਮੁਕਾਬਲੇ ਵਧੇਰੇ ਮਜ਼ਬੂਤ ਸ਼ਹਿਣਸ਼ੀਲ ਅਤੇ ਹਾਲਾਤਾਂ ਮੁਤਾਬਕ ਢਲਣ ਦੀ ਸਮਰੱਥਾ ਰੱਖਦੀ ਹੈ ।

ਔਰਤ ਨਾਲ ਜਿੰਨਾ ਪਿਆਰ ਅਤੇ ਹਮਦਰਦੀ ਜਤਾਈ ਜਾਵੇ ਉਹ ਕਰਜ਼ ਨਹੀਂ ਰੱਖਦੀ, ਇੱਕ ਘਰ ਨੂੰ ਸਵਰਗ ਬਣਾ ਦਿੰਦੀ ਹੈ । ਮਾਪਿਆਂ ਵੱਲੋਂ ਮਿਲੇ ਚੰਗੇ ਸੰਸਕਾਰ ਉਸਦਾ ਗਹਿਣਾ ਹੁੰਦੇ ਹਨ ਅਤੇ ਉੱਤਮ ਕਿਰਦਾਰ ਉਸਦੀ ਇਬਾਦਤ ਹੁੰਦਾ ਹੈ ।

## ਮੇਰੇ ਪਿੰਡ ਦੀਆਂ ਔਰਤਾਂ

ਸਾਰੀਆਂ ਔਰਤਾਂ
ਕਵਿਤਾ ਨਹੀਂ ਹੁੰਦੀਆਂ.....
ਗ਼ਜ਼ਲ ਨਹੀਂ....
ਰੁਬਾਈ ਵੀ ਨਹੀਂ....
ਕੁਝ ਔਰਤਾਂ ਸਫ਼ਰਨਾਮੇ ਹੁੰਦੀਆਂ ਹਨ....

ਕਦੇ ਕਿਤੇ ਨਹੀਂ ਜਾਂਦੀਆਂ....
ਨਾ ਹੀ ਟੱਪਦੀਆਂ ਨੇ
ਕਦੇ ਆਪਣੇ ਪਿੰਡ ਦੀ ਜੂਹ ....
ਫੇਰ ਵੀ ਉਹਨਾਂ ਦੇ ਪੈਰਾਂ ਅੰਦਰ
ਪੂਰਾ ਬ੍ਰਹਿਮੰਡ ਤੁਰਦਾ ਹੈ...
ਤਾਈ ਲਖਮੀਰੋ
ਅੱਗ ਵਰਾਉਂਦੀ ਉਮਰ ਵਿੱਚ
ਆਪਣਾ ਹਮਸਫ਼ਰ ਗੁਆ....
ਦੋ ਜੁਆਨ ਪੁੱਤਾਂ ਦੀ
ਅਰਥੀ ਮੋਢਿਆਂ ਤੇ ਢੋਅ....
ਅਗਲੀ ਸਵੇਰ
ਦਾਤੀ ਪੱਲੀ ਆਪਣੀ ਕੱਛ ਵਿੱਚ ਦੱਬ ਕੇ
ਖੇਤ ਨੂੰ ਜਾਣ ਲੱਗੀ ....
ਉਹਨਾਂ ਲੋਕਾਂ ਲਈ
ਦਲੇਰੀ ਦੇ ਨਵੇਂ ਅਰਥ ਸਿਰਜ ਗਈ
ਜੋ ਆਖਦੇ ਸੀ ਕਿ
ਔਰਤ ਦਾ ਸਬਰ
ਬੰਦੇ ਤੋਂ ਕਿਤੇ ਘੱਟ ਹੁੰਦੈ...
ਸਾਰੀਆਂ ਔਰਤਾਂ
ਗੁਲਾਬ ਨਹੀਂ ਹੁੰਦੀਆਂ
ਚੰਬੇ ਚਮੇਲੀ
ਤੇ ਮੋਗਰੇ ਦੀਆਂ ਕਲੀਆਂ ਵੀ ਨਹੀਂ...
ਕੁਝ ਔਰਤਾਂ ਅੱਗ ਹੁੰਦੀਆਂ ਹਨ...
ਬੇਬੇ ਬਚਨੀ
ਘਰਵਾਲੇ ਨੂੰ
ਅਧਰੰਗ ਹੋਣ ਮਗਰੋਂ...
ਸੱਤ ਨਿਆਣਿਆਂ ਦੀ
ਅੱਖਾਂ ਵਿਚਲੀ ਭੁੱਖ ਮਿਟਾਉਣ ਖ਼ਾਤਰ
ਚੁੰਨੀ ਸਿਰ ਤੋਂ ਲਾਹ ਕੇ
ਗਲ਼ ਵਿੱਚ ਪਾਉਂਦੀ....
ਬੰਦੇ ਵਾਂਗ ਕੰਮ ਨਾਲ ਡਹਿ
ਧੀਆਂ ਪੁੱਤਾਂ ਨੂੰ
ਇਕੱਲੀ ਪਾਲ਼ ਪੋਸ ਵਿਆਹ ਕੇ
ਓਸ ਸਮਾਜ ਲਈ
ਨਵੀਂ ਲੀਕ ਖਿੱਚ ਗਈ...
ਜੋ ਸੋਚਦਾ ਸੀ ਕਿ
ਬੰਦੇ ਤੋਂ ਬਿਨਾਂ
ਜਨਾਨੀ ਦੇ ਜਵਾਕ ਰੁਲ ਜਾਂਦੇ ਨੇ...
ਸਾਰੀਆਂ ਔਰਤਾਂ ਰੰਗ ਨਹੀਂ ਹੁੰਦੀਆਂ...
ਮਹਿਕ ਨਹੀਂ
ਤੇ ਗੀਤ ਵੀ ਨਹੀਂ
ਕੁਝ ਔਰਤਾਂ ਧੁੱਪ ਹੁੰਦੀਆਂ ਹਨ...
ਪੇਂਜਿਆਂ ਦੀ ਨਫ਼ੀਸਾ ਬੇਗਮ...
ਬਾਲ ਬਾਹਰੀ ਹੋ ਕੇ ਤਮਾਮ ਉਮਰ
ਸਾਰੇ ਪਿੰਡ ਦੀ ਚਾਚੀ ਤਾਈ ਮਾਂ ਬਣੀ ...
ਮਰਦੀ ਹੋਈ ਆਖ ਗਈ,
ਕਿ ਹਿੰਦੁਸਤਾਨ
ਮੁਸਲਮਾਨਾਂ ਦਾ ਵੀ ਮੁਲਕ ਹੈ...
ਮੇਰੇ ਮਰਨ ਤੇ ਸੋਗ ਨਾ ਕਰਿਓ
ਹਰ ਮਜ਼ਹਬ ਦਾ ਬੱਚਾ
ਮੇਰੀ ਕਬਰ ਤੇ
ਬੱਸ ਇੱਕ ਫੁੱਲ ਧਰਨਾ...
ਕਦੇ ਕਦੇ ਸੋਚਦੀ ਹਾਂ
ਮੇਰੇ ਪਿੰਡ ਦੀਆਂ ਔਰਤਾਂ ਤਾਂ
ਕਦੇ ਪਿੰਡ ਦੀ ਦੇਹਲੀ ਨੀ ਟੱਪੀਆਂ...
ਐਨਾ ਸਬਰ...
ਐਨੀ ਦਲੇਰੀ....
ਐਡੀ ਧਰਮ ਨਿਰਪੱਖਤਾ...
ਕੌਣ ਉਨਾਂ ਦੀ
ਮਨ ਮਮਟੀ 'ਚ ਧਰ ਗਿਆ ਹੋਵੇਗਾ...
ਸ਼ਾਇਦ
ਸਾਰੀਆਂ ਹੀ ਔਰਤਾਂ
ਰੱਬ ਹੁੰਦੀਆਂ ਹਨ...
ਤੇ ਰੱਬ ਨੂੰ ਛੋਟਾ ਕਰਕੇ ਦੇਖਣਾ
ਬੰਦੇ ਦੀ ਹੋਂਦ ਤੋਂ ਮੁਨਕਰ ਹੋਣਾ ਹੈ...।

**ਕਮਲਗੀਤ ਸਰਹਿੰਦ**

# ਔਰਤ ਸਬਰ ਦੀ ਮੂਰਤ



**ਸਰਬਜੀਤ ਕੌਰ 'ਸਰਬ'**

ਜ਼ਿੰਦਗੀ ਦਾ ਕੋਈ ਵੀ ਦਿਨ ਅਜਿਹਾ ਨਹੀਂ ਜਿਸ ਦੀ ਸ਼ੁਰੂਆਤ ਔਰਤ ਤੋਂ ਨਾ ਹੋਵੇ। ਸੂਰਜ ਦਾ ਉੱਗਣਾ ਅਤੇ ਉਸ ਦਾ ਅਸਤ ਹੋਣਾ ਜਿਵੇਂ ਸਦੈਵ ਚੱਲਿਆ ਆ ਰਿਹਾ ਹੈ ਉਸੇ ਤਰਾਂ ਔਰਤ ਦੀ ਜ਼ਿੰਦਗੀ ਚਲਦੀ ਹੈ। ਬੇਸ਼ੱਕ ਉਸ ਦੀ ਇਸ ਜ਼ਿੰਦਗੀ ਨੂੰ ਕੋਈ ਸਮਝਣ ਵਾਲਾ ਉਸ ਦੀ ਕਦਰ ਨਹੀਂ ਕਰ ਸਕਦਾ,ਪਰ ਫੇਰ ਵੀ ਇੱਕ ਔਰਤ ਆਪਣੇ ਸਿਦਕ ਅਤੇ ਸਬਰ ਨਾਲ ਆਪਣੇ ਬੱਚਿਆਂ ਦੀ ਖ਼ਾਤਰ ਉਸ ਇਨਸਾਨ ਨਾਲ ਰਿਸ਼ਤਾ ਨਿਭਾਉਂਦੀ ਹੈ ਜਿਸ ਨੂੰ ਉਸ ਦੀ ਰਤਾ ਪ੍ਰਵਾਹ ਵੀ ਨਹੀਂ ਹੁੰਦੀ । ਜਦੋਂ ਵੀ ਇੱਕ ਧੀ ਡੋਲੀ ਵਿੱਚ ਬੈਠ ਕੇ ਕਿਸੇ ਬੇਗਾਨੇ ਘਰ ਜਾਂਦੀ ਹੈ ਉਸ ਦੇ ਨਾਲ ਲੱਖਾਂ ਹੀ ਅਜਿਹੇ ਸੁਪਨੇ ਹੁੰਦੇ ਹਨ ਜਿਨਾਂ ਨੂੰ ਸਜਾ ਕੇ ਉਹ ਉਸ ਘਰ ਵਿੱਚ ਕਦਮ ਰੱਖਦੀ ਹੈ ਜਿਸ ਨੂੰ ਕਦੇ ਉਸ ਨੇ ਆਪਣੇ ਸੁਪਨੇ ਵਿੱਚ ਸੰਜੋਇਆ ਸੀ। ਉਸ ਨੇ ਆਪਣੀ ਜ਼ਿੰਦਗੀ ਵਿੱਚ ਪੇਕੇ ਘਰ ਜੋ ਵੀ ਰੰਗ ਮਾਣੇ ਉਹ ਉਸ ਨੂੰ ਕਦੇ ਵੀ ਬੇਗਾਨੇ ਘਰ ਵਿੱਚ ਨਸੀਬ ਨਹੀਂ ਹੁੰਦੇ ਪਰ ਫੇਰ ਵੀ ਉਹ ਸਬਰ ਦਾ ਲੜ ਫੜ ਕੇ ਅਤੇ ਅਕਾਲ ਦੀ ਓਟ ਲੈ ਕੇ ਉਹ ਆਪਣੀ ਜ਼ਿੰਦਗੀ ਦੀ ਸ਼ੁਰੂਆਤ ਉਨਾਂ ਉੱਜੜਿਆ ਸੁਪਨਿਆਂ ਵਿੱਚ ਕਰਦੀ ਹੈ ਜੋ ਆਪਣੇ ਪੇਕੇ ਘਰ ਤੋਂ ਲੈ ਕੇ ਸਹੁਰੇ ਘਰ ਆਈ ਸੀ । ਅਜਿਹੇ ਸਮੇਂ ਵਿੱਚ ਕੀਤੀ ਹੋਈ ਸ਼ੁਰੂਆਤ ਉਸ ਨੂੰ ਜ਼ਿੰਦਗੀ ਦੇ ਉਨਾਂ ਹਸੀਨ ਰੰਗਾਂ ਨਾਲ ਮਿਲਾ ਦਿੰਦੀ ਹੈ ਜੋ ਉਸ ਨੇ ਕਦੇ ਆਪਣੇ ਪੇਕੇ ਘਰ ਵੇਖੇ ਸਨ ਪਰ ਇਹ ਪਲ ਉਸ ਨੂੰ ਤਾਂ ਹੀ ਨਸੀਬ ਹੁੰਦੇ ਹਨ ਜੇ ਉਸ ਦੇ ਅੰਦਰ ਸਬਰ ਤੇ ਸਿਦਕ ਦੀ ਜੜ ਮਜ਼ਬੂਤ ਹੁੰਦੀ ਹੈ। ਅਜੋਕੇ ਸਮੇਂ ਦੀ ਔਰਤ ਬੇਸ਼ੱਕ ਬਹੁਤ ਹੀ ਬਲਵਾਨ ਅਤੇ ਪੜੀ ਲਿਖੀ ਹੈ ਪਰ ਫਿਰ ਵੀ ਸਮਾਜਿਕ ਦਾਇਰੇ ਵਿੱਚ ਰਹਿ ਕੇ ਉਸ ਨੂੰ ਆਪਣੀ ਜ਼ਿੰਦਗੀ ਉਸੇ ਅਨੁਸਾਰ ਜਿਉਣੀ ਪੈਂਦੀ ਹੈ ਜਿਵੇਂ ਉਸ ਸਮਾਜ ਨੂੰ ਮਨਜ਼ੂਰ ਹੁੰਦੀ ਹੈ। ਬੇਸ਼ੱਕ ਅੱਜ ਅਸੀਂ ਅਜਿਹੇ ਸਮੇਂ ਵਿੱਚ ਰਹਿ ਰਹੇ ਹਾਂ ਜਿੱਥੇ ਔਰਤ ਦਾ ਰੁਤਬਾ ਪਹਿਲਾਂ ਨਾਲੋਂ ਕਾਫ਼ੀ ਉੱਚਾ ਹੋ ਗਿਆ ਹੈ ਪਰ ਫਿਰ ਵੀ ਉਸ ਨੂੰ ਕਿਤੇ ਨਾ ਕਿਤੇ ਅਜਿਹੀ ਮਾਨਸਿਕਤਾ ਦਾ ਸ਼ਿਕਾਰ ਹੋਣਾ ਪੈਂਦਾ ਹੈ ਜੋ ਉਸ ਨੂੰ ਉਸ ਦੇ ਔਰਤ ਹੋਣ ਦਾ ਅਹਿਸਾਸ ਕਰਵਾਉਂਦਾ ਰਹਿੰਦਾ ਹੈ ।

# ਔਰਤਾਂ ਵਿੱਚ ਮਾਨਸਿਕ ਰੋਗ

ਰਾਜਨਦੀਪ ਕੌਰ ਮਾਨ
6239326166

ਦਿਮਾਗੀ ਬਿਮਾਰੀਆਂ ਦਾ ਜ਼ਿਆਦਾਤਰ ਸਬੰਧ ਰੋਜ਼ਾਨਾ ਵਾਪਰਨ ਵਾਲੀਆਂ ਘਟਨਾਵਾਂ ਨਾਲ ਹੁੰਦਾ ਹੈ।ਇਹ ਘਟਨਾਵਾਂ ਕਿਸੇ ਇਨਸਾਨ ਦੇ ਦਿਲੋ ਦਿਮਾਗ ਤੇ ਬਹੁਤ ਗਹਿਰਾ ਅਸਰ ਛੱਡ ਜਾਂਦੀਆਂ ਹਨ।

ਕਿਉਂਕਿ ਜਿੰਦਗੀ ਹੈ ਤਾਂ ਬਹੁਤ ਸਾਰੀਆਂ ਘਟਨਾਵਾਂ ਵਾਪਰਦੀਆਂ ਹੀ ਹਨ। ਇਨਾਂ ਘਟਨਾਵਾਂ ਦੇ ਸਿੱਟੇ ਵਜੋਂ ਸਾਨੂੰ ਗੁੱਸਾ ਗਿਲਾ, ਪਿਆਰ, ਖੁਸ਼ੀ ਗਮੀ, ਆਦਿ ਭਾਵਨਾਵਾਂ ਦਾ ਪ੍ਰਗਟਾਵਾ ਹੋਣਾ ਇਕ ਕੁਦਰਤੀ ਗੱਲ ਹੈ। ਇਹ ਭਾਵਨਾਵਾਂ ਇਨਸਾਨ ਨੂੰ ਇਨਸਾਨੀ ਹੋਂਦ ਦਾ ਅਹਿਸਾਸ ਕਰਾਉਂਦੀਆਂ ਹਨ। ਪਰ ਜਦੋਂ ਕੋਈ ਉਦਾਸੀ ਵਰਗੀ ਭਾਵਨਾ ਜ਼ਿਆਦਾ ਦੇਰ ਲਈ ਜ਼ਿੰਦਗੀ ਵਿਚ ਘਰ ਕਰ ਲਵੇ ਤਾਂ ਉਹ ਕਿਸੇ ਦਿਮਾਗੀ ਬਿਮਾਰੀ ਦਾ ਸੂਚਕ ਬਣ ਜਾਂਦੀ ਹੈ। ਅੱਜ ਦੇ ਜਮਾਨੇ ਵਿਚ ਮਾਨਸਿਕ ਰੋਗ ਬਹੁਤ ਜ਼ਿਆਦਾ ਵੱਧ ਰਹੇ ਹਨ। ਔਰਤਾਂ ਵਿਚ ਇਹ ਰੋਗ ਮਰਦਾਂ ਨਾਲੋਂ ਦੁੱਗਣੀ ਗਿਣਤੀ ਵਿੱਚ ਸਾਹਮਣੇ ਆ ਰਿਹਾ ਹੈ। ਔਰਤਾਂ ਵਿਚ ਇਨਾਂ ਰੋਗਾਂ ਦੇ ਬਹੁਤ ਸਾਰੇ ਕਾਰਨ ਵੀ ਉਨਾਂ ਦੇ ਸਰੀਰਕ ਤੇ ਹਾਰਮੋਨਲ ਬਦਲਾਵਾਂ ਨਾਲ ਜੁੜੇ ਹੋਏ ਹਨ। ਮਰਦਾਂ ਦੇ ਮੁਕਾਬਲੇ ਔਰਤਾਂ ਨੂੰ ਜ਼ਿਆਦਾ ਹਾਰਮੋਨਲ ਬਦਲਾਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਔਰਤਾਂ ਮਰਦਾਂ ਦੇ ਮੁਕਾਬਲੇ ਜ਼ਿਆਦਾ ਘੁੱਟਣ ਵਾਲੇ ਮਾਹੌਲ ਵਿੱਚ ਰਹਿੰਦੀਆਂ ਹਨ। ਔਰਤਾਂ ਦੇ ਅੰਦਰ ਇਸਟਰੋਜਨ ਨਾਮ ਦੇ ਹਾਰਮੋਨਾਂ ਦੇ ਉਤਾਰ ਚੜਾਅ



ਕਾਰਨ ਸਰੀਰਕ ਤੇ ਮਾਨਸਕ ਬਦਲਾਅ ਆਉਂਦੇ ਹਨ। ਔਰਤਾਂ ਵਿਚ ਮਾਨਸਿਕ ਰੋਗਾਂ ਦਾ ਇਹ ਸਭ ਤੋਂ ਵੱਡਾ ਕਾਰਨ ਹੈ। ਇਸ ਤੋਂ ਇਲਾਵਾ ਦੁਰਵਿਹਾਰ, ਬਰਾਬਰੀ ਦੇ ਹੱਕ ਨਾ ਮਿਲਣਾ, ਸਰੀਰਕ ਸਮਰੱਥਾ ਤੋਂ ਜ਼ਿਆਦਾ ਕੰਮ ਕਰਨਾ ਪੈਣਾ, ਸਰੀਰਕ ਛੇੜਛਾੜ, ਮਾਨਸਿਕ ਤੇ ਸਰੀਰਕ ਜ਼ਰੂਰਤਾਂ ਨੂੰ ਤੇ ਭਾਵਨਾ ਨੂੰ ਦਬਾਉਣਾ, ਗਰਭ ਦੇ ਦੌਰਾਨ ਜਾਂ ਮਾਂ ਬਣਨ ਦੇ ਬਾਅਦ ਹਾਰਮੋਨਲ ਬਦਲਾਅ, ਕਿਸੇ ਆਪਣੇ ਬਹੁਤ ਨਜ਼ਦੀਕੀ ਦਾ ਵਿਛੋੜਾ, ਦਿਲ ਦੀ ਗੱਲ ਕਿਸੇ ਨਾਲ ਸਾਂਝੀ ਨਾ ਕਰ ਸਕਣਾ, ਮੋਟੇ ਮੋਟੇ ਕਾਰਨ ਬਣਦੇ ਹਨ।

ਮਾਨਸਿਕ ਰੋਗਾਂ ਦੇ ਚਲਦਿਆਂ ਔਰਤ ਆਪਣੇ ਆਪ ਨੂੰ ਦਰਕਿਨਾਰ ਕਰਨਾ ਸ਼ੁਰੂ ਕਰ ਦਿੰਦੀ ਹੈ, ਕਿਸੇ ਨੂੰ ਮਿਲਣਾ ਜਾਂ ਗੱਲ ਕਰਨਾ ਜਾਂ ਕਿਧਰੇ ਜਾਣਾ ਉਸ ਨੂੰ ਚੰਗਾ ਨਹੀਂ ਲੱਗਦਾ, ਉਸ ਦੇ ਅੰਦਰੋਂ ਉਤਸ਼ਾਹ ਖ਼ਤਮ ਹੋ ਜਾਂਦਾ ਹੈ, ਉਹ ਖੁਦ ਨੂੰ ਹਰ ਬੁਰੇ ਕੰਮ ਲਈ ਜ਼ਿੰਮੇਵਾਰ ਸਮਝਦੀ ਹੈ, ਉਸ ਨੂੰ ਡਰ ਲੱਗਣਾ ਸ਼ੁਰੂ ਹੋ ਜਾਂਦਾ ਹੈ, ਰੋਜ਼ਾਨਾ ਦੇ ਕੰਮ ਜੋ ਕਿ ਉਹ ਪਹਿਲਾਂ ਚਾਹ ਨਾਲ ਕਰਦੀ ਸੀ ਕਰਨਾ ਬੰਦ ਕਰ ਦਿੰਦੀ ਹੈ, ਹਰ ਵਕਤ ਉਦਾਸ, ਨਰਾਜ਼ ਨਜ਼ਰ ਆਉਂਦੀ ਹੈ। ਉਸ ਨੂੰ ਫੈਸਲੇ ਲੈਣ ਵਿੱਚ ਮੁਸ਼ਕਲ ਆਉਂਦੀ ਹੈ। ਉਸ ਦੀ ਨੀਂਦ ਤੇ ਭੁੱਖ ਚਲੀ ਜਾਂਦੀ ਹੈ। ਅਸੀਂ ਇਕਾਗਰਤਾ ਭੰਗ ਹੋ ਜਾਂਦੀ ਹੈ। ਉਹ ਜਾਂ ਤਾਂ ਬੱਚਿਆਂ ਦਾ ਬਹੁਤ ਜ਼ਿਆਦਾ ਫਿਕਰ ਕਰਦੀ ਹੈ, ਜਾਂ ਫਿਰ ਉਨਾਂ ਨੂੰ ਬਿਲਕੁਲ ਹੀ ਵਿਸਾਰ ਦਿੰਦੀ ਹੈ, ਉਸ ਦੇ ਮਨ ਵਿੱਚ ਖੁਦਕਸ਼ੀ ਦੇ ਵਿਚਾਰ ਵੀ ਆਉਂਦੇ ਹਨ, ਇਸ ਵਿੱਚ ਸ਼ੱਕ, ਆਵਾਜ਼ਾਂ ਸੁਣਨੀਆਂ, ਗੁੱਸੇ ਵਾਲੀਆਂ ਭਾਵਨਾਵਾਂ ਵੀ ਬਹੁਤ ਹੋ ਜਾਂਦੀਆਂ ਹਨ।

ਜਦੋਂ ਕਿਸੇ ਔਰਤ ਵਿਚ ਇਹ ਸਭ ਤਬਦੀਲੀਆਂ ਨਜ਼ਰ ਆਉਂਦੀਆਂ ਹਨ ਉਸ ਦਾ ਪਰਿਵਾਰ ਉਸ ਨੂੰ ਭੰਡਣਾ ਸ਼ੁਰੂ ਕਰ ਦਿੰਦਾ ਹੈ। ਜਦਕਿ ਉਸ ਨੂੰ ਬਹੁਤ ਸਹਿਯੋਗ ਦੀ ਲੋੜ ਹੁੰਦੀ ਹੈ। ਇਸ ਵਕਤ ਉਸ ਨੂੰ ਸਰੀਰਕ ਇਲਾਜ ਦੇ ਨਾਲ-ਨਾਲ ਮਾਨਸਿਕ ਤੌਰ 'ਤੇ ਵੀ ਸਹਾਰੇ ਦੀ ਲੋੜ ਹੁੰਦੀ ਹੈ। ਉਸਦਾ ਪਰਿਵਾਰ ਅਤੇ ਉਸਦੀਆਂ ਸਹੇਲੀਆਂ ਦਾ ਸਹਾਰਾ ਉਸ ਨੂੰ ਉਸ ਵਿਚੋਂ ਬਾਹਰ ਕੱਢਣ ਵਿਚ ਸਹਾਈ ਹੁੰਦਾ ਹੈ। ਅਜਿਹੇ ਵਿਚ ਡਾਕਟਰ ਦੀ ਕੌਂਸਲਿੰਗ ਬਹੁਤ ਜ਼ਰੂਰੀ ਹੋ ਜਾਂਦੀ ਹੈ। ਬਿਮਾਰੀ ਦੇ ਪੱਧਰ ਨੂੰ ਦੇਖਣ ਤੋਂ ਬਾਅਦ ਦਵਾਈ ਵੀ ਜ਼ਰੂਰੀ ਹੈ। ਮਾਨਸਿਕ ਰੋਗ ਦੇ ਚਲਦਿਆਂ ਰੋਗੀ ਨੂੰ ਖੁਦ ਨਹੀਂ ਪਤਾ ਲੱਗਦਾ ਕਿ ਉਹ ਕਿਸੇ ਬਿਮਾਰੀ ਦਾ ਸ਼ਿਕਾਰ ਹੋ ਗਿਆ ਹੈ। ਅਜਿਹੇ ਵਿਚ ਸਾਰੇ ਪਰਿਵਾਰ ਨੂੰ ਇਸ ਤਰਾਂ ਦੀਆਂ ਬਿਮਾਰੀਆਂ ਬਾਰੇ ਜਾਣਕਾਰੀ ਹੋਣਾ ਬਹੁਤ ਜ਼ਰੂਰੀ ਹੈ। ਜਿੰਨੀ ਜਲਦੀ ਇਲਾਜ ਹੋਵੇ ਤਾਂ ਉੱਨੀ ਜਲਦੀ ਹੀ ਰੋਗੀ ਠੀਕ ਹੋ ਸਕਦਾ ਹੈ, ਇਲਾਜ ਵਿਚ ਦੇਰੀ ਬੀਮਾਰੀ ਨੂੰ ਵਧਾ ਸਕਦੀ ਹੈ। ਮਾਨਸਿਕ ਰੋਗ ਰੋਗੀ ਦੇ ਆਤਮ ਵਿਸ਼ਵਾਸ ਨੂੰ ਬਿਲਕੁਲ ਜੀਰੋ ਕਰ ਦਿੰਦੇ ਹਨ। ਵੇਲੇ ਸਿਰ ਨਾ ਕੀਤਾ ਗਿਆ ਇਲਾਜ ਇਨਾਂ ਸਭ ਸਮੱਸਿਆਵਾਂ ਨੂੰ ਬਹੁਤ ਜ਼ਿਆਦਾ ਵਧਾ ਸਕਦਾ ਹੈ। ਸੋ ਆਪਣੇ ਆਪਣੇ ਘਰ ਦੀਆਂ ਔਰਤਾਂ ਦੀ ਮਾਨਸਿਕ ਸਿਹਤ ਦਾ ਖਿਆਲ ਰੱਖਣਾ ਸਭ ਦਾ ਫ਼ਰਜ਼ ਹੈ। ਤਾਂ ਕਿ ਔਰਤ ਇੱਕ ਤੰਦਰੁਸਤ ਸਮਾਜ ਦੀ ਸਿਰਜਣਾ ਵਿੱਚ ਆਪਣਾ ਬਣਦਾ ਹਿੱਸਾ ਪਾ ਸਕੇ।ਔਰਤ ਸਰੀਰਕ ਮਾਨਸਿਕ ਰੂਪ ਵਿੱਚ ਤੰਦਰੁਸਤ ਹੈ ਤਾਂ ਸਾਰਾ ਪਰਿਵਾਰ, ਸਮਾਜ, ਦੇਸ਼ ਤੇ ਸੰਸਾਰ ਤੰਦਰੁਸਤ ਹੈ।

# ਅਸੂਲਾਂ ਦਾ ਖਾਤਾ ਸਾਬਿਤ ਏ ਔਰਤ ਨਾਲ

ਹਰਮੀਤ ਕੌਰ ਮੀਤ

ਅਕਸਰ ਕਿਹਾ ਜਾਂਦਾ ਹੈ ਕਿ ਜੇ ਮਰਦ ਬਦਲ ਜਾਵੇ ਤਾਂ ਸਿਰਫ ਔਰਤ ਟੁੱਟਦੀ ਹੈ, ਪਰ ਕੇ ਔਰਤ ਬਦਲ ਜਾਵੇ ਤਾਂ ਪੂਰਾ ਘਰ ਟੁੱਟ ਜਾਂਦਾ ਹੈ, ਕਿਸੇ ਹੱਦ ਤੱਕ ਠੀਕ ਵੀ ਹੈ ਇਹ, ਪਰ ਬਹੁਤੀ ਵਾਰ ਔਰਤ ਟੁੱਟਦੀ ਨਹੀਂ ਮਜ਼ਬੂਤ ਹੋ ਜਾਂਦੀ ਹੈ। ਇਸ ਨੂੰ ਮਹਾਂਪੁਰਸ਼ਾਂ ਨੇ ਮਹਾਨ ਕੁਰਬਾਨੀ ਦੀ ਮੂਰਤ ਕਹਿ ਕੇ ਸਤਿਕਾਰਿਆ ਹੈ। ਇਹ ਔਰਤ ਹੀ ਹੈ ਜੋ ਆਪਣੀਆਂ ਸੱਧਰਾਂ, ਆਪਣੇ ਚਾਅ, ਆਪਣੀਆਂ ਭਾਵਨਾਵਾਂ, ਆਪਣੀਆਂ ਖੁਸ਼ੀਆਂ, ਆਪਣੇ ਜਜ਼ਬਾਤਾਂ ਨੂੰ ਆਪਣੇ ਹੀ ਪੈਰਾਂ ਹੇਠ ਕੁਚਲ ਕੇ ਘਰ ਪਰਿਵਾਰ ਨੂੰ ਜੋੜ ਕੇ ਰੱਖਦੀ ਹੈ। 99ਵੇਂ ਪ੍ਰਤੀਸ਼ਤ ਮਰਦ ਔਰਤ ਦੀਆਂ ਭਾਵਨਾਵਾਂ ਨੂੰ ਸਮਝਣ ਦੇ ਸਮਰੱਥ ਨਹੀਂ ਹੁੰਦੇ ਪਰ 99ਵੇਂ ਪ੍ਰਤੀਸ਼ਤ ਔਰਤਾਂ ਆਪਣਾ ਦਰਦ, ਆਪਣੀਆਂ ਸਿਸਕੀਆਂ, ਆਪਣੇ ਹਟਕੋਰੇ ਤੇ ਰੋਣ ਦੀ ਅਵਾਜ਼ ਦਬਾ ਕੇ ਘਰ ਪਰਿਵਾਰ ਨੂੰ ਜੋੜ ਕੇ ਰੱਖਣ ਦੇ ਸਮਰੱਥ ਹੁੰਦੀਆਂ ਨੇ। ਇਹ ਔਰਤ ਦੀ ਸਭ ਤੋਂ ਵੱਡੀ ਕੁਰਬਾਨੀ ਏ। ਜੇਕਰ ਔਰਤ ਵਿੱਚ ਅਜਿਹਾ ਜ਼ਜ਼ਬਾ ਨਾ ਹੋਵੇ ਤਾਂ ਸੰਸਾਰ ਤੇ ਕਦੇ ਵੀ ਘਰ ਨਾਂ ਦੀ ਕੋਈ ਚੀਜ਼ ਨਾ ਹੋਵੇ। ਔਰਤ ਹੀ ਘਰ ਦੀ ਬੁਨਿਆਦ ਹੈ ਤੇ ਏਸੇ ਬੁਨਿਆਦ ਹੇਠ ਉਸਦੀਆਂ ਭਾਵਨਾਵਾਂ ਦਬ ਜਾਂਦੀਆਂ ਨੇ, ਪਰ ਉਹ ਉਫ ਤਕ ਨਹੀਂ ਕਰਦੀ। ਕਦੇ ਪਿਓ, ਕਦੇ ਭਰਾ, ਕਦੇ ਪਤੀ ਤੇ ਕਦੇ ਪੁੱਤਰਾਂ ਦੀ ਖਾਤਰ ਆਪਣੀਆਂ ਸੱਧਰਾਂ ਦਾ ਗਲਾ ਆਪਣੇ ਹੱਥੀਂ ਹੀ ਘੁੱਟ ਦਿੰਦੀ ਹੈ। ਪਰ ਇਹ ਵੀ ਸੱਚ ਹੈ ਕਿ ਆਪਣੀਆਂ ਸੱਧਰਾਂ ਤੇ ਖੁਸ਼ੀਆਂ ਨੂੰ ਆਪਣੇ ਹੀ ਪੈਰਾਂ ਹੇਠ ਕੁਚਲ ਦੇਣਾ ਔਰਤ ਦੀ ਕਮਜ਼ੋਰੀ ਨਹੀਂ, ਦਲੇਰੀ ਹੈ। ਇਸ ਦਲੇਰੀ ਨੂੰ ਵਿਖਾਉਂਦਿਆਂ ਜੇਕਰ ਕਦੇ ਉਹਦੇ ਆਤਮ ਸਨਮਾਨ ਨੂੰ ਸੱਟ ਵੱਜੇ ਤਾਂ ਉਹ ਚੰਡੀ ਦਾ ਰੂਪ ਵੀ ਧਾਰਨ ਕਰਦੀ ਹੈ। ਸੀਤਾ ਬਣਿਆ ਰਾਵਣ ਕਦ ਮਰਦੇ ਨੇ, ਦੁਰਗਾ ਬਣ ਕੇ ਹੀ ਦੈਂਤਾਂ ਦਾ ਨਾਸ਼ ਕਰਨਾ ਪੈਂਦਾ। ਮੇਰੀ ਜਾਚੇ ਰੱਬ ਦੀ ਸਰਵੋਤਮ ਰਚਨਾ ਔਰਤ ਹੀ ਹੈ, ਤੇ ਆਪ ਪਰਵਿਦਗਾਰ ਵੀ ਔਰਤ ਦਾ ਸਤਿਕਾਰ ਕਰਦਾ ਹੈ, ਔਰਤ ਦੁਨੀਆਂ ਦੀ ਅਣਮੁੱਲੀ ਸ਼ੈਅ ਹੈ, ਉਹ ਉੱਚੇ ਪਰਬਤ ਤੋਂ ਵੀ ਉੱਚੀ ਤੇ ਸੁੱਚੇ ਮੋਤੀ ਤੋਂ ਵੀ ਸੁੱਚੀ ਹੈ, ਸਾਗਰ ਤੋਂ ਵੀ ਡੂੰਘੀ, ਇਸਦੀ ਗਹਿਰਾਈ ਕੋਈ ਨਹੀਂ ਮਾਪ ਸਕਦਾ। ਇਸਦੇ ਬੋਲ ਅੰਮ੍ਰਿਤ ਵਰਗੇ ਮਿੱਠੇ ਨੇ, ਇਹ ਗੰਗਾ ਜਲ ਵਾਂਗ ਨਿਰਮਲ ਏ ਤੇ ਚੰਨ ਦੀਆਂ ਸ਼ਾਂਤਮਈ ਕਿਰਨਾਂ ਵਾਂਗ ਸ਼ਾਂਤ ਹੈ, ਇਸਦਾ ਹੌਂਸਲਾ ਹਿਮਾਲਾ ਤੋਂ ਵੀ ਵੱਡਾ ਏ, ਤੇ ਇਹ ਵਰਦਾਨ ਰੱਬ ਨੇ ਹੋਰ ਕਿਸੇ ਦੀ ਝੋਲੀ ਨਹੀਂ ਪਾਇਆ। ਇਸਦੀ ਨਿਮਰਤਾ ਤੋਂ ਕੋਈ ਇਹ ਅੰਦਾਜ਼ਾ ਨਾ ਲਗਾਵੇ ਕਿ ਉਹ ਕਮਜ਼ੋਰ ਜਾਂ ਡਰਪੋਕ ਹੈ, ਸਮਝਦਾਰ ਹੈ, ਇਸਨੂੰ ਪਤਾ ਹੈ ਕਿ ਚਿੱਕੜ ਵਿਚ ਵੱਟੇ ਮਾਰਿਆਂ ਛਿੱਟਾਂ ਆਪਣੇ ਤੇ ਪੈਂਦੀਆਂ ਨੇ। ਇਥੇ ਇਹ ਕਹਿਣਾ ਮੁਨਾਸਿਬ ਹੋਵੇਗਾ ਕਿ ਜਿਸ ਨੂੰ ਨਾਨਕ ਪਾਤਸ਼ਾਹ ਨੇ ਵਡਿਆਇਆ ਹੋਵੇ, ਉਹ ਭਲਾ ਕਿਸੇ ਹੋਰ ਦੀ ਇੱਜ਼ਤ ਦੀ ਮੁਹਤਾਜ਼ ਕਿਉਂ ਹੋਵੇਗੀ ? ਔਰਤ ਨੂੰ ਮੰਗਵੇਂ ਖੰਭਾਂ ਤੇ ਉੱਡਣ ਦੀ ਆਦਤ ਨਹੀਂ ਹੁੰਦੀ, ਉਸਦੀ ਆਪਣੀ ਹੋਂਦ ਜੱਗ ਜਾਹਿਰ ਹੈ, ਉਹ ਹਰ ਤਰਾਂ ਦਾ ਸਫ਼ਰ ਆਪਣੇ ਪੈਰਾਂ ਨਾਲ ਤਹਿ ਕਰਦੀ ਹੈ। ਉਸਦੇ ਪੈਰ ਪੱਕੇ ਰਾਹਾਂ ਤੇ



ਤੁਰਦੇ ਨੇ, ਜਿੰਦਗੀ ਦਾ ਸਫ਼ਰ ਤਹਿ ਕਰਦੀ ਜਿਹੜੀਆਂ ਮੁਸ਼ਕਲਾਂ ਆਪਣੇ ਪੈਰਾਂ ਹੇਠ ਲਤਾੜ ਕੇ ਉਹ ਅੱਗੇ ਲੰਘ ਜਾਂਦੀ ਏ, ਉਸ ਨਾਲ ਹੀ ਇਸ ਸਮਾਜ ਦੀ ਸਿਹਤ ਨਰੋਈ ਰਹਿੰਦੀ ਏ, ਆਰਥਿਕ ਖੁਸ਼ਹਾਲੀ ਵੀ ਰਹਿੰਦੀ ਆ ਤੇ ਇਸ ਨਾਲ ਹੀ ਔਰਤ ਦਾ ਸਭ ਤੋਂ ਬਿਹਤਰ ਰੂਪ ਉਜਾਗਰ ਹੁੰਦਾ ਹੈ, ਜਿਸ ਨੂੰ ਵੇਖਣ ਤੇ ਮਹਿਸੂਸ ਕਰਨ ਲਈ ਕਿਸੇ ਨੂੰ ਵੀ ਔਰਤ ਵਰਗੇ ਗੁਣ ਧਾਰਨ ਕਰਨੇ ਪੈਣਗੇ। ਬਹੁਤ ਘੱਟ ਮਰਦ ਔਰਤ ਨੂੰ ਉੱਚਾ ਦਰਜਾ ਦੇ ਕੇ ਨਿਵਾਜਦੇ ਨੇ, ਅਜਿਹੇ ਮਰਦਾਂ ਦੀ ਸੂਝਵਾਨ ਫਿਤਰਤ ਉਨਾਂ ਦੇ ਚਰਿੱਤਰ ਵਿਚੋਂ ਸਾਫ਼ ਨਜਰੀਂ ਪੈਂਦੀ ਹੈ, ਪਰ ਅਫਸੋਸ ਬਹੁਗਿਣਤੀ ਨਮਰਦਾਂ ਦੀ ਹੈ, ਜੋ ਔਰਤ ਨੂੰ ਆਪਣੇ ਪੈਰ ਦੀ ਜੁੱਤੀ ਸਮਝਦੇ ਹਨ, ਔਰਤ ਦਾ ਅਪਮਾਨ ਕਰਦੇ ਹਨ, ਅਜਿਹੇ ਲੋਕਾਂ ਅੰਦਰ ਲੱਗੀ ਸਿਉਂਕ ਦਾ ਇਲਾਜ ਕਰਨ ਦੀ ਲੋੜ ਹੈ, ਅਜਿਹੇ ਲੋਕ ਔਰਤ ਦਾ ਅਪਮਾਨ ਹੀ ਨਹੀਂ ਕਰਦੇ, ਸਗੋਂ ਆਪਣੇ ਹੱਥੀਂ ਆਪਣੇ ਘਰ ਦੀਆਂ ਨੀਹਾਂ ਖੋਖਲੀਆਂ ਕਰ ਲੈਂਦੇ ਹਨ, ਆਪਣੇ ਲਈ ਸਜ਼ਾ ਸਹੇੜ ਲੈਂਦੇ ਹਨ! ਜਿੰਦਗੀ ਸਭ ਨੂੰ ਮੌਕਾ ਦਿੰਦੀ ਆ ਉਚਾਈਆਂ ਛੂਹਣ ਦਾ, ਕਹਿੰਦੇ ਨੇ ਆਪਣੇ ਧਰਮ ਨੂੰ ਕਾਇਮ ਰੱਖੋ ਤੇ ਸੰਪੂਰਨ ਰੂਪ ਵਿਚ ਕਾਇਮ ਰੱਖੋ, ਪਰ ਯਾਦ ਰੱਖੋ ਧਰਮ ਓਦੋਂ ਤੱਕ ਸੰਪੂਰਨ ਨਹੀਂ ਹੋਏਗਾ ਜਦੋਂ ਤੱਕ ਔਰਤ ਦਾ ਸਤਿਕਾਰ ਕਰਨਾ ਨਹੀਂ ਸਿੱਖਦੇ ਲੋਕ, ਔਰਤ ਦੇ ਸਤਿਕਾਰ ਬਿਨਾਂ ਧਰਮ ਦੀ ਸੰਪੂਰਨਤਾ ਦੀ ਕਲਪਨਾ ਕਰਨੀ ਨਿਰੀ ਮੂਰਖਤਾ ਹੈ। ਅਸੂਲਾਂ ਦੇ ਰਾਹ ਤੇ ਚਲੋ ਤੇ ਇਹ ਰਾਹ ਔਰਤ ਦੇ ਸਤਿਕਾਰ 'ਚੋਂ ਹੋ ਕੇ ਗੁਜ਼ਰਦਾ ਹੈ, ਜਦੋਂ ਵੀ ਕਿਸ ਨੇ ਬੇਅਸੂਲੀ ਦਾ ਰਸਤਾ ਚੁਣਿਆ ਉਸ ਨੇ ਆਪਣੀ ਤਬਾਹੀ ਦਾ ਰਸਤਾ ਆਪ ਹੀ ਚੁਣ ਲਿਆ, ਸੋ ਅਸੂਲਾਂ ਦਾ ਖਾਤਾ ਔਰਤ ਦੇ ਸਤਿਕਾਰ ਬਿਨਾਂ ਅਧੂਰਾ ਹੈ ਤੇ ਹਾਂ ਔਰਤ ਦਾ ਸਤਿਕਾਰ ਕਰਕੇ ਕੋਈ ਵੀ ਆਪਣੇ ਅੰਦਰ ਦੀ ਹਰ ਪ੍ਰਕਾਰ ਦੀ ਬੇਫਿਕਰੀ ਕਾਇਮ ਰੱਖ ਸਕਦਾ ਹੈ।

# ਕਿਸਾਨ ਅੰਦੋਲਨ ਪ੍ਰਤੀ ਸਮਰਪਿਤ ਔਰਤਾਂ



ਹਰਮਨਪ੍ਰੀਤ ਸਿੰਘ
9855010005

ਕਿਸਾਨ ਅੰਦੋਲਨ ਦੁਨੀਆਂ ਦਾ ਇੱਕੋ -ਇਕ ਅਜੇਹੇ ਅੰਦੋਲਨ ਦਾ ਖ਼ਿਤਾਬ ਹਾਸਿਲ ਕਰਦਾ ਨਜ਼ਰ ਆਉਂਦਾ, ਜੋ ਅੱਜ ਤੋਂ ਪਹਿਲਾਂ ਨਾ ਤਾਂ ਇਹੋ ਜਿਹਾ ਅੰਦੋਲਨ ਕਿਤੇ ਹੋਇਆ ਤੇ ਨਾ ਹੀ ਮੁੜ ਛੇਤੀ ਕਿਤੇ ਹੋਵੇਗਾ। ਇਹ ਉਹ ਕਾਮਯਾਬ ਅੰਦੋਲਨ ਹੈ ਜਿਸ ਵਿਚ ਹਰ ਅੰਦੋਲਨਕਾਰੀ ਨੇ ਜਬਰ ਦਾ ਮੁਕਾਬਲਾ ਸਬਰ ਨਾਲ ਕਰ ਦੇਸ਼, ਦੁਨੀਆਂ ਦੇ ਸਾਹਮਣੇ ਇਕ ਬਹੁਤ ਵੱਡੀ ਸ਼ਲਾਗਾਯੋਗ ਮਿਸਾਲ ਕਾਇਮ ਕਰ ਵਿਖਾਈ ਹੈ। ਇਹ ਉਹ ਕਿਸਾਨ, ਮਜਦੂਰਾਂ ਦਾ ਅੰਦੋਲਨ ਹੈ ਜਿਸ ਵਿਚ ਭਾਰਤ ਦੇ ਕਿਸਾਨ ਅੰਦੋਲਨ ਦੀ ਅਗਵਾਈ ਕਰਨ ਵਾਲੀਆਂ ਔਰਤਾਂ ਜਿਨਾਂ ਵਿਚ ਬੱਚੀਆਂ, ਬੀਬੀਆਂ ਤੇ ਭੈਣਾਂ ਹਨ, ਜਿਨਾਂ ਨੇ ਕਿਸਾਨ, ਮਜਦੂਰ ਵੀਰਾਂ ਤੇ ਬਜ਼ੁਰਗਾਂ ਨਾਲ ਬਰਾਬਰ ਖੜ ਕੇ ਅੰਦੋਲਨ ਨੂੰ ਮਜਬੂਤ ਕਰ ਸਿਖਰਾਂ ਤੇ ਲਿਜਣ ਦਾ ਵਡਮੁੱਲਾ ਯੋਗਦਾਨ ਪਾਇਆ ਹੈ ਜੋ ਸਦਾ ਹੀ ਯਾਦ ਕੀਤਾ ਜਾਵੇਗਾ। ਬੱਚੀਆਂ, ਬੀਬੀਆਂ ਤੇ ਭੈਣਾਂ ਦੇ ਕਿਸਾਨ ਅੰਦੋਲਨ ਪ੍ਰਤੀ ਸਮਰਪਣ ਨੂੰ ਦੇਸ਼, ਦੁਨੀਆ ਦਾ ਹਰ ਵਰਗ ਸਲਾਮ ਕਰਦਾ ਨਜ਼ਰ ਆਉਂਦਾ ਹੈ, ਇਸੇ ਤਰਾਂ ਦੇਸ਼, ਦੁਨੀਆਂ 'ਚ ਮਸ਼ਹੂਰ ਅਮਰੀਕਾ ਦੀ 'ਟਾਈਮ ਮੈਗਜ਼ੀਨ' ਨੇ ਆਪਣੇ ਮਾਰਚ 2021 ਦੇ ਅੰਕ ਦੇ ਕਵਰ ਪੇਜ਼ 'ਤੇ ਕਿਸਾਨ ਅੰਦੋਲਨ ਵਿਚ ਸ਼ਾਮਲ ਭਾਰਤ ਦੀਆਂ ਬੀਬੀਆਂ, ਭੈਣਾਂ ਦੀ ਤਸਵੀਰ ਛਾਪੀ ਗਈ ਹੈ। ਕੌਮਾਂਤਰੀ ਪੱਧਰ ਦੇ ਇਸ ਮੈਗਜ਼ੀਨ ਦੇ ਕਵਰ ਪੇਜ਼ 'ਤੇ ਇਨਾਂ ਬੱਚੀਆਂ, ਬੀਬੀਆਂ ਤੇ ਭੈਣਾਂ ਦੀ ਤਸਵੀਰ ਦਾ ਛਪਣਾ ਆਪਣੇ ਆਪ ਵਿਚ ਹੀ ਕਿਸਾਨ ਅੰਦੋਲਨ ਦੀ ਕਾਮਯਾਬੀ ਵੱਲ ਵਧਣ ਦੀ ਨਿਸ਼ਾਨੀ ਹੈ। 'ਟਾਈਮ ਮੈਗਜ਼ੀਨ' ਦੇ ਕਵਰ ਪੇਜ਼ 'ਤੇ ਛਾਪੀ ਗਈ ਇਸ ਤਸਵੀਰ ਵਿਚ ਕੇਦਰ ਸਰਕਾਰ ਦੇ ਤਿੰਨੇ ਖੇਤੀ ਕਾਨੂੰਨਾਂ ਵਿਰੁੱਧ ਅੰਦੋਲਨ ਵਿਚ ਸ਼ਾਮਿਲ ਹੋ ਕੇ ਰੋਸ ਪ੍ਰਗਟ ਕਰ ਰਹੀਆਂ ਛੋਟੀਆਂ-ਛੋਟੀਆਂ ਬੱਚੀਆਂ, ਬਜ਼ੁਰਗ ਬੀਬੀਆਂ ਤੇ ਭੈਣਾਂ ਹਨ, ਨਾਲ ਹੀ ਟਾਈਮ ਮੈਗਜ਼ੀਨ ਨੇ ਕੈਪਸ਼ਨ ਵਿਚ ਲਿਖਿਆ ਹੈ, 'ਮੈਨੂੰ ਡਰਾਇਆ ਨਹੀਂ ਜਾ ਸਕਦਾ ਅਤੇ ਮੈਨੂੰ ਖ਼ਰੀਦਿਆ ਨਹੀਂ ਸਕਦਾ'। ਇਸ ਅੰਦੋਲਨ ਨੂੰ ਕਿਸਾਨ ਅੰਦੋਲਨ ਦੀ ਇਕ ਵੱਡੀ ਪ੍ਰਾਪਤੀ ਕਿਹਾ ਜਾ ਸਕਦਾ ਹੈ ਜੋ ਕਿ ਪਿੰਡਾਂ, ਕਸਬਿਆਂ ਤੋਂ ਸ਼ੁਰੂ ਹੋ ਕੇ ਦੇਸ਼, ਦੁਨੀਆ ਦੇ ਵਿਚ ਅੱਜ ਹਰ ਅਖਬਾਰ, ਮੈਗਜ਼ੀਨ ਵਿਚ ਖਬਰਾਂ ਤੇ ਲੇਖਾ ਦੇ ਰੂਪ ਵਿਚ ਦੇਸ਼, ਦੁਨੀਆ ਦੇ ਲੋਕਾਂ ਦੇ ਰੂਬਰੂ ਹੋ ਰਿਹਾ ਹੈ। ਇਸ ਦੇ ਨਾਲ ਹੀ ਇਹ ਜ਼ਿਕਰਯੋਗ ਹੈ ਕਿ ਸੰਯੁਕਤ ਕਿਸਾਨ ਅੰਦੋਲਨ ਵਲੋਂ 8 ਮਾਰਚ ਨੂੰ ਔਰਤ ਕਿਸਾਨ ਦਿਵਸ ਮਨਾਇਆ ਜਾ ਰਿਹਾ ਹੈ। ਉਸ ਦਿਨ ਸਟੇਜ ਦਾ ਸਾਰਾ ਸੰਚਾਲਨ ਔਰਤਾਂ ਹੀ ਕਰਨਗੀਆਂ ਅਤੇ ਬੁਲਾਰੇ ਵੀ ਔਰਤਾਂ ਹੋਣਗੀਆਂ। ਇਹ ਕਿਸਾਨ ਅੰਦੋਲਨ ਹੁਣ ਦੇਸ਼ ਦੇ ਵੱਖ-ਵੱਖ ਸੂਬਿਆਂ ਚੋਂ ਹੁੰਦਾ ਹੋਇਆ ਹੁਣ ਦੁਨੀਆਂ ਪੱਧਰ ਉੱਤੇ ਪ੍ਰਹੰਚ ਲੋਕਾਂ ਤੇ ਸਰਕਾਰਾਂ ਦਾ ਧਿਆਨ ਆਪਣੇ ਵੱਲ ਖਿੱਚ ਰਿਹਾ ਹੈ। ਹੁਣ ਹਰ ਵਰਗ ਦੇ ਲੋਕ ਚੰਗੀ ਤਰਾਂ ਜਾਣ ਗਏ ਹਨ ਕਿ ਇਹ ਖੇਤੀ ਕਾਨੂੰਨ ਸਿਰਫ ਕਿਸਾਨਾਂ, ਮਜਦੂਰਾਂ ਦੇ ਖ਼ਿਲਾਫ਼ ਹੀ ਨਹੀਂ, ਬਲਕਿ ਹਰ ਉਸ ਵਰਗ ਦੇ ਖ਼ਿਲਾਫ਼ ਹਨ, ਜੋ ਦੋ ਵਕਤ ਦੀ ਰੋਟੀ ਖ਼ਾਤਰ ਆਪਣੇ ਜੀਵਨ ਚ ਸੰਘਰਸ਼ ਕਰ ਰਹੇ ਹਨ। ਇਸ ਖੇਤੀ ਕਾਨੂੰਨ ਨਾਲ ਸਮੁੱਚੀ ਖੇਤੀ ਤੇ ਖੁਰਾਕ ਪਦਾਰਥ ਕਾਰਪੋਰੇਟਾਂ ਦੇ ਹੱਥ ਦੇ ਵਿਚ ਚਲੇ ਜਾਣ ਨਾਲ ਜਨਤਕ ਵੰਡ ਪ੍ਰਣਾਲੀ ਤੇ ਭਾਰੀ ਅਸਰ ਹੋ ਸਕਦਾ ਜਿਸ ਰਾਹੀਂ ਦੇਸ਼ ਦੀ ਇਕ ਵੱਡੀ ਅਬਾਦੀ ਨੂੰ ਮਿਲ ਰਹੇ ਸਸਤੇ ਰਾਸ਼ਨ ਤੋਂ ਵਾਂਝੇ ਹੋਣਗੇ ਅਤੇ ਕਰੋੜਾਂ ਲੋਕ ਭੁੱਖਮਰੀ ਦੇ ਸ਼ਿਕਾਰ ਹੋਣਗੇ। ਖੇਤੀ ਕਾਨੂੰਨ ਦੇ ਨੀਤੀਘਾੜਿਆਂ ਤੇ ਮਾਹਿਰਾਂ ਦੇ ਧਿਆਨ ਵਿਚ ਇਹ ਗੱਲ ਆਉਣੀ ਬੇਹੱਦ ਜ਼ਰੂਰੀ ਹੈ ਤੇ ਉਨਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਖੇਤੀ ਤੇ ਖੁਰਾਕ ਪਦਾਰਥ ਕਾਰਪੋਰੇਟਾਂ ਦੇ ਹੱਥ ਦੇ ਵਿਚ ਚਲੇ ਜਾਣ ਨਾਲ ਉਹ ਦਿਨ ਦੂਰ ਨਹੀਂ ਜਦੋਂ ਦੇਸ਼ ਦਾ ਇਕ ਵੱਡਾ ਵਰਗ ਭੁੱਖਮਰੀ ਦਾ ਸ਼ਿਕਾਰ ਹੋ ਜਾਵੇਗਾ। ਜਨਹਿੱਤ ਵਿਚ ਇਸ ਨੂੰ ਦੇਖਦੇ ਹੋਏ ਕੇਂਦਰ ਸਰਕਾਰ ਨੂੰ ਬਿਨਾਂ ਸ਼ਰਤ ਤਿੰਨੇ ਖੇਤੀ ਕਾਨੂੰਨ ਵਾਪਸ ਲੈਣੇ ਚਾਹੀਦੇ ਹਨ।


jus
HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE
THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE + 1-718-752-9293 | CALL TO SUBSCRIBE +1-800-246-6242
www.jusbroadcasting.com

# ਪੰਜਾਬੀ ਸਭਿਆਚਾਰ ਵਿਚੋਂ ਗਾਇਬ ਹੋ ਰਹੀ ਫੁਲਕਾਰੀ

**ਗਗਨਦੀਪ ਧਾਲੀਵਾਲ**

ਕਦੇ ਫੁਲਕਾਰੀ ਸੱਭਿਆਚਾਰ ਦਾ ਮੁੱਖ ਅੰਗ ਸੀ। ਅੱਜ ਫੁਲਕਾਰੀ ਕੱਢਣਾ ਅਲੋਪ ਹੋ ਗਿਆ ਹੈ। ਫੁਲਕਾਰੀ ਅੱਜ ਕੱਲ ਜਿਵੇਂ ਇਕ ਬੁਝਾਰਤ ਬਣ ਕੇ ਜਾਂ ਫਿਰ ਗੀਤਾਂ ਤੱਕ ਹੀ ਸੀਮਤ ਰਹਿ ਗਈ ਹੈ। ਅੱਜ ਕਿਸੇ ਨੇ ਫੁਲਕਾਰੀ ਦੇਖਣੀ ਹੋਵੇ ਤਾਂ ਅਜਾਇਬਘਰਾਂ ਵਿਚ ਜਾਂ ਵਿਆਹ ਸ਼ਾਦੀਆਂ ਮੌਕੇ ਮੈਰਿਜ ਪੈਲਿਸਾਂ ਅਤੇ ਸੱਭਿਆਚਾਰਕ ਪ੍ਰੋਗਰਾਮ ਕਰਨ ਵਾਲਿਆਂ ਦੀਆਂ ਸਟੇਜਾਂ ’ਤੇ ਫੁਲਕਾਰੀ ਦੀ ਝਲਕ ਮਿਲਦੀ ਹੈ।

ਫੁਲਕਾਰੀ ਇਕ ਤਰਾਂ ਦੀ ਕਢਾਈ ਹੁੰਦੀ ਹੈ ਜੋ ਚੁੰਨੀਆਂ/ਦੁਪੱਟਿਆਂ ਉੱਤੇ ਹੱਥਾਂ ਰਾਹੀਂ ਕੀਤੀ ਜਾਂਦੀ ਹੈ। ਫੁਲਕਾਰੀ ਸ਼ਬਦ ਫੁੱਲ ਅਤੇ ਕਾਰੀ ਤੋਂ ਬਣਿਆ ਹੈ ਜਿਸ ਦਾ ਮਤਲਬ ਫੁੱਲਾਂ ਦੀ ਕਾਰੀਗਰੀ ਹੈ। ਫੁਲਕਾਰੀ ਪੰਜਾਬਣ ਦਾ ਕੱਜਣ ਹੈ ਜੋ ਉਸ ਦੇ ਮਨ ਦੇ ਵਲਵਲਿਆਂ, ਰੀਝਾਂ ਅਤੇ ਸਿਰਜਣਸ਼ਕਤੀ ਦਾ ਪ੍ਰਤੀਕ ਰਹੀ ਹੈ। ਫੁਲਕਾਰੀ ਸ਼ਬਦ ਹਰ ਤਰਾਂ ਦੀ ਕਸ਼ੀਦਾਕਾਰੀ ਲਈ ਵਰਤਿਆ ਜਾਂਦਾ ਹੈ। ਇਸ ਦੇ ਸ਼ਾਬਦਕ ਅਰਥ ਹਨ- ਫੁੱਲ ਕੱਢਣੇ। ਇਹ ਇਕ ਅਜਿਹੀ ਲੋਕ ਕਲਾ ਹੈ ਜਿਸ ਨੂੰ ਪੰਜਾਬੀ ਮੁਟਿਆਰਾਂ ਨੇ ਆਪਣੀ ਅਣਥੱਕ ਮਿਹਨਤ ਅਤੇ ਅਨੋਖੀ ਲਗਨ ਨਾਲ ਨਿਖਾਰਿਆ ਹੈ। ਇਹ ਉਹ ਸੁੱਚੀ ਅਤੇ ਸੱਚੀ ਲੋਕ-ਕਲਾ ਹੈ ਜਿਸ ਦੇ ਇਕ-ਇਕ ਧਾਗੇ ਵਿਚ ਪੰਜਾਬਣਾਂ ਨੇ ਆਪਣੀਆਂ ਭਾਵਨਾਵਾਂ ਨੂੰ ਪ੍ਰੋਇਆ ਹੁੰਦਾ ਹੈ।

ਫੁਲਕਾਰੀ ਚਾਰ ਤਰਾਂ ਦੀ ਹੁੰਦੀ ਹੈ ਜਿਸ ਵਿਚੋਂ ਪਹਿਲੀ ਕਿਸਮ ਬਾਗ਼ ਹੈ। ਬਾਗ਼ ਫੁੱਲਾਂ ਨਾਲ ਕੱਢੀ ਗਈ ਫੁਲਕਾਰੀ ਦਾ ਅਜਿਹਾ ਰੂਪ ਹੁੰਦੀ ਹੈ ਜੋ ਬਹੁਤ ਭਰਵੀਂ ਹੁੰਦੀ ਹੈ। ਇਸ ਕਿਸਮ ਦੀ ਫੁਲਕਾਰੀ ਦੇ ਕੱਪੜੇ ਨੂੰ ਫੁੱਲਾਂ ਨਾਲ ਪੂਰੀ ਤਰਾਂ ਭਰਿਆ ਜਾਂਦਾ ਹੈ, ਜਿਸ ਕਰਕੇ ਇਸ ਨੂੰ ਬਾਗ਼ ਕਿਹਾ ਜਾਂਦਾ ਹੈ। ਦੂਸਰੀ ਕਿਸਮ ਦੀ ਫੁਲਕਾਰੀ ਥਿਰਮਾ ਹੈ। ਇਸ ਕਿਸਮ ਦੀ ਫੁਲਕਾਰੀ ਨੂੰ ਅੱਧਖੜ ਤੇ ਬਜ਼ੁਰਗ ਔਰਤਾਂ ਵਲੋਂ ਇਸਤੇਮਾਲ ਕੀਤਾ ਜਾਂਦਾ ਹੈ। ਤੀਸਰੀ ਕਿਸਮ ਨੂੰ ਬਾਵਨ ਫੁਲਕਾਰੀ ਕਿਹਾ ਜਾਂਦਾ ਹੈ। ਇਸ ਕਿਸਮ ਦੀ ਫੁਲਕਾਰੀ ਦੇ ਇਕ ਪੀਸ ’ਤੇ ਅਲੱਗ ਅਲੱਗ ਤਰੀਕੇ ਦੇ ਫੁੱਲ ਬਣਾਏ ਜਾਂਦੇ ਹਨ। ਫੁਲਕਾਰੀ ਦੀ ਚੌਥੀ ਕਿਸਮ ਚੋਭ ਹੈ। ਚੋਭ ਇਕ ਕਿਸਮ ਦੀ ਕਿਨਾਰਿਆਂ ਉੱਤੇ ਕੱਢੀ ਜਾਂਦੀ ਹੈ। ਇਹ ਫੁਲਕਾਰੀ ਦੇ ਚਾਰ-ਚੁਫੇਰੇ ਬਹੁਤ ਹੀ ਖ਼ੂਬਸੂਰਤ ਤਰੀਕੇ ਨਾਲ ਕੀਤੀ ਜਾਂਦੀ ਹੈ। ਸੋਬਰ ਫੁਲਕਾਰੀ ਲੈਣ ਦੀਆਂ ਸ਼ੌਕੀਨ ਮੁਟਿਆਰਾਂ ਅਕਸਰ ਇਸ ਕਿਸਮ ਦੀ ਫੁਲਕਾਰੀ ਦਾ ਇਸਤੇਮਾਲ ਕਰਦੀਆਂ ਹਨ।

ਫੁਲਕਾਰੀ ਸਾਡੇ ਜੀਵਨ ਦੇ ਬਹੁਤ ਜ਼ਿਆਦਾ ਨੇੜੇ ਹੋਣ ਕਰਕੇ ਆਮ ਹੀ ਸਾਡੇ ਗੀਤਾਂ, ਟੱਪਿਆਂ ਅਤੇ ਬੋਲੀਆਂ ਵਿਚ ਵਰਤੀ ਜਾਣ ਲੱਗੀ ਹੈ। ਇਹ ਪੰਜਾਬੀ ਮੁਟਿਆਰਾਂ ਦੀਆਂ ਉਂਗਲਾਂ ਦਾ ਹੀ ਕਮਾਲ ਹੈ ਕਿ ਉਹ ਛੋਟੀ ਜਿਹੀ ਸੂਈ ਅਤੇ ਧਾਗਿਆਂ ਨਾਲ ਕਲਾ ਦੀ ਅਲੌਕਿਕ ਦੁਨੀਆ ਸਿਰਜ ਦਿੰਦੀਆਂ ਹਨ। ਜਦੋਂ ਉਹ ਫੁਲਕਾਰੀ ਕੱਢਦੀਆਂ ਹਨ ਤਾਂ ਗੀਤਾਂ ਦੇ ਮਿੱਠੇ-ਮਿੱਠੇ ਬੋਲ ਵੀ ਉਚਾਰਦੀਆਂ ਹਨ। ਇਨਾਂ ਵਿਚ ਅਨੇਕ ਤਰਾਂ ਦੀਆਂ ਭਾਵਨਾਵਾਂ ਵੀ ਜੁੜੀਆਂ ਹੁੰਦੀਆਂ ਹਨ ਜਿਨਾਂ ਨੂੰ ਪੰਜਾਬੀ ਮੁਟਿਆਰਾਂ ਫੁਲਕਾਰੀ



ਕੱਢਣ ਸਮੇਂ ਪ੍ਰਗਟਾਉਂਦੀਆਂ ਹਨ ਜਿਵੇਂ:

ਫੁਲਕਾਰੀ ਮੇਰੀ ਰੇਸ਼ਮੀ, ਰੰਗ ਢੁਕਾਏ ਠੀਕ,
ਛੇਤੀ ਦਰਸ਼ਨ ਦੇਵਣੇ, ਮੈਂ ਰਸਤੇ ਰਹੀ ਉਡੀਕ

ਫੁਲਕਾਰੀ ਦੇ ਨਾਲ-ਨਾਲ ਰੁਮਾਲਾਂ ’ਤੇ ਵੀ ਅਜਿਹੀ ਕਢਾਈ ਕੱਢੀ ਜਾਂਦੀ ਹੈ। ਬੇਬੇ ਨਾਨਕੀ ਦੇ ਹੱਥਾਂ ਨਾਲ ਕੱਢਿਆ ਰੁਮਾਲ ਅੱਜ ਵੀ ਡੇਰਾ ਬਾਬਾ ਨਾਨਕ ਵਿਚ ਸੰਭਾਲਿਆ ਪਿਆ ਹੈ, ਜੋ ਅਜਿਹੀ ਕਲਾ ਦਾ ਉੱਤਮ ਨਮੂਨਾ ਹੈ। ਕਿਸੇ ਲੋਕ ਗੀਤ ਦੇ ਬੋਲਾਂ ਵਿਚ ਫੁਲਕਾਰੀ ਕੱਢਣ ਵਾਲੀ ਮੁਟਿਆਰ ਦੀ ਤੁਲਨਾ ਫੁਲਕਾਰੀ ਦੇ ਸੁੰਦਰ ਫੁੱਲਾਂ ਨਾਲ ਕਰ ਕੇ ਪੇਸ਼ ਕੀਤਾ ਗਿਆ ਹੈ ਅਤੇ ਉਸ ਮੁਟਿਆਰ ਦੀ ਸਿਫ਼ਤ ਵੀ ਇਕ ਸੁਚੱਜੀ ਤੇ ਸਿਆਣੀ ਕੁੜੀ ਨਾਲ ਕੀਤੀ ਗਈ ਹੈ। ਜਿਵੇਂ:

-ਆਰੀ ਆਰੀ ਆਰੀ
ਹੇਠ ਬਰੋਟੇ ਦੇ, ਇਕ ਫੁੱਲ ਕੱਢਦਾ ਫੁਲਕਾਰੀ
ਅੱਖੀਆਂ ਮਿਰਗ ਜਿਹੀਆਂ, ਵਿਚ ਕਜਲੇ ਦੀ ਧਾਰੀ
ਨੀਵੀਂ ਨਜ਼ਰ ਰੱਖੇ ਸ਼ਰਮ ਹਯਾ ਦੀ ਮਾਰੀ
ਆਪੇ ਲੈ ਜਾਣਗੇ, ਜਿਨਾਂ ਨੂੰ ਲੱਗੂ ਪਿਆਰੀ

ਜਦੋਂ ਫੁਲਕਾਰੀ ਤੇ ਪੰਜਾਬਣ ਦਾ ਸੁਮੇਲ ਹੁੰਦਾ ਹੈ ਤਾਂ ਵੇਖਣ ਵਾਲੇ ਵੇਖਦੇ ਹੀ ਰਹਿ ਜਾਂਦੇ ਹਨ। ਫੁਲਕਾਰੀ ਪੰਜਾਬਣਾਂ ਦੀ ਸ਼ਾਨ ਤੇ ਖ਼ੂਬਸੂਰਤੀ ਨੂੰ ਚਾਰ ਚੰਨ ਲਾਉਂਦੀ ਹੈ। ਭਾਵੇਂ ਸਮੇਂ ਦੇ ਨਾਲ ਨਾਲ ਪੰਜਾਬਣਾਂ ਦੇ ਪਹਿਰਾਵੇ ਵਿਚ ਥੋੜਾ ਬਦਲਾਅ ਆਇਆ ਹੈ ਪਰ ਫੁਲਕਾਰੀ ਹਮੇਸ਼ਾ ਹੀ ਪੰਜਾਬਣਾਂ ਦੀ ਪਹਿਲੀ ਪਸੰਦ ਰਹੀ ਹੈ। ਕਿਰਤੀ ਵਰਗ ਦੀਆਂ ਮੁਟਿਆਰਾਂ ਵੱਲੋਂ ਚਿਤਰੇ ਆਕਾਰ ਰੰਗ ਰੂਪ ਵਧੇਰੇ ਜੀਵਤ ਹਨ। ਕਿਉਂਕਿ ਘਰੇਗੀ ਥੁੜਾਂ ਦੀ ਸੁਪਨਸਾਜ਼ੀ ਕਰਨ ਲਈ ਉਨਾਂ ਕੋਲ ਇਕੋ-ਇਕ ਵਸੀਲਾ ਫੁਲਕਾਰੀ ਸੀ। ਫੁਲਕਾਰੀ ਪੰਜਾਬਣਾਂ ਲਈ ਇਕ ਗਹਿਣੇ ਵਾਂਗ ਹੁੰਦੀ ਹੈ ਜੋ ਪੀੜੀ-ਦਰ-ਪੀੜੀ ਅੱਗੇ ਚਲਦੀ ਹੈ। ਪੰਜਾਬ ਦੀ ਇਹ ਲੋਕ ਕਲਾ ਅੱਜ ਪੰਜਾਬ ਵਿਚੋਂ ਹੀ ਨਹੀਂ ਸਗੋਂ ਪੂਰੇ ਉੱਤਰ ਭਾਰਤ ਦੀਆਂ ਔਰਤਾਂ ਦੀ ਪਹਿਲੀ ਪਸੰਦ ਬਣੀ ਹੋਈ ਹੈ। ਰੰਗ ਬਿਰੰਗੇ ਫੁੱਲਾਂ ਨਾਲ ਸਜੀ ਇਹ ਫੁਲਕਾਰੀ ਪੰਜਾਬੀ ਮੁਟਿਆਰਾਂ ਦੀ ਜ਼ਿੰਦਗੀ ਵਿਚ ਵੀ ਕਈ ਰੰਗ ਭਰਦੀ ਹੈ।

ਸ਼ਗਨਾਂ ਦਾ ਕੋਈ ਵੀ ਮੌਕਾ ਹੋਵੇ ਜਾਂ ਕੋਈ ਤਿੱਥ-ਤਿਉਹਾਰ ਹੋਵੇ, ਫੁਲਕਾਰੀ ਦੀ ਅਹਿਮੀਅਤ ਨੂੰ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ। ਪੰਜਾਬਣਾਂ ਦੇ ਫੈਸ਼ਨ ਵਿਚ ਇਹ ਫੁਲਕਾਰੀ ਚਾਰ ਚੰਨ ਲਗਾਉਂਦੀ ਹੈ। ਪਹਿਲਾਂ ਫੁਲਕਾਰੀ ਸਿਰਫ਼ ਖੱਦਰ ਦੇ ਕੱਪੜੇ ’ਤੇ ਹੀ ਕੱਢੀ ਜਾਂਦੀ ਸੀ। ਹੁਣ ਹਲਕੇ ਕੱਪੜੇ ਵਿਚ ਵੀ ਫੁਲਕਾਰੀ ਦੀਆਂ ਕਈ ਵੰਨਗੀਆਂ ਆ ਗਈਆਂ ਹਨ। ਕਿਉਂਕਿ ਇਸ ਨੂੰ ਦਾਨ ਜਾਂ ਦਾਜ ਵਿਚ ਵੀ ਦਿੱਤਾ ਜਾਂਦਾ ਹੈ। ਇਸ ਲਈ ਮਾਂ ਆਪਣੀ ਧੀ ਲਈ ਤੇ ਸੱਸ ਵੀ ਆਪਣੀ ਨੂੰਹ ਨੂੰ ਸ਼ਗਨਾਂ ਦੀ ਇਹ ਫੁਲਕਾਰੀ ਦਿੰਦੀ ਹੈ।

ਬੇਸ਼ੱਕ ਅੱਜ ਫੁਲਕਾਰੀ ਗ਼ਾਇਬ ਹੁੰਦੀ ਜਾ ਰਹੀ ਹੈ ਪਰ ਸਾਡੇ ਗੀਤਕਾਰਾਂ, ਸ਼ਾਇਰਾਂ ਤੇ ਲੇਖਕਾਂ ਨੇ ਫੁਲਕਾਰੀ ਨੂੰ ਜਿੰਨਾ ਵੀ ਹੋ ਸਕਿਆ ਇਨਸਾਫ਼ ਦਿਵਾਉਣ ਦੀ ਕੋਸ਼ਿਸ਼ ਕੀਤੀ ਹੈ। ਲੋਕ ਗੀਤਾਂ ਵਿਚ ਵੀ ਫੁਲਕਾਰੀ ਆਪਣਾ ਸਥਾਨ ਬੜੀ ਸ਼ਿੱਦਤ ਨਾਲ ਦਰਸਾਉਂਦੀ ਹੈ। ਫੁਲਕਾਰੀ ਆਪਣੇ ਆਖਰੀ ਸਾਹਾਂ ਤੋਂ ਵੀ ਅਗਲੇ ਕਦਮ ’ਤੇ ਜਾ ਚੁੱਕੀ ਹੈ ਅਤੇ ਉਹ ਦਿਨ ਦੂਰ ਨਹੀਂ ਜਦੋਂ ਫੁਲਕਾਰੀ ਇਕ ਬੁਝਾਰਤ ਬਣ ਕੇ ਰਹਿ ਜਾਵੇਗੀ। ਪਰ ਕਿਸੇ ਵੇਲੇ ਫੁਲਕਾਰੀ ਸਾਡੇ ਜੀਵਨ ਅਤੇ ਸੱਭਿਆਚਾਰ ਦਾ ਇਕ ਮੁੱਖ ਅੰਗ ਹੋਇਆ ਕਰਦੀ ਸੀ। ਇਹ ਪੰਜਾਬੀ ਸ਼ਿਲਪ ਕਲਾ ਦਾ ਅਦਭੁਤ ਨਮੂਨਾ ਹੋ ਕੇ ਮੁਟਿਆਰਾਂ ਦੇ ਰੰਗ ਰੂਪ ਤੇ ਸੁਹੱਪਣ ਨੂੰ ਵੀ ਚਾਰ ਚੰਨ ਲਗਾਇਆ ਕਰਦੀ ਸੀ। ਕਦੇ ਵੇਲਾ ਹੁੰਦਾ ਸੀ ਕਿ ਕੁੜੀਆਂ ਇਕੱਠੀਆਂ ਹੋ ਕੇ ਤ੍ਰਿੰਞਣਾਂ ਵਿਚ ਬਹਿ ਕੇ ਕੱਤਿਆ ਕਰਦੀਆਂ ਸਨ ਅਤੇ ਕਢਾਈ ਕਰਿਆ ਕਰਦੀਆਂ ਸਨ ਜਿਸ ਵਿਚ ਫੁਲਕਾਰੀ ਵੀ ਮੁੱਖ ਹੁੰਦੀ ਸੀ। ਫੁਲਕਾਰੀ ਨੂੰ ਆਧੁਨਿਕ ਤਰੀਕੇ ਨਾਲ ਮੁਟਿਆਰਾਂ ਵੱਲੋਂ ਇਸਤੇਮਾਲ ਕੀਤਾ ਜਾ ਰਿਹਾ ਹੈ। ਵੇਲ ਬੂਟਿਆਂ ਨਾਲ ਸੱਜੀ ਤੇ ਸੁਰਖ ਰੰਗਾਂ ਨਾਲ ਕੱਢੀ ਜਾਣ ਵਾਲੀ ਫੁਲਕਾਰੀ ਸਭ ਨੂੰ ਆਪਣੇ ਵੱਲ ਖਿੱਚਦੀ ਹੈ। ਇਸ ਫੁਲਕਾਰੀ ਵਿਚ ਜ਼ਿੰਦਗੀ ਦੇ ਸਭ ਰੰਗ ਲੁਕੇ ਹੁੰਦੇ ਹਨ ਅਤੇ ਹਰ ਸ਼ਗਨ ਦੇ ਮੌਕੇ ’ਤੇ ਫੁਲਕਾਰੀ ਦਾ ਇਸਤੇਮਾਲ ਕੀਤਾ ਜਾਂਦਾ ਹੈ।

ਫੁਲਕਾਰੀ ਵਾਂਗ ਬਾਗ਼ ਵੀ ਪੰਜਾਬੀ ਵਿਰਸੇ ਦੀ ਇਕ ਬੜੀ ਅਨਮੋਲ ਚੀਜ਼ ਹੋਇਆ ਕਰਦਾ ਸੀ। ਅੱਜ ਇਸ ਦਾ ਬਹੁਤ ਸਾਰੇ ਲੋਕਾਂ ਨੂੰ ਤਾਂ ਪਤਾ ਵੀ ਨਹੀਂ ਹੈ। ਜ਼ਿਆਦਾਤਰ ਲੋਕ ਇੱਥੇ ਬਾਗ਼ ਨੂੰ ਫੁੱਲਾਂ ਦਾ ਬਾਗ਼ ਹੀ ਸਮਝਣਗੇ। ਪਰ ਬਾਗ਼ ਵੀ ਫੁਲਕਾਰੀ ਵਰਗਾ ਹੀ ਸਿਰ ’ਤੇ ਲਿਆ ਜਾਣ ਵਾਲਾ ਇਕ ਕੱਪੜਾ ਹੁੰਦਾ ਸੀ ਜੋ ਕਿ ਫੁਲਕਾਰੀ ਨਾਲ ਬਹੁਤ ਜ਼ਿਆਦਾ ਮੇਲ ਖਾਂਦਾ ਸੀ। ਫ਼ਰਕ ਸਿਰਫ਼ ਇੰਨਾ ਹੁੰਦਾ ਹੈ ਕਿ ਫੁਲਕਾਰੀ ਦੀ ਕਢਾਈ ਕੁਝ ਹੱਦ ਤੱਕ ਵਿਰਲੀ ਹੁੰਦੀ ਹੈ ਅਤੇ ਬਾਗ਼ ਦੀ ਕਢਾਈ ਸੰਘਣੀ ਹੁੰਦੀ ਹੈ। ਸ਼ਾਇਦ ਇਸੇ ਕਰਕੇ ਹੀ ਇਸ ਨੂੰ ਬਾਗ਼ ਕਹਿੰਦੇ ਹਨ। ਕਿਉਂਕਿ ਫੁਲਕਾਰੀ ਦਾ ਨਾਂ ਜਿਸ ਤਰਾਂ ਫੁੱਲਾਂ ਦੀ ਕਿਆਰੀ ਤੋਂ ਫੁਲਕਾਰੀ ਬਣ ਗਿਆ ਇਸੇ ਤਰਾਂ ਹੀ ਬਾਗ਼ ਦਾ ਨਾਂ ਵੀ ਇਸ ਦੀ ਸੰਘਣੀ ਕਢਾਈ ਕਰਕੇ ਬਾਗ਼ ਪੈ ਗਿਆ। ਬਾਗ਼ ਦੀ ਕਢਾਈ ਜਿੱਥੇ ਸੰਘਣੀ ਹੁੰਦੀ ਹੈ, ਉੱਥੇ ਇਸ ਦਾ ਇਕ ਹੋਰ ਮੁੱਖ ਪਹਿਲੂ ਇਹ ਹੈ ਕਿ ਇਸ ਦੀ ਕਢਾਈ ਪੁੱਠੇ ਪਾਸਿਉਂ ਕੀਤੀ ਜਾਂਦੀ ਸੀ ਜੋ ਕਿ ਬੜੀ ਕਠਿਨ ਹੁੰਦੀ ਸੀ। ਇਕ ਬਾਗ਼ ਨੂੰ ਕਈ ਵਾਰ ਅੱਠ ਦਸ ਮਹੀਨੇ ਜਾਂ ਸਾਲ ਦਾ ਸਮਾਂ ਵੀ ਲੱਗ ਜਾਂਦਾ ਸੀ। ਬਾਗ਼ ਦੀ ਵਰਤੋਂ ਜ਼ਿਆਦਾਤਰ ਸ਼ਗਨਾ ਵਾਲੇ ਦਿਨ ਕੀਤੀ ਜਾਂਦੀ ਸੀ। ਸੁਆਣੀਆਂ ਇਸ ਨੂੰ ਬੜੀ ਸ਼ਿੱਦਤ ਨਾਲ ਆਪਣੇ ਉੱਤੇ ਓੜਿਆ ਕਰਦੀਆਂ ਸਨ। ਇਸ ਨੂੰ ਕੁੜੀਆਂ ਆਪਣੇ ਦਾਜ ਵਿਚ ਵੀ ਇਕ ਰਸਮ ਦੇ ਤੌਰ ‘ਤੇ ਸਹੁਰੇ ਘਰ ਲੈ ਕੇ ਜਾਇਆ ਕਰਦੀਆਂ ਸਨ। ਬਾਗ਼ ਦੀਆਂ ਕਈ ਕਿਸਮਾਂ ਹੋਇਆ ਕਰਦੀਆਂ ਸਨ ਅਤੇ ਲੋੜ ਮੁਤਾਬਿਕ ਇਨਾਂ ਨੂੰ ਵਰਤੋਂ ਵਿਚ ਲਿਆਂਦਾ ਜਾਂਦਾ ਸੀ। ਬਾਗ਼ ਦੇ ਰੰਗਾਂ ਬਾਰੇ ਵੀ ਕਿਹਾ ਜਾਂਦਾ ਸੀ ਕਿ ਪੀਲੇ ਰੰਗ ਨੂੰ ਬਹੁਤ ਘੱਟ ਵਰਤੋਂ ਵਿਚ ਲਿਆਇਆ ਜਾਂਦਾ ਸੀ ਕਿਉਂਕਿ ਇਹ ਰੰਗ ਬਹੁਤ ਛੇਤੀ ਫਿਟ ਜਾਂਦਾ ਜਾਂ ਧੋਣ ਸਮੇਂ ਹਰ ਵਾਰੀ ਲੱਥਦਾ ਰਹਿੰਦਾ ਸੀ। ਇਸੇ ਲਈ ਕਿਹਾ ਜਾਂਦਾ ਸੀ ‘ਪੱਟ ਖੱਟਾ ਧੋਵੇਂਗੀ ਤਾਂ ਰੋਵੇਂਗੀ।’ ਬਾਗ਼ ਦੀ ਕਢਾਈ ਲਾਲ ਕੱਪੜੇ ’ਤੇ ਰੰਗ ਬਰੰਗੇ ਕਢਾਈ ਵਾਲੇ ਧਾਗਿਆਂ ਨਾਲ ਢਕ ਕੇ ਬੜੇ ਸਲੀਕੇ ਨਾਲ ਕਢਾਈ ਕੀਤੀ ਜਾਂਦੀ ਸੀ ਜੋ ਬੜੀ ਉੱਭਰ ਕੇ ਦੇਖਣ ਵਾਲੇ ਦਾ ਧਿਆਨ ਆਪਣੇ ਵੱਲ ਖਿੱਚਦੀ ਸੀ। ਪਹਿਲੇ ਸਮਿਆਂ ਵਿਚ ਔਰਤਾਂ ਬਾਹਰ ਨਿਕਲਦੇ ਸਮੇਂ ਬਾਗ਼ ਦਾ ਘੁੰਢ ਕੱਢ ਕੇ ਬਾਹਰ ਨਿਕਲਿਆ ਕਰਦੀਆਂ ਸਨ। ਇਸ ਨੂੰ ਬਾਰਡਰ ਵਾਲਾ ਜਾਂ ਫੋਰ ਸਾਈਡਡ ਬਾਗ਼ ਵੀ ਕਹਿੰਦੇ ਸਨ ਅਤੇ ਇਹ ਸਾਹਮਣੇ ਤੋਂ ਕਵਰ ਹੁੰਦਾ ਹੈ। ਇਸ ਤੋਂ ਇਲਾਵਾ ਇਕ ਹੋਰ ਕਿਸਮ ਦੇ ਬਾਗ਼ ਵਿਚ ਦੋ ਤੋਂ ਪੰਦਰਾਂ ਤੱਕ ਦੇ ਜੁਮੈਟਰੀਕਲ ਡਿਜ਼ਾਈਨ ਹੁੰਦੇ ਹਨ ਜੋ ਵੱਖਰੇ-ਵੱਖਰੇ ਤਰੀਕੇ ਨਾਲ ਕੱਪੜੇ ਦੀ ਤਹਿ ਨੂੰ ਢਕ ਲੈਂਦੇ ਹਨ। ਅੱਜ ਕੱਲ ਬਾਗ਼ ਦਾਜ ਵਿਚ ਦਿੱਤੀਆਂ ਜਾਣ ਵਾਲੀਆਂ ਗੱਡੀਆਂ ਦੀ ਸ਼ੋਭਾ ਵਧਾਉਂਦਾ ਹੈ ਜਾਂ ਫਿਰ ਬਾਗ਼ ਸ਼ੋਅ ਰੂਮਾਂ ਦੀ ਸਜਾਵਟ ਨੂੰ ਵੀ ਵਧਾਉਂਦਾ ਹੈ। ਅੱਜ ਫੁਲਕਾਰੀ ’ਤੇ ਬਾਗ਼ ਬੀਤੇ ਸਮੇਂ ਦੀ ਗੱਲ ਬਣ ਕੇ ਰਹਿ ਗਏ ਹਨ। ਅਸੀਂ ਆਪਣੇ ਵਿਰਸੇ ਅਤੇ ਸੱਭਿਆਚਾਰ ਤੋਂ ਹੌਲੀ-ਹੌਲੀ ਦੂਰ ਹੋਈ ਜਾ ਰਹੇ ਹਾਂ, ਜਿਸ ਦਾ ਜ਼ਿੰਮਾ ਸਾਡੇ ਸਿਰ ਪਹਿਲਾਂ ਆਉਂਦਾ ਹੈ ਅਤੇ ਬਾਅਦ ਵਿਚ ਬਦਲਦੇ ਸਮੇਂ ਦਾ ਵੀ ਹੱਥ ਹੈ। ਪਰ ਅਸੀਂ ਸ਼ਾਇਦ ਜ਼ਿਆਦਾ ਹੀ ਅਵੇਸਲੇ ਹਾਂ ਅਤੇ ਆਪਣੇ ਵਿਰਸੇ ਨੂੰ ਸਾਂਭਣ ਲਈ ਕਿਸੇ ਤਰਾਂ ਵੀ ਜ਼ਿੰਮੇਵਾਰੀ ਨਹੀਂ ਦਿਖਾਉਂਦੇ।

## ਰਹਿਮਤ

ਦਰ-ਗੁਜ਼ਰ ਕਰ ਵੀ ਦੇਹ ਹਰ ਹਿਮਾਕਤ ਉਸਦੀ,
ਇਹ ਤਾਂ ਸਦੀਆਂ ਤੋਂ ਹੀ ਰਹੀ ਹੈ ਆਦਤ ਉਸਦੀ।
ਰੂਹੇ-ਰਵਾਂ ਵਿੱਚ ਮਹਿਕਦੀ ਇਹ ਜੁ ਖੁਸ਼ਬੂ ਤਿਰੇ,
ਤਦੇ ਹੀ ਹੁੰਦੀ ਰਹੀ ਸਦਾ ਤੋਂ ਇਹ ਹਾਲਤ ਉਸਦੀ।
ਸ਼ੌਕ ਤੇਰੇ ਅਤੇ ਉਹਦਿਆਂ ਵਿੱਚ ਗਹਿਰਾ ਫ਼ਰਕ ਹੈ,
ਉਹ ਸ਼ੌਕੀਨ ਰਿਹਾ ਹੈ ਤੇ ਰਹੀ ਤੂੰ ਮੁਹੱਬਤ ਉਸਦੀ।
ਸਫ਼ਾ ਤੇਰੀ ਜ਼ਿੰਦਗੀ ਦਾ ਜਿਸ ਤਰਾਂ ਦਾ ਉਹ ਲਿਖੇ,
ਇਸ ਵਿੱਚ ਸਿਰਫ਼ ਹੁੰਦੀ ਨਹੀਂ ਜੇ ਮੁਸ਼ੱਕਤ ਉਸਦੀ।
ਜ਼ਰ,ਜੋਰੂ,ਗ਼ੁਲਾਮ ਜਾਂ ਕਮਜ਼ੋਰ ਨਹੀਂ ਤੂੰ ਰਹੀ ਹੁਣ,
ਤੇਰਾ ਜੀਵਨ ਰਿਹਾ ਹੈ ਓਨੀ ਹੀ ਜ਼ਰੂਰਤ ਉਸਦੀ।
ਕਰ ਮੁਹੱਬਤ ਤੇ ਸਾਥ ਦੇਹ ਜ਼ਿੰਦਗੀ ਭਰ ਉਸਦਾ,
ਪਰ ਕਰ ਲਵੀਂ ਪਹਿਲਾਂ ਹਮੇਸ਼ਾ ਸ਼ਨਾਖਤ ਉਸਦੀ।
ਜ਼ੋਰ ਬੜਾ ਅਜ਼ਮਾਇਆ ਤੇਰੀ ਹਰ ਕਮਜ਼ੋਰੀ ਜਾਣ,
ਇਹ ਤੇਰੀ ਨਹੀਂ ਐਪਰ ਰਹੀ ਹੈ ਜਹਾਲਤ ਉਸਦੀ।
ਤੁਰੇਂ ਤਾਂ ਦਿਸੇ ਗ਼ੈਰਤ ਐਪਰ ਸਮਝ ਕੇ ਪੈਰ ਧਰੀਂ,
ਪਰ ਸਮਝ ਤੂੰ ਜਾਈਂ ਹਰ ਸਮੇਂ ਸ਼ਰਾਰਤ ਉਸਦੀ।
ਬਣ ਕੇ ਰੌਸ਼ਨੀ ਬਿਖਰਦੀ ਜਾ ਵਿੱਚ ਚੁਫ਼ੇਰ ਸਾਰੀ,
ਇਸ ਰੌਸ਼ਨੀ ਸੰਗ ਵੀ ਜਗੇਗੀ ਕਿਸਮਤ ਉਸਦੀ।
ਅੱਜ ਸਮਾਂ ਬਦਲ ਰਿਹਾ ਹੈ ਨਵੇਂ ਰਾਹ ਬਣਾ ਅਪਣੇ,
ਹਰਾ ਨਾ ਸਕੇਗੀ ਤੈਨੂੰ ਕਿਤੇ ਵੀ ਹਰਾਰਤ ਉਸਦੀ।
ਨੂਰ ਤੇਰੇ ਹੁਸਨ ਦਾ ਇਹ ਸੌਗਾਤ ਤਾਕਤ ਓਸਦੀ,
ਗ਼ਰ ਨਾਂਹ ਕਦਰ ਕਰੇ ਹੁੰਦੀ ਤਾਂ ਜ਼ਲਾਲਤ ਉਸਦੀ।
ਖੁਰੇ ਨਾ ਮਿੱਟੀ ਰਹੇ ਕਦਮਾਂ ਤਲੇ ਜ਼ਮੀਨ ਵੀ ਤੇਰੇ,
ਰਾਹ ਬਣਾ ਐਸੇ ਤੇ ਬਣ ਕੇ ਰਹਿ ਤਾਕਤ ਉਸਦੀ।
ਰੱਬ ਵਸਦਾ ਹੈ ਜੁ ਤੇਰੇ ਅੰਦਰ ਹਨ ਗੁਣ ਭਰੇ ਹੋਏ,
ਮਾਣ ਨਾ ਕਰੀਂ ਬੀਬਾ ਤੇ ਜਾਣੀ ਰਹਿਮਤ ਉਸਦੀ।

**ਮਨਦੀਪ ਕੌਰ ਭੰਮਰਾ**



# ਗੁਰੂ ਤੇਗ ਬਹਾਦਰ ਜੀ ਦਾ ਫਲਸਫਾ ਤੇ ਕ੍ਰਾਂਤੀ



**ਬੀਬੀ ਜਗੀਰ ਕੌਰ**
**ਪ੍ਰਧਾਨ ਸ਼੍ਰੋਮਣੀ ਕਮੇਟੀ**

ਗੁਰੂ ਜੀ ਦੀ ਸ਼ਹਾਦਤ ਕੇਵਲ ਭਾਰਤ ਲਈ ਹੀ ਨਹੀਂ ਸਗੋਂ ਸਮੁੱਚੇ ਸੰਸਾਰ ਲਈ ਹੀ ਚਾਨਣ ਮੁਨਾਰਾ ਹੈ। ਅੱਜ ਇਸ ਗੱਲ ਦੀ ਵੱਡੀ ਲੋੜ ਹੈ ਕਿ ਗੁਰੂ ਜੀ ਦੇ ਫਲਸਫੇ ਤੇ ਇਨਕਲਾਬ ਦੇ ਸੰਦੇਸ਼ ਨੂੰ ਸਮਝਦਿਆਂ ਧਰਮ ਦੀ ਰੌਸ਼ਨੀ ਵਿਚ ਹੱਕ-ਸੱਚ 'ਤੇ ਪਹਿਰਾ ਦਿੱਤਾ ਜਾਵੇ ਤਾਂ ਜੋ ਅਧਰਮ ਅਤੇ ਅਨਿਆਂ ਦਾ ਖਾਤਮਾ ਹੋ ਸਕੇ। ਇਹ ਵੀ ਸੱਚ ਹੈ ਕਿ ਅੱਜ ਅੰਤਰਰਾਸ਼ਟਰੀ ਪੱਧਰ 'ਤੇ ਧਰਮਾਂ ਦੀ ਆਪਸੀ ਖਿਚੋਤਾਣ, ਵੈਰ ਵਿਰੋਧ, ਮਨੁੱਖਤਾ ਨੂੰ ਮਲੀਆਮੇਟ ਕਰਨ ਦਾ ਵਾਤਾਵਰਣ ਬਣਿਆ ਹੋਇਆ ਹੈ, ਅਜਿਹੇ ਸਮੇਂ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸੰਦੇਸ਼ ਸੰਸਾਰ ਤੇ ਸ਼ਾਂਤੀ ਸਥਾਪਿਤ ਕਰਨ ਵਿਚ ਅਹਿਮ ਭੂਮਿਕਾ ਨਿਭਾਅ ਸਕਦਾ ਹੈ। ਸੋ ਆਓ, ਪਾਤਸ਼ਾਹ ਜੀ ਦੀ ਯਾਦ ਵਿਚ ਜੁੜ ਕੇ ਆਪਾ ਪੜਚੋਲ ਕਰਦਿਆਂ ਗੁਰੂ ਜੀ ਵੱਲੋਂ ਦਰਸਾਏ ਮਾਰਗ 'ਤੇ ਚੱਲਣ ਦਾ ਅਹਿਦ ਕਰੀਏ।

ਗੁਰੂ ਤੇਗ ਬਹਾਦਰ ਜੀ ਦਾ ਜਨਮ ਗੁਰੂ ਹਰਿਗੋਬਿੰਦ ਸਾਹਿਬ ਜੀ ਅਤੇ ਮਾਤਾ ਨਾਨਕੀ ਜੀ ਦੇ ਘਰ 1621 ਈ. ਨੂੰ ਅੰਮ੍ਰਿਤਸਰ ਵਿਚ ਹੋਇਆ। ਆਪ ਜੀ ਨੂੰ ਲਗਭਗ 43 ਕੁ ਸਾਲ ਬਾਅਦ ਗੁਰੂ ਹਰਿਕ੍ਰਿਸ਼ਨ ਜੀ ਪਾਸੋਂ ਗੁਰਗੱਦੀ ਦੀ ਬਖਸਿਸ਼ ਹੋਈ। ਗੁਰੂ ਤੇਗ ਬਹਾਦਰ ਜੀ ਨੇ ਧਰਮ-ਆਦਰਸ਼ ਦੀ ਸੁਰੱਖਿਆ ਤੇ ਸਥਾਪਤੀ ਦੇ ਜਜ਼ਬੇ ਨੂੰ ਮੂਰਤੀਮਾਨ ਕਰਨ ਦਾ ਸੰਦੇਸ਼ ਦਿੱਤਾ। ਆਪਣਾ ਸਾਰਾ ਜੀਵਨ ਸਬਰ ਤੇ ਸਿਦਕ, ਨਿਰਭਉ ਤੇ ਨਿਰਵੈਰ, ਸੱਚ ਤੇ ਸਹਿਜ ਦੀ ਪ੍ਰਕ੍ਰਿਆ ਵਿਚ ਜੀਵਿਆ। ਗੁਰੂ ਸਾਹਿਬ ਦਾ ਪਰਿਵਾਰ ਸ੍ਰੀ ਅਨੰਦਪੁਰ ਸਾਹਿਬ ਵਿਚ ਬੜੀਆਂ ਖੁਸ਼ੀਆਂ ਨਾਲ ਰਹਿ ਰਿਹਾ ਸੀ। ਇਸ ਨੂੰ ਅਨੰਦਾਂ ਦੀ ਪੁਰੀ ਕਿਹਾ ਜਾਂਦਾ ਸੀ। ਉਸ ਸਮੇਂ ਔਰੰਗਜ਼ੇਬ ਨੇ ਦਿੱਲੀ ਵਿਚ ਧਰਮ ਪਰਿਵਰਤਨ ਦੀ ਅਤਿ ਮਚਾਈ ਹੋਈ ਸੀ। ਉਹ ਅਜਿਹਾ ਬਾਦਸ਼ਾਹ ਸੀ, ਜਿਸ ਨੇ ਰਾਜ-ਗੱਦੀ ਪ੍ਰਾਪਤ ਕਰਨ ਲਈ ਆਪਣੇ ਪਿਤਾ ਤੇ ਭਰਾਵਾਂ ਨੂੰ ਵੀ ਨਹੀਂ ਬਖਸ਼ਿਆ। ਔਰੰਗਜ਼ੇਬ ਨੇ ਸਮੁੱਚੇ ਗੈਰ-ਇਸਲਾਮੀ ਲੋਕਾਂ ਨੂੰ ਮੁਸਲਮਾਨ ਬਣਾਉਣ ਦੀ ਠਾਣ ਰੱਖੀ ਸੀ।ਉਸ ਨੇ ਕਸ਼ਮੀਰ ਦੇ ਵਿਦਵਾਨ ਬ੍ਰਾਹਮਣਾਂ ਨੂੰ ਮੁਸਲਮਾਨ ਬਣਾਉਣ ਦਾ ਫਤਵਾ ਦਿੱਤਾ। ਕਸ਼ਮੀਰੀ ਬ੍ਰਾਹਮਣ ਔਖੀ ਸਥਿਤੀ ਵਿਚ ਫਸ ਗਏ ਸਨ, ਉਨਾਂ ਨੇ ਆਪਣੇ ਆਪ ਨੂੰ ਬਚਾਉਣ ਦਾ ਰਾਹ ਲੱਭਿਆ। ਦੁਖੀ ਪੰਡਿਤਾਂ ਵਿਚ ਪੰਡਿਤ ਕਿਰਪਾ ਰਾਮ ਗੁਰੂ ਦਰਬਾਰ ਦੀ ਸੁਹਿਰਦਤਾ ਤੇ ਲੋਕ-ਹਿਤਕਾਰੀ ਭਾਵਨਾਂ ਤੋਂ ਜਾਣੂ ਸੀ। ਇਸ ਲਈ ਉਨਾਂ ਨੇ ਗੁਰੂ ਤੇਗ ਬਹਾਦਰ ਜੀ ਦੇ ਦਰਬਾਰ ਵਿਚ ਆਪਣੀ ਫ਼ਰਿਆਦ ਲੈ ਕੇ ਹਾਜ਼ਰ ਹੋਏ ਕਸ਼ਮੀਰੀ ਪੰਡਿਤਾਂ ਦੇ ਦੁੱਖਾਂ ਨੂੰ ਗੁਰੂ ਜੀ ਨੇ ਬੜੀ ਹਮਦਰਦੀ ਨਾਲ ਸੁਣਿਆ ਤੇ ਉਪਦੇਸ਼ ਦਿੱਤਾ ਕਿ ਉਹ ਆਪਣੇ ਸਾਹਸ ਨੂੰ ਕਾਇਮ ਰੱਖਣ ਤੇ ਜਾ ਕੇ ਬਾਦਸ਼ਾਹ ਨੂੰ ਕਹਿਣ ਕਿ ਜੇਕਰ ਗੁਰੂ ਤੇਗ ਬਹਾਦਰ ਜੀ ਮੁਸਲਮਾਨ ਬਣ ਜਾਣਗੇ, ਤਾਂ ਅਸੀਂ ਸਾਰੇ ਮੁਸਲਮਾਨ ਬਣ ਜਾਵਾਂਗੇ। ਉਧਰ ਔਰੰਗਜ਼ੇਬ ਕੱਟੜ ਧਾਰਮਿਕ ਨੀਤੀ ਦਾ ਅਨੁਯਾਈ ਸੀ। ਉਸ ਨੇ ਇਸ ਗੱਲ ਨੂੰ ਚੰਗਾ ਸਮਝਿਆ ਕਿ ਜੇਕਰ ਇਕ ਵਿਅਕਤੀ ਦੇ ਮੁਸਲਮਾਨ ਬਣਨ ਨਾਲ ਸਾਰੇ ਹਿੰਦੂ ਮੁਸਲਮਾਨ ਬਣਦੇ ਹਨ, ਤਾਂ ਇਸ ਤੋਂ ਵਧੀਆ ਹੋਰ ਕਿਹੜੀ ਗੱਲ ਹੈ।

ਔਰੰਗਜ਼ੇਬ ਨੇ ਗੁਰੂ ਜੀ ਨੂੰ ਗ੍ਰਿਫ਼ਤਾਰ ਕਰਨ ਦੇ ਹੁਕਮ ਦੇ ਦਿੱਤੇ। ਗੁਰੂ ਜੀ ਆਪ ਚਲ ਕੇ ਦਿੱਲੀ ਗਏ। ਉੱਥੇ ਆਪ ਜੀ ਨੂੰ ਕਾਲ ਕੋਠੜੀ ਵਿਚ ਕੈਦ ਕਰ ਕੇ ਰੱਖਿਆ ਗਿਆ, ਕੁਝ ਸਿੱਖ ਵੀ ਆਪ ਦੇ ਨਾਲ ਕੈਦ ਕੀਤੇ ਗਏ। ਗੁਰੂ ਜੀ ਨੂੰ ਡਰਾਉਣ ਹਿੱਤ ਪਹਿਲਾਂ ਕੈਦ ਕੀਤੇ ਸਿੱਖਾਂ ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲਾ ਜੀ ਨੂੰ ਬਹੁਤ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ। ਫਿਰ ਆਪ ਜੀ ਅੱਗੇ ਤਿੰਨ ਸ਼ਰਤਾਂ ਰੱਖੀਆਂ ਗਈਆਂ। ਪਹਿਲੀ, ਕੋਈ ਕਰਾਮਾਤ ਦਿਖਾਓ; ਦੂਜੀ, ਇਸਲਾਮ ਧਰਮ ਕਬੂਲ ਕਰੋ; ਤੀਜੀ, ਦੋਵਾਂ ਵਿਚੋਂ ਇਕ ਵੀ ਨਾ ਮੰਨਣ ਕਰਕੇ ਮੌਤ ਲਈ ਤਿਆਰ ਹੋ ਜਾਓ। ਗੁਰੂ ਜੀ ਨੇ ਪਹਿਲੀਆਂ ਦੋਵੇਂ ਸ਼ਰਤਾਂ ਨੂੰ ਨਕਾਰਦਿਆਂ ਮੌਤ ਨੂੰ ਕਬੂਲ ਕਰਕੇ ਅਜਿਹੀ ਕਰਾਮਾਤ ਦਿਖਾਈ ਜੋ ਅਜੇ ਤੱਕ ਕਿਸੇ ਵੀ ਧਰਮ ਦੇ ਪੈਗੰਬਰ ਨੇ ਦੁਨੀਆਂ ਦੇ ਇਤਿਹਾਸ ਵਿਚ ਨਹੀਂ ਦਿਖਾਈ ਸੀ।ਗੁਰੂ ਪਾਤਸ਼ਾਹ ਨੂੰ ਗਿਆਰਾਂ ਨਵੰਬਰ 1675 ਨੂੰ ਦਿੱਲੀ ਦੇ ਚਾਂਦਨੀ ਚੌਕ ਵਿਚ ਸ਼ਹੀਦ ਕਰ ਦਿੱਤਾ। ਗੁਰੂ ਸਾਹਿਬ ਦੀ ਸ਼ਹਾਦਤ ਨਾਲ ਦੁਨੀਆਂ ਵਿਚ ਤਰਾਹ-ਤਰਾਹ ਹੋਣ ਲਗ ਪਈ। ਗੁਰੂ ਦਸ਼ਮੇਸ਼ ਜੀ ਬਚਿਤਰ ਨਾਟਕ ਵਿਚ ਲਿਖਦੇ ਹਨ :-

**ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ॥**
**ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ॥**

ਇਸ ਕੁਰਬਾਨੀ ਨਾਲ ਸਮਾਜ ਨੂੰ ਨਵਾਂ ਦਿਸ਼ਾ-ਨਿਰਦੇਸ਼ ਮਿਲਿਆ। ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨਾਲ ਲੋਕਾਂ ਵਿਚ ਜ਼ਬਰ-ਜ਼ੁਲਮ ਨਾਲ ਟੱਕਰ ਲੈਣ ਦਾ ਸਾਹਸ ਪੈਦਾ ਹੋਇਆ।ਸਿੱਖ ਧਰਮ ਦੀ ਨੀਂਹ ਕੁਰਬਾਨੀ ਦੇ ਉੱਪਰ ਰੱਖੀ ਗਈ ਹੈ। ਜਿਸ ਵਿਚ ਦੋ ਗੁਰੂ ਸਾਹਿਬਾਨ ਦੀਆਂ ਸ਼ਹਾਦਤਾਂ ਸ਼ਾਮਿਲ ਹਨ। ਸ਼ਹੀਦੀ ਪਰੰਪਰਾ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਵਿਲੱਖਣ ਹੈ, ਕਿਉਂਕਿ ਦੁਨੀਆਂ ਦੇ ਇਤਿਹਾਸ ਵਿਚ ਕਿਧਰੇ ਵੀ ਵੇਖਣ ਵਿਚ ਨਹੀਂ ਆਇਆ ਕਿ ਕਿਸੇ ਸ਼ਖ਼ਸੀਅਤ ਨੇ ਦੂਸਰੇ ਧਰਮ ਦੀ ਰਾਖੀ ਲਈ ਜ਼ੁਲਮ ਵਿਰੁੱਧ ਟੱਕਰ ਲਈ ਹੋਵੇ। ਸਿੱਖ ਧਰਮ ਅਜਿਹਾ ਧਰਮ ਹੈ ਜਿਸ ਵਿਚ ਦੂਸਰਿਆਂ ਦੇ ਦੁੱਖਾਂ ਦੀ ਨਵਿਰਤੀ ਹਿੱਤ ਗੁਰੂ ਸਾਹਿਬਾਨ ਤੇ ਗੁਰੂ ਦੇ ਸਿੱਖਾਂ ਨੇ ਬੇਅੰਤ ਕੁਰਬਾਨੀਆਂ ਦਿੱਤੀਆਂ। ਦੂਸਰੇ ਦੇ ਧਰਮ ਦੀ ਰਾਖੀ ਲਈ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਸ਼ਹਾਦਤ ਦੇ ਕੇ ਤਾਂ ਸਿਖਰ ਹੀ ਤੋੜ ਦਿੱਤਾ।

ਇਸ ਸਥਿਤੀ ਵਿਚ ਪਰਉਪਕਾਰੀ ਤੇ ਕਲਿਆਣਕਾਰੀ ਸ਼ਹਾਦਤ ਕਰਕੇ ਨੌਵੇਂ ਪਾਤਸ਼ਾਹ ਜੀ ਦੇ ਸਮਕਾਲੀਆਂ ਤੇ ਇਤਿਹਾਸਕਾਰਾਂ ਨੇ ਉਨਾਂ ਦੀ ਸ਼ਖ਼ਸੀਅਤ ਤੇ ਅਦੁੱਤੀ ਦੇਣ ਬਾਰੇ ਬੜੇ ਮਾਣ ਤੇ ਸਤਿਕਾਰ ਨਾਲ 'ਹਿੰਦ ਦੀ ਚਾਦਰ', 'ਧਰਮ ਦੀ ਚਾਦਰ' ਤੇ 'ਸ੍ਰਿਸ਼ਟੀ ਦੀ ਚਾਦਰ' ਆਦਿ ਬੜੇ ਮਹੱਤਵਪੂਰਨ ਵਿਸ਼ੇਸ਼ਣਾਂ ਨਾਲ ਚਿਤਰਿਆ ਹੈ। ਗੁਰੂ ਤੇਗ ਬਹਾਦਰ ਜੀ ਨੇ ਆਦਰਸ਼ ਮਾਨਵ-ਧਰਮ ਦੀ ਸੁਰੱਖਿਆ ਲਈ, ਸਮੂਹ ਮਨੁੱਖ ਜਾਤੀ ਦੇ ਵਿਚਾਰ-ਵਿਸ਼ਵਾਸ਼ ਦੀ ਸੁਤੰਤਰਤਾ ਤੇ ਉਸ ਦੀ ਜ਼ਮੀਰ ਦੀ ਅਜ਼ਾਦੀ ਵਾਲੇ ਬੁਨਿਆਦੀ ਹੱਕਾਂ ਤੇ ਅਧਿਕਾਰਾਂ ਲਈ ਸ਼ਹਾਦਤ ਦਿੱਤੀ। ਗੁਰੂ ਜੀ ਨੇ ਸਾਰੀ ਸ੍ਰਿਸ਼ਟੀ 'ਤੇ ਚਾਦਰ ਦਾ ਕੰਮ ਕੀਤਾ। ਕਵੀ ਸੈਨਾਪਤੀ ਸ੍ਰੀ ਗੁਰੂ ਸੋਭਾ ਵਿਚ ਲਿਖਦੇ ਹਨ-

**ਪ੍ਰਗਟ ਭਏ ਗੁਰੂ ਤੇਗ ਬਹਾਦਰ ਸਗਲ ਸ੍ਰਿਸ਼ਟਿ ਪੈ ਢਾਪੀ ਚਾਦਰ॥**
**ਧਰਮ ਕਰਮ ਕੀ ਜਿਨਿ ਪਤਿ ਰਾਖੀ ਅਟੱਲ ਕਰੀ ਕਲਜੁਗ ਮੇਂ ਰਾਖੀ॥**

ਦੁਨੀਆਂ ਦੇ ਇਤਿਹਾਸ ਵਿਚ ਗੁਰੂ ਜੀ ਦੀ ਸ਼ਹਾਦਤ ਬਹੁਤ ਵੱਡਾ ਸਾਕਾ ਹੋ ਨਿਬੜੀ। ਇਸ ਘਟਨਾ ਨੇ ਜਗਤ ਵਿਚ ਹੋਰ ਨਵੀਂਆਂ ਘਟਨਾਵਾਂ ਨੂੰ ਅੰਜਾਮ ਦਿੱਤਾ। ਧਰਮ ਦੀ ਰਾਖੀ ਕਰਨ ਬਦਲੇ ਗੁਰੂ ਤੇਗ ਬਹਾਦਰ ਜੀ ਪ੍ਰਥਾਏ ਸ੍ਰੀ ਗੁਰੂ ਪੰਥ ਪ੍ਰਕਾਸ਼ ਵਿਚ ਜ਼ਿਕਰ ਮਿਲਦਾ ਹੈ ਕਿ-

**ਤੇਗ ਬਹਾਦਰ ਫਿਰ ਗੁਰ ਭਯੋ ਪਰਸਵਾਰਥ ਹਿਤਿ ਜਿਨਿ ਸਿਰ ਦਯੋ॥**
**ਕਲਯੁਗ ਮੈ ਬਡ ਸਾਕਾ ਕੀਯਾ ਧਰਮ ਕਰਮ ਰਖ ਹਿੰਦੂ ਲੀਯਾ॥**

ਗੁਰੂ ਗੋਬਿੰਦ ਸਿੰਘ ਜੀ ਨੇ ਬਚਿਤਰ ਨਾਟਕ ਵਿਚ ਵਰਣਨ ਕੀਤਾ ਹੈ, ਕਿ ਗੁਰੂ ਤੇਗ ਬਹਾਦਰ ਜੀ ਨੇ ਦਿੱਲੀ ਦੇ ਸ਼ਹਿਨਸ਼ਾਹ ਔਰੰਗਜ਼ੇਬ ਦੇ ਸਿਰ ਉੱਤੇ ਆਪਣੇ ਸਰੀਰ ਦਾ ਠੀਕਰਾ ਭੰਨ ਕੇ ਉਸ ਦੀਆਂ ਸਭ ਉਮੀਦਾਂ ਤੇ ਸਕੀਮਾਂ ਉੱਤੇ ਪਾਣੀ ਫੇਰ ਦਿੱਤਾ-

**ਠੀਕਰਿ ਫੋਰਿ ਦਿਲੀਸਿ ਸਿਰਿ ਪ੍ਰਭ ਪੁਰ ਕੀਯਾ ਪਯਾਨ॥**
**ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨਿ॥**

# ਗੁਰੂ ਤੇਗ ਬਹਾਦਰ ਦਾ ਫਲਸ਼ਫ਼ਾ ਤੇ ਮੁਕਤੀ ਮਾਰਗ

**ਡਾ. ਕੁਲਦੀਪ ਸਿੰਘ ਧੀਰ**

ਫਿਲਾਸ਼ਫ਼ੀ ਜਾਂ ਫਲਸਫ਼ਾ ਗਿਆਨ, ਹੋਂਦ, ਮਨ, ਕਦਰਾਂ-ਕੀਮਤਾਂ ਦੇ ਅਧਿਐਨ ਦਾ ਵਿਗਿਆਨ ਮੰਨਿਆ ਗਿਆ ਹੈ। ਮੂਲ ਰੂਪ ਵਿਚ ਇਹ ਸ਼ਬਦ 570 ਤੋਂ 495 ਈਸਾ ਪੂਰਵ ਵਿਚ ਹੋਏ ਯੂਨਾਨੀ ਚਿੰਤਕ ਪਾਈਥਾਗੋਰਸ ਨੇ ਪਹਿਲੀ ਵਾਰ ਵਰਤਿਆ। ਕਲਾਸਕੀ ਫਿਲਾਸ਼ਫ਼ੀ ਇਹ ਪ੍ਰਸ਼ਨ ਪੁੱਛਦੀ ਸੀ ਕਿ ਜਿਉਣ ਦਾ ਸਭ ਤੋਂ ਚੰਗਾ ਤਰੀਕਾ ਕੀ ਹੈ ? ਅਜੋਕੀ ਅਕਾਦਮਿਕ ਫਿਲਾਸ਼ਫ਼ੀ ਦਾ ਮੁੱਖ ਸਰੋਕਾਰ ਹੋਂਦ ਅਤੇ ਯਥਾਰਥ ਦੀ ਮੂਲ ਪ੍ਰਕਿਰਤੀ ਨਾਲ ਹੈ। ਅੱਜ ਢਾਈ ਹਜ਼ਾਰ ਸਾਲ ਬਾਅਦ ਵਿਗਿਆਨ ਤੇ ਟੈਕਨਾਲੋਜੀ ਦੀ ਅਸੀਮ ਤਰੱਕੀ ਤੋਂ ਬਾਅਦ ਵੀ ਫਲਸਫ਼ੇ ਦਾ ਸਭ ਤੋਂ ਮਹੱਤਵਪੂਰਨ ਸਵਾਲ ਇਹੀ ਪ੍ਰਤੀਤ ਹੁੰਦਾ ਹੈ। ਇਕੱਲ, ਬੇਬਸੀ, ਬੇਗਾਨਗੀ, ਮੌਤ, ਕਲੇਸ਼, ਦੁੱਖ, ਭੈਅ ਅਤੇ ਚਿੰਤਾਵਾਂ ਵਿਚ ਘਿਰੇ ਮਨੁੱਖ ਦੇ ਇਸੇ ਸਵਾਲ ਦਾ ਜਵਾਬ ਦੇਣਾ ਹੀ ਫਿਲਾਸ਼ਫ਼ੀ ਦਾ ਮੁੱਖ ਸਰੋਕਾਰ ਹੈ। ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਦੇ ਫਲਸਫ਼ੇ ਦਾ ਅਧਿਐਨ ਕਰਦਿਆਂ 1975 ਵਿਚ ਪੜੇ ਗਏ ਇਕ ਖੋਜ ਪੱਤਰ ਵਿਚ ਉਸ ਸਮੇਂ ਦੇ ਪੰਜਾਬੀ ਯੂਨੀਵਰਸਿਟੀ ਦੇ ਫਿਲਾਸ਼ਫ਼ੀ ਵਿਭਾਗ ਦੇ ਅਧਿਆਪਕ ਡਾ. ਵਜ਼ੀਰ ਸਿੰਘ ਜੋ ਬਾਅਦ ਵਿਚ ਵਿਭਾਗ ਦੇ ਮੁਖੀ ਵੀ ਰਹੇ, ਨੇ ਇਸ ਅਧਿਐਨ ਲਈ ਦਸ ਬਿੰਦੂ ਪੇਸ਼ ਕੀਤੇ ਸਨ। ਇਹ ਸਨ: ਮਨੁੱਖ ਦਾ ਸੰਕਲਪ, ਆਦਰਸ਼ਕ ਮਨੁੱਖ, ਜਗਤ ਰਚਨਾ, ਜਗਤ ਦੀ ਪ੍ਰੀਤ, ਹਰਿ ਕੀ ਗਤਿ, ਹਰਿ ਦੀ ਪ੍ਰਾਪਤੀ, ਜੀਵਨ ਕਾਰਜ, ਜੀਵਨ ਮੁਕਤੀ, ਨਿਰਲੇਪਤਾ ਤੇ ਨਿਰਭੈ ਪਦ।

ਉਨਾਂ ਦੇ ਸਿੱਟਿਆਂ ਨਾਲ ਹੀ ਅਸੀਂ ਗੱਲ ਸ਼ੁਰੂ ਕਰਾਂਗੇ। ਸਿੱਟੇ ਇਹ ਸਨ: ਮਨੁੱਖੀ ਜਨਮ/ਦੇਹ ਦੁਰਲੱਭ ਹੈ। ਗੁਰੂ ਸਾਹਿਬ ਦੁਆਰਾ ਚਿਤਵਿਆ ਆਦਰਸ਼ਕ ਮਨੁੱਖ ਉਹ ਹੈ ਜਿਸ ਨੂੰ ਜੀਵਨ ਦੇ ਉਤਾਰ ਚੜਾਅ ਡੁਲਾ ਨਹੀਂ ਸਕਦੇ। ਗੁਰੂ ਸਾਹਿਬ ਜਗਤ ਨੂੰ ਸਦੀਵੀ/ਅਨਾਦੀ ਨਹੀਂ ਮੰਨਦੇ, ਸਿਰਜਿਤ ਮੰਨਦੇ ਹਨ। ਜਗਤ ਦੀ ਪ੍ਰਤੀ ਝੂਠੀ ਹੈ। ਹਰੀ ਸਰਬ ਵਿਆਪੀ, ਪਰ ਸਦਾ ਅਲੇਪਾ ਹੋਣ ਕਰਕੇ ਉਸ ਦੀ ਗਤਿ ਮਿਤਿ ਕੋਈ ਨਹੀਂ ਜਾਣ ਸਕਦਾ। ਹਰੀ ਦੀ ਪ੍ਰਾਪਤੀ ਨਾਮ ਨਾਲ ਸੰਭਵ ਹੈ। ਨਿਰਾਰਥਕ ਜੀਵਨ ਨੂੰ ਸਾਰਥਕ ਬਣਾਉਣ ਵਾਲਾ ਨਾਮ ਸਿਮਰਨ ਦਾ ਕਾਰਜ ਹੀ ਅਸਲੀ ਕਰਨਯੋਗ ਕੰਮ ਹੈ। ਜੀਵਨ ਮੁਕਤੀ ਲਈ ਨਵੀਆਂ ਕਦਰਾਂ-ਕੀਮਤਾਂ ਵਾਲੇ ਨਵੇਂ ਮਨੁੱਖ ਦੀ ਘਾੜਤ ਘੜਨੀ ਪਵੇਗੀ। ਉੱਤਮ ਜੀਵਨ ਲਈ ਨਿਰਲੇਪ ਹੋਣਾ ਜ਼ਰੂਰੀ ਹੈ। ਨਿਰਭੈ ਬੰਦਾ ਨਾ ਕਿਸੇ ਨੂੰ ਭੈਅਭੀਤ ਕਰਦਾ ਹੈ ਨਾ ਆਪ ਭੈਅਭੀਤ ਹੁੰਦਾ ਹੈ।

ਹਿੰਦੀ ਜਗਤ ਵਿਚ ਮੱਧਕਾਲੀ ਭਗਤੀ ਲਹਿਰ ਦਾ ਗੰਭੀਰਤਾ ਨਾਲ ਅਧਿਐਨ ਕਰਨ ਵਾਲੇ ਡਾ. ਜੈ ਰਾਮ ਮਿਸ਼ਰ ਨੇ ਭਾਰਤੀ ਦਾਰਸ਼ਨਿਕ ਪਰੰਪਰਾ ਦੇ ਜਟਿਲ ਸੰਕਲਪਾਂ ਨਾਲ ਮਨੁੱਖੀ ਮੁਕਤੀ ਦੀਆਂ ਕਈ ਪਰਤਾਂ ਦੇ ਹਵਾਲੇ ਦੇ ਕੇ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਦਾ ਦਾਰਸ਼ਨਿਕ ਅਧਿਐਨ ਕਰ ਕੇ ਗੁਰੂ ਸਾਹਿਬ ਦੇ ਤਿੰਨ ਸੌ ਸਾਲਾ ਸ਼ਹੀਦੀ ਵਰੇ (1975) ਵਿਚ ਕੁਝ ਨੁਕਤੇ ਪੇਸ਼ ਕੀਤੇ ਜੋ ਇਹ ਸਨ: ਗੁਰੂ ਸਾਹਿਬ ਅਨੁਸਾਰ ਪਰਮਾਤਮਾ ਪਰਮ ਸਤਿ ਹੈ। ਉਹ ਅਪਰ ਅਪਾਰ ਹੈ। ਗਤਿ ਮਿਤਿ ਤੋਂ ਪਰੇ ਨਿਰਗੁਣ ਤੇ ਸਰਬ ਸ਼ਕਤੀਮਾਨ ਹੈ। ਜੀਵਾਂ ਨੂੰ ਵਸ ਕਰ ਕੇ ਭਜਾਈ ਫਿਰਨ ਵਾਲੀ ਮਾਇਆ ਸੁਤੰਤਰ ਨਹੀਂ, ਪ੍ਰਮਾਤਮਾ ਦੇ ਅਧੀਨ ਹੈ। ਮਾਇਆ ਵਿਚ ਫਸਿਆ ਹੀ ਜੀਵ ਅਨੇਕ ਜੂਨਾਂ ਵਿਚ ਭਟਕਦਾ ਹੈ ਅਤੇ ਮੁਸ਼ਕਿਲ ਨਾਲ ਮਨੁਖਾ ਦੇਹੀ ਮਿਲਦੀ ਹੈ। ਮਨੁੱਖੀ ਮਨ ਹੰਕਾਰੀ, ਚੰਚਲ ਤੇ ਦੁਸ਼ਟ ਵੀ ਹੋ ਸਕਦਾ ਹੈ ਤੇ ਪ੍ਰਕਾਸ਼ਮਈ ਦ੍ਰਿਸ਼ਟੀ ਵਾਲਾ ਵੀ। ਦੁਸ਼ਟ ਅਮੋੜ ਮਨ ਨੂੰ ਨਾਸ਼ਮਾਨਤਾ/ਮੌਤ ਦਾ ਭੈਅ ਦੇ ਕੇ ਸਾਧ, ਗੁਰੂ, ਸੰਗਤ, ਨਾਮ ਨਾਲ ਜੋੜ ਕੇ ਪ੍ਰਕਾਸ਼ਮਈ ਅਵਸਥਾ ਵਿਚ ਲਿਆਉਣ ਦੀ ਲੋੜ ਹੈ ਤਾਂ ਹੀ ਮਨ/ਮਨੁੱਖ ਮੂਲ ਸੋਮੇ ਪ੍ਰਮਾਤਮਾ ਨਾਲ ਇਕਮਿਕ ਹੋ ਸਕਦਾ ਹੈ।

ਗੁਰੂ ਸਾਹਿਬ ਦੇ ਫਲਸਫ਼ੇ ਬਾਰੇ ਜਿਸ ਤੀਜੇ ਗਹਿਰ ਗੰਭੀਰ ਵਿਦਵਾਨ ਦਾ ਜ਼ਿਕਰ ਮੈਂ ਇੱਥੇ ਕਰਨਾ ਚਾਹੁੰਦਾ ਹਾਂ, ਉਹ ਹੈ ਕੁਰੂਕਸ਼ੇਤਰ ਯੂਨੀਵਰਸਿਟੀ ਦਾ ਅੰਗਰੇਜ਼ੀ ਦਾ ਪ੍ਰੋਫ਼ੈਸਰ ਬੀ.ਐੱਸ.ਗੁਪਤਾ। ਡਾ. ਅਤਰ ਸਿੰਘ, ਡਾ.ਆਰ.ਸੀ.ਪਾਲ (ਵਾਈਸ ਚਾਂਸਲਰ, ਪੰਜਾਬ ਯੂਨੀਵਰਸਿਟੀ, ਚੰਡੀਗੜ) ਤੇ ਪੰਜਾਬ ਸਟੇਟ ਗੁਰੂ ਤੇਗ ਬਹਾਦਰ ਮਾਰਟਿਰਡਮ ਟਰਾਈ-ਸੈਂਟੇਨਰੀ ਕਮੇਟੀ ਦੇ ਸਾਂਝੇ ਯਤਨਾਂ ਨਾਲ 1978 ਵਿਚ ਪ੍ਰਕਾਸ਼ਿਤ ਹੋਈ ਉਸ ਦੀ ਕਿਤਾਬ ਅਦਭੁੱਤ ਵਿਦਵਤਾ ਤੇ ਬਾਰੀਕਬੀਨ ਪ੍ਰਤਿਭਾ ਦਾ ਕਮਾਲ ਹੈ। ਇਸ ਵਿਚ ਗੁਰੂ ਸਾਹਿਬ ਦੇ ਫਲਸਫ਼ੇ ਬਾਰੇ ਪੇਸ਼ ਮੁੱਖ ਅੰਤਰ-ਦ੍ਰਿਸ਼ਟੀਆਂ ਦਾ ਸਾਰ ਇਹ ਹੈ: ਗੁਰੂ ਪਾਤਸ਼ਾਹ ਦੀ ਰਚਨਾ ਦੇ ਸਰਸਰੀ ਅਧਿਐਨ ਤੋਂ ਭੁਲੇਖਾ ਪੈ ਸਕਦਾ ਹੈ ਕਿ ਦੁਨੀਆਂ ਇਕ ਭਰਮ (ਇਲੂਯਨ) ਮਾਤਰ ਹੈ। ਬਾਰੀਕੀ ਨਾਲ ਦੇਖ ਕੇ ਉਨਾਂ ਦੀ ਬਾਣੀ ਵਿਚੋਂ ਦੋ ਨੁਕਤੇ ਉਭਰਦੇ ਹਨ: ਪਹਿਲਾ ਦੁਨਿਆਵੀ ਚੀਜ਼ਾਂ/ਵਸਤਾਂ/ਰਿਸ਼ਤਿਆਂ ਦੀ ਛਿਣ ਭੰਗਰਤਾ। ਦੂਜਾ-ਦੁਨੀਆਂ ਦੇ ਲੋਕਾਂ ਦਾ ਸਵਾਰਥ ਕੇਂਦਰਿਤ ਵਿਹਾਰ। ਉਹ ਗੁਰੂ ਨਾਨਕ ਦੀ ਵਾਰ ਆਸਾ ਦੇ ਸੱਚੇ ਤੇਰੇ ਲੋਅ ਸੱਚੇ ਆਕਾਰ ਦੇ ਮਹਾਂਵਾਕ ਦੇ ਸਮਰਥਕ ਹਨ। ਆਪ ਕਹਿੰਦੇ ਹਨ ਕਿ ਦੁਨੀਆਂ ਕਿਸੇ ਨਾਲ ਵੀ ਜੁੜਦੀ ਹੈ ਤਾਂ ਆਪਣੇ ਸਵਾਰਥ ਕਾਰਨ। ਇਉਂ ਕਰਨ ਵਾਲੇ ਭੁੱਲ ਜਾਂਦੇ ਹਨ ਕਿ ਦੁਨੀਆਂ ਪਲ ਪਲ ਬਦਲਦੀ ਹੈ, ਗਤੀਮਾਨ ਹੈ। ਉਹ ਇਸ ਬਦਲਦੀ ਦੁਨੀਆਂ ਪਿੱਛੇ ਇਕੋ ਇਕ ਸਥਿਰ ਦੈਵੀ ਹੋਂਦ ਨੂੰ ਭੁੱਲ ਜਾਂਦੇ ਹਨ। ਉਨਾਂ ਦੀ ਬਾਣੀ ਉਸ ਦੈਵੀ ਹੋਂਦ ਨਾਲ ਮਨੁੱਖ ਦੇ ਸਿਰਜਨਾਤਮਕ ਰਿਸ਼ਤੇ ਵੱਲ ਧਿਆਨ ਆਕਰਸ਼ਿਤ ਕਰਦੀ ਹੈ। ਸਦੀਵੀ ਖ਼ੁਸ਼ੀ ਲਈ ਦੁਨੀਆਂ/ਦੁਨਿਆਵੀ ਵਸਤਾਂ ਜਾਂ ਰਿਸ਼ਤਿਆਂ ਦੀ ਦਿਸ਼ਾਂ ਦੀ ਥਾਂ ਦੈਵੀ ਦਿਸ਼ਾ ਵਿਚ ਤੁਰਨ ਦੀ ਲੋੜ ਹੈ। ਇਸ ਪਰਿਵਰਤਨ ਲਈ ਪ੍ਰੇਰਣਾ ਹਿੱਤ ਉਹ ਦੁਨੀਆਂ ਦੀ ਨਾਸ਼ਮਾਨਤਾ, ਛਿਣ ਭੰਗਰਤਾ ਤੇ ਮੌਤ ਦੀ ਗਹਿਰੀ ਛਾਪ ਮਨੁੱਖੀ ਮਨ ਉੱਤੇ ਲਾਉਣਾ ਚਾਹੁੰਦੇ ਹਨ। ਉਹ ਦੁਨੀਆਂ ਤੋਂ ਪਲਾਇਨ ਲਈ ਨਹੀਂ ਕਹਿੰਦੇ, ਇਸ ਦੀਆਂ ਸੀਮਾਵਾਂ ਪਛਾਣਨ ਉੱਤੇ ਬਲ ਦਿੰਦੇ ਹਨ। ਇਸ ਪਛਾਣ ਉਪਰੰਤ ਸਵੱਛ, ਜ਼ਿੰਮੇਵਾਰ ਤੇ ਸਕ੍ਰਿਆ ਜੀਵਨ ਜਿਉਣ ਲਈ ਕਹਿੰਦੇ ਹਨ।

ਉਨਾਂ ਦਾ ਅਕਾਲ ਪੁਰਖ ਦਾ ਸੰਕਲਪ, ਮਨੁੱਖ ਦੇ ਅਕਾਲ ਪੁਰਖ ਨਾਲ ਰਿਸ਼ਤੇ ਵਿਚ ਜੁੜਿਆ ਹੋਇਆ ਹੈ। ਮੌਤ ਬਾਰੇ ਉਨਾਂ ਦੀ ਦ੍ਰਿਸ਼ਟੀ ਬੜੀ ਯਥਾਰਥਵਾਦੀ ਹੈ। ਮੌਤ ਲਾਜ਼ਮੀ ਹੈ। ਨਿਰੰਤਰ ਗਤੀਮਾਨ ਤੇ ਪਰਿਵਰਤਨਸ਼ੀਲ ਦੁਨੀਆਂ ਵਿਚ ਜੋ ਉਪਜਿਆ ਹੈ, ਉਸ ਨੇ ਬਿਨਸਣਾ ਹੀ ਹੈ। ਉਸ ਛਿਣ ਕੋਈ ਵਸਤ/ਕੋਈ ਰਿਸ਼ਤਾ ਨਾਲ ਨਹੀਂ ਜਾ ਸਕਦਾ। ਰਿਸ਼ਤੇ ਜਿਉਣ ਤੱਕ ਦੇ ਹਨ। ਮਨੁੱਖ ਮੌਤ ਦੀ ਚੇਤਨਾ ਕਰਕੇ ਵਿਅਰਥ ਹੀ ਡਰ ਤੇ ਚਿੰਤਾ ਚੁੱਕੀ ਫਿਰਦਾ ਹੈ। ਚਿੰਤਾ ਕਾਹਦੀ। ਮੌਤ ਕੋਈ ਅਣਹੋਣੀ ਨਹੀਂ ਤੇ ਕਿਸੇ ਇਕ ਤਕ ਸੀਮਿਤ ਨਹੀਂ। ਕੁਝ ਵੀ ਕੋਈ ਵੀ ਥਿਰ/ਸਦੀਵੀ ਨਹੀਂ। ਗੁਰੂ ਸਾਹਿਬ ਮੌਤ ਦੁਆਲੇ ਰੁਮਾਂਟਿਕ ਕਲਪਨਾ ਦੇ ਮਨ ਲੁਭਾਵਣੇ ਦ੍ਰਿਸ਼ ਜੋੜ ਕੇ ਇਹ ਨਹੀਂ ਕਹਿੰਦੇ ਕਿ ਇਹ ਕਿਸੇ ਨਵੀਂ ਜ਼ਿੰਦਗੀ ਦਾ ਦੁਆਰ ਹੈ ਜਾਂ ਕੇਵਲ ਭਰਮ ਹੈ। ਇਸ ਕਠੋਰ ਯਥਾਰਥ ਦੇ ਮੱਦੇਨਜ਼ਰ ਮਨੁੱਖ ਕੋਲ ਦੋ ਹੀ ਰਾਹ ਹਨ। ਜਾਂ ਤਾਂ ਉਹ ਇਸੇ ਦੀਆਂ ਚਿੰਤਾਵਾਂ ਵਿਚ ਉਲਝਿਆ ਜੀਵਨ ਗੁਜ਼ਾਰ ਦੇਵੇ ਅਤੇ ਜਾਂ ਫਿਰ ਆਪਣੇ ਸਿਰਜਣਹਾਰ ਨਾਲ ਸਦੀਵੀ ਇਕਮਿਕਤਾ ਸਥਾਪਤ ਕਰਨ ਦੇ ਰਾਹ ਤੁਰੇ। ਸਰੀਰਕ ਸੁੱਖਾਂ/ਭੁੱਖਾਂ ਦੀ ਪੂਰਤੀ ਤੱਕ ਸੀਮਿਤ ਰਹੇ ਜਾਂ ਜ਼ਿੰਦਗੀ ਦੇ ਵਡੇਰੇ ਆਦਰਸ਼ਾਂ ਨਾਲ ਜੁੜੇ। ਉਚੇਰੇ ਰਾਹ ਉੱਤੇ ਤੁਰਿਆਂ ਵੀ ਮੌਤ ਤਾਂ ਆਵੇਗੀ ਹੀ, ਪਰ ਉਸ ਦਾ ਡਰ ਭੈਅ ਪ੍ਰੇਸ਼ਾਨ ਨਹੀਂ ਕਰੇਗਾ। ਨੈਤਿਕ/ਰੂਹਾਨੀ ਰੂਪਾਂਤਰਣ ਲਈ ਚੰਗੇ ਕੰਮ ਕਰਨਾ ਜ਼ਰੂਰੀ ਹੈ। ਸਦੀਵੀ ਸੁਖ ਤੇ ਮੌਤ ਦੇ ਭੈਅ ਤੋਂ ਮੁਕਤੀ ਲਈ ਨਾਮ ਸਿਮਰਨ ਇਕੋ ਇਕ ਜੁਗਤ ਹੈ। ਗੁਰੂ ਸਾਹਿਬ ਖਾਓ ਪੀਓ ਮੌਜ ਕਰੋ ਦੀ ਹੈਡੋਨਿਸਟਿਕ ਯੂਟੀਲੀਟੇਰੀਅਨ ਪਹੁੰਚ ਦੇ ਹਮਾਇਤੀ ਨਹੀਂ। ਉਹ ਇਹ ਚੇਤਨਾ ਪੈਦਾ ਕਰਦੇ ਹਨ ਕਿ ਮਨੁੱਖੀ ਦੀ ਹੋਣੀ ਛਿਣਭੰਗਰ ਯਥਾਰਥ ਤਕ ਸੀਮਿਤ ਨਹੀਂ, ਇਹ ਆਪਣੀ ਮੂਲ ਅੰਨਤਤਾ ਤਕ ਪਸਰੀ ਹੋਈ ਹੈ। ਮਨੁੱਖ ਦਾ ਸੰਘਰਸ਼ ਕੁਝ ਹੋਣ/ ਨਾ ਹੋਣ ਤੋਂ ਕੁਝ ਬਣਨ ਦਾ ਹੈ। ਦੇਸ਼/ਕਾਲ ਵਿਚ ਸੀਮਿਤ ਹੋਂਦ ਅਸੁਰੱਖਿਆ ਦੀ ਚਿੰਤਾ ਵਿਚ ਹੈ। ਸ਼ੁੱਧ/ਸਦੀਵੀ/ਅੰਤਿਮ ਹੋਂਦ ਦੇਸ਼/ਕਾਲ ਤੋਂ ਮੁਕਤ ਹੋਣ ਕਾਰਨ ਹਰ ਅਸੁਰੱਖਿਅਤਾ ਤੋਂ ਬੇਪ੍ਰਵਾਹ ਹੋ ਸਕਦੀ ਹੈ। ਇਸ ਨਾਲ ਅਸਤਿਤਵਵਾਦੀ ਨਿਰਾਸ਼ਾ ਤੇ ਬੇਬਸੀ ਖ਼ਤਮ ਹੋ ਜਾਂਦੇ ਹਨ। ਮਨੁੱਖ ਅਨਸ਼ਵਰ ਚੇਤਨਾ ਦਾ ਮਾਲਕ ਬਣ ਜਾਂਦਾ ਹੈ।

# ਗੁਰੂ ਗੋਬਿੰਦ ਸਿੰਘ ਜੀ ਬਾਜ ਹੀ ਕਿਉਂ ਰਖਦੇ ਸੀ ਕੋਈ ਹੋਰ ਪੰਛੀ ਕਿਉਂ ਨਹੀਂ ?

**ਜੋਰਾਵਰ ਸਿੰਘ ਤਰਸਿੱਕਾ**

ਇਸ ਲਈ ਕਿ ਬਾਜ ਜਿਸ ਨੂੰ ਈਗਲ ਜਾਂ ਸ਼ਾਹੀਨ ਵੀ ਕਹਿੰਦੇ ਹਨ ਦਸ਼ਮੇਸ਼ ਪਿਤਾ ਜੀ ਦਾ ਦੁਲਾਰਾ ਅਣਖੀ ਦਲੇਰ ਅਤੇ ਹਿੰਮਤੀ ਪੰਛੀ ਹੈ ਫ਼ਾਲਕੋ ਵੰਸ਼ ਦਾ ਇਹ ਸ਼ਿਕਾਰੀ ਪੰਛੀ **(raptor),** ਗਰੁੜ ਨਾਲੋਂ ਛੋਟਾ ਹੁੰਦਾ ਹੈ। ਫ਼ਾਲਕੋ ਵੰਸ਼ ਵਿੱਚ ਸੰਸਾਰ ਭਰ ਵਿੱਚ ਲਗਭਗ ਚਾਲੀ ਪ੍ਰਜਾਤੀਆਂ ਮੌਜੂਦ ਹਨ ਅਤੇ ਵੱਖ-ਵੱਖ ਨਾਮਾਂ ਨਾਲ ਜਾਣੀਆਂ ਜਾਂਦੀਆਂ ਹਨ। ਸਾਰੇ ਸ਼ਿਕਾਰੀ ਪੰਛੀਆਂ ਦੀ ਤਰਾਂ ਇੱਕ ਤਾਂ ਬਾਜ਼ ਦੀ ਨਜ਼ਰ ਬਹੁਤ ਤੇਜ਼ ਹੁੰਦੀ ਹੈ, ਦੂਜਾ, ਇਸ ਨੂੰ ਵਸਤੂਆਂ ਆਕਾਰ ਨਾਲੋਂ ਵੱਡੀਆਂ ਨਜ਼ਰ ਆਉਂਦੀਆਂ ਹਨ। ਬਾਜ਼ 1.6 ਕਿਲੋਮੀਟਰ ਦੀ ਉਚਾਈ ਉੱਤੇ ਉਡਦਿਆਂ, ਧਰਤੀ ਉੱਤੇ ਇੱਕ ਚੂਹੇ ਨੂੰ ਸਾਫ਼ ਵੇਖ ਸਕਦਾ ਹੈ। ਇਹ ਪੰਛੀ ਮਜ਼ਬੂਤ ਪੰਜਿਆਂ ਤੇ ਤਿੱਖੀਆਂ ਨਹੁੰਦਰਾਂ ਨਾਲ ਲੈਸ ਹੁੰਦਾ ਹੈ ਅਤੇ ਪਿਛਲੀ ਨਹੁੰਦਰ ਮੁਕਾਬਲਤਨ ਵੱਡੀ ਅਤੇ ਸ਼ਕਤੀਸ਼ਾਲੀ ਹੁੰਦੀ ਹੈ। ਮਾਸ ਨੋਚਣ ਲਈ ਇਸ ਦੀ ਚੁੰਝ ਹੁੱਕ ਵਾਂਗ ਮੁੜੀ ਹੋਈ ਹੁੰਦੀ ਹੈ ਜੋ ਕਾਬੂ ਆਏ ਸ਼ਿਕਾਰ ਨੂੰ ਪਲਾਂ ਵਿੱਚ ਹੀ ਫੀਤਾ-ਫੀਤਾ ਕਰ ਸੁੱਟਦੀ ਹੈ। ਆਮ ਤੌਰ ਉੱਤੇ ਬਾਜ਼ ਆਪਣੇ ਸ਼ਿਕਾਰ ਨੂੰ ਦਬੋਚਣ ਲਈ ਉਸ ਉੱਪਰ ਕਿਸੇ ਇੱਟ ਵਾਂਗ ਡਿੱਗ ਪੈਂਦਾ ਹੈ ਅਤੇ ਫਿਰ ਸ਼ਿਕਾਰ ਨੂੰ ਆਪਣੇ ਪੰਜਿਆਂ ਵਿੱਚ ਦਬੋਚ ਕੇ ਉੱਡ ਜਾਂਦਾ ਹੈ। ਇਹ ਸਭ ਕੁਝ 1-2 ਸਕਿੰਟਾਂ ਵਿੱਚ ਹੀ ਵਾਪਰ ਜਾਂਦਾ ਹੈ। ਬਾਜ਼ਾਂ ਨੂੰ ਚੂਹੇ, ਕਿਰਲੀਆਂ ਦਾ ਸ਼ਿਕਾਰ ਕਰਨਾ ਪਸੰਦ ਹੈ। ਸੱਪ ਵੀ ਇਨਾਂ ਦੇ ਭੋਜਨ ਵਿੱਚ ਸ਼ਾਮਲ ਹਨ। ਅੱਜ ਵੀ ਕਜ਼ਾਖਸਤਾਨ, ਜਾਪਾਨ ਅਤੇ ਕੇਂਦਰੀ ਏਸ਼ੀਆ ਤੇ ਅਰਬ ਦੇ ਕੁਝ ਭਾਗਾਂ ਵਿੱਚ ਬਾਜ਼ ਨਾਲ ਸ਼ਿਕਾਰ ਕਰਨ ਦੀ ਸ਼ਾਹੀ ਰਵਾਇਤ ਨੂੰ ਬਾਜ਼ ਪਾਲਕਾਂ ਵੱਲੋਂ ਜਿਉਂਦੀ ਰੱਖਿਆ ਜਾ ਰਿਹਾ ਹੈ। ਗੁਰੂ ਸਾਹਿਬ ਨੇ ਇਕ ਮਾਸਾਹਾਰੀ ਪੰਛੀ ਬਾਜ ਨੂੰ ਹਮੇਸ਼ਾ ਆਪਣੇ ਨਾਲ ਕਿਉਂ ਰਖਿਆ ਹੈ ? ਕਿਉਂਕਿ ਗੁਰੂ ਸਾਹਿਬ ਦੇ ਹਰ ਕਦਮ ਪਿਛੇ ਕੌਮ ਲਈ, ਕੌਮ ਦੀ ਭਲਾਈ ਲਈ ਕੋਈ ਨਾ ਕੋਈ ਸੰਦੇਸ਼ ਜ਼ਰੂਰ ਹੁੰਦਾ ਸੀ।

1. ਬਾਜ ਦੀ ਫਿਤਰਤ ਵਿਚ ਗੁਲਾਮੀ ਨਹੀਂ ਹੁੰਦੀ। ਉਸ ਨੂੰ ਤੁਸੀਂ ਪਿੰਜਰੇ ਵਿਚ ਨਹੀਂ ਰਖ ਸਕਦੇ, ਜੇ ਰਖੋਗੇ ਤਾਂ ਜਾਂ ਤਾਂ ਉਹ ਪਿੰਜਰੇ ਨੂੰ ਤੋੜ ਦੇਵੇਗਾ ਜਾਂ ਅੰਦਰ ਹੀ ਆਪਣੀ ਜਾਨ ਦੇ ਦੇਵੇਗਾ। ਸਿੱਖ ਵੀ ਕਿਸੇ ਦੀ ਗੁਲਾਮੀ ਪਸੰਦ ਨਹੀਂ ਕਰਦਾ। ਗੁਰਮਤਿ ਵਿਚ ਅਗਰ ਕੋਈ ਕਿਸੇ ਨੂੰ ਕੈਦ ਕਰਦਾ ਹੈ ਉਸ ਨੂੰ ਗੁਲਾਮੀ ਨਹੀਂ ਕਿਹਾ ਜਾਂਦਾ, ਗੁਲਾਮੀ ਉਸ ਨੂੰ



ਕਿਹਾ ਗਿਆ ਜੋ ਆਪਣੀ ਜਮੀਰ ਵੇਚ ਦੇਵੇ, ਆਪਣੀ ਜਮੀਰ ਕਿਸੇ ਲਾਲਚ ਕਾਰਨ ਅਗਲੇ ਦੇ ਕਦਮਾਂ ਵਿਚ ਧਰ ਦੇਵੇ, ਆਪਣੀ ਸੋਚ ਨੂੰ ਦੂਸਰੇ ਦੇ ਅਧੀਨ ਕਰ ਦੇਵੇ, ਭਾਵ ਮਾਨਸਿਕ ਤੌਰ 'ਤੇ ਖਤਮ ਹੋ ਜਾਵੇ-ਗੁਰੂ ਸਾਹਿਬ ਵੇਲੇ ਭਾਵੇਂ ਰਾਜ ਮੁਗਲਾਂ ਦਾ ਸੀ, ਜਹਾਂਗੀਰ, ਔਰੰਗਜ਼ੇਬ ਵਰਗੇ ਵੱਡੇ ਵੱਡੇ ਜਾਲਮ ਬਾਦਸ਼ਾਹ ਹੋਏ ਸਨ, ਗੁਰੂ ਸਾਹਿਬ ਨੇ ਡਟ ਕੇ ਮੁਕਾਬਲਾ ਕੀਤਾ, ਚਾਹੇ ਅਨੇਕਾਂ ਮੁਸੀਬਤਾਂ ਸਹੀਆਂ, ਬੱਚੇ, ਮਾਂ-ਬਾਪ, ਘਰ ਘਾਟ, ਦੌਲਤ ਸਭ ਕੁਝ ਵਾਰ ਦਿਤਾ, ਪਰ ਜ਼ੁਲਮ ਅੱਗੇ ਹਾਰ ਨਹੀਂ ਮੰਨੀ, ਗੋਡੇ ਨਹੀਂ ਟੇਕੇ। ਗੁਰੂ ਸਾਹਿਬ ਤੋਂ ਬਾਅਦ ਸਿੱਖਾਂ ਨੇ ਜੰਗਲਾਂ ਵਿਚ ਰਹਿਣਾ ਪ੍ਰਵਾਨ ਕਰ ਲਿਆ, ਦਰੱਖਤਾਂ ਦੇ ਪੱਤੇ ਖਾ ਕੇ ਗੁਜ਼ਾਰਾ ਕੀਤਾ, ਜੰਗਲਾਂ ਦੀਆਂ ਠੰਢੀਆਂ ਰਾਤਾਂ ਵਿਚ ਕਾਠੀਆਂ ਤੇ ਜਾਂ ਭੁੰਜੇ ਸੌਣਾ ਕਬੂਲ ਕਰ ਲਿਆ ਪਰ ਗੁਲਾਮੀ ਮਨਜੂਰ ਨਹੀਂ ਕੀਤੀ।

2. ਕਿਸੇ ਦਾ ਕੀਤੇ ਸ਼ਿਕਾਰ ਨੂੰ ਨਹੀਂ ਖਾਧਾ, ਇਸੇ ਤਰਾਂ ਹਰ ਸਿਖ ਨੂੰ ਆਦੇਸ਼ ਹੈ ਕਿ ਆਪਣੀ ਕਿਰਤ ਦੀ ਕਮਾਈ ਖਾਵੇ ਉਹ ਵੀ ਵੰਡ ਕੇ, ਮੁਫਤ ਦੀ, ਜਾਂ ਦੂਜੇ ਦੇ ਹੱਥ ਦੀ ਕੀਤੀ ਕਮਾਈ ਵੱਲ ਨਾ ਵੇਖੇ।

3. ਬਾਜ ਦੀ ਉਡਾਰੀ ਬਹੁਤ ਉੱਚੀ ਹੁੰਦੀ ਹੈ। ਅਸਮਾਨਾਂ ਨੂੰ ਛੂਹਣ ਵਾਲੀ-ਪਰ ਨਜ਼ਰਾਂ ਹਮੇਸ਼ਾ ਨੀਵੀਆਂ, ਧਰਤੀ ਤੇ ਰਹਿੰਦੀਆਂ ਹਨ। ਸਿੱਖਾਂ ਨੂੰ ਵੀ ਮਨ ਨੀਵਾਂ ਤੇ ਮੱਤ ਉੱਚੀ ਰੱਖਣ ਦਾ ਗੁਰਮਤਿ ਵਲੋਂ ਸੰਦੇਸ਼ ਹੈ।

4. ਬਾਜ਼ ਆਪਣੇ ਆਖਰੀ ਸਾਹਾਂ ਤੱਕ ਵੀ ਆਲਸੀ ਨਹੀਂ ਹੁੰਦਾ। ਸਿੱਖ ਕਦੀ ਆਲਸੀ ਨਹੀਂ ਹੁੰਦਾ, ਮਿਹਨਤ ਮਜਦੂਰੀ ਕਰਨ ਨੂੰ ਹਰ ਵਕਤ ਤਿਆਰ ਬਰ ਤਿਆਰ ਰਹਿੰਦਾ ਹੈ। ਕਿਸੇ ਦੇ ਆਸਰੇ ਵੱਲ ਨਹੀਂ ਤੱਕਦਾ, ਅੱਜ ਦਾ ਕੰਮ ਕੱਲ ਤੇ ਨਾਂ ਛੱਡਣ ਤੇ ਹੁਣ ਦਾ ਕੰਮ ਹੁਣੇ ਕਰਨ ਦਾ ਸੰਕਲਪ ਰਖਦਾ ਹੈ।

5. ਬਾਜ ਹਵਾ ਦੇ ਵਹਾਅ ਤੋਂ ਉਲਟਾ ਉਡਦਾ ਹੈ, ਸਿੱਖ ਵੀ ਆਪਣੀ ਮੌਜ-ਮਸਤੀ ਵਿਚ ਤੇ ਜਿੰਦਾ ਦਿਲੀ ਨਾਲ ਜਿੰਦਗੀ ਬਸਰ ਕਰਦਾ ਹੈ।

6. ਉਹ ਕਦੇ ਸਦਾ ਲਈ ਆਪਣਾ ਆਲਣਾ ਨਹੀਂ ਬਣਾਉਂਦਾ। ਖੁੱਲਾ ਅਸਮਾਨ ਹੀ ਉਸਦੀ ਛੱਤ ਤੇ ਧਰਤੀ ਜਮੀਨ ਹੁੰਦੀ ਹੈ। ਸਿੱਖ ਨੂੰ ਵੀ ਮੋਹ ਮਾਇਆ ਦੇ ਜਾਲ ਵਿਚ ਨਾ ਫਸਣ ਦਾ ਗੁਰੂ-ਸਹਿਬਾਨਾਂ ਵਲੋਂ ਹੁਕਮ ਹੈ।

7. ਬਾਜ ਕਦੇ ਹਾਰ ਨਹੀਂ ਮੰਨਦਾ, ਕਿਸੇ ਤੋਂ ਡਰਦਾ ਨਹੀਂ, ਦੁਖ ਭਰੀ ਜਿੰਦਗੀ ਵੀ ਖੁਸ਼ੀ ਖੁਸ਼ੀ ਜਿਉਂਦਾ ਹੈ। ਗੁਰੂ ਤੇਗ ਬਹਾਦਰ ਤੇ ਹਰ ਗੁਰੂ ਸਹਿਬਾਨ, ਗੁਰੂ ਨਾਨਕ ਸਾਹਿਬ ਤੋਂ ਲੈ ਕੇ ਦਸਵੇਂ ਪਾਤਸ਼ਾਹ ਤੱਕ ਸਿਖ ਨੂੰ ਇਹੀ ਸਿਖਾਇਆ - ਨਾ ਡਰੋ ਨਾ ਡਰਾਓ 'ਭੈ ਕਾਹੂ ਕੋ ਦੇਤ ਨਹਿ, ਨਹਿ ਭੈ ਮਾਨਤ ਆਨ'

8 ਬਾਜ ਲਗਭਗ 70 ਸਾਲ ਜਿਉਂਦਾ ਰਹਿੰਦਾ ਹੈ, ਪੰਤੂ ਆਪਣੇ ਜੀਵਨ ਦੇ 40ਵੇਂ ਸਾਲ ਵਿੱਚ ਆਉਂਦੇ ਉਸਦੀ ਜਿੰਦਗੀ ਵਿਚ ਇਕ ਨਵਾਂ ਮੋੜ ਆਉਂਦਾ ਹੈ ਜਿਸ ਵਕਤ ਉਸ ਨੂੰ ਇੱਕ ਮਹੱਤਵਪੂਰਨ ਨਿਰਨਾ ਲੈਣਾ ਪੈਂਦਾ ਹੈ, ਜਿਸ ਤੋਂ ਬਾਅਦ ਉਹ ਇਕ ਨਵੀਂ ਜਿੰਦਗੀ ਵਿਚ ਪ੍ਰਵੇਸ਼ ਕਰਦਾ ਹੈ। 40 ਸਾਲ ਦੀ ਉਮਰ ਤਕ ਪਹੁੰਚਦੇ ਪਹੁੰਚਦੇ ਉਸਦੇ ਪੰਜੇ, ਚੁੰਜ ਤੇ ਖੰਭ ਸਭਨਾਂ ਦੀ ਹਾਲਤ ਵਿਗੜ ਜਾਂਦੀ ਹੈ। ਪੰਜੇ ਲੰਬੇ ਤੇ ਲਚੀਲੇ ਹੋ ਜਾਂਦੇ ਹਨ, ਸ਼ਿਕਾਰ ਦੀ ਪਕੜ ਮੁਸ਼ਕਿਲ ਹੋ ਜਾਂਦੀ ਹੈ, ਚੁੰਝ ਮੁੜ ਜਾਂਦੀ ਹੈ, ਉਸਦੀ ਧਾਰਕ ਮੁੱਕ ਜਾਂਦੀ ਹੈ, ਭੋਜਨ ਖਾਣ ਵਿਚ ਅੜਚਨ ਪੈਦਾ ਕਰਦੀ ਹੈ। ਖੰਭ ਭਾਰੀ ਹੋ ਕੇ ਸੀਨੇ ਨਾਲ ਲਿਪਟ ਜਾਂਦੇ ਹਨ, ਠੀਕ ਤਰਾਂ ਖੁਲ ਨਹੀਂ ਸਕਦੇ, ਉਡਣਾ ਮੁਸ਼ਕਿਲ ਹੋ ਜਾਂਦਾ ਹੈ, ਉੱਚੀ ਉਡਾਰੀ ਸੀਮਤ ਹੋ ਜਾਂਦੀ ਹੈ, ਪਰ ਉਹ ਹਿੰਮਤ ਨਹੀਂ ਹਾਰਦਾ। ਉਸ ਕੋਲ ਤਿੰਨ ਹੀ ਰਾਹ ਬਚਦੇ ਹਨ ਜਾਂ ਖੁਦਕੁਸ਼ੀ ਕਰ ਲਏ ਜਾਂ ਇਲ ਵਾਂਗ ਦੂਜਿਆਂ ਦਾ ਜੂਠਾ ਖਾਏ ਜਾਂ ਫਿਰ ਖ਼ੁਦ ਨੂੰ ਪੁਨਰ ਸਥਾਪਿਤ ਕਰੇ।

ਜਿੱਥੇ ਪਹਿਲਾਂ ਦੋ ਵਿਕਲਪ ਸਰਲ ਅਤੇ ਤੇਜ਼ ਹਨ, ਤੀਸਰਾ ਲੰਮਾ ਅਤੇ ਅਤਿਅੰਤ ਪੀੜਾਦਾਈਕ ਰਸਤਾ ਹੈ। ਇਸ ਲਈ ਉਹ ਉੱਚੇ ਪਹਾੜ 'ਤੇ ਚਲਾ ਜਾਂਦਾ ਹੈ ਤੇ ਇਕਾਂਤ ਵਿੱਚ ਪੁਨਰ ਸਥਾਪਤ ਕਰਨ ਦੀ ਪ੍ਰਕਿਰਿਆ ਆਰੰਭ ਕਰਦਾ ਹੈ।

ਪੱਥਰ ਦੀ ਚਟਾਨ ਨਾਲ ਮਾਰ ਮਾਰ ਕੇ ਉਹ ਆਪਣੀ ਚੁੰਜ ਭੰਨ ਦਿੰਦਾ ਹੈ, ਪੰਜਿਆਂ ਨੂੰ ਤੋੜ ਦਿੰਦਾ ਹੈ ਤੇ ਆਪਣੇ ਭਾਰੀ ਖੰਭਾਂ ਨੂੰ ਇਕ ਇਕ ਕਰਕੇ ਨੋਚ ਦਿੰਦਾ ਹੈ ਜੋ ਪੀੜਾਦਾਇਕ ਹੁੰਦੀ ਹੈ। ਅਗਲੇ 150 ਦਿਨਾਂ ਦੀ ਪੀੜਾ-ਭਰੀ ਉਡੀਕ ਤੋਂ ਬਾਅਦ ਮੁੜ ਕੇ ਨਵੀਂ ਚੁੰਝ, ਨਵੇਂ ਪੰਜੇ ਤੇ ਨਵੇਂ ਖੰਭ ਉਗ ਆਉਂਦੇ ਹਨ, ਫਿਰ ਤੋਂ ਮਿਲਦੀ ਹੈ ਬਾਜ਼ ਨੂੰ ਪਹਿਲਾਂ ਵਰਗੀ ਉਹੀ ਸ਼ਾਨਦਾਰ ਅਤੇ ਉੱਚੀ ਉਡਾਨ। ਇਸ ਪੁਨਰ ਸਥਾਪਨਾ ਦੀ ਪ੍ਰਕਿਰਿਆ ਤੋਂ ਬਾਅਦ ਉਹ 30 ਸਾਲ ਹੋਰ ਜਿਉਂਦਾ ਹੈ, ਊਰਜਾ, ਸਨਮਾਨ ਅਤੇ ਦ੍ਰਿੜਤਾ ਦੇ ਨਾਲ।

# ਭਾਈ ਮਨੀ ਸਿੰਘ ਜੀ ਸ਼ਹੀਦ

## ਜਨਮ ਦਿਹਾੜੇ ਤੇ ਵਿਸ਼ੇਸ਼



**ਪ੍ਰਮਿੰਦਰ ਸਿੰਘ ਪ੍ਰਵਾਨਾ**
510-415-9377

ਸਿੱਖ ਇਤਿਹਾਸ ਵਿਚ ਭਾਈ ਮਨੀ ਸਿੰਘ ਜੀ ਦੀ ਸ਼ਖਸੀਅਤ ਦਾ ਵਿਸ਼ੇਸ਼ ਸਥਾਨ ਹੈ। ਉਹ ਗੁਰਬਾਦੀ ਦੇ ਲਿੱਪੀਕਾਰ, ਵਿਆਖਿਆਕਾਰ, ਸੁਚੇਤ ਮਨ ਪ੍ਰਬੰਧਕ ਅਤੇ ਮਹਾਨ ਯੋਧਾ ਸਨ। ਉਨਾਂ ਨੇ ਅੰਮ੍ਰਿਤਸਰ ਦੀ ਮਰਯਾਦਾ ਬਹਾਲ ਰੱਖਣ ਲਈ ਕੁਰਬਾਨੀ ਦਿੱਤੀ। ਸੰਨ 1716 ਵਿਚ ਬਾਬਾ ਬੰਦਾ ਸਿੰਘ ਜੀ ਬਹਾਦਰ ਦੀ ਸ਼ਹੀਦੀ ਤੋਂ ਬਾਅਦ ਸਿੱਖਾਂ ਦਾ ਕੋਈ ਆਗੂ ਨਾ ਰਿਹਾ। ਮੁਗਲ ਹਕੂਮਤ ਦੇ ਵਧਦੇ ਜ਼ੁਲਮਾਂ ਵਿਚ ਸਿੰਘਾਂ ਤੇ ਬੜੀ ਬਿਪਤਾ ਦਾ ਸਮਾਂ ਸੀ। ਇਸ ਔਖੀ ਘੜੀ ਵਿਚ ਭਾਈ ਸਾਹਿਬ ਨੇ ਸਿੱਖੀ ਕਾਇਮ ਰੱਖਣ ਵਿਚ ਬੜੀ ਮਹੱਤਵਪੂਰਨ ਭੂਮਿਕਾ ਨਿਭਾਈ। ਧਰਮ ਬਚਾਉਣ ਲਈ ਜਬਰ ਨੂੰ ਬੜੇ ਸਬਰ ਨਾਲ ਹੰਢਾਇਆ। ਅਜਿਹੇ ਮਹਾਨ ਸ਼ਹੀਦਾਂ ਦੀ ਕੁਰਬਾਨੀ ਨਿੱਤ ਅਰਦਾਸ ਦਾ ਹਿੱਸਾ ਬਣੀ ਕਿ-ਜਿੰਨਾ ਸਿੰਘ ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ ਬੰਦ ਬੰਦ ਕਟਾਏ॥

ਭਾਈ ਮਨੀ ਸਿੰਘ ਜੀ ਦਾ ਜਨਮ 10 ਮਾਰਚ, 1644 ਮੁਲਤਾਨ (ਪਾਕਿਸਤਾਨ) ਦੇ ਨੇੜਲੇ ਪਿੰਡ 'ਅਲੀਪੁਰ' ਵਿਖੇ ਪਿਤਾ ਮਾਈਦਾਸ ਤੇ ਮਾਤਾ ਮਧਰੀਬਾਈ ਦੇ ਘਰ ਹੋਇਆ। ਬਚਪਨ ਦੇ ਨਾਉਂ ਮਨੀ ਰਾਮ ਨੂੰ ਮਨੀਆ ਕਿਹਾ ਜਾਂਦਾ ਸੀ। ਉਸ ਦੇ ਪਿਤਾ ਮਾਈਦਾਸ ਉਸ ਨੂੰ 1657 ਵਿਚ ਕੀਰਤਪੁਰ ਵਿਖੇ ਗੁਰੂ ਹਰਿਰਾਹੇ ਸਾਹਿਬ ਜੀ ਕੋਲ ਲੈ ਆਏ। ਗੁਰੂ ਜੀ ਨੇ ਕਿਹਾ ਮਨੀਆ ਬੜਾ ਗੁਣਵਾਨ ਹੋਵੇਗਾ। ਗੁਰੂ ਜੀ ਦੀ ਸੇਵਾ ਵਿਚ ਦੋ ਸਾਲ ਰਹਿ ਕੇ ਗੁਰਬਾਣੀ ਦੇ ਉਪਦੇਸ਼ ਸਰਵਣ ਕੀਤੇ। ਸੰਨ 1659 ਵਿਚ ਪਿੰਡ ਪਰਤੇ ਤਾਂ ਉਨਾਂ ਦਾ ਵਿਆਹ ਲੱਖੀ ਰਾਏ ਦੀ ਧੀ ਸੀਨੋ ਦੇਵੀ ਨਾਲ ਹੋਇਆ। ਉਹ ਫਿਰ ਕੀਰਤਪੁਰ ਪਰਤ ਆਏ। ਉਨਾਂ ਨੇ ਗੁਰੂ ਕੇ ਲੰਗਰਾਂ ਦੀ ਸੇਵਾ ਬੜੀ ਲਗਨ ਨਾਲ ਕੀਤੀ ਅਤੇ ਗੁਰਬਾਣੀ ਸਿੱਖਣ ਦੀ ਲਗਨ ਵੀ ਵਧਦੀ ਗਈ। ਗੁਰੂ ਹਰਿਰਾਏ ਸਾਹਿਬ ਜੀ ਤੋਂ ਬਾਅਦ ਉਹ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੀ ਸੇਵਾ ਵਿਚ ਦਿੱਲੀ ਚਲੇ ਗਏ। ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਤੋਂ ਬਾਅਦ ਉਹ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸੇਵਾ ਵਿਚ ਬਕਾਲੇ ਆ ਗਏ। ਉਹ ਗੁਰੂ ਜੀ ਦੀ ਸੇਵਾ ਵਿਚ ਕੀਰਤਪੁਰ ਅਤੇ ਅਨੰਦਪੁਰ ਵੀ ਰਹੇ। ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਲਈ ਦਿੱਲੀ ਜਾਣ ਸਮੇਂ ਮਨੀ ਰਾਮ ਜੀ ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਸੇਵਾ ਵਿਚ ਅਨੰਦਪੁਰ ਛੱਡ ਗਏ।

ਭਾਈ ਮਨੀ ਸਿੰਘ ਜੀ ਦੇ ਪਰਿਵਾਰ ਨੂੰ ਸ਼ਹੀਦਾਂ ਦੇ ਪਰਿਵਾਰ ਵਜੋਂ ਮਾਨਤਾ ਪ੍ਰਾਪਤ ਹੈ। ਗੁਰੂਆਂ ਪ੍ਰਤੀ ਸ਼ਰਧਾ ਉਨਾਂ ਨੂੰ ਵਿਰਾਸਤ ਵਿਚ ਮਿਲੀ ਸੀ। ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਵੇਲੇ ਭਾਈ ਮਤੀ ਦਾਸ, ਪਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਵੀ ਨਾਲ ਸਨ। ਉਬਲਦੀ ਦੇਗ ਵਿਚ ਸ਼ਹੀਦੀ ਪਾਉਣ ਵਾਲੇ ਭਾਈ ਦਿਆਲਾ ਜੀ ਭਾਈ ਮਨੀਰਾਮ ਜੀ ਦੇ ਭਰਾ ਸਨ। ਗੁਰੂ ਜੀ ਇਕਾਂਤਵਾਸ ਜਦੋਂ ਪਾਉਂਟਾ ਸਾਹਿਬ ਸਨ ਤਾਂ ਮਨੀਆ ਨੇ ਸਤੰਬਰ 1688 ਵਿਚ ਭੰਗਾਣੀ, 1690 ਵਿਚ ਨੰਦੋਣ ਦੀਆਂ ਜੰਗਾਂ ਵਿਚ ਬੜੀ ਬਹਾਦਰੀ ਨਾਲ ਹਿੱਸਾ ਲਿਆ। ਸੰਨ 1691 ਵਿਚ ਗੁਰੂ ਜੀ ਨੇ ਨੰਦ ਚੰਦ ਤੋਂ ਬਾਅਦ ਉਨਾਂ ਨੂੰ 'ਦੀਵਾਨ' ਦੀ ਉਪਾਧੀ ਦਿੱਤੀ। ਸੰਨ 1695 ਵਿਚ ਜਦੋਂ ਮੁਗਲ ਸੈਨਾਪਤੀ ਹੁਸੈਨ ਖਾਨ ਨੇ ਅਨੰਦਪੁਰ ਤੇ ਹਮਲਾ ਕੀਤਾ ਤਾਂ ਵੀ ਮਨੀਆ ਜੀ ਬੜੀ ਬਹਾਦਰੀ ਨਾਲ ਲੜੇ। ਗੁਰੂ ਦਰਬਾਰ ਵਿਚ ਉਨਾਂ ਦਾ ਸਥਾਨ ਲੇਖਕ, ਪ੍ਰਚਾਰਕ ਅਤੇ ਬਹਾਦਰੀ ਦਾ ਸੀ। ਉਪਰੰਤ ਉਹ ਗੁਰੂ ਦਰਬਾਰ ਦੇ 52 ਰਤਨ ਕਵੀਆਂ ਵਿਚੋਂ ਵੀ ਇਕ ਸਨ।

ਸੰਨ 1699 ਦੀ ਵਿਸਾਖੀ ਤੇ ਅੰਮ੍ਰਿਤ ਛਕ ਦੇ ਨਾਉਂ ਮਨੀ ਸਿੰਘ ਹੋ ਗਿਆ। ਸੰਨ 1704 ਦੀ 6-7 ਪੋਹ ਦੀ ਵਿਚਕਾਰਲੀ ਰਾਤ ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਅਨੰਦਪੁਰ ਦਾ ਕਿਲਾ ਛੱਡਿਆ ਤਾਂ ਭਾਈ ਸਾਹਿਬ ਗੁਰੂ ਕੇ ਮਹਿਲਾਂ ਨੂੰ ਦਿੱਲੀ ਪਹੁੰਚਾਉਣ ਵਿਚ ਸਫ਼ਲ ਹੋਏ। ਜਦੋਂ ਗੁਰੂ ਜੀ 29 ਦਸੰਬਰ, 1705 ਈ. ਨੂੰ ਮੁਕਤਸਰ ਦੀ ਜੰਗ ਤੋਂ ਬਾਅਦ ਤਲਵੰਡੀ ਸਾਬੋ ਪਹੁੰਚੇ ਤਾਂ ਭਾਈ ਸਾਹਿਬ ਗੁਰੂ ਕੇ ਮਹਿਲਾਂ ਅਤੇ ਸੰਗਤ ਨਾਲ ਦਮਦਮਾ ਸਾਹਿਬ ਪੁੱਜ ਗਏ। ਇੱਥੇ ਹੀ ਗੁਰੂ ਸਾਹਿਬ ਜੀ ਨੇ ਭਾਈ ਸਾਹਿਬ ਪਾਸੋਂ 'ਗੁਰੂ ਗ੍ਰੰਥ ਸਾਹਿਬ ਜੀ ਦੀ' ਦਮਦਮੀ ਬੜੀ ਲਿਖਵਾਈ ਸੀ।

ਅੰਮ੍ਰਿਤਸਰ ਦੀ ਸੰਗਤ ਦੀ ਬੇਨਤੀ ਤੇ ਭਾਈ ਸਾਹਿਬ ਜੀ ਨੂੰ ਹਰਿਮੰਦਰ ਸਾਹਿਬ ਜੀ ਦਾ ਮੁੱਖ ਗ੍ਰੰਥੀ ਅਤੇ ਬਾਅਦ ਵਿਚ ਅਕਾਲ ਬੁੰਗੇ ਦਾ ਸੇਵਾਦਾਰ ਵੀ ਨਿਯੁਕਤ ਕੀਤਾ। ਉਨਾਂ ਅੰਮ੍ਰਿਤਸਰ ਦੀ ਪ੍ਰਪੱਕ ਮਰਯਾਦਾ ਚਲਾਉਣ ਲਈ ਸੇਵਾ ਨਿਭਾਈ। ਉਹ ਗੁਰਬਾਣੀ ਦੀ ਵਿਆਖਿਆ ਨਾਲ ਸੰਗਤਾਂ ਨੂੰ ਜੋੜਦੇ ਸਨ। ਉਨਾਂ ਨੇ ਪ੍ਰਚਾਰ ਲਈ 1714-15 ਵਿਚ ਝੰਗ (ਪਾਕਿਸਤਾਨ) ਵਿਖੇ ਵੀ ਪ੍ਰਚਾਰ ਕੀਤਾ। ਸੰਨ 1716 ਵਿਚ ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਸ਼ਹੀਦੀ ਤੋਂ ਬਾਅਦ ਪੰਥ ਦੋ ਦਲਾਂ ਤਤ ਖਾਲਸਾ ਅਤੇ ਬੰਦਈ ਖ਼ਾਲਸਾ ਵਿਚ ਵੰਡਿਆ ਗਿਆ ਸੀ। ਭਾਈ ਸਾਹਿਬ ਜੀ ਨੇ ਆਪਣੇ ਪ੍ਰਭਾਵ ਨਾਲ ਖ਼ਾਲਸਾ ਦੇ ਮਤਭੇਦ ਮਿਟਾ ਕੇ ਪੰਥ ਨੂੰ ਇਕੱਠਾ ਕਰਕੇ ਰਾਜਸੀ ਸ਼ਕਤੀ ਦੇ ਰਾਹ ਤੋਰਿਆ।

ਸੰਨ 1734 ਵਿਚ ਭਾਈ ਸਾਹਿਬ ਨੇ ਚਾਹਿਆ ਕਿ ਸਾਡੇ ਸਿੱਖ ਇਕੱਠੇ ਹੋ ਕੇ ਅੰਮ੍ਰਿਤਸਰ ਵਿਖੇ 'ਬੰਦੀ ਛੋੜ ਦਿਵਸ' ਮਨਾਉਣ। ਜ਼ਕਰੀਆ ਖਾਨ ਲਾਹੌਰ ਦਾ ਰਾਜਪਾਲ ਸੀ। ਉਸ ਨੇ ਸੁੱਰਖਿਆ ਪ੍ਰਦਾਨ ਕਰਨ ਲਈ 500 ਰੁਪਏ ਅਦਾ ਕਰਨ ਲਈ ਕਿਹਾ। ਜ਼ਕਰੀਆ ਖਾਨ ਅਤੇ ਦੀਵਾਨ ਲਖਪਤ ਰਾਏ ਨੇ ਵਿਉਂਤ ਬਣਾ ਲਈ ਕਿ ਅੰਮ੍ਰਿਤਸਰ ਵਿਖੇ ਇਕੱਠੇ ਹੋਣ ਵਾਲੇ ਸਿੰਘਾਂ ਨੂੰ ਘੇਰ ਕੇ ਮਾਰ ਮੁਕਾਇਆ ਜਾਵੇ। ਮੁਗਲਾਂ ਦੀ ਇਸ ਚਾਲ ਦਾ ਪਤਾ ਭਾਈ ਸਾਹਿਬ ਨੂੰ ਲੱਗ ਗਿਆ। ਕਤਲੋਗਾਰਤ ਦੇ ਬਚਾਅ ਲਈ ਉਨਾਂ ਨੇ ਸੰਗਤਾਂ ਨੂੰ ਸੰਦੇਸ਼ ਭੇਜਿਆ ਕਿ ਸੰਗਤਾਂ ਪੁਰਬ ਤੇ ਨਾ ਆਉਣ। ਸੰਗਤਾਂ ਦੇ ਨਾ ਪੁੱਜਣ ਕਰਕੇ ਚੜਾਵੇ ਦੀ ਧੰਨ ਰਾਸ਼ੀ ਵਿਚੋਂ ਸਰਕਾਰੀ ਅਦਾਇਗੀ ਨਹੀਂ ਹੋ ਸਕਦੀ ਸੀ।

ਇਸ ਲਈ ਰਕਮ ਇਕੱਠੀ ਕਰਨ ਲਈ ਵਿਸਾਖੀ ਪੁਰਬ ਦੀ ਸਰਕਾਰੀ ਪ੍ਰਵਾਨਗੀ ਮਿਲੀ। ਗੁਪਤ ਰੂਪ ਵਿਚ ਸੂਬਾ ਲਾਹੌਰ ਨੇ ਇਹ ਪ੍ਰਵਾਨਗੀ ਫਿਰ ਸਿੰਘਾਂ ਨੂੰ ਇਕੱਠੇ ਕਰਕੇ ਖਤਮ ਕਰਨ ਲਈ ਹੀ ਸੀ। ਭਾਈ ਸਾਹਿਬ ਨੇ ਫਿਰ ਸਿੰਘਾਂ ਦੀ ਕਤਲੋਗਾਰਤ ਰੋਕਣ ਲਈ ਸੁਨੇਹੇ ਭੇਜੇ ਕਿ ਹਕੂਮਤ ਦੀ ਸਿੱਖਾਂ ਨੂੰ ਖਤਮ ਕਰਨ ਦੀ ਇਕ ਹੋਰ ਚਾਲ ਹੈ। ਪਰ ਫਿਰ ਵੀ ਕੁਝ ਸ਼ਰਧਾਲੂ ਪਹੁੰਚ ਹੀ ਗਏ। ਸੂਬਾ ਲਾਹੌਰ ਨੇ ਲਖਪਤ ਰਾਏ ਨੂੰ ਫੌਜ ਦੇ ਕੇ ਹਰਿਮੰਦਰ ਸਾਹਿਬ ਤੇ ਹਮਲਾ ਕਰਵਾ ਦਿੱਤਾ। ਜਿਸ ਵਿਚ ਸਿੰਘਾਂ ਦਾ ਜਾਨੀ ਨੁਕਸਾਨ ਹੋਇਆ। ਅਦਾਇਗੀ ਲਹੀ ਰਕਮ ਫਿਰ ਇਕੱਠੀ ਨਾ ਹੋ ਸਕੀ।

ਭਾਈ ਮਨੀ ਸਿੰਘ ਜੀ ਨੂੰ ਸਿੰਘਾਂ ਸਮੇਤ ਗ੍ਰਿਫ਼ਤਾਰ ਕਰਕੇ ਲਾਹੌਰ ਭੇਜ ਦਿੱਤਾ। ਉੱਥੇ ਸਰਕਾਰੀ ਰਕਮ ਨਾ ਅਦਾ ਕਰਨ ਦੇ ਦੋਸ਼ ਵਿਚ ਮੌਤ ਦੇ ਘਾਟ ਉਤਾਰਨ ਦੀ ਧਮਕੀ ਦਿੱਤੀ ਗਈ। ਉਨਾਂ ਨੂੰ ਮਾਫ਼ੀ ਲਈ ਇਸਲਾਮ ਕਬੂਲਣ ਜਾਂ ਰਕਮ ਅਦਾ ਕਰਨ ਦੀ ਪੇਸ਼ਕਸ਼ ਕੀਤੀ ਗਈ। ਕਈ ਤਰਾਂ ਦੇ ਲਾਲਚ ਦਿੱਤੇ ਗਏ। ਡਰਾਵੇ ਅਤੇ ਧਮਕੀਆਂ, ਫਿਰ ਫਰੇਬੀ ਚਾਲਾਂ ਚੱਲੀਆਂ ਗਈਆਂ। ਅੰਤ ਵਿਚ ਜ਼ਕਰੀਆ ਖਾਨ ਨੇ ਭਾਈ ਮਨੀ ਸਿੰਘ ਜੀ ਨੂੰ ਬੰਦ ਬੰਦ ਕੱਟ ਸ਼ਹੀਦ ਕਰਨ ਦਾ ਹੁਕਮ ਸੁਣਾ ਦਿੱਤਾ। ਭਾਈ ਸਾਹਿਬ ਨੇ ਇਸ ਸਜ਼ਾ ਨੂੰ ਹੱਸ ਕੇ ਕਬੂਲ ਕੀਤਾ। ਉਨਾਂ ਦੇ ਲਾਲ ਦੇ ਸਿੰਘਾਂ ਵਿਚ ਭਾਈ ਦੀਵਾਨ ਸਿੰਘ ਜੀ ਨੂੰ ਆਰੇ ਨਾਲ ਚੀਰਿਆ ਗਿਆ। ਭਾਈ ਗੁਲਜਾਰ ਸਿੰਘ, ਭਾਈ ਸਾਹਿਬ ਸਿੰਘ ਜੀ ਦੇ ਭਰਾ ਨੂੰ ਪੁੱਠਿਆਂ ਲਮਕਾ ਕੇ ਖੱਲ ਲਾਹ ਕੇ ਸ਼ਹੀਦ ਕੀਤਾ। ਭਾਈ ਮਨੀ ਸਿੰਘ ਜੀ ਨੂੰ ਨਾਖਾਸ ਚੌਕ ਲੰਡੇ ਬਾਜ਼ਾਰ ਲਾਹੌਰ ਵਿਚ 90 ਸਾਲ ਦੀ ਉਮਰ ਵਿਚ 24 ਜੂਨ 1734 ਨੂੰ ਬੰਦ ਬੰਦ ਕੱਟ ਕੇ ਸ਼ਹੀਦ ਕੀਤਾ।

ਭਾਈ ਮਨੀ ਸਿੰਘ ਜੀ ਦਾ ਸਸਕਾਰ ਭਾਈ ਸੁਬੇਗ ਸਿੰਘ ਤੇ ਲਾਹੌਰੀ ਸਿੱਖਾਂ ਨੇ ਮਸਤੀ ਦਰਵਾਜਿਓਂ ਬਾਹਰ ਸ਼ਾਹੀ ਕਿਲੇ ਕੋਲ ਕੀਤਾ ਜਿੱਥੇ ਗੁਰਦੁਆਰਾ ਸ਼ਹੀਦ ਗੰਜ ਦੂਸਰਾ ਬਣਿਆ। ਭਾਈ ਸਾਹਿਬ ਜੀ ਦਾ ਸਮੁੱਚਾ ਜੀਵਨ ਸਿਦਕ, ਸੇਵਾ ਸੰਭਾਲ ਅਤੇ ਉਨਾਂ ਦੀ ਕੁਰਬਾਨੀ ਵਿਚ ਭਗਤੀ ਤੇ ਸ਼ਕਤੀ ਦਾ ਸੁਮੇਲ ਸੀ। ਮੌਤ ਨੂੰ ਸਾਹਮਣੇ ਰੱਖ ਕੇ ਵੀ ਨਾ ਡਰਨ ਵਾਲੇ ਜੀਵਨ ਮਰਨ ਵਿਚ ਫਰਕ ਨਹੀਂ ਸਮਝਦੇ। ਉਹ ਸੇਵਾ ਅਤੇ ਕੁਰਬਾਨੀ ਵਿਚ ਸਚਮੁਚ ਇਕ ਸੱਚੇ ਸਿੱਖ ਸਨ। ਉਨਾਂ ਦੀ ਸ਼ਹਾਦਤ ਦੇ ਰੋਹ ਵਿਚ ਸਿੰਘਾਂ ਨੇ ਮੁਗਲਾਂ ਤੋਂ ਬਦਲਾ ਲੈਣ ਦਾ ਰਾਹ ਅਪਣਾਇਆ। ਉਨਾਂ ਦੀ ਸ਼ਹਾਦਤ ਨੂੰ ਕੌਮ ਨੇ ਵਿਰਥਾ ਨਹੀਂ ਜਾਣ ਦਿੱਤਾ।

### 2 ਮਈ ਵਿਸ਼ਵ ਹਾਸ ਦਿਵਸ 'ਤੇ ਵਿਸ਼ੇਸ਼

# ਹੱਸਦਿਆਂ ਦੇ ਘਰ ਵੱਸਦੇ



**ਇਕਵਾਕ ਸਿੰਘ ਪੱਟੀ**
**ਸੁਲਤਾਨਵਿੰਡ ਰੋਡ, ਅੰਮ੍ਰਿਤਸਰ**

ਹਾਲ ਵਿੱਚ ਹੀ ਸੰਯੁਕਤ ਰਾਸ਼ਟਰ ਦੀ 'ਵਰਲਡ ਹੈਪੀਨੈੱਸ ਰਿਪੋਰਟ-2021' ਅਨੁਸਾਰ 149 ਦੇਸਾਂ ਦੀ ਸੂਚੀ ਵਿੱਚ ਭਾਰਤ 139ਵੇਂ ਸਥਾਨ 'ਤੇ ਹੈ, ਜਦਕਿ ਸਾਲ 2019 ਵਿੱਚ ਭਾਰਤ ਨੂੰ 140ਵਾਂ ਸਥਾਨ ਮਿਲਿਆ ਸੀ। ਇਸ ਵਿਸ਼ਵ ਖੁਸ਼ੀ ਰਿਪੋਰਟ ਅਨੁਸਾਰ ਚੌਥੀ ਵਾਰ ਫਿਰ ਫਿਨਲੈਂਡ ਨੂੰ ਪਹਿਲਾ ਸਥਾਨ ਪ੍ਰਾਪਤ ਹੋਇਆ ਕਿ ਉਥੇ ਦੇ ਲੋਕ ਵਧੇਰੇ ਖੁਸ਼ ਰਹਿੰਦੇ ਹਨ ਅਤੇ ਖੁਸ਼-ਮਿਜਾਜ਼ ਹਨ। ਇਸ ਤੋਂ ਬਾਅਦ ਆਈਸਲੈਂਡ, ਜਰਮਨੀ, ਡੈਨਮਾਰਕ, ਸਵਿੱਟਰਜ਼ਲੈਂਡ, ਨੀਦਰਲੈਂਡ ਅਤੇ ਸਵੀਡਨ ਜਿਹੇ ਮੁਲਕਾਂ ਦਾ ਨਾਮ ਆਉਂਦਾ ਹੈ। ਖੁਸ਼ ਰਹਿਣ ਦੇ ਮਾਲੇ ਵਿੱਚ ਭਾਰਤ ਦੇ ਗੁਆਂਢੀ ਮੁਲਕਾਂ ਦੀ ਗੱਲ ਕਰੀਏ ਤਾਂ ਇਸ ਰਿਪੋਰਟ ਅਨੁਸਾਰ ਪਾਕਿਸਤਾਨ 105, ਬੰਗਲਾਦੇਸ਼ 101 ਅਤੇ ਚੀਨ 85ਵੇਂ ਨੰਬਰਾਂ 'ਤੇ ਹਨ। ਵਿਸ਼ਵ ਖੁਸ਼ੀ ਰਿਪੋਰਟ ਵਿਸ਼ਵਵਿਆਪੀ ਖੁਸ਼ਹਾਲੀ ਦੇ ਇੱਕ ਵੱਡੇ ਸਰਵੇਖਣ ਦੇ ਆਧਾਰ 'ਤੇ ਤਿਆਰ ਕੀਤੀ ਜਾਂਦੀ ਹੈ, ਜਿਸ ਦਾ ਸਬੰਧ ਇਸ ਗੱਲ ਨਾਲ ਹੁੰਦਾ ਹੈ ਕਿ ਨਾਗਰਿਕ ਆਪਣੇ ਆਪ ਨੂੰ ਕਿੰਨਾ ਖ਼ੁਸ਼ ਮਹਿਸੂਸ ਕਰਦੇ ਹਨ। ਇਸ ਵਿੱਚ 1 ਤੋਂ 10 ਕਾਲਮ ਹੁੰਦੇ ਹਨ, ਜੋ ਲੋਕਾਂ ਦੁਆਰਾ ਭਰੇ ਜਾਂਦੇ ਹਨ।

ਇਹ ਰਿਪੋਰਟ ਪੜਨ ਤੋਂ ਬਾਅਦ ਮੈਨੂੰ ਕਲਮ ਚੁੱਕਣ ਲਈ ਮਜ਼ਬੂਰ ਹੋਣਾ ਪਿਆ। ਪਿਆਰੇ ਪਾਠਕੋ ! ਹੱਸਦੇ ਰਹਿਣ ਵਾਲਾ ਮਨੁੱਖ ਆਪਣੀ ਜਿੰਦਗੀ ਦੀਆਂ ਔਖੀਆਂ ਘੜੀਆਂ ਨੂੰ ਵੀ ਬੜੇ ਸਬਰ, ਸਹਿਣਸ਼ੀਲ਼ਤਾ ਅਤੇ ਠਰੰਮੇ ਨਾਲ ਲੰਘਾ ਲੈਂਦਾ ਹੈ ਜਦਕਿ ਇਸ ਦੀ ਉਲਟ ਉਦਾਸ ਅਤੇ ਚਿੰਤਾਤੁਰ ਰਹਿਣ ਵਾਲਾ ਵਿਅਕਤੀ ਆਪਣੇ ਸਮੇਂ ਦੇ ਨਾਲ ਸਿਹਤ ਦਾ ਵੀ ਵੱਡਾ ਨੁਕਸਾਨ ਕਰ ਬੈਠਦਾ ਹੈ। ਸ਼ਾਇਦ ਇਸੇ ਕਰਕੇ ਕਿਹਾ ਗਿਆ 'ਹੱਸਦਿਆਂ ਤੇ ਘਰ ਵੱਸਦੇ'। ਇਸ ਲਈ ਜ਼ਰੂਰੀ ਹੈ ਕਿ ਜਿੰਦਗੀ ਵਿੱਚਲੇ ਉਦਾਸੀ ਦੇ ਹਨੇਰਿਆਂ ਨੂੰ ਚੀਰ ਕੇ, ਖਿੜਖਿੜਾ ਕੇ ਹੱਸਦੇ ਹੋਏ, ਅਨੰਦ ਮੰਗਲ ਜੀਵਣ ਜਿਊਣ ਕੋਸ਼ਿਸ਼ ਹੀ ਨਹੀਂ ਬਲਕਿ ਖੁਸ਼ੀਆਂ ਖੇੜਿਆਂ ਭਰੀ ਜਿੰਦਗੀ ਜੀਵਿਆ ਕਰੀਏ। ਕਿਹਾ ਜਾਂਦਾ ਹੈ ਕਿ, 'ਜਦੋਂ ਤੁਸੀਂ ਹੱਸਦੇ ਹੋ ਤਾਂ ਪ੍ਰਮਾਤਮਾ ਦੀ ਪ੍ਰਾਥਨਾ ਕਰਨ ਦੇ ਬਰਾਬਰ ਹੈ ਅਤੇ ਜਦੋਂ ਤੁਸੀਂ ਕਿਸੇ ਹਸਾਉਂਦੇ ਹੋ ਤਾਂ ਇਵੇਂ ਹੈ ਕਿ ਪ੍ਰਮਾਤਮਾ ਤੁਹਾਡੇ ਲਈ ਪ੍ਰਾਥਨਾ ਕਰ ਰਿਹਾ ਹੈ।' ਇਹ ਮੰਨਿਆ ਜਾਂਦਾ ਹੈ ਕਿ, 'ਹਾਸਾ ਇਕ ਇਹੋ ਜਿਹਾ ਹਾਂ-ਪੱਖੀ ਅਤੇ ਸ਼ਕਤੀਸ਼ਾਲੀ ਅਹਿਸਾਸ ਹੈ, ਜੋ ਸਾਨੂੰ ਨਿੱਜੀ ਤੌਰ ਤੇ ਅਤੇ ਦੁਨੀਆ ਨੂੰ ਬੜੇ ਹੀ ਅਨੰਦਮਈ ਸ਼ਾਂਤੀ ਭਰੇ ਅਤੇ ਹਾਂ ਪੱਖੀ ਰਸਤੇ ਤੇ ਲਿਜਾਣ ਦੀ ਸਮਰੱਥਾ ਰੱਖਦਾ ਹੈ ਹੱਸਣਾ ਅਤੇ ਹਸਾਉਣਾ ਇੱਕ ਕਲਾ ਹੈ। ਇਸੇ ਹੀ ਸੰਦਰਭ ਵਿੱਚ ਪੰਜਾਬੀ ਦੀ ਇੱਕ ਕਹਾਵਤ ਵੀ ਬੜੀ ਮਸ਼ਹੂਰ ਹੈ ਕਿ, 'ਹਾਸਾ ਨਿਰਾ ਪਤਾਸਾ, ਰੋਣਾ ਉਮਰਾਂ ਦਾ ਧੋਣਾ।' ਅਫਸੋਸ ਕਿ ਹੱਸਣ ਨੂੰ ਅੰਧਵਿਸ਼ਵਾਸ਼ ਨਾਲ ਜੋੜ ਕੇ ਬੱਚਿਆਂ ਤੋਂ ਲੈ ਕੇ ਵੱਡਿਆਂ ਤੱਕ ਦੀ ਮਾਨਸਿਕਤਾ ਨੂੰ ਤਾਲਾ ਲਗਾ ਦਿੱਤਾ, ਅਖੇ, ਜਿਆਦਾ ਹੱਸਣ ਤੋਂ ਬਾਅਦ ਜਿਆਦਾ ਹੀ ਰੋਣਾ ਪੈਂਦਾ ਹੈ।

ਖੁਸ਼ ਰਹਿਣ ਨੂੰ ਇੱਕ ਕਲਾ ਮੰਨਿਆ ਗਿਆ, ਪਰ ਇਹ ਵੀ ਸੱਚ ਹੈ ਕਿ ਅਜੋਕੇ ਦੌਰ ਵਿੱਚ ਇਹ ਕਲਾ ਕਿਸੇ ਵਿਰਲੇ ਦੇ ਹੀ ਵੱਸ ਵਿੱਚ ਹੈ। ਜਿਸਦਾ ਮੁੱਖ ਕਾਰਨ ਪਦਾਰਥਵਾਦ ਵਿੱਚ ਮਨੁੱਖਤਾ ਦਾ ਖਚਿੱਤ ਹੋ ਜਾਣਾ, ਪੈਸੇ ਦੀ ਦੌੜ, ਚਮਕ-ਦਮਕ ਵਾਲੀ ਜਿੰਦਗੀ ਦੇ ਪਿੱਛੇ ਭੱਜਣਾ, ਰਿਸ਼ਤਿਆਂ ਵਿੱਚ ਖਟਾਸ ਪੈਦਾ ਹੋ ਜਾਣਾ, ਤਕਨਾਲੌਜੀ ਵਿੱਚ ਵਿਅਸਤ ਹੋ ਜਾਣਾ, ਦਿੱਸਣ ਵਾਲੀਆਂ ਮਹਿੰਗੀਆਂ ਸ਼ੈਆਂ ਨੂੰ ਖ਼੍ਰੀਦਣ ਜਾਂ ਅਪਨਾਉਣ ਬਾਰੇ ਸੋਚਦੇ ਰਹਿਣਾ, ਦੌਲਤ-ਸ਼ੌਹਰਤ ਨੂੰ ਹੀ



ਜ਼ਿੰਦਗੀ ਦਾ ਮਕਸਦ ਮੰਨ ਬੈਠਣਾ ਆਦਿ। ਪਾਵਣ ਗੁਰੂ-ਬਾਣੀ ਸਮਝਾਉਂਦੀ ਹੈ, 'ਦ੍ਰਿਸਟਿਮਾਨ ਸਭੁ ਬਿਨਸੀਐ' ਭਾਵ ਜੋ ਕੁੱਝ ਵੀ ਤੂੰ ਇਸ ਸੰਸਾਰ ਵਿੱਚ ਦੇਖ ਰਿਹਾ ਹਾਂ, ਇਹ ਸੱਭ ਕੁੱਝ ਬਿਨਸਣਹਾਰ ਭਾਵ ਨਾਸ਼ਮਾਨ ਹੈ ਅਤੇ ਰਹੀ ਗੱਲ ਇੱਕ ਵਾਰ ਇਹਨਾਂ ਚੀਜ਼ਾਂ/ਪਦਾਰਥਾਂ ਨੂੰ ਆਪਣਾ ਬਣਾਉਣ ਦੀ ਤਾਂ ਜਪੁਜੀ ਸਾਹਿਬ ਵਿੱਚ ਗੁਰੂ ਨਾਨਕ ਸਾਹਿਬ ਜੀ ਦੇ ਬਚਨ ਬੜੇ ਕਮਾਲ ਦੇ ਹਨ, 'ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ' ਕਿ ਤ੍ਰਿਸ਼ਨਾ ਤਾਂ ਸਾਰੇ ਭਵਣਾਂ ਦੇ ਖਜ਼ਾਨੇ ਇੱਕਠੇ ਕਰਨ ਤੋਂ ਬਆਦ ਵੀ ਖਤਮ ਨਹੀਂ ਹੋਣੀ ਤਾਂ ਫਿਰ ਕਿਉਂ ਇਹਨਾਂ ਪਿੱਛੇ ਲੱਗ ਕੇ ਆਪ ਦੁਖੀ ਹੋਣਾ ਅਤੇ ਹੋਰਨਾਂ ਨੂੰ ਦੁਖੀ ਕਰਨਾ। ਇਸ ਬਾਬਤ ਗੁਰੂਬਾਣੀ ਵਿੱਚ ਬਹੁਤ ਸੁਹਣਾ ਦ੍ਰਿਸ਼ਟਾਂਤ ਮਿਲਦਾ ਹੈ, 'ਵਿਣੁ ਤੁਧੁ ਹੋਰੁ ਜੇ ਮੰਗਣਾ ਸਿਰਿ ਦੁਖਾ ਕੈ ਦੁਖ॥ ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ' ਕਿ ਸੰਸਾਰ ਵਿੱਚ ਜਨਮ ਲੈਣ ਤੋਂ ਬਾਅਦ ਰੱਬੀ ਗੁਣਾਂ ਦੇ ਨਾਲ ਸਾਂਝ ਪਾ ਲੈਣੀ ਹੀ ਅਸਲ ਸੁੱਖ ਹੈ ਅਤੇ ਇਹੋ ਇੱਕ ਢੰਗ ਹੈ ਜਿਸ ਨਾਲ ਅਸੀਂ ਪ੍ਰਮਾਤਮਾ ਨਾਲ ਸਾਂਝ ਪਾ ਕੇ ਐਸਾ ਰੱਜ, ਸਬਰ, ਸੰਤੋਖ ਅਤੇ ਸਹਿਨਸ਼ੀਲਤਾ ਆਪਣੇ ਮਨ ਅੰਦਰ ਪੈਦਾ ਕਰ ਸਕਦੇ ਹਾਂ ਜੋ ਦੁਨਿਆਵੀ ਤੌਰ 'ਤੇ ਨਾ ਤਾਂ ਖ਼੍ਰੀਦਿਆ ਜਾ ਸਕਦਾ ਹੈ ਨਾ ਹੀ ਹੱਟਾਂ ਤੇ ਵਿਕਦਾ ਹੈ। ਜ਼ਿਕਰਯੋਗ ਹੈ ਕਿ ਹੱਸਣ ਦਾ ਸਿੱਧਾ ਸਬੰਧ ਸਾਡੇ ਸੁਭਾਅ ਅਤੇ ਆਲੇ ਦੁਆਲੇ ਦੇ ਮਾਹੌਲ 'ਤੇ ਨਿਰਭਰ ਕਰਦਾ ਹੈ, ਪਰ ਵਿਗਿਆਨਕ ਤੌਰ ਤੇ ਹੱਸਣ ਦੇ ਬਹੁਤ ਸਾਰੇ ਫਾਇਦੇ ਹੁੰਦੇ ਹਨ। ਮੈਰੀਲੈਂਡ ਯੂਨੀਵਰਸਿਟੀ ਦੇ ਡਾ. ਜੂਡੀ ਅਨੁਸਾਰ ਹੱਸਣ ਨਾਲ ਦਿਲ, ਫੇਫੜੇ ਤੇ ਜਿਗਰ ਦੀ ਕਸਰਤ ਹੁੰਦੀ ਹੈ ਅਤੇ ਖੁੱਲ ਕੇ ਹੱਸਣ ਨਾਲ ਸਾਡੇ ਸਰੀਰ ਅੰਦਰ ਊਰਜਾ ਪੈਦਾ ਹੁੰਦੀ ਹੈ ਤੇ ਪਾਚਣ ਸ਼ਕਤੀ ਨਾਲ ਸਬੰਧਤ ਰੋਗ ਠੀਕ ਹੁੰਦੇ ਹਨ, ਇਸ ਦੇ ਨਾਲ ਹੀ ਪੱਠਿਆਂ ਦਾ ਖਿਚਾਅ, ਤਣਾਅ ਵਾਲੇ ਹਾਰਮੋਨਜ਼, ਬੀ ਪੀ ਅਤੇ ਦਿਲ ਦੇ ਦੌਰੇ ਦਾ ਖਤਰਾ ਵੀ ਘੱਟ ਜਾਂਦਾ ਹੈ। ਇੱਕ ਖੋਜ ਅਨੁਸਾਰ 'ਹਾਸਾ ਸਾਡੇ ਤਣਾਅ ਨੂੰ ਘੱਟ ਕਰਕੇ ਮਾਨਸਿਕ ਤੌਰ 'ਤੇ ਸੰਤੁਸ਼ਟੀ ਦਿੰਦਾ ਹੈ।'

ਪੰਜਾਬੀ ਲੋਕ ਗੀਤਾਂ ਅਤੇ ਬੋਲੀਆਂ ਵਿੱਚ ਤਾਂ ਹਾਸੇ ਦੀ ਵਿਸ਼ੇਸ਼ ਥਾਂ ਹੈ:

ਇਹ ਦੁਨੀਆਂ ਮੰਡੀ ਪੈਸੇ ਦੀ, ਹਰ ਚੀਜ਼ ਵਿਕਦੀ ਏ ਭਾਅ ਸੱਜਣਾ
ਇੱਥੇ ਰੋਂਦੇ ਚਿਹਰੇ ਨਹੀਂ ਵਿਕਦੇ, ਹੱਸਣ ਦੀ ਆਦਤ ਪਾ ਸੱਜਣਾ।'
ਚਿੱਟੇ ਦੰਦ ਹੱਸਣੋਂ ਨਾ ਰਹਿੰਦੇ, ਲੋਕੀ ਭੈੜੇ ਸ਼ੱਕ ਕਰਦੇ।
ਹੱਸਦਿਆਂ ਦੇ ਘਰ ਵੱਸਦੇ।
ਹਾਸਾ ਨਿਰਾ ਪਤਾਸਾ, ਰੋਣਾ ਉਮਰਾਂ ਦਾ ਧੋਣਾ।

ਪੁਰਾਣੇ ਸਮੇਂ ਵਿੱਚ ਸਿਆਣੇ ਬਜ਼ੁਰਗ 'ਹਮੇਸ਼ਾਂ ਹਸੱਦੇ ਵੱਸਦੇ ਰਹੋ' ਦੀ ਆਸੀਸ ਦਿਆ ਕਰਦੇ ਸਨ। ਵੈਸੇ ਵੀ ਹਸਮੁੱਖ ਇਨਸਾਨ ਕਿਸ ਨੂੰ ਚੰਗਾ ਨਹੀਂ ਲੱਗਦਾ ਅਤੇ ਹਰ ਕੋਈ ਆਪਣੇ ਆਪ ਨੂੰ ਖੁਸ਼ ਰੱਖਣਾ ਚਾਹੁੰਦਾ ਹੈ, ਭਾਵੇਂ ਜਿੰਦਗੀ ਵਿੱਚ ਆਉਣ ਵਾਲੇ ਉਤਰਾਅ-ਚੜਾਅ ਸਾਡੀ ਜਿੰਦਗੀ ਦਾ ਹਿੱਸਾ ਹਨ ਅਤੇ ਸੁੱਖ-ਦੁੱਖ ਸਾਡੀ ਜਿੰਦਗੀ ਦਾ ਇੱਕ ਜ਼ਰੂਰੀ ਅਹਿਸਾਸ ਹੈ। ਦੁੱਖਾਂ ਦੇ ਵਿੱਚ ਦੁੱਖੀ ਹੋਣਾ ਜਾਂ ਰੋਣਾ ਵੀ ਜ਼ਰੂਰੀ ਹੈ, ਪਰ ਦੁੱਖਾਂ ਦੇ ਵੱਡੇ ਵੱਡੇ ਪਹਾੜਾਂ ਨੂੰ ਵੀ ਸਾਡੀ ਇੱਕ ਛੋਟੀ ਜਿਹੀ ਮੁਸਕਰਾਹਟ ਸਾਨੂੰ ਅਜਿਹੇ ਪਹਾੜ ਪਾਰ ਕਰਨ ਦੀ ਸਮਰੱਥਾ ਬਖਸ਼ਣ ਦਾ ਬਲ ਰੱਖਦੀ ਹੈ। ਕਿਉਂਕਿ ਦੁੱਖ ਦੀ ਗੱਲ ਕਰੀਏ ਤਾਂ ਹਰ ਘਰ ਪਰਿਵਾਰ ਵਿੱਚ ਅਤੇ ਹਰ ਮਨੁੱਖ ਦੇ ਜੀਵਣ ਵਿੱਚ ਕਿਸੇ ਨਾ ਕਿਸੇ ਰੂਪ ਵਿੱਚ ਦੁੱਖ ਮੌਜੂਦ ਹੈ, ਭਾਵੇਂ ਕਿ ਉਸਦਾ ਰੂਪ ਕੋਈ ਵੀ ਕਿਸੇ ਵੀ ਤਰਾਂ ਦਾ ਹੋਵੇ, ਕਿਉਂਕਿ ਦੁੱਖ ਤਾਂ ਦੁੱਖ ਹੈ, ਇਸ ਨੂੰ ਛੋਟਾ ਜਾਂ ਵੱਡਾ ਕਹਿ ਕੇ ਮਾਪਣਾ ਔਖਾ ਹੈ ਅਤੇ ਇਸ ਗੱਲ ਦੀ ਗਵਾਹੀ ਬਾਬਾ ਫਰੀਦ ਜੀ ਨੇ ਗੁਰਬਾਣੀ ਅੰਦਰ ਬੜੀ ਕਮਾਲ ਦੀ ਦਿੱਤੀ ਹੈ 'ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ॥ ਊਚੇ ਚੜਿ ਕੇ ਦੇਖਿਆ ਤਾਂ ਘਰਿ ਘਰਿ ਏਹਾ ਅਗਿ॥' (ਅੰਗ 1382) ਉੱਥੇ ਜਗਤ ਗੁਰੂ, ਗੁਰੂ ਨਾਨਕ ਪਾਤਸ਼ਾਹ ਦੇ ਸ਼ਬਦ, 'ਨਾਨਕ ਦੁਖੀਆ ਸਭੁ ਸੰਸਾਰ' ਵੀ ਸੰਸਾਰ ਦੇ ਅੰਦਰਲੇ ਹਾਲਤ ਦੇਖਕੇ ਅੱਜ ਵੀ ਬੜੇ ਵਾਜ਼ਬ ਲੱਗਦੇ ਹਨ। ਤਾਂ ਹੀ ਤਾਂ ਕਿਹਾ ਜਾਂਦਾ ਹੈ ਹਾਸਾ ਵੰਡੀਏ ਤਾਂ ਹਾਸਾ ਦੁੱਗਣਾ ਵੱਧਦਾ ਹੈ ਅਤੇ ਦੁੱਖ ਵੰਡੀਏ ਤਾਂ ਦੁੱਖ ਘੱਟਦਾ ਹੈ। ਪਰ ਅੱਜ ਦੀ ਭੱਜ ਦੋੜ ਵਿੱਚ ਮਨੁੱਖ ਦੁਖੀ ਤਾਂ ਜ਼ਰੂਰ ਰਹਿੰਦਾ ਹੈ, ਪਰ ਖੁਸ਼ ਰਹਿਣ ਲਈ ਕਦੇ ਉੱਦਮ ਨਹੀਂ ਕਰਦਾ। ਅਜੋਕੇ ਮਸ਼ੀਨੀ ਯੁੱਗ ਵਿੱਚ ਹਾਸਾ ਤਾਂ ਮਨੁੱਖੀ ਜੀਵਣ ਵਿੱਚੋਂ ਕਿਤੇ ਵਿਸਰ ਹੀ ਗਿਆ ਹੋਵੇ।

ਇੱਕ ਸਰਵੇਖਣ ਅਨੁਸਾਰ ਲਗਭਗ 65 ਫੀਸਦੀ ਤੋਂ ਜ਼ਿਆਦਾ ਲੋਕਾਂ ਦੇ ਕੋਲ ਹੱਸਣ ਦਾ ਸਮਾਂ ਹੀ ਨਹੀਂ ਹੈ। ਸ਼ਾਇਦ ਇਸੇ ਕਰਕੇ ਸ਼ੂਗਰ, ਦਿਲ ਦਾ ਦੌਰਾ, ਬਲੱਡ ਪ੍ਰੈਸ਼ਰ ਤੇ ਹੋਰ ਬਿਮਾਰੀਆਂ ਵਿੱਚ ਆਏ ਦਿਨ ਵਾਧਾ ਹੋ ਰਿਹਾ ਹੈ। ਜਦਕਿ ਡਾਕਟਰਾਂ ਦਾ ਮੰਨਣਾ ਹੈ ਕਿ ਹਰ ਦਿਨ ਸਵੇਰੇ ਹੱਸਿਆ ਜਾਵੇ ਤਾਂ ਦਿਮਾਗ ਨੂੰ ਸਕੂਨ ਮਿਲਦਾ ਹੈ ਅਤੇ ਕਈ ਤਰਾਂ ਦੀਆਂ ਬਿਮਾਰੀਆਂ ਤੋਂ ਛੁਟਕਾਰਾ ਮਿਲ ਜਾਂਦਾ ਹੈ।

ਸ਼ਾਇਦ ਤਾਂ ਹੀ ਅੱਜ ਸੁਚੇਤ ਬੁੱਧੀਜੀਵੀਆਂ ਵੱਲੋਂ ਇੱਕ ਖਾਸ ਦਿਨ ਚੁਣ ਕੇ ਸਮੁੱਚੀ ਮਨੁੱਖਤਾ ਨੂੰ ਸਾਲ ਭਰ ਹੱਸਦੇ ਰਹਿਣ ਲਈ ਯਾਦ ਕਰਵਾਇਆ ਜਾਂਦਾ ਹੈ ਅਤੇ ਇਸ ਦਿਨ ਦਾ ਨਾਮ ਹੈ 'ਵਿਸ਼ਵ ਹਾਸਾ ਦਿਵਸ'। ਇਸਦੀ ਸ਼ੁਰੂਆਤ 11 ਜਾਂ 12 ਜਨਵਰੀ 1998 ਵਿੱਚ ਮੁੰਬਈ ਤੋਂ ਹੋਈ ਸੀ ਅਤੇ ਹੁਣ ਇਹ ਸਾਲ 2005 ਤੋਂ ਹਰ ਸਾਲ ਮਈ ਦੇ ਪਹਿਲੇ ਐਤਵਾਰ ਮਨਾਇਆ ਜਾਂਦਾ ਹੈ। ਇਸ ਨੂੰ ਸ਼ੁਰੂ ਕਰਨ ਵਿੱਚ ਸੱਭ ਤੋਂ ਅਹਿਮ ਯੋਗਦਾਨ ਡਾ. ਮਦਨ ਕਟਾਰੀਆ ਨੇ ਪਾਇਆ ਜਿਨਾਂ ਨੇ ਲਾਫਟਰ ਯੋਗਾ ਮੂਵਮੈਂਟ ਸ਼ੁਰੂ ਕੀਤੀ ਸੀ। ਇੱਕ ਅੰਦਾਜ਼ੇ ਅਨੁਸਾਰ ਦੁਨੀਆ ਭਰ ਵਿੱਚ 8000 ਦੇ ਕਰੀਬ ਲਾਫਟਰ ਕਲੱਬ ਹਨ ਜਿਸ ਵਿੱਚੋਂ ਭਾਰਤ ਦੇਸ਼ ਵਿੱਚ ਇਨਾਂ ਦੀ ਗਿਣਤੀ 600 ਦੇ ਕਰੀਬ ਬਣਦੀ ਹੈ।

ਚੁੱਟਕਲਿਆਂ, ਲਤੀਫਿਆਂ, ਹਾਸਰਾਸ ਕਵਿਤਾਵਾਂ, ਹਾਸ ਵਿਅੰਗਾਂ ਰਾਹੀਂ ਵੀ ਮਨੁੱਖ ਨੂੰ ਹਸਾਉਣ ਦਾ ਯਤਨ ਕੀਤਾ ਜਾਂਦਾ ਰਿਹਾ ਹੈ ਅਤੇ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਪਿਛਲੇ ਕੁੱਝ ਸਮੇਂ ਤੋਂ ਖਾਸ ਕਰਕੇ ਪੰਜਾਬ ਵਿੱਚ ਵੱਡੇ ਪੱਧਰ ਤੇ ਹਾਸਰਾਸ (ਕਾਮੇਡੀ) ਵਿਸ਼ੇ ਉੱਤੇ ਵੱਡੀ ਗਿਣਤੀ ਵਿੱਚ ਫਿਲਮਾਂ ਦਾ ਨਿਰਮਾਣ ਹੋਇਆ ਹੈ ਅਤੇ ਰਾਸ਼ਟਰੀ ਅਤੇ ਸੂਬਾ ਪੱਧਰ ਤੇ ਚੈਨਲਾਂ ਤੇ ਵੀ ਕਈ ਤਰਾਂ ਦੇ ਕਾਮੇਡੀ ਸੀਰੀਅਲ ਵੇਖਣ ਨੂੰ ਮਿਲੇ ਅਤੇ ਮਿਲ ਰਹੇ ਹਨ, ਜਿਨਾਂ ਨੂੰ ਦੇਖ ਕੇ ਦਰਸ਼ਕਾਂ ਦੇ ਚਿਹਰੇ ਤੇ ਹਾਸਾ ਆਇਆ ਹੈ ਅਤੇ ਦਰਸ਼ਕਾਂ ਵੱਲੋਂ ਬੜੀ ਸ਼ਿੱਦਤ ਨਾਲ ਇਹ ਸੀਰੀਅਲ ਪਸੰਦ ਕੀਤੇ ਗਏ ਹਨ। ਕਈ ਵਾਰ ਕਲਾਕਾਰ ਹਾਸੇ ਹਾਸੇ ਵਿੱਚ ਵੀ ਜਿੰਦਗੀ ਦੇ ਕਈ ਅਹਿਮ ਸੱਚ/ਤੱਤ ਸਮਝਾ ਜਾਂਦਾ ਹੈ। ਸੋ ਦੋਸਤੋ ਸਾਰ ਇਹ ਹੈ ਕਿ ਹੱਸਣਾ ਅਤੇ ਹਸਾਉਣਾ ਇਹ ਸਾਡੀ ਜਿੰਦਗੀ ਦਾ ਹਿੱਸਾ ਹੋਣਾ ਚਾਹੀਦਾ ਹੈ ਅਤੇ ਹੱਸਦੇ ਖੇਡਦੇ ਜਿੰਦਗੀ ਨੂੰ ਬਿਤਾਉਣਾ ਸਾਡਾ ਮਕਸਦ। ਪਰ ਯਾਦ ਰਹੇ ਸਾਡਾ ਹਾਸਾ ਸਾਨੂੰ ਹਸਾ ਕੇ ਕਿਸੇ ਵੀ ਹੋਰ ਵਿਅਕਤੀ ਦੇ ਦਿਲ ਨੂੰ ਰੁਆ ਨਾ ਗਿਆ ਹੋਵੇ ਇਸ ਦਾ ਵੀ ਖਿਆਲ ਰੱਖਣਾ ਹੈ। ਉੱਥੇ ਨਾਲ ਹੀ ਕਿਤੇ ਸਾਰੀ ਜਿੰਦਗੀ ਬਿਨਾਂ ਵਜਾ ਅਤੇ ਹੰਕਾਰ ਵਿੱਚ ਨਕਲੀ ਹਾਸਾ ਹੱਸਦਿਆਂ ਹੀ ਨਾ ਨਿਕਲ ਜਾਵੇ ਇਸ ਗੱਲ ਨੂੰ ਵੀ ਵਿਚਾਰ ਕੇ ਰੱਖਣਾ ਹੈ।

ਸੋ ਦੋਸਤੋ ! ਹੱਸਦੇ ਵੱਸਦੇ ਰਹੋ, ਖੁਸ਼ ਰਹੋ ਅਤੇ ਖੁਸ਼ ਰੱਖੋ, ਹੱਸੋ ਅਤੇ ਪਿਆਰ ਵੰਡੋ। ਅੱਜ ਨੂੰ ਜੀਓ। ਅਨੰਦ ਵਿੱਚ ਰਹੋ। ਆਮੀਨ !!

# ਕਿਵੇਂ ਮੋੜ ਲਿਆਈਏ ਗੁੰਮੇ ਹਾਸਿਆਂ ਨੂੰ



**ਰਾਜਨਦੀਪ ਕੌਰ ਮਾਨ**
**੬੨੩੯੩੨੬੧੬੬**

'ਹਸਦਿਆਂ ਦੇ ਘਰ ਵਸਦੇ' ਕਹਾਵਤ ਅਸੀਂ ਆਮ ਸੁਣਦੇ ਰਹਿੰਦੇ ਹਾਂ। ਪੰਜਾਬੀ ਲੋਕ ਤਾਂ ਹੱਸ ਮੁਖਤਾ ਲਈ ਸੰਸਾਰ ਪ੍ਰਸਿੱਧ ਹਨ। ਕੋਈ ਜ਼ਮਾਨਾ ਸੀ ਜਦ ਟੀਵੀ, ਮੋਬਾਈਲ ਦਾ ਨਾਮ ਨਿਸ਼ਾਨ ਵੀ ਨਹੀਂ ਸੀ ਲੋਕ ਸੱਥਾਂ ਵਿਚ, ਤ੍ਰਿੰਞਣਾਂ, ਤੀਆਂ ਵਿੱਚ ਆਪਸ ਵਿੱਚ ਗੱਲਾਂ ਕਰਦੇ ਤੇ ਹੱਸ ਖੇਡ ਲੈਂਦੇ। ਓਦੋਂ ਤਾਂ ਵਿਆਹ ਵੀ ਬੜੇ ਲੰਬੇ ਚਲਦੇ ਸਨ ਤੇ ਹਾਸੇ ਠੱਠੇ ਦੇ ਬਹਾਨੇ ਬਣੇ ਰਹਿੰਦੇ ਸਨ। ਦਿਲ ਦਿਮਾਗ ਦੀਆਂ ਬਿਮਾਰੀਆਂ ਬਹੁਤ ਘੱਟ ਸਨ।

ਜਿਵੇਂ ਜਿਵੇਂ ਇਨਸਾਨ ਨੇ ਤਰੱਕੀ ਕਰਨੀ ਸ਼ੁਰੂ ਕੀਤੀ। ਲੋਕਾਂ ਨੇ ਸ਼ਹਿਰਾਂ ਵੱਲ ਨੂੰ ਵਹੀਰਾਂ ਘੱਤੀਆਂ। ਇਕ ਮੁਕਾਬਲੇਬਾਜ਼ੀ ਦਾ ਯੁੱਗ ਸ਼ੁਰੂ ਹੋ ਗਿਆ। ਜੰਮਦੇ ਬੱਚਿਆਂ ਨੂੰ ਪੜਾਉਣ ਦੇ ਫਿਕਰ, ਬੱਚਿਆਂ ਨੂੰ ਪੜਾਈ ਦੇ ਸੰਸੇ, ਮਾਪਿਆਂ ਨੂੰ ਖਰਚਿਆਂ ਨੂੰ ਪੂਰਾ ਕਰਨ ਦੀ ਘੋੜ ਦੌੜ,ਉੱਪਰੋ ਮੁਕਾਬਲੇਬਾਜ਼ੀ ।ਕਿਸੇ ਕੋਲ ਸਮਾਂ ਹੀ ਨਹੀਂ ਹੱਸਣ ਖੇਡਣ ਦਾ। ਜਦੋਂ ਦੇ ਜ਼ਿੰਦਗੀ ਵਿਚੋਂ ਹਾਸੇ ਮਨਫੀ ਹੋ ਗਏ ਤਾਂ ਨਾਲ ਹੀ ਬਿਮਾਰੀਆਂ ਨੇ ਸਮਾਜ ਨੂੰ ਘੇਰਾ ਪਾ ਲਿਆ। ਮਾਨਸਿਕ ਰੋਗਾਂ ਦਾ ਪਸਾਰਾ ਹਰ ਘਰ ਵਿੱਚ ਪੈਰ ਪਸਾਰਨ ਲੱਗਾ। ਇਨਾਂ ਸਭ ਸਮੱਸਿਆਵਾਂ ਨੂੰ ਭਾਂਪਦੇ ਹੋਏ ਹੀ ਡਾਕਟਰ ਮਦਨ ਕਟਾਰੀਆ ਨੇ 2 ਮਈ 1998 ਨੂੰ ਲੋਕਾਂ ਨੂੰ ਇਕੱਠੇ ਕਰਕੇ ਮਸਨੂਈ ਹਾਸਾ ਹੱਸਣ ਦੀ ਸ਼ੁਰੂਆਤ ਕੀਤੀ। ਇਸ ਦਿਨ ਨੂੰ ਹੀ ਬਾਅਦ ਵਿਚ ਸਾਰੇ ਸੰਸਾਰ ਵਿੱਚ ਲਾਫਟਰ ਡੇ ਦੇ ਤੌਰ 'ਤੇ ਮਾਨਤਾ ਮਿਲੀ।ਉਸ ਤੋਂ ਬਾਅਦ ਤਾਂ ਵੱਡੇ ਸ਼ਹਿਰਾਂ ਵਿੱਚ ਲਾਫ਼ਟਰ ਕਲੱਬ ਹੋਂਦ ਵਿੱਚ ਆਉਣ ਲੱਗੇ। ਡਾਕਟਰ ਮਦਨ ਕਟਾਰੀਆ ਦਾ ਤਰਕ ਸੀ ਕਿ ਬੇਸ਼ੱਕ ਤੁਸੀਂ ਮਸਨੂਈ ਹਾਸਾ ਹਸੋ, ਇਸ ਨਾਲ ਵੀ ਤੁਹਾਡੇ ਦਿਲ ਤੇ ਦਿਮਾਗ ਨੂੰ ਫਾਇਦਾ ਮਿਲੇਗਾ ਤੇ ਤੁਸੀਂ ਹਲਕਾ ਮਹਿਸੂਸ ਕਰੋਗੇ। ਚੰਡੀਗੜ ਵਰਗੇ ਸ਼ਹਿਰਾਂ ਵਿੱਚ ਸਵੇਰੇ ਸਵੇਰੇ ਪਾਰਕਾਂ ਵਿੱਚ ਲੋਕ ਮਸਨੂਈ ਹਾਸੇ ਹੱਸ ਕੇ ਦਿਨ ਦੀ ਸ਼ੁਰੂਆਤ ਕਰਨ ਨੂੰ ਚੰਗਾ ਸਮਝਣ ਲੱਗੇ ਹਨ। ਜਦੋਂ ਅਸੀਂ ਅਸਲੀ ਹਾਸੇ ਖ਼ੁਦ ਹੀ ਗਵਾ ਦਿੱਤੇ ਤਾਂ ਫਿਰ ਮਸਨੂਈ ਹਾਸੇ ਦਾ ਹੀ ਆਸਰਾ ਲੱਭਿਆ ਜਾ ਰਿਹਾ।

ਅੱਜ ਦੇ ਨਿੱਕੇ ਨਿੱਕੇ ਬੱਚਿਆਂ ਦੇ ਚੇਹਰਿਆਂ ਤੋਂ ਵੀ ਹਾਸਾ ਲੱਭੇ ਨਹੀਂ ਲੱਭਦਾ। ਨੰਨਾ ਬਚਪਨ ਮੁਕਾਬਲੇ ਦੀ ਭਾਵਨਾ ਨੇ ਖੋਹ ਲਿਆ ਹੈ।ਬਚਪਨ ਤੋਂ ਬਾਅਦ ਗੱਲ ਕਰੀਏ ਜਵਾਨੀ ਦੀ ਤਾਂ ਰੁਜ਼ਗਾਰ ਦੀ ਫ਼ਿਕਰ ਨੇ ਨੌਜਵਾਨ ਪੀੜੀ ਨੂੰ ਬੇਹੱਦ ਹਤਾਸ਼ ਤੇ ਨਿਰਾਸ਼ ਕਰ ਦਿੱਤਾ ਹੈ । ਭਾਰੀ ਭਰਕਮ ਫੀਸਾਂ ਭਰ ਭਰ ਕੀਤੀਆਂ ਪੜਾਈਆਂ ਲਿਖਾਈਆਂ ਤੇ ਕਮਾਈਆਂ ਡਿਗਰੀਆਂ ਜਦ ਗੁਜਾਰੇ ਜੋਗੀ ਤਨਖਾਹ ਨਹੀਂ ਦਿਵਾ ਸਕਦੀਆਂ ਤਾਂ ਹੱਸਣਾ ਤਾਂ ਯਾਦ ਵੀ ਨਹੀਂ ਰਹਿੰਦਾ। ਸਾਰੀ ਜਵਾਨੀ ਜਿੰਦਗੀ ਦੀਆਂ ਲੋੜਾਂ ਥੋੜਾਂ ਨੂੰ ਪੂਰਾ ਕਰਦਿਆਂ ਕਦੋਂ ਨਿਕਲ ਗਈ, ਬੰਦੇ ਨੂੰ ਉਦੋਂ ਪਤਾ ਚਲਦਾ, ਜਦੋਂ ਸਿਰ ਦੇ ਵਾਲ ਸਫੇਦੀ ਫੜ ਲੈਂਦੇ ਹਨ ਤੇ ਬੱਚੇ ਅੱਗੋਂ ਬੋਲਣਾ ਸ਼ੁਰੂ ਕਰ ਦਿੰਦੇ ਹਨ। ਮੋਟੇ ਸ਼ੀਸ਼ੇ ਵਾਲੀ ਐਨਕ ਵਿੱਚੋ ਜਦੋਂ ਸ਼ੀਸ਼ੇ ਵਿਚੋਂ ਖੁਦ ਨੂੰ ਨਿਹਾਰਦੇ ਹਨ ਤਾਂ ਸਮਝ ਲੱਗਦੀ ਹੈ ਕਿ ਆਪਣੇ ਹਿੱਸੇ ਦਾ ਹਾਸਾ ਚਿਹਰੇ ਤੋਂ ਕਦੋਂ ਦਾ ਗਵਾ ਲਿਆ। ਉਦੋਂ ਫਿਰ ਹੱਸਕੇ ਦੇਖੋ ਤਾਂ ਖੁਦ ਦਾ ਚਿਹਰਾ ਹੀ ਓਪਰਾ ਜਿਹਾ ਦਿਸਦਾ।

ਬੁਢਾਪੇ ਵਿੱਚ ਜਦੋਂ ਬੱਚੇ ਅਣਦੇਖਿਆ ਕਰਕੇ ਕੋਲੋਂ ਲੰਘਣ ਲੱਗ ਜਾਂਦੇ ਹਨ ਤਾਂ ਹਾਸੇ ਦਾ ਖਿਆਲ ਨੇੜੇ ਤੇੜੇ ਵੀ ਨਹੀਂ ਦਿੱਸਦਾ। ਸਾਰੀ ਉਮਰ ਜਿਨਾਂ ਲਈ ਕਮਾਈ ਕੀਤੀ, ਓਹੀ ਜਦੋਂ ਬੇਕਦਰੀ ਕਰਨ ਤਾਂ ਉਸ ਵੇਲੇ ਤਾਂ ਮਸਨੂਈ ਹਾਸਾ ਵੀ ਹੱਸਣ ਨੂੰ ਦਿਲ ਨਹੀਂ ਕਰਦਾ। ਸੋ ਮੇਰਾ ਤਾਂ ਖਿਆਲ ਹੈ ਕਿ ਜੇਕਰ ਆਪਣੇ ਅੰਦਰ ਦੇ ਬਚਪਨ ਨੂੰ ਪਹਿਲਾਂ ਹੀ ਮਰਨੋਂ ਬਚਾ ਲਿਆ ਜਾਵੇ, ਥੋੜੀ ਜਿਹੀ ਬੇਪ੍ਰਵਾਹੀ ਬਚਾ ਲਈ ਜਾਵੇ, ਖੁਦ ਨੂੰ ਜਿਆਦਾ ਸਮਝਦਾਰ ਤੇ ਰੋਅਬਦਾਰ ਦਿਖਾਉਣ ਵਾਲਾ ਕੀੜਾ ਨਾ ਪਾਲਿਆ ਜਾਵੇ ਤਾਂ ਬਚਪਨ ਵਾਲੀ ਮੁਸਕਾਨ ਸਾਰੀ ਉਮਰ ਕਾਇਮ ਰੱਖੀ ਜਾ ਸਕਦੀ ਹੈ। ਖੁਦ ਵੀ ਹੱਸਦੇ ਰਹਿਣਾ ਤੇ ਦੂਜਿਆਂ ਨੂੰ ਹਸਾਉਣਾ, ਇਕ ਮਹਾਨ ਗੁਣ ਹੈ।

# ਵਿਸ਼ਵ ਮਲੇਰੀਆ ਦਿਵਸ ’ਤੇ ਵਿਸ਼ੇਸ਼



**ਗਗਨਦੀਪ ਧਾਲੀਵਾਲ**

**9988933161**

ਮਲੇਰੀਆ ਇੱਕ ਜਾਨਲੇਵਾ ਬਿਮਾਰੀ ਹੈ, ਜੋ ਕਿ ਮੌਸਮੀ ਬਦਲਾਅ, ਗਰਮੀ ਅਤੇ ਬਰਸਾਤ ਦੇ ਮੌਸਮ ਵਿੱਚ ਬਹੁਤ ਤੇਜ਼ੀ ਨਾਲ ਫੈਲਦਾ ਹੈ ਅਤੇ ਇਸ ਸੰਬੰਧੀ ਜਨ ਜਾਗਰੂਕਤਾ ਲਈ ਹਰ ਸਾਲ 25 ਅਪ੍ਰੈਲ ਨੂੰ ਵਿਸ਼ਵ ਮਲੇਰੀਆ ਦਿਵਸ ਮਨਾਇਆ ਜਾਂਦਾ ਹੈ।

ਵਿਸ਼ਵ ਮਲੇਰੀਆ ਦਿਵਸ ਦੀ ਸਥਾਪਨਾ–

ਮਲੇਰੀਆ ਦਿਵਸ ਦੀ ਸਥਾਪਨਾ ਮਈ 2007 ਵਿੱਚ 60ਵੇਂ ਵਿਸ਼ਵ ਸਿਹਤ ਸਭਾ ਦੇ ਸੈਸ਼ਨ ਦੌਰਾਨ ਕੀਤੀ ਗਈ। ਮਲੇਰੀਆ ਦਿਵਸ ਪਹਿਲੀ ਵਾਰ 25 ਅਪ੍ਰੈਲ 2008 ਨੂੰ ਮਨਾਇਆ ਗਿਆ। ਸੰਯੁਕਤ ਰਾਸ਼ਟਰ ਬਾਲ ਕੋਸ਼ (ਯੂਨੀਸੇਫ਼) ਦੁਆਰਾ ਇਸ ਦਿਨ ਨੂੰ ਮਨਾਉਣ ਦਾ ਉਦੇਸ਼ ਮਲੇਰੀਆ ਵਰਗੇ ਰੋਗ ਤੇ ਜਨਤਾ ਦਾ ਧਿਆਨ ਦਿਵਾਉਣਾ ਅਤੇ ਜਾਗਰੂਕ ਕਰਨਾ ਹੈ ਜਿਸਦੀ ਵਜਾ ਕਰਕੇ ਹਰ ਸਾਲ ਲੱਖਾਂ ਲੋਕ ਮਰਦੇ ਹਨ।

**ਮਲੇਰੀਆ ਪ੍ਰਤੀ ਜਾਗਰੂਕਤਾ ਕਾਰਜ-**

ਹਰ ਸਾਲ 25 ਅਪ੍ਰੈਲ ਵਾਲੇ ਦਿਨ ਸੰਸਾਰ ਵਿਚ ਵਿਸ਼ਵ ਮਲੇਰੀਆ ਦਿਵਸ ਨੂੰ ਵਿਸ਼ੇਸ਼ ਦਿਨ ਨੂੰ ਸਮਰਪਿਤ ਇਕ ਨਾਅਰਾ ਦਿੱਤਾ ਜਾਂਦਾ ਹੈ।ਵਿਸ਼ਵ ਸਿਹਤ ਸੰਸਥਾ ਦੇ ਨਿਰਦੇਸ਼ਾਂ ’ਤੇ ਹਰ ਦੇਸ਼ ਦੇ ਸਿਹਤ ਵਿਭਾਗ ਵੱਲੋਂ ਸਰਕਾਰੀ ਸਿਹਤ ਸੰਸਥਾਵਾਂ, ਸਰਕਾਰੀ, ਅਰਧ-ਸਰਕਾਰੀ, ਗੈਰ-ਸਰਕਾਰੀ ਸੰਸਥਾਵਾਂ, ਪ੍ਰਾਈਵੇਟ ਅਦਾਰਿਆਂ, ਸਕੂਲਾਂ, ਕਾਲਜਾਂ ਤੇ ਪਿੰਡ ਪੱਧਰ ’ਤੇ ਇਸ ਦਿਨ ਵਿਸ਼ੇਸ਼ ਗੋਸ਼ਟੀਆਂ, ਸੈਮੀਨਾਰ, ਬੱਚਿਆਂ ਦੇ ਪੇਂਟਿੰਗ ਮੁਕਾਬਲੇ, ਲੈਕਚਰ, ਸਿਹਤ ਸਿੱਖਿਆ ਕੈਂਪ ਲਗਾ ਕੇ ਲੋਕਾਂ ਨੂੰ ਜਾਗਰੂਕ ਕੀਤਾ ਜਾਂਦਾ ਹੈ, ਕਿਉਂ ਜੋ ਵਿਸ਼ਵ ਪੱਧਰ ’ਤੇ ਅਫਰੀਕਾ ਮਲੇਰੀਆ ਨਾਲ ਸਭ ਤੋਂ ਵੱਧ ਪ੍ਰਭਾਵਿਤ ਰਿਹਾ ਹੈ। ਅਫਰੀਕਾ ਵਿਚ ਮਲੇਰੀਆ ਦਿਵਸ ਨੂੰ ਮਈ 2007 ਵਿਚ ਵਿਸ਼ਵ ਮਲੇਰੀਆ ਦਿਵਸ ਦਾ ਨਾਂ ਦਿੱਤਾ ਗਿਆ। ਇਸ ਦਿਨ ਨੂੰ ਉਚਿਤ ਤਰੀਕੇ ਨਾਲ਼ ਮਨਾਉਣ ਲਈ ਵਿਸ਼ਵ ਸਿਹਤ ਸੰਸਥਾ ਵੱਲੋਂ ਸਬੰਧਤ ਦੇਸ਼ਾਂ ਨੂੰ ਵਿਸ਼ੇਸ਼ ਫੰਡ ਮੁਹੱਈਆ ਕਰਵਾਏ ਜਾਂਦੇ ਹਨ। ਅਫਰੀਕਾ ਵਿਚ 2012 ਵਿਚ ਮਲੇਰੀਏ ਨਾਲ ਕਰੀਬ 6 ਲੱਖ 27 ਹਜ਼ਾਰ ਮੌਤਾਂ ਹੋਈਆਂ ਸਨ।

ਮਲੇਰੀਆ ਕੀ ਹੈ

ਮਲੇਰੀਆ ਇਕ ਪ੍ਰਕਾਰ ਦੇ ਪਰਜੀਵੀ ਜਿਸ ਨੂੰ ‘ਪਲਾਜ਼ਮੋਡੀਅਮ’ ਦੇ ਰੂਪ ਵਿਚ ਜਾਣਿਆ ਜਾਂਦਾ ਹੈ। ਇਹ ਮੱਛਰ ਦੇ ਕੱਟਣ ਨਾਲ ਸ਼ੁਰੂ ਹੁੰਦਾ ਹੈ, ਜਿਸ ਨੂੰ ਆਮ ਤੌਰ ’ਤੇ ਐਨੋਫਲੀਜ਼ ਨਾਂ ਤੋਂ ਜਾਣਿਆ ਜਾਂਦਾ ਹੈ, ਇਹ ਮਾਦਾ ਮੱਛਰ ਹੀ ਉਸ ਪਰਜੀਵੀ ਨੂੰ ਸੰਚਾਰਿਤ ਕਰਦੀ ਹੈ। ਇਸ ਸੰਕ੍ਰਮਿਤ ਮੱਛਰ ਦੁਆਰਾ ਇਕ ਵਾਰ ਕੱਟੇ ਜਾਣ ਤੋਂ ਬਾਅਦ ਇਹ ਪਰਜੀਵੀ ਤੁਹਾਡੇ ਖ਼ੂਨ ਵਿਚ ਦਾਖ਼ਲ ਹੋ ਜਾਂਦਾ ਹੈ।ਵਿਸ਼ਵ ਸਿਹਤ ਸੰਗਠਨ ਦੇ ਅੰਕੜਿਆਂ ਅਨੁਸਾਰ ਦੁਨੀਆਂ ਵਿੱਚ ਹਰ ਸਾਲ ਤਕਰੀਬਨ 50 ਕਰੋੜ ਲੋਕ ਮਲੇਰੀਆ ਤੋਂ ਪੀੜਤ ਹੁੰਦੇ ਹਨ, ਜਿਹਨਾਂ ਵਿੱਚੋਂ ਤਕਰੀਬਨ 27 ਲੱਖ ਰੋਗੀਆਂ ਦੀ ਮੌਤ ਹੋ ਜਾਂਦੀ ਹੈ ਅਤੇ ਇਹਨਾਂ ਮਰਨ ਵਾਲਿਆਂ ਵਿੱਚ ਪੰਜ ਸਾਲ ਤੋਂ ਘੱਟ ਉਮਰ ਵਾਲਿਆਂ ਬੱਚਿਆਂ ਦੀ ਗਿਣਤੀ ਜਿਆਦਾ ਹੁੰਦੀ ਹੈ। ਵਿਸ਼ਵ ਸਿਹਤ ਸੰਗਠਨ ਅਨੁਸਾਰ ਵਿਸ਼ਵ ਦੀ ਤੀਜੀ ਸਭ ਤੋਂ ਵੱਧ ਮਲੇਰੀਆ ਦਰ ਭਾਰਤ ਵਿੱਚ ਹੈ ਅਤੇ ਹਰ ਸਾਲ ਤਕਰੀਬਨ 1 ਕਰੋੜ 80 ਲੱਖ ਲੋਕਾਂ ਨੂੰ ਮਲੇਰੀਆ ਰੋਗ ਨਾਲ ਲੜਨਾ ਪੈਂਦਾ ਹੈ।

**ਮਲੇਰੀਆ ਦੀਆਂ ਕਿਸਮਾਂ-**

ਮਲੇਰੀਆ ਨੂੰ ਪਲਾਜ਼ਮੋਡੀਅਮ ਫੈਲਸੀਫੈਰਮ, ਪਲਾਜ਼ਮੋਡੀਅਮ ਵਾਈਵੈਕਸ, ਪਲਾਜ਼ਮੋਡੀਅ ਓਵੇਲ, ਪਲਾਜ਼ਮੋਡੀਅ ਮਲੇਰੀਆਈ ਨਾਮਕ ਚਾਰ ਕਿਸਮਾਂ ‘ਚ ਵੰਡਿਆ ਗਿਆ ਹੈ। ਇਨਾਂ ਵਿੱਚੋਂ ਪੀ.ਵਾਈਵੈਕਸ ਸਾਰੇ ਵਿਸ਼ਵ ’ਚ ਫੈਲਿਆ ਹੋਇਆ ਹੈ ਅਤੇ ਪੀ.ਫ਼ੈਲਸੀਪੈਰਮ ਸਭ ਤੋਂ ਵਧ ਘਾਤਕ ਹੈ। ਭਾਰਤ ਅਤੇ ਪੰਜਾਬ ਅੰਦਰ ਮਲੇਰੀਆ ਦੇ ਜ਼ਿਆਦਾਤਰ ਕੇਸ ਪਲਾਜ਼ਮੋਡੀਅ ਵਾਈਵੈਕਸ ਦੇ ਪਾਏ ਜਾਂਦੇ ਹਨ ਅਤੇ ਪਲਾਜ਼ਮੋਡੀਅ ਫੈਲਸੀਫੈਰਮ ਦੇ ਕੇਸ ਬਹੁਤ ਘੱਟ ਹਨ।ਮਲੇਰੀਆ ਦਾ ਸੰਕ੍ਰਮਣ ਹੋਣ ਅਤੇ ਬਿਮਾਰੀ ਫੈਲਣ ਵਿੱਚ ਰੋਗਾਣੂ ਦੀ ਕਿਸਮ ਦੇ ਆਧਾਰ ’ਤੇ ਸੱਤ ਤੋਂ ਚਾਲੀ ਦਿਨਾਂ ਦਾ ਸਮਾਂ ਲੱਗ ਸਕਦਾ ਹੈ।

ਮਲੇਰੀਆ ਦੇ ਲੱਛਣ -ਮਲੇਰੀਆ ਦੇ ਸ਼ੁਰੂਆਤੀ ਦੌਰ ਵਿੱਚ ਸਰਦੀ-ਜ਼ੁਕਾਮ ਜਾਂ ਪੇਟ ਦੀ ਗੜਬੜੀ ਵਰਗੇ ਲੱਛਣ ਦਿਖਾਈ ਦਿੰਦੇ ਹਨ। ਇਸਦੇ ਬਾਅਦ ਸਿਰ, ਸਰੀਰ ਅਤੇ ਜੋੜਾਂ ਵਿੱਚ ਦਰਦ, ਠੰਡ ਲੱਗ ਕੇ ਬੁਖਾਰ ਹੋਣਾ, ਨਬਜ਼ ਤੇਜ਼ ਹੋ ਜਾਣਾ, ਉਲਟੀ ਜਾਂ ਪਤਲੇ ਦਸਤ ਲੱਗਣਾ ਆਦਿ ਲੱਛਣ ਹਨ ਪ੍ਰੰਤੂ ਜਦ ਬੁਖਾਰ ਅਚਾਨਕ ਚੜ ਕੇ 3-4 ਘੰਟੇ ਰਹਿੰਦਾ ਹੈ। ਬਹੁਤ ਤੇਜ਼ ਤਾਪਮਾਨ (1048-106 ਡਿਗਰੀ ਫਾਰਨਹੀਟ), ਗਰਮ ਪੜਾਓ 1-4 ਘੰਟੇ ਦਾ ਹੁੰਦਾ ਹੈ ਅਤੇ ਇਸ ਤੋਂ ਬਾਅਦ ਪਸੀਨਾ ਆਉਣ ਦਾ ਪੜਾਓ 2-4 ਘੰਟੇ




ਦਾ ਹੁੰਦਾ ਹੈ ਜਿਸ ਵਿੱਚ ਰੋਗੀ ਨੂੰ ਚੋਖਾ ਪਸੀਨਾ ਆਉਂਦਾ ਹੈ। ਮਲੇਰੀਆ ਰੋਗ ਦੇ ਆਵੇਗ ਜਾਂ ਇਸ ਦੇ ਦੌਰੇ ਤਿੰਨ ਦਿਨ ਤੱਕ ਚੱਲਦੇ ਹਨ ਅਤੇ ਅਚਾਨਕ ਉੱਤਰ ਜਾਂਦਾ ਹੈ ਇਸਨੂੰ ਮਲੇਰੀਆ ਦੀ ਸਭ ਤੋਂ ਖ਼ਤਰਨਾਕ ਸਥਿਤੀ ਮੰਨਿਆ ਜਾਂਦਾ ਹੈ। ਮਲੇਰੀਆ ਬੁਖ਼ਾਰ ਮਾਦਾ ਮੱਛਰ ‘ਐਨਾਫਲੀਜ’ ਦੇ ਕੱਟਣ ਨਾਲ ਫੈਲਦਾ ਹੈ। ਇਹ ਮੱਛਰ ਖੜੇ ਸਾਫ਼ ਪਾਣੀ ’ਚ ਪੈਦਾ ਹੁੰਦਾ ਹੈ। ਇਹ ਮੱਛਰ ਰਾਤ ਅਤੇ ਸਵੇਰ ਵੇਲੇ ਕੱਟਦੇ ਹਨ। ਇਸ ਦੇ ਲੱਛਣ ਠੰਢ ਅਤੇ ਕਾਂਬੇ ਨਾਲ ਬੁਖ਼ਾਰ, ਤੇਜ਼ ਬੁਖ਼ਾਰ ਤੇ ਸਿਰਦਰਦ, ਬੁਖ਼ਾਰ ਉਤਰਨ ਤੋਂ ਬਾਅਦ ਥਕਾਵਟ ਕਮਜ਼ੋਰੀ ਤੇ ਪਸੀਨਾ ਆਉਣਾ ਆਦਿ ਹੁੰਦੇ ਹਨ।

**ਮਲੇਰੀਆ ਤੋਂ ਬਚਾਅ-**

ਮਲੇਰੀਆ ਤੋਂ ਬਚਾਅ ਵਿੱਚ ਸਭ ਤੋਂ ਜ਼ਰੂਰੀ ਹੈ ਕਿ ਸਾਫ਼ ਸਫ਼ਾਈ ਦਾ ਖਾਸ ਧਿਆਨ ਰੱਖਿਆ ਜਾਵੇ। ਸਾਵਧਾਨੀ ਵਜੋਂ ਵਰਤੋਂ ਵਿੱਚ ਆਉਣ ਵਾਲੇ ਕੂਲਰ ਦਾ ਪਾਣੀ ਸਮੇਂ ਸਮੇਂ ਦੇ ਬਦਲਦੇ ਰਹਿਣਾ, ਟੈਂਕੀਆਂ ਨੂੰ ਢੱਕ ਕੇ ਰੱਖਣਾ, ਕਬਾੜ ਵਿੱਚ ਪਾਣੀ ਇਕੱਠਾ ਨਾ ਹੋਣ ਦੇਣਾ, ਘਰਾਂ ਦੇ ਆਲੇ ਦੁਆਲੇ ਤੇ ਛੱਤਾਂ ਤੇ ਪਾਣੀ ਇੱਕਠਾ ਨਾ ਹੋਣ ਦੇਣਾ, ਮੱਛਰਦਾਨੀ ਦੀ ਵਰਤੋਂ, ਸਰੀਰ ਨੂੰ ਪੂਰਾ ਢੱਕਣ ਵਾਲੇ ਕੱਪੜਿਆਂ ਦੀ ਵਰਤੋਂ, ਮੱਛਰ ਸੰਬੰਧੀ ਕੀਟਨਾਸ਼ਕਾਂ ਆਦਿ ਦੀ ਯੋਗ ਵਰਤੋਂ ਸਦਕਾ ਮਲੇਰੀਆ ਤੋਂ ਬਚਾਅ ਕੀਤਾ ਜਾ ਸਕਦਾ ਹੈ।ਇੱਥੇ ਇਹ ਵਰਣਨਯੋਗ ਹੈ ਕਿ ਮਲੇਰੀਆ ਤੋਂ ਪੀੜਤ ਰੋਗੀ ਨੇੜੇ ਦੇ ਸਰਕਾਰੀ ਹਸਪਤਾਲਾਂ ਵਿੱਚ ਮੁਫ਼ਤ ਇਲਾਜ ਕਰਵਾ ਸਕਦੇ ਹਨ।।

ਭਾਰਤ ਵਿਚ ਮਲੇਰੀਆ ਸੰਚਾਰ ਦੇ ਉੱਚ ਜੋਖਮ ਖੇਤਰ:

ਭਾਰਤ ਵਿਚ ਮਲੇਰੀਆ ਇੱਕ ਜਨਤਕ ਸਿਹਤ ਸਮੱਸਿਆ ਹੈ। ਮਲੇਰੀਏ ਦੇ ਬਹੁਤੇ ਕੇਸ ਦੇਸ਼ ਦੇ ਪੂਰਬੀ ਅਤੇ ਮੱਧ ਹਿੱਸੇ ਤੋਂ, ਜੰਗਲਾਂ, ਪਹਾੜੀ ਅਤੇ ਕਬਾਇਲੀ ਖੇਤਰਾਂ ਵਾਲੇ ਰਾਜਾਂ ਤੋਂ ਰਿਪੋਰਟ ਕੀਤੇ ਜਾਂਦੇ ਹਨ। ਇਨਾਂ ਰਾਜਾਂ ਵਿੱਚ ਓਡੀਸ਼ਾ, ਛੱਤੀਸਗੜ, ਝਾਰਖੰਡ, ਮੱਧ ਪ੍ਰਦੇਸ਼, ਮਹਾਰਾਸ਼ਟਰ ਅਤੇ ਕੁਝ ਉੱਤਰ-ਪੂਰਬੀ ਰਾਜ ਜਿਵੇਂ ਤ੍ਰਿਪੁਰਾ, ਮੇਘਾਲਿਆ ਅਤੇ ਮਿਜ਼ੋਰਮ ਸ਼ਾਮਲ ਹਨ। ਭਾਰਤ ਵਿਚ ਮਲੇਰੀਆ ਦੇ ਕੇਸ 2001 ਵਿਚ 2.08 ਮਿਲੀਅਨ ਤੋਂ ਘਟ ਕੇ 2017 ਵਿਚ 8.4 ਲੱਖ ਹੋ ਗਏ ਹਨ।

ਜਾਗਰੂਕਤਾ ਹੀ ਬਚਾਓ

- ਘਰਾਂ ਦੇ ਆਲੇ-ਦੁਆਲੇ ਛੋਟੇ ਟੋਇਆਂ ਵਿਚ ਪਾਣੀ ਇਕੱਠਾ ਨਾ ਹੋਣ ਦਿਓ।
- ਛੱਪੜਾਂ ’ਚ ਖੜੇ ਪਾਣੀ ’ਤੇ ਕਾਲੇ ਤੇਲ ਦਾ ਛਿੜਕਾਅ ਕਰੋ।
- ਅਜਿਹੇ ਕੱਪੜੇ ਪਹਿਨੋ, ਜਿਸ ਨਾਲ ਪੂਰਾ ਸਰੀਰ ਢਕਿਆ ਰਹੇ ਤਾਂ ਜੋ ਮੱਛਰ ਨਾ ਕੱਟ ਸਕਣ।
- ਸੌਣ ਵੇਲੇ ਮੱਛਰਦਾਨੀ, ਮੱਛਰ ਭਜਾਉਣ ਵਾਲੀਆਂ ਕਰੀਮਾਂ ਦਾ ਇਸਤੇਮਾਲ ਕਰੋ।
- ਹਰ ਹਫ਼ਤੇ ਕੂਲਰ, ਟੈਂਕੀ, ਗਮਲਿਆਂ ’ਚ ਪਾਣੀ ਬਦਲਿਆ ਜਾਵੇ।
- ਛੱਤ ’ਤੇ ਪਏ ਕਬਾੜ, ਟੁੱਟੇ ਬਰਤਨਾਂ ਵਿਚਲਾ ਪਾਣੀ ਨਸ਼ਟ ਕਰ ਦੇਵੋ।

ਮਲੇਰੀਆ ਦੇ ਮਰੀਜ਼ਾਂ ਦਾ ਟੈਸਟ ਤੇ ਇਲਾਜ ਸਰਕਾਰੀ ਸਿਹਤ ਸੰਸਥਾਵਾਂ ’ਚ ਮੁਫ਼ਤ ਕੀਤਾ ਜਾਂਦਾ ਹੈ। ਪੰਜਾਬ ਸਰਕਾਰ ਨੇ ‘ਪੰਜਾਬ ਮਲੇਰੀਆ ਖ਼ਾਤਮਾ ਮੁਹਿੰਮ’ ਅਧੀਨ ਸੂਬੇ ਦੇ ਸਮੁੱਚੇ 22 ਜ਼ਿਲਿਆਂ ’ਚ 2021 ਤਕ ਮਲੇਰੀਆ ਦੇ ਖ਼ਾਤਮੇ ਦਾ ਟੀਚਾ ਮਿੱਥਿਆ ਹੈ। ਮਲੇਰੀਆ ਦਾ ਇਲਾਜ ਸੰਭਵ ਹੈ ਬੱਸ ਜ਼ਰੂਰਤ ਹੈ ਸਹੀ ਸਮੇਂ ਤੇ ਇਲਾਜ ਕਰਨ ਦੀ। ਮਲੇਰੀਆ ਤੋਂ ਬਚਾਓ ਲਈ ਸਰਕਾਰ ਵਲੋਂ ਅਪਣੇ ਪੱਧਰ ’ਤੇ ਜਾਗਰੂਕਤਾ ਮੁਹਿੰਮ ਚਲਾਈ ਜਾ ਰਹੀ ਹੈ। ਸਾਡਾ ਸਭ ਦਾ ਵੀ ਫਰਜ਼ ਹੈ ਕਿ ਅਸੀਂ ਵਿਸ਼ਵ ਪੱਧਰ ਤੇ ਚੱਲ ਰਹੀ ਮਲੇਰੀਆ ਤੋਂ ਲੋਕਾਂ ਨੂੰ ਬਚਾਉਣ ਦੀ ਇਸ ਮੁਹਿੰਮ ਵਿੱਚ ਸਾਥ ਦੇਈਏ ਅਤੇ ਲੋਕਾਂ ਨੂੰ ਜਾਗਰੂਕ ਕਰੀਏ।

HOTHI FREIGHTLINES

HOTHI FREIGHTLINES

ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

- California to Michigan, New Jersey Florida & Texas
- Dedicated Load (ਪੱਕੇ ਲੋਡ)




ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

ਗੁਰਜੀਤ ਸਿੰਘ ਹੋਠੀ (408) 332-9355

248 South Hillview Dr Milpitas CA 95035

ਲੜੀ ਜੋੜਨ ਲਈ 16-22 ਅਪ੍ਰੈਲ ਦਾ ਪਿਛਲਾ ਅੰਕ ਦੇਖੋ

# ਜ਼.ਫਰਨਾਮਾ

ਇੰਦਰ ਸਿੰਘ ਫੂਲ

**ਮੰਗੋਲ / ਮੁ.ਗਲ:**

ਮੰਗੋਲ : ਖ਼ਾਨ ਤੇ ਖਾਨਿਮ, ਚੰਗੇਜ ਖਾਂ ਤੇ ਉਸ ਦੀਆਂ ਅਗਲੀਆਂ ਪੁਸ਼ਤਾਂ, ਜਿਸ ਤਰਾਂ ਚਗਾਤੇਖਾਨ, ਚੰਗੇਜਖਾਨ ਦਾ ਲੜਕਾ। ਕੁਤਲੁਗ ਨਿਗਾਰ ਖਾਨਿਮ (**Qutlugh Nigar Khanim**) ਬਾਬਰ ਦੀ ਮਾਂ-21ਵੀ ਪੁਸ਼ਤ ਵਿਚੋਂ, ਤੈਮੂਰ ਦੀ ਇਕ ਪਤਨੀ ਜੋ ਉਸ ਦੇ ਪਹਿਲੇ ਪਤੀ ਨੂੰ ਮਾਰ, **Saray Mulk Khanum** 13ਵੀਂ ਪੁਸ਼ਤ ਵਿਚੋਂ, ਜਿਸ ਕਰਕੇ ਤੈਮੂਰ ਚੰ.ਗੇਜ ਖਾਂ ਦਾ ਜਵਾਈ ਬਣਿਆ ਤੇ ਦੁਨੀਆ ਜਿੱਤੀ।ਪਰ ਇਸ ਦਾ ਮਤਲਬ ਇਹ ਵੀ ਨਹੀਂ ਕਿ ਉਹ ਮੰਗੋਲ ਹੋ ਗਿਆ। ਉਹ ਤੁਰਕ ਸੀ ਅਤੇ ਉਸ ਦੀਆਂ ਆਪਣੀਆਂ ਪੁਸ਼ਤਾਂ, ਤੁਰਕੀ, ਮਿਰਜ਼ਾ ਸੁਲਤਾਨ ਹੀ ਹੋਈਆਂ।

ਮੁਗਲ: ਮੁਗਲਸਥਾਨ ਦੇ ਰਹਿਣ ਵਾਲੇ। ਚਗਤਾਏਖਾਨ ਦਾ ਇਲਾਕਾ (**Transoxnia** ) ਦੋ ਹਿੱਸਿਆਂ ਵਿਚ ਵੰਡਿਆ ਗਿਆ ਸੀ-**Transoxnia** ਅਤੇ **Muglistan Transoxnia, Qazan Khan** ਨੂੰ ਮਿਲਿਆ ਤੇ ਬਾਅਦ ਵਿਚ ਤੈਮੂਰ ਨੇ ਜਿੱਤ ਲਿਆ। **Muglistan** ਜਿੱਥੇ (**(Moghul khan Tughluk Temur)** ਦਾ ਕਬਜਾ ਸੀ ਤੇ ਬਾਅਦ ਵਿਚ ਤੈਮੂਰ ਦਾ ਤੇ ਉਸ ਪਿਛੋਂ ਉਸ ਦੀਆਂ ਪੁਸ਼ਤਾਂ ਦਾ। ਉਹ ਵੀ ਮੁ.ਗਲ ਹੀ ਕਹਿ ਗਏ। ਕਿਉਂਕਿ ਤੈਮੂਰ ਨੇ 24 ਸਾਲ ਦੀ ਉਮਰ ਤੇ ਹੀ ਪਹਿਲੀ ਜੰਗ ਆਪਣਾ (**Barlas Clan**) ਦਾ ਇਲਾਕਾ ਬਚਾਉਣ ਲਈ ਮੁ.ਗਲਿਸਥਾਨ ਦਾ ਮੁਗੋਲਖਾਨ ਤੁਗਲੁਕ ਤੈਮੂਰ (**Moghul khan Tughluk Temur** ) ਵਲੋਂ ਲੜਿਆ ਤੇ ਜਦੋਂ ਉਹ ਆਪ (**Transoxania**) ਦਾ ਸੁਲਤਾਨ ਬਣ ਗਿਆ ਤਾਂ ਬਹੁਤ ਸਮਾਂ ਮੁਗਲਿਸਥਾਨ ਨੂੰ ਜਿੱਤਣ ਵਾਸਤੇ ਲਾਇਆ। ਕਈ ਸਾਲ ਵਿਚ, 9 ਵਾਰ ਹਮਲਾ ਕੀਤਾ। ਆਖਰ **Khizr Khoja** ਮੁਗਲ ਖਾਨ ਦਾ ਪੁੱਤਰ ਦਿਲ ਛੱਡ ਗਿਆ। ਤੈਮੂਰ ਨੇ ਉਸ ਨੂੰ ਮੁਗਲਿਸਥਾਨ ਦਾ (**Governor**) ਮੁਗਲ ਖਾਨ ਬਣਾ ਦਿਤਾ ਤੇ ਉਸ ਨੇ ਤੈਮੂਰ(1397) ਨੂੰ ਆਪਣੀ ਭੈਣ (**Tukal- Khanum**) ਦਾ ਰਿਸ਼ਤਾ ਦਿਤਾ, ਯਾਨੀਕਿ (ਵੱਡੇ ਖਾਨ) ਦੀ ਲੜਕੀ। ਜਿਹੜੀ ਕਿ ਛੋਟੀ ਕਰਕੇ ਜਾਣੀ ਗਈ। ਜਦ ਕਿ ਵੱਡੀ **Queen Saray Mulk Khanum** ਕਰਕੇ ਤੈਮੂਰ ਚੰ.ਗੇਜ ਖਾਨ ਦੀ ਵਣਸ਼ ਦਾ ਜਵਾਈ ਬਣਿਆ ਸੀ।

ਬਾਅਦ ਵਿਚ ਭਾਵੇਂ **Yunus Khan** (ਮੁੰਗੋਲ, ਜੋ ਬਾਅਦ ਵਿਚ ਬਾਬਰ ਦਾ ਨਾਨਾ ਬਣਿਆ) ਇਥੋਂ ਦਾ **Governor** ਬਣਿਆ, ਪਰ ਪਾਤਸ਼ਾਹ ਬਾਬਰ ਦਾ ਦਾਦਾ ਹੀ ਸੀ ਤੇ ਉਸ ਨੇ ਹੀ **Yunus Khan ù governor** ਬਣਾਇਆ ਸੀ। ਕਿਉਂਕਿ **Yunus Khan** ਆਪਣੇ ਛੋਟੇ ਭਰਾ ਕੋਲੋਂ ਹਾਰ ਕੇ ਬਾਬਰ ਦੇ ਦਾਦੇ ਕੋਲ ਸ਼ਰਨਾਰਥੀ ਬਣ ਗਿਆ ਸੀ। ਪਰ ਉਨਾਂ ਦੇ ਦੋਸਤਾਨਾਂ ਰਿਸ਼ਤਾ ਹੋਣ ਤੇ **Yunus Khan** ਨੇ ਆਪਣੀਆਂ ਤਿੰਨੇ ਕੁੜੀਆਂ ਦਾ ਰਿਸ਼ਤਾ ਬਾਬਰ ਦੇ ਦਾਦੇ ਦੇ ਤਿੰਨ ਮੁੰਡਿਆਂ ਨੂੰ ਕਰ ਦਿੱਤਾ। ਇਸ ਤਰਾਂ **Qutlug Nigar Khanim** ਬਾਬਰ ਦੀ ਮਾਂ ਬਣੀ। ਤੈਮੂਰ ਦੀ ਮੌਤ ਤੋਂ ਬਾਅਦ, **Sultan-Abusa'id Mirza** ਤੈਮੂਰ ਦਾ ਪੋਤਰਾ ਅਤੇ ਬਾਬਰ ਦਾ ਦਾਦਾ ਆਖਰੀ ਤੈਮੂਰਿਡ ਸੀ ਜਿਸ ਨੇ **Khurasan** ਅਤੇ **Transoxians** ਵਿਚੇ **Mughlistan** ਆਪ ਸੰਭਾਲਿਆ। ਉਸ ਤੋਂ ਬਾਅਦ ਜਾਇਦਾਦ ਅਗਲੀਆਂ ਪੁਸ਼ਤਾਂ ਵਿਚ ਵੰਡ ਦਿੱਤੀ ਗਈ। ਜਿਸ ਵਿਚੋਂ **Fergana Valley, Umar-Shaykh Mirza,** ਬਾਬਰ ਦੇ ਪਿਤਾ ਨੂੰ ਮਿਲੀ।

ਸਮਝਣ ਸਮਝਾਉਣ ਲਈ, ਬਾਬਰਨਾਮੇ ਕਿਤਾਬ ਦੀ ਇਕ ਲਿਖਤ:

ਬਾਬਰ ਦਾ ਬਾਪ(**Umar-Shaykh Mirza** ) ਆਪਣੇ ਭਰਾਵਾਂ, ਸੌਹਰੇ (**Yunus Khan** ) ਤੇ ਸਾਲੇ ਦੀ ਮਦਦ ਲੈਂਦਾ ਹੋਇਆ **Smarkand** (ਤੈਮੂਰ ਦੀ ਆਪਣੀ ਰਾਜਧਾਨੀ) ਆਪਣੇ ਰਿਸ਼ਤੇਦਾਰਾਂ ਕੋਲੋਂ ਖੋਹਣ ਦੀ ਕੋਸ਼ਿਸ਼ਾਂ ਕਰਦਾ ਰਿਹਾ ਤੇ ਇਸ ਤਰਾਂ ਹੀ ਬਾਬਰ ਵੀ ਉਸ ਨਾਲ, ਤੇ ਉਸਦੀ ਮੌਤ ਪਿਛੋਂ ਵੀ ਜੋ **Fergana Valley** ਦਾ 14 ਸਾਲ ਦੀ ਉਮਰ ਵਿਚ ਪਾਤਸ਼ਾਹ ਬਣਾ ਦਿੱਤਾ ਗਿਆ। ਆਖਰ ਦੋਨੋ ਧਿਰਾਂ ਲੜਦੀਆਂ ਏਨੀਆਂ ਕਮਜੋਰ ਹੋ ਗਈਆਂ ਕਿ ਤੀਸਰੀ, ਮੰਗੋਲਾਂ ਦੀ ਨਵੀਂ ਧਿਰ (**Uzbeks** ) ਜਿੱਤ ਗਈ। ਬਾਬਰ ਨੇ ਉਥੋਂ ਭੱਜ **Afganistan** ਜਾ ਜਾਨ ਬਚਾਈ। ਇਸ ਸਮੇਂ ਤੱਕ, ਸਿਰਫ਼ ਬਾਬਰ ਹੀ ਤੈਮੂਰ ਦੇ ਖਾਨਦਾਨ 'ਚੋਂ ਰਹਿ ਗਿਆ ਸੀ।

ਬਾਬਰ ਦੇ ਮਨ ਵਿਚ ਇਹ ਰਹਿੰਦਾ ਸੀ ਕਿ ਭਾਰਤ ਉਨਾਂ ਦਾ ਜਿੱਤਿਆ ਹੋਇਆ ਦੇਸ਼ ਹੈ, (ਜੋ ਤੈਮੂਰ ਨੇ 1398 ਵਿਚ ਜਿੱਤ ਲਿਆ ਸੀ।)। ਕਈ ਕੋਸ਼ਿਸ਼ਾਂ ਤੋਂ ਬਾਅਦ, ਆਖਰ ਬਾਬਰ ਨੇ ਜਿੱਤ ਹੀ ਲਿਆ, ਜੋ ਤੈਮੂਰਿਡ ਰਾਜ ਦੀ ਤਰਾਂ ਸ਼ੁਰੂ ਹੋਇਆ। ਬਾਬਰ ਦੀ ਮੌਤ ਚਾਰ ਸਾਲ ਬਾਅਦ ਹੀ 1530 ਵਿਚ ਹੋ ਗਈ।

ਬਬਰ ਦਾ ਪੁੱਤਰ **Humayun** (1530-1556) ਰਾਜਗੱਦੀ ਤੇ ਬੈਠਾ, ਪਰ ਉਸ ਕੋਲੋਂ ਰਾਜ (ਸ਼ੇਰ ਸ਼ਾਹ ਸੂਰੀ) ਨੇ ਖੋ ਲਿਆ ਤੇ ਉਹ ਇਰਾਨ ਭੱਜ **'Shah Tahmash of Iran'** ਕੋਲ ਜਾ ਸ਼ਰਨ ਲਈ। ਜਿਥੇ ਤੈਮੂਰ ਦਾ ਬਹੁਤ ਲੰਬਾ **(turco-Persian Tumurid)** ਤੈਮੂਰਿਡ, ਰਾਜ ਰਿਹਾ ਸੀ ਤੇ ਉਸ ਦੇ ਪੜਦਾਦੇ ਤੇ ਪੜਨਾਨੇ ਦੇ ਸਮੇਂ ਮੁਗਲ ਰਾਜ ਨਾਂ ਨਾਲ ਪਰਭਾਵਕ ਸੀ। **Shah** ਦੀ ਮਦਦ ਨਾਲ ਫਿਰ ਫ਼ੌਜ ਤਿਆਰ ਕੀਤੀ ਤੇ ਭਾਰਤ ਆ ਜਿੱਤਿਆ। ਇਸ ਵਾਰੀ ਉਸ ਦਾ ਰਾਜ ਮੁ.ਗਲ ਰਾਜ ਕਹਾਇਆ। ਇਸ ਤਰਾਂ ਇਰਾਨ ਦਾ ਭਾਰਤ ਦੀ ਰਾਜਨੀਤੀ 'ਤੇ ਪ੍ਰਭਾਵ ਰਿਹਾ।

ਉਸ ਦੀਆਂ ਅਗਲੀਆਂ ਪੁਸ਼ਤਾਂ ਵਿਚ ਔਰੰਗਜ਼ੇਬ ਰਾਜਾ ਹੋਇਆ, ਜਿਸ ਦਾ ਰਵੱਈਆ ਸਿੱਖਾਂ ਨਾਲ ਬਹੁਤ ਬੁਰਾ



ਸੀ। ਉਹ ਸੱਭ ਨੂੰ ਮਾਰ ਮੁਕਾ, ਖਾਲਸਾ ਪੰਥ ਖਤਮ ਕਰਨਾ ਚਾਹੁੰਦਾ ਸੀ।

ਜ਼.ਫਰਨਾਮਾ ਗੁਰੂ ਗੋਬਿੰਦ ਸਿੰਘ

ਟੀਕਾਕਾਰ - ਪੰਡਿਤ ਨਰੈਣ ਸਿੰਘ ਜੀ ਗਿਆਨੀ

**ਕਸਮ ਮੁਸਹਫੇ ਖਫੀਯਹ ਗਰ ਈਂ ਖੁਰਮ ।।**
**ਨ ਫਉਜੇ ਅਜ਼ੀਜ਼ੇ ਰਾ ਸੁਮ ਅਫਕੁਨਮ ।।**

ਜੇਕਰ ਇਸ ਤੇਰੀ ਕੁਰਾਨ ਦੀ ਖਾਦੀ ਸੌਂ ਵਰਗਾ ਧੋਖਾ ਮੈਂ ਵੀ ਮਨ ਵਿਚ ਰਖਦਾ ਤਾਂ ਮੈਂ ਵੀ ਆਪਣੀ ਪਿਆਰੀ ਫੌਜ ਨੂੰ ਲੰਗੜਾ ਨਾ ਕਰਵਾ ਲੈਂਦਾ ਭਾਵ ਐਵੇਂ ਨਾ ਮਰਵਾ ਦੇਂਦਾ ।੧੮।

**ਚਿਹਾ ਸ਼ੁਦ ਕਿ ਚੂੰ ਬੱਚਗਾਂ ਕੁਸ਼ਤਹ ਚਾਰ ।।**
**ਕਿ ਬਾਕੀ ਬਿਮਾਦਸਤ ਪੇਚੀਦਹ ਮਾਰ ।।੭੮ ।।**

ਕੀ ਹੋਇਆ ਜਦ ਤੂੰ (ਮੇਰੇ) ਚਾਰ ਪੁੱਤਰ ਮਾਰ ਸੁਟੇ ਹਨ। ਕੁਡਲੀਦਾਰ ਸੱਪ ਤਾਂ ਪਿਛੇ ਰਹਿੰਦਾ ਹੈ ।੭੮।

'ਦੁਖ ਇਸ ਗਲ ਦਾ ਹੈ ਕਿ ਛੋਟੇ, ਅਜੇ ਕੁਝ ਕਰਨ ਜੋਗੇ ਨਹੀਂ ਸਨ। ਉਨਾਂ ਨੇ ਬੇ-ਰਹਿਮੀ ਨਾਲ ਮਾਰ ਦਿੱਤੇ ਹਨ।'

ਗੁਰੂ ਜੀ ਨੇ ਕੁਰਾਨ ਦੀਆਂ ਕਸਮਾਂ ਤੇ ਵਿਸ਼ਵਾਸ਼ ਕੀਤਾ ਤੇ ਅਨੰਦਪੁਰ ਸਾਹਿਬ ਦਾ ਇਲਾਕਾ ਛਡਣ ਦਾ ਫੈਸਲਾ ਕਰ ਲਿਆ, ਪਰ ਇਹ ਇਕ ਧੋਖਾ ਸੀ। ਉਨਾਂ ਦਾ ਇਰਾਦਾ ਸੀ, ਕਿ ਸਭ ਨੂੰ ਮਾਰ ਮੁਕਾ ਸਿੱਖ ਧਰਮ ਨੂੰ ਖਤਮ ਕੀਤਾ ਜਾਏ। ਪਰ ਗੁਰੂ ਜੀ ਫਿਰ ਵੀ ਬੇ-ਸ਼ੁਮਾਰ ਦੁਸ਼ਮਨ ਦੀ ਫੌਜ ਵਿਚੋਂ ਬੱਚ ਨਿਕਲੇ। ਜਦ ਗੁਰੂ ਜੀ ਨੂੰ ਪਤਾ ਲੱਗਾ ਕਿ ਛੋਟੇ ਸਾਹਿਬਜ਼ਾਦਿਆਂ ਨੂੰ ਬਹੁਤ ਹੀ ਬੇਰਹਿਮੀ ਨਾਲ ਮਾਰ ਦਿੱਤਾ ਗਿਆ ਹੈ ਤਾਂ ਉਨਾਂ 'ਮੁਗਲ ਰਾਜ ਦੇ ਖਾਤਮੇ ਦਾ ਨਿਸਚਾ ਕਰ', ਔਰੰਗਜੇਬ ਨੂੰ ਚਿੱਠੀ ਲਿਖੀ, ਜਿਸ ਦਾ ਨਾਂ 'ਜ਼.ਫਰਨਾਮਾ' (ਖਾਲਸੇ ਦੀ ਜਿੱਤ) ਰੱਖਿਆ। ਬਹੁਤ ਸਾਰੇ ਲੇਖਕ ਇਸ ਜਿੱਤ ਨੂੰ ਗੁਰੂ ਜੀ ਦੇ ਕਾਂਗੜੇ ਪਹੁੰਚਣ ਨੂੰ ਹੀ ਸਮਝਦੇ ਹਨ ਤੇ ਕਈ ਗੁਰੂ ਜੀ ਦੀ ਕਲਮ ਦੀ ਤਾਕਤ ਨੂੰ। ਪਰ ਜਦੋਂ ਔਰੰਗਜੇਬ ਨੇ ਇਸ ਚਿੱਠੀ ਦਾ ਨਾਂ ਪੜਿਆ ਤੇ ਅੱਗੇ ਪੜਿਆ :

**ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ ।।**
**ਹਲਾਲ ਅਸਤੁ ਬੁਰਦਨ ਬ ਸ਼ਮਸ਼ੇਰ ਦਸਤ ।।੨੨ ।।**

ਜਦੋਂ ਨੀਤੀ ਦੇ ਸਾਰੇ ਢੰਗ, ਤਰੀਕਿਆਂ ਤੋਂ ਕੰਮ ਲੰਘ ਜਾਵੇ ਤਾਂ ਤਲਵਾਰ ਉੱਤੇ ਹੱਥ ਲੈ ਜਾਣਾ ਯੋਗ ਹੈ। ੨੨।

ਉਸ ਨੂੰ ਏਸੀ ਗਸ਼ ਪਈ ਕਿ ਧਰਤੀ ਤੇ ਕੁਝ ਮਹੀਨਿਆਂ ਦਾ ਪਰਾਉਣਾ ਬਣ ਕੇ ਹੀ ਰਹਿ ਗਿਆ। ਉਸ ਨੂੰ ਆਪਣੇ ਵੱਡੇ ਪੁਰਖੇ (ਤੈਮੂਰ) ਦਾ ਲਿਖਿਆ 'ਜ਼.ਫਰਨਾਮਾ' ਯਾਦ ਆ ਗਿਆ, ਭਾਵ ਉਹ ਸਭ ਜੁਰਮ ਜੋ ਉਸ ਨੇ ਕੀਤੇ ਸਨ - ਔਰੰਗਜ਼ੇਬ ਨੂੰ ਮੁ.ਗਲ ਰਾਜ ਖਾਤਮੇ ਦਾ ਗੁਰੂ ਜੀ ਵਲੋਂ ਸੁਨੇਹਾ ਮਿਲ ਗਿਆ। ਮੇਰੀ ਆਪਣੀ ਬੁੱਧੀ ਇਹ ਕਹਿੰਦੀ ਹੈ ਕਿ ਗੁਰੂ ਜੀ ਦੇ ਇਹ ਜ਼.ਫਰਨਾਮਾ ਲਿਖਣ ਦੇ ਪਿੱਛੇ - ਸਾਹਿਬਜਾਦਿਆਂ ਦਾ 'ਕੌਮੀ ਸਿਰੜ' ਇਰਾਦਾ ਸੀ ਤੇ ਅਸੀਂ ਸਭ ਉਨਾਂ ਦੇ ਦੇਣਦਾਰ ਹਾਂ।

ਗੁਰੂ ਜੀ ਨੇ ਇਸ ਕੰਮ ਲਈ ਬੰਦਾ ਸਿੰਘ ਬਹਾਦਰ ਨੂੰ ਚੁਣਿਆ, ਭਾਵੇਂ ਗੁਰੂ ਜੀ ਇਹ ਕੰਮ ਆਪ ਹੀ ਕਰ ਸਕਦੇ ਸਨ, ਪਰ ਉਨਾਂ ਗੁਰੂ ਨਾਨਕ ਦੀ ਦਸਵੀਂ ਜੋਤ ਬਣ ਕੇ ਹੀ ਵਿਚਰਨਾ ਸੀ ਤੇ ਸਮਾਜ ਨੂੰ ਸਚਿਆਰਾ (ਸੰਤ ਸਿਪਾਹੀ, ਵਾਹਿਗੁਰੂ ਜੀ ਕਾ ਖਾਲਸਾ) ਬਣਾਉਂਦੇ ਰਹਿਣਾ ਸੀ, ਜਿੱਥੇ ਰਾਜੇ ਆਪਣੀ ਜਿੱਤ ਲਈ ਸਭ ਹੱਦਾਂ ਟੱਪਣੀਆਂ ਜਾਇਜ਼ ਸਮਝਦੇ ਹਨ। ਇਸ ਤਰਾਂ ਹੀ ਗੁਰੂ ਜੀ ਨੇ 'ਸ਼ਰਾਬੀ ਹਾਥੀ ਦੇ ਮੁਕਾਬਲੇ' ਦਾ ਕੰਮ ਭਾਈ ਬਚਿੱਤਰ ਸਿੰਘ ਨੂੰ ਸੌਂਪਿਆ ਸੀ ਤੇ ਉਸ ਨੇ ਬਹੁਤ ਹੀ ਸੂਰਬੀਰਤਾ ਨਾਲ ਨਿਭਾਇਆ ਸੀ। ਇਸ ਤਰਾਂ ਜ਼.ਫਰਨਾਮੇ ਦਾ ਪਹਿਲਾ ਮਤਲਬ ਗੁਰੂ ਨਾਨਕ ਦੀ ਜੋਤਿ ਜਗਦੀ ਰੱਖਣਾ, (ਜੋ ਜਗਦੀ ਰਹੀ) ਅਤੇ ਅੰਤ ਗ੍ਰੰਥ ਸਾਹਿਬ ਵਿਚ ਅਭੇਦ ਹੋ 'ਗੁਰੂ ਗ੍ਰੰਥ ਸਾਹਿਬ' ਬਣ ਗਈ, ਜਿੱਥੇ ਹਮੇਸ਼ਾ ਜਗਦੀ ਰਹੇਗੀ ਤੇ ਸਭ ਸਿੱਖਾਂ ਨੂੰ ਗੁਰੂ ਜੀ ਦਾ ਹੁਕਮ ਹੈ 'ਗੁਰੂ ਮਾਨਿਉ ਗਰੰਥ'। ਗੁਰੂ ਸਾਹਿਬ ਨੇ ਪਹਿਲਾਂ ਹੀ ਖਾਲਸਾ ਬਣਾ ਕੇ ਵਾਹਿਗੁਰੂ ਜੀ ਨੂੰ ਸੌਂਪ ਦਿੱਤਾ ਸੀ। ਪਹਾੜੀ ਰਾਜਿਆਂ ਨੂੰ ਖਾਲਸੇ ਪੰਥ ਦੀ ਚੜਦੀ ਕਲਾ ਤੋਂ ਖਤਰਾ ਹੋਣ ਗਿਆ ਸੀ। ਉਨਾਂ ਅਨੰਦਪੁਰ ਸਾਹਿਬ ਦੀ ਜਗਾ ਦਾ ਮੁਆਮਲਾ ਨਾ ਤਾਰਨ ਦਾ ਬਹਾਨਾ ਬਣਾ ਕੇ ਗੁਰੂ ਜੀ ਨੂੰ ਉਥੋਂ ਕੱਢਣਾ ਚਾਹਿਆ, ਕਿਉਂਕਿ ਉਨਾਂ ਨੂੰ ਵਜੀਰ ਖਾਨ ਨੂੰ ਮੁਆਮਲਾ ਤਾਰਨਾ ਪੈਂਦਾ ਸੀ ਤੇ ਵਜੀਰ ਖਾਂਨ ਨੂੰ ਔਰੰਗਜੇਬ ਨੂੰ। ਪਰ ਰਾਜਾ ਹਮੇਸ਼ਾ ਨਹੀਂ ਰਹਿੰਦਾ- ਜਿਹੜਾ ਜਿੱਤ ਗਿਆ, ਉਹੀ ਰਾਜਾ। ਗੁਰੂ ਜੀ ਨੇ ਖਾਲਸੇ ਨੂੰ ਵਾਹਿਗੁਰੂ ਜੀ ਦੇ ਅਧੀਨ ਹੀ ਰਖਿਆ ਤੇ ਫਤਿਹ ਵੀ ਵਾਹਿਗੁਰੂ ਜੀ ਕੀ। (ਚਲਦਾ...)

# ਸਾਡੇ ਵਿਕਾਸ ਵਿਚ ਸਾਂਝੇ ਪਰਿਵਾਰ ਦੀ ਮਹੱਤਤਾ

ਰਮਿੰਦਰ ਸਿੰਘ ਗਿੱਲ

ਘਰ ਪਰਿਵਾਰ

ਪਹਿਲਾਂ ਪਹਿਲ ਸਾਂਝੇ ਟੱਬਰਾਂ ਦਾ ਆਕਾਰ ਬਹੁਤ ਵੱਡਾ ਹੁੰਦਾ ਸੀ। ਇਸ ਦੇ ਦੋ ਕਾਰਨ ਸਨ, ਇਕ ਤਾਂ ਇਹ ਸੀ ਕਿ ਹਰੇਕ ਵਿਆਹੁਤਾ ਜੋੜੇ ਦੇ ਔਸਤਨ ਪੰਜ-ਛੇ ਬੱਚੇ ਹੁੰਦੇ ਸਨ। ਦੂਸਰਾ ਕਾਰਨ ਇਹ ਸੀ ਕਿ ਪੁਰਾਣੇ ਸਮਿਆਂ ਵਿਚ ਕੁਦਰਤ ਦੇ ਸਾਧਨ ਅਸੀਮਤ ਤੇ ਵਿਸ਼ਾਲ ਸਨ। ਪਰ ਜਿਉਂ-ਜਿਉਂ ਕੁਦਰਤੀ ਸਾਧਨਾਂ ਉੱਤੇ ਵਸੋਂ ਦਾ ਦਬਾਅ ਵਧਦਾ ਗਿਆ ਤੇ ਸੱਭਿਅਤਾ ਦਾ ਵਿਕਾਸ ਹੁੰਦਾ ਗਿਆ। ਸਾਂਝੇ ਪਰਿਵਾਰਾਂ ਦਾ ਆਕਾਰ ਵੀ ਸੀਮਤ ਹੁੰਦਾ ਗਿਆ।

ਪਿਛਲੇ ਸਾਲਾਂ ਵਿਚ ਹੋਏ ਤੇਜ਼ ਸਨਅੱਤੀ ਵਿਕਾਸ ਨੇ ਇਕ ਪੂੰਜੀਪਤੀ ਸ਼੍ਰੇਣੀ ਪੈਦਾ ਕਰ ਦਿੱਤੀ। ਖੇਤੀਬਾੜੀ ਦੇ ਪੁਰਾਤਨ ਢੰਗ ਤਰੀਕੇ ਬਦਲ ਗਏ। ਖੂਹਾਂ ਅਤੇ ਹਲਾਂ ਪੰਜਾਲੀਆਂ ਦੀ ਥਾਂ ਟਿਊਬਵੈੱਲਾਂ ਤੇ ਟਰੈਕਟਰਾਂ ਨੇ ਲੈ ਲਈ। ਫ਼ਸਲ ਦੀ ਕਟਾਈ ਗਹਾਈ ਵਾਸਤੇ ਹਾਰਵੈਸਟਰ ਕੰਬਾਈਨਾਂ ਆ ਗਈਆਂ। ਬੜੀ ਤੇਜ਼ੀ ਨਾਲ ਖੇਤੀਬਾੜੀ ਦਾ ਵਪਾਰੀਕਰਨ ਤੇ ਮਸ਼ੀਨੀਕਰਨ ਹੋਇਆ। ਰੁਜ਼ਗਾਰ ਦੀ ਪ੍ਰਾਪਤੀ ਵਾਸਤੇ ਲੋਕ ਪਿੰਡਾਂ ਤੋਂ ਸ਼ਹਿਰਾਂ ਤੇ ਦੂਰ-ਦੁਰਾਡੇ ਥਾਵਾਂ 'ਤੇ ਵਿਦੇਸ਼ਾਂ ਵੱਲ ਜਾਣ ਲੱਗੇ। ਲੋਕ ਆਪਣੇ ਸਾਂਝੇ ਟੱਬਰ ਦੀਆਂ ਸੀਮਤ ਵਲਗਣਾਂ ਦੇ ਘੇਰੇ ਤੋੜ ਕੇ ਲਾਹੇਵੰਦ ਰੁਜ਼ਗਾਰ ਪ੍ਰਾਪਤ ਕਰਨ ਲਈ ਦੂਰ-ਦੂਰ ਥਾਵਾਂ 'ਤੇ ਵਸਣ ਲੱਗੇ।

ਮਨੁੱਖ ਸਮਾਜਿਕ ਪ੍ਰਾਣੀ ਜ਼ਰੂਰ ਹੈ, ਪਰ ਉਸ ਵਿਚੋਂ ਸਮੂਹਿਕ ਸੋਚ ਅਲੋਪ ਹੋ ਰਹੀ ਹੈ। ਨਿਜਵਾਦੀ ਰੁਚੀਆਂ ਉਸ ਵਿਚ ਪ੍ਰਬਲ ਹੋ ਰਹੀਆਂ ਹਨ। 'ਆਪਣਾ ਕੰਮ ਕੀਤਾ ਤੇ ਖ਼ਸਮਾਂ ਨੂੰ ਖਾਏ ਜੀਤਾ' ਵਾਲੀ ਸੋਚ ਮਨੁੱਖ 'ਤੇ ਭਾਰੂ ਹੋ ਰਹੀ ਹੈ। ਸਾਂਝੇ ਘਰਾਂ ਵਿਚ ਵੀ ਜਦ ਪਰਿਵਾਰ ਦੇ ਮੈਂਬਰ ਆਪਣੇ ਨਿੱਜੀ ਹਿੱਤਾਂ ਤੇ ਰੁਚੀਆਂ ਨੂੰ ਟੱਬਰ ਦੇ ਸਮੂਹਿਕ ਹਿੱਤਾਂ ਨਾਲੋਂ ਪਹਿਲ ਦੇਣੀ ਸ਼ੁਰੂ ਕਰ ਦਿੰਦੇ ਹਨ ਤਾਂ ਅੰਤ ਵਿਚ ਉਨਾਂ ਦਾ ਇਕੱਠ ਨਹੀਂ ਰਹਿ ਜਾਂਦਾ।

ਵੱਡੇ ਪਰਿਵਾਰਾਂ ਵਿਚ ਮੈਂਬਰਾਂ ਦੀ ਗਿਣਤੀ ਜ਼ਿਆਦਾ ਹੋਣ ਕਾਰਨ ਸੁਭਾਅ, ਰੁਚੀਆਂ, ਆਦਤਾਂ, ਦ੍ਰਿਸ਼ਟੀਕੋਣ ਤੇ ਸ਼ੌਕ ਵੱਖ-ਵੱਖ ਹੁੰਦੇ ਹਨ। ਜੇਕਰ ਸਾਰੇ ਮੈਂਬਰ ਇਕ ਦੂਸਰੇ ਨਾਲ ਹਮਦਰਦੀ, ਮਿਲਵਰਤਣ, ਪਿਆਰ, ਸਤਿਕਾਰ ਤੇ ਸਹਿਣਸ਼ੀਲਤਾ ਨਾਲ ਰਹਿਣ ਤਾਂ ਪਰਿਵਾਰ ਦੀ ਜ਼ਿੰਦਗੀ ਸੁੱਖਾਂ ਨਾਲ ਭਰਪੂਰ ਤੇ ਅਨੰਦਮਈ ਹੁੰਦੀ ਹੈ। ਪਰ ਅਸਲ ਵਿਚ ਅਜਿਹਾ ਨਹੀਂ ਹੁੰਦਾ। ਹਰੇਕ ਮੈਂਬਰ ਜਦ ਆਪਣੀ ਹਉਮੈ ਨੂੰ ਪੱਠੇ ਪਾਉਣਾ



ਚਾਹੁੰਦਾ ਹੈ ਤਾਂ ਕਲੇਸ਼ ਸ਼ੁਰੂ ਹੋ ਜਾਂਦਾ ਹੈ। ਅੰਤ ਪਰਿਵਾਰ ਖੇਰੂੰ-ਖੇਰੂੰ ਹੋ ਜਾਂਦਾ ਹੈ।

ਬਹੁਤੇ ਸਾਂਝੇ ਘਰਾਂ ਵਿਚ ਘਰੇਲੂ ਕੰਮਾਂ ਤੇ ਹੋਰ ਕੰਮਾਂ ਦੇ ਨਿਪਟਾਰੇ ਸਬੰਧੀ ਪਹੁੰਚ ਵਿਗਿਆਨਕ ਤੇ ਯਥਾਰਥਵਾਦੀ ਨਹੀਂ ਹੁੰਦੀ। ਹਰੇਕ ਮੈਂਬਰ ਆਪਣੀ ਹੀ ਡਫਲੀ ਵਜਾਉਣਾ ਚਾਹੁੰਦਾ ਹੈ। ਕੁਝ ਮੈਂਬਰ ਆਪਣਾ ਤਾਨਾਸ਼ਾਹੀ ਰਵੱਈਆ ਧਾਰਨ ਕਰੀ ਰੱਖਦੇ ਹਨ। ਹਰੇਕ ਮੈਂਬਰ ਦੀ ਘਰ ਦੇ ਕੰਮਾਂ ਵਿਚ ਸਲਾਹ ਲਈ ਜਾਣੀ ਚਾਹੀਦੀ ਹੈ। ਅਜਿਹਾ ਕਰਨ ਨਾਲ ਸਾਂਝਾ ਪਰਿਵਾਰ ਕਦੇ ਵੀ ਨਹੀਂ ਟੁੱਟੇਗਾ।

ਸਾਂਝੇ ਪਰਿਵਾਰ ਉਦੋਂ ਵੀ ਟੁੱਟਦੇ ਹਨ ਜਦ ਜ਼ਿਆਦਾ ਕਮਾਊ ਮੈਂਬਰ ਚੋਰੀ ਛਿਪੇ ਆਪਣੀ ਪੂੰਜੀ ਕਿਧਰੇ ਹੋਰ ਲਾਉਣਾ ਸ਼ੁਰੂ ਕਰ ਦਿੰਦਾ ਹੈ। ਸਾਂਝੇ ਟੱਬਰਾਂ ਦੇ ਗੁਣ ਵੀ ਹਨ ਤੇ ਔਗੁਣ ਵੀ। ਜੇਕਰ ਪਰਿਵਾਰ ਦੇ ਸਾਰੇ ਮੈਂਬਰਾਂ ਵਿਚ ਆਪਸੀ ਪਿਆਰ, ਸਦਭਾਵਨਾ, ਹਮਦਰਦੀ, ਇਮਾਨਦਾਰੀ ਤੇ ਸਹਿਣਸ਼ੀਲਤਾ ਹੋਵੇ ਤਾਂ ਘਰ ਸਵਰਗ ਸਮਾਨ ਹੁੰਦਾ ਹੈ। ਜੇਕਰ ਵੱਡਿਆਂ ਦਾ ਸਤਿਕਾਰ ਹੋਵੇ, ਛੋਟਿਆਂ ਨਾਲ ਪਿਆਰ ਹੋਵੇ, ਕੰਮਕਾਜ ਕਰਨ ਵਿਚ ਜਿੱਦ-ਰੀਸ ਨਾ ਹੋਵੇ ਤਾਂ ਸਾਂਝੇ ਪਰਿਵਾਰ ਧਰਤੀ ਉੱਤੇ ਸਵਰਗ ਰੂਪੀ ਛੋਟੇ-ਛੋਟੇ ਟਾਪੂ ਹੀ ਹੋਣਗੇ।

**ਅਦਾਰਾ 'ਅੰਮ੍ਰਿਤਸਰ ਟਾਈਮਜ਼' ਵੱਲੋਂ ਆਪਣੇ ਪਾਠਕਾਂ ਲਈ ਸਿੱਖ ਧਰਮ ਦੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲੇਖ ਲੜੀ ਸ਼ੁਰੂ ਕੀਤੀ ਗਈ ਹੈ। ਇਸ ਲੜੀ ਤਹਿਤ ਹਥਲਾ ਲੇਖ ਪਾਠਕਾਂ ਲਈ ਪੇਸ਼ ਕੀਤਾ ਜਾ ਰਿਹਾ ਹੈ - ਸੰਪਾਦਕ**

# ਖ਼ੁਰਸ਼ੀਦ ਪੈ.ਗੰਬਰੀ ਅਜ਼ਮਤ-ਗੁਰੂ ਤੇਗ ਬਹਾਦਰ ਸਾਹਿਬ ਜੀ

**ਸੁਰਜੀਤ ਸਿੰਘ "ਦਿਲਾ ਰਾਮ"**

**(ਪੁਸਤਕ: ਨਾਨਕ ਬੇੜੀ ਸਚ ਕੀ)**

ਬਰਾਨਾ ਦੇਸ਼ ਵਿੱਚ ਹੀ ਗੁਰੂ ਜੀ ਨੇ ਤੰਬਾਕੂ ਨੂੰ ਹੱਥ ਨਾ ਲਾਉਣ, ਨਾ ਉਗਾਉਣ ਤੇ ਨਾ ਪੀਣ ਦਾ ਹੁਕਮ ਦਿੱਤਾ।ਜਿੱਥੇ ਜਿੱਥੇ ਗੁਰੂ ਤੇਗ ਬਹਾਦਰ ਸਾਹਿਬ ਜਾਂਦੇ ਉੱਥੇ ਲੋਕਾਂ ਵਿੱਚ ਨਵੀਂ ਜਿੰਦ ਤੇ ਨਵਾਂ ਰੂਪ, ਨਵਾਂ ਉਤਸ਼ਾਹ ਤੇ ਉਮਾਹ ਜਾਗ ਉੱਠਦਾ ਤੇ ਠਾਠਾਂ ਮਾਰਨ ਲੱਗ ਪੈਂਦਾ ।ਦੂਰੋਂ ਦੂਰੋਂ ਲੋਕ ਆਪ ਜੀ ਦੇ ਦਰਸ਼ਨ ਕਰਨ ਤੇ ਉਪਦੇਸ਼ ਸੁਣਨ ਲਈ ਆਉਂਦੇ ਸਨ।

ਕੁਰੁਕਸ਼ੇਤਰ ਇੱਕ ਐਸੀ ਥਾਂ ਹਾਂ ਜਿੱਥੇ ਅੱਠ ਗੁਰੂ ਸਾਹਿਬਾਨ ਨੇ ਚਰਨ ਪਾਏ ਹਨ। ਗੁਰੂ ਅੰਗਦ ਸਾਹਿਬ ਤੇ ਗੁਰੂ ਅਰਜਨ ਸਾਹਿਬ ਜੀ ਤੋਂ ਸਿਵਾਏ ਹੋਰ ਸਾਰੇ ਗੁਰੂ ਸਾਹਿਬਾਨ ਇਥੇ ਆਏ ਸਨ ।

ਇਥੋਂ ਦੇ ਲੋਕ ਸੂਰਜ ਗ੍ਰਹਿਣ ਨੂੰ ਪਵਿੱਤਰ ਮੰਨਦੇ ਸਨ।ਸੂਰਜ ਗ੍ਰਹਿਣ ਵੇਲੇ ਜਦੋਂ ਲੋਕ ਇਕੱਠੇ ਹੋਏ ਤਾਂ ਗੁਰੂ ਸਾਹਿਬ ਨੇ ਸੰਗਤ ਦੀ ਮਹੱਤਤਾ ਦ੍ਰਿੜਾਈ। ਉਸ ਸਮੇਂ ਇੱਕ ਸਿੱਖ ਨੇ ਪੁੱਛਿਆ ਮਹਾਰਾਜ! ਗੁਰੂ ਦਾ ਪੁਰਬ ਕਿਹੜਾ ਹੈ? ਤਾਂ ਗੁਰੂ ਨੇ ਕਿਹਾ! ਜਿਸ ਦਿਨ ਸੰਗਤ ਦਾ ਜੋੜ ਮੇਲਾ ਹੋਵੇ ਉਹ ਦਿਨ ਸਦੀਵ ਹੀ ਗੁਰਪੁਰਬ ਹੈ। ਗੁਰੂ ਤੇ ਸੰਗਤ ਇਕ ਹੀ ਰੂਪ ਹੈ। ਇੱਥੇ ਹੀ ਗੁਰੂ ਜੀ ਨੇ ਲੋਕਾਂ ਨੂੰ ਧਰਮ ਦੀ ਸੋਝੀ ਕਰਵਾਈ ਅਤੇ ਬ੍ਰਾਹਮਣੀ ਕਰਮ ਕਾਂਡਾਂ ਦੇ ਚੱਕਰਾਂ ਵਿੱਚੋਂ ਕੱਢਿਆ ।ਜਦੋਂ ਇਲਾਕਾ ਵਾਸੀਆਂ ਨੂੰ ਪਤਾ ਲੱਗਿਆ ਕਿ ਗੁਰੂ ਨਾਨਕ ਸਾਹਿਬ ਜੀ ਦੇ ਹੀ ਗੱਦੀ ਦੇ ਵਾਰਸ ਇੱਥੇ ਆਏ ਹਨ ਤਾਂ ਸਭ ਸੰਗਤਾਂ ਹੁਮ-ਹੁਮਾ ਕੇ ਗੁਰੂ ਜੀ ਦੇ ਦਰਸ਼ਨਾਂ ਨੂੰ ਆਈਆਂ ਤੇ ਗੁਰੂ ਜੀ ਦੇ ਉਪਦੇਸ਼ ਸਰਵਨ ਕੀਤੇ ।

ਇਸ ਤੋਂ ਬਾਅਦ ਜੀ ਆਪ ਜੀ ਬਦਰਪੁਰ ਪਹੁੰਚੇ। ਉਥੋਂ ਦੇ ਵਾਸੀ ਜਲ ਦੇ ਥੋੜੇ ਹੋਣ ਕਰਕੇ ਬਹੁਤ ਦੁਖੀ ਸਨ । ਆਪ ਜੀ ਨੇ ਲੋਕਾਂ ਨੂੰ ਖੂਹ ਲਵਾਉਣ ਲਈ ਪੈਸੇ ਦਿੱਤੇ ਅਤੇ ਉਨਾਂ ਦੀ ਔਖਿਆਈ ਦੂਰ ਕੀਤੀ ।

ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਮਾਲਵੇ ਵਿੱਚ ਪ੍ਰਚਾਰ ਕਰਨ ਦਾ ਦੌਰਾ ਸਫਲ ਰਿਹਾ ।ਜਿੱਥੇ ਜਿੱਥੇ ਆਪ ਜੀ ਨੇ ਚਰਨ ਪਾਏ ਉੱਥੇ ਆਪ ਜੀ ਦੇ ਉਪਦੇਸ਼ਾਂ ਨੇ ਲੋਕਾਂ ਵਿੱਚ ਨਵੀਂ ਜਿੰਦ ਪਾਈ ।

ਹਕੂਮਤ ਦੇ ਜਬਰ ਅੱਗੇ ਆਪਣੇ ਆਪ ਨੂੰ ਬੇਵੱਸ ਤੇ ਲਾਚਾਰ ਸਮਝਣ ਵਾਲੇ ਲੋਕਾਂ ਦੇ ਅੰਦਰ ਹੌਲੀ ਹੌਲੀ ਰੋਹ ਜਾਗਣ ਲੱਗਾ। ਜ਼ਬਰ ਦਾ ਟਾਕਰਾ ਕਰਨ ਦੀ ਭਾਵਨਾ ਉਪਜਣ ਲੱਗੀ ਤੇ ਉਨਾਂ ਦੇ ਸਵੈ ਮਾਣ ਪੈਦਾ ਹੋਣ ਲੱਗਿਆ ।

ਇਹ ਕੋਈ ਛੋਟੀ ਜਿਹੀ ਗੱਲ ਨਹੀਂ ਸੀ ।ਗੁਰੂ ਜੀ ਨੇ ਜਿੱਥੇ ਲੋਕਾਂ ਦਾ ਦੁੱਖ ਵੰਡਾਇਆ ਉੱਥੇ ਉਨਾਂ ਦੀਆਂ ਔਕੜਾਂ ਵੀ ਦੂਰ ਕੀਤੀਆਂ ਖਾਸ ਕਰਕੇ ਪਾਣੀ ਦੀ ਔਕੜ। ਇਸ ਤਰਾਂ ਗੁਰੂ ਜੀ ਲੋਕਾਂ ਲਈ ਮਸੀਹਾ ਬਣ ਗਏ ਸਨ ।ਸਿਖੀ ਧਾਰਨ ਕਰਨ ਦੀ ਇਕ ਜਬਰਦਸਤ ਲਹਿਰ ਚੱਲ ਪਈ।

ਇਸ ਲਹਿਰ ਤੋਂ ਮੁਗ਼ਲ ਹਕੂਮਤ ਨੂੰ ਖ਼ਤਰਾ ਮਹਿਸੂਸ ਹੋਇਆ। ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਸਮੇਂ ਤੋਂ ਹੀ ਸਿੱਖ ਸਰਕਾਰ ਦੀਆਂ ਨਜ਼ਰਾਂ ਵਿੱਚ ਖੜਕਦੇ ਆ ਰਹੇ ਸਨ। ਹੁਣ ਜਦੋਂ ਸਿੱਖਾਂ ਦੀ ਗਿਣਤੀ ਤੇਜ਼ ਗਤੀ ਨਾਲ ਵਧਣ ਲੱਗੀ ਤਾਂ ਉਸ ਸਮੇਂ ਦੀ ਮੁਗਲ ਹਕੂਮਤ ਘਬਰਾ ਉੱਠੀ ।

ਔਰੰਗਜ਼ੇਬ ਨੇ ਗੁਰੂ ਜੀ ਦੀ ਗ੍ਰਿਫਤਾਰੀ ਦਾ ਹੁਕਮ ਦੇ ਦਿਤਾ। ਇਸ ਦੀ ਗਵਾਹੀ ਮਹਿਮਾ ਪ੍ਰਕਾਸ਼ ਵਿੱਚ ਵੀ ਹੈ ਕਿ ਔਰੰਗਜ਼ੇਬ ਨੇ ਗ੍ਰਿਫਤਾਰੀ ਦਾ ਹੁਕਮ ਭੇਜਿਆ। ਗੁਰੂ ਜੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।ਇਥੇ ਮਿਰਜ਼ਾ ਰਾਜਾ ਜੈ ਸਿੰਘ ਬਾਰੇ ਦਸਣਾ ਜਰੂਰੀ ਹੈ ।ਮਿਰਜਾ ਰਾਜਾ ਜੈ ਸਿੰਘ ਦਾ ਪਰਿਵਾਰ ਗੁਰੂਘਰ ਦਾ ਸ਼ਰਧਾਲੂ ਸੀ । ਇਸ ਸਮੇਂ ਰਾਜਾ ਜੈ ਸਿੰਘ ਦਾ ਪੁੱਤਰ ਰਾਜਾ ਰਾਮ ਸਿੰਘ ਔਰੰਗਜ਼ੇਬ ਦਾ ਸੈਨਾਪਤੀ ਦੇ ਸਲਾਹਕਾਰ ਵੀ ਸੀ। ਉਸ ਨੇ ਬਾਦਸ਼ਾਹ ਨੂੰ ਸਮਝਾਇਆ ਕਿ ਗੁਰੂ ਤੇਗ ਬਹਾਦਰ ਸਾਹਿਬ ਜੀ ਪੂਰੇ ਦਰਵੇਸ਼ ਹਨ। ਮਹਿਮਾ ਪ੍ਰਕਾਸ਼ ਵਿ ਔਰੰਗਜ਼ੇਬ ਨਾਲ ਹੋਈ ਮੁਲਾਕਾਤ ਵੀ ਲਿਖੀ ਮਿਲਦੀ ਹੈ ।ਔਰੰਗਜ਼ੇਬ ਨੇ ਗੁਰੂ ਜੀ ਨੂੰ ਕਰਾਮਾਤ ਦਿਖਾਉਣ ਲਈ ਕਿਹਾ ਤਾਂ ਆਪ ਜੀ ਨੇ ਕਿਹਾ ਕਿ ਜੋ ਕਰਾਵਾਂ ਦਿਖਾਉਂਦਾ ਹੈ ਉਹ ਵਾਹਿਗੁਰੂ ਦਾ ਸ਼ਰੀਕ ਬਣ ਜਾਂਦਾ ਹੈ ਅਤੇ ਲਾ- ਸ਼ਰੀਕ ਅੱਲਾ ਨੂੰ ਇਹ ਨਹੀਂ ਭਾਉਂਦਾ । ਆਪ ਜੀ ਨੇ ਔਰੰਗਜ਼ੇਬ ਨੂੰ ਇਹੀ ਉਪਦੇਸ਼ ਦਿੱਤਾ ਕਿ ਬਾਦਸ਼ਾਹ ਦਾ ਫਰਜ 'ਦੋਨੋ ਚਸ਼ਮ ਬਰਾਬਰ ਬੀਨੀ' (ਮਹਿਮਾ ਪ੍ਰਕਾਸ਼) ਔਰੰਗਜ਼ੇਬ ਨਾਲ ਨਿੱਬੜ ਕੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਪੂਰਬ ਦੇਸ਼ ਦਾ ਦੌਰਾ ਆਰੰਭ ਕੀਤਾ। ਬਾਂਗਰ ਦੇਸ਼ ਟੱਪ ਕੇ ਗੁਰੂ ਤੇਗ ਬਹਾਦਰ ਸਾਹਿਬ ਜੀ ਮਥੁਰਾ ਪਹੁੰਚੇ ।ਮਥੁਰਾ ਔਰੰਗਜ਼ੇਬ ਦੇ ਜ਼ਾਲਮਾਂ ਦਾ ਖਾਸ ਸ਼ਿਕਾਰ ਹੋ ਰਿਹਾ ਸੀ ।ਉੱਥੇ ਹਿੰਦੂਆਂ ਦੇ ਸਾਰੇ ਮੰਦਰ ਢਾਹ ਦਿੱਤੇ ਗਏ ਸਨ। ਗੁਰੂ ਤੇਗ ਬਹਾਦਰ ਸਾਹਿਬ ਜੀ ਨੇ 'ਭੈ ਕਾਹੂ ਕੋ ਦੇਤਿ ਨਹਿ' ਦਾ ਉਪਦੇਸ਼ ਹਿਰਦਿਆਂ ਵਿੱਚ ਗ੍ਰਹਿਣ ਕਰਨ ਲਈ ਕਿਹਾ । ਮਥੁਰਾ ਤੋਂ ਆਗਰੇ ਆਪ ਮਾਈ ਥਾਨ ਜੀ ਦੇ ਘਰ ਟਿਕਾਣਾ ਕੀਤਾ। ਗੁਰੂ ਆਗਰੇ ਤੋਂ ਹੁੰਦੇ ਹੋਏ ਕਾਨਪੁਰ ਆਏ ਤੇ ਫਿਰ ਅਲਾਹਾਬਾਦ ਪਹੁੰਚੇ ।ਆਪ ਜੀ ਨੇ ਪ੍ਰਯਾਗ ਵਿਖੇ ਟਿਕਾਣਾ ਕੀਤਾ ਤੇ ਲੋਕਾਂ ਨੂੰ ਸਮਝਾਇਆ ਕਿ ਸਭ ਤੋਂ ਸ੍ਰੇਸ਼ਠ ਸਾਧ ਸੰਗਤ ਹੀ ਹੈ। ਪ੍ਰਭੂ ਦਾ ਹਿਰਦੇ ਵਿੱਚ ਪ੍ਰਗਟ ਕਰਨਾ ਹੀ ਸਰਸਵਤੀ ਨੂੰ ਪ੍ਰਗਟ ਕਰਨਾ ਹੈ।ਅਲਾਹਾਬਾਦ ਵਿਚ ਹਿੰਦੂਆਂ ਦਾ ਪ੍ਰਸਿੱਧ ਤੀਰਥ ਤੀਰਥ ਗਿਣਿਆ ਜਾਂਦਾ ਹੈ। ਅਲਾਹਾਬਾਦ ਵਿਚ ਗੁਰੂ ਜੀ ਤਕਰੀਬਨ ਇਕ ਮਹੀਨਾ ਰਹੇ ਤੇ ਉਥੇ ਆਪ ਜੀ ਨੇ ਪੱਕੀ ਸੰਗਤ ਬਣਾਈ। ਇਥੇ ਹੁਣ 'ਪੱਕੀ ਸੰਗਤ' ਗੁਰਦੁਆਰਾ ਵੀ ਹੈ।

ਫਿਰ ਆਪ ਜੀ ਬਨਾਰਸ ਪਹੁੰਚੇ। ਬੁੱਤਾਂ ਦੇ ਸ਼ਹਿਰਾਂ ਵਿੱਚ ਸੰਗਤ ਬਣਾਉਣੀ ਸਿੱਖੀ ਸਾਹਸ ਦਾ ਹੀ ਇੱਕ ਨਮੂਨਾ ਹੈ ।ਕਾਸ਼ੀ ਤੋ ਤੁਰ ਕੇ ਆਪ ਜੀ ਸਸਰਾਮ ਤੇ ਗਯਾ ਪਹੁੰਚੇ।ਗਯਾ ਵਿਖੇ ਹਿੰਦੂਆ ਦਾ ਪ੍ਰਸਿਧ ਤੀਰਥ ਹੈ।ਗਯਾ ਤੋਂ ਪਟਨਾ ਜਾਂਦਿਆਂ ਇਕ ਨਦੀ ਆਉਂਦੀ ਹੈ ਜਿਸਨੂੰ ਕਰਮਨਾਸ਼ ਕਿਹਾ ਜਾਂਦਾ ਹੈ।ਇਸ ਸਬੰਧੀ ਹਿੰਦੂਆਂ ਦਾ ਖਿਆਲ ਸੀ ਕਿ ਇਸ ਵਿਚ ਇਸ਼ਨਾਨ ਕਰਨ ਨਾਲ ਬੰਦੇ ਦੇ ਸ਼ੁੱਭ ਕਰਮ ਨਾਸ ਹੋ ਜਾਂਦੇ ਹਨ ।ਸਤਿਗੁਰੂ ਅਜਿਹਾ ਭਰਮ ਤੋੜਨਾ ਚਾਹੁੰਦੇ ਸਨ। ਗੁਰੂ ਜੀ ਨੇ ਉਨਾਂ ਲੋਕਾਂ ਨੂੰ ਸਮਝਾਇਆ ਕਿ ਕੋਈ ਪਾਣੀ ਕਿਸੇ ਗੁਣ ਨੂੰ ਨਹੀਂ ਹੋ ਸਕਦਾ ਇਹ ਸਭ ਵਹਿਮ ਹੈ । ਆਪ ਜੀ ਨੇ ਖੁਦ ਇਸ਼ਨਾਨ ਕੀਤਾ ਤੇ ਫੋਕਟ ਦੰਦ ਕਥਾਵਾਂ ਤੇ ਆਖਰੀ ਸੱਟ ਮਾਰੀ ।

**ਗਯਾ ਤੋਂ ਆਪ ਜੀ ਪਟਨਾ ਸਾਹਿਬ ਮਈ 1666 ਈ. ਨੂੰ ਪਹੁੰਚੇ।**

ਪਟਨਾ ਦੀ ਸੰਗਤ ਤੇ ਆਪ ਜੀ ਦਾ ਬਹੁਤ ਸਤਿਕਾਰ ਕੀਤਾ।ਕਿਹਾ ਜਾਂਦਾ ਹੈ ਇਥੇ ਆਪ ਭਾਈ ਸਾਲਸ ਰਾਇ ਜੌਹਰੀ ਦੇ ਘਰ ਆ ਕੇ ਟਿਕਾਣਾ ਕੀਤਾ।ਫਿਰ ਸੰਗਤ ਵੱਲੋਂ ਆਪ ਜੀ ਨੂੰ ਇਕ ਵੱਡੀ ਹਵੇਲੀ ਵਿਚ ਨਿਵਾਸ ਕਰਵਾਇਆ ਗਿਆ । ਇਸ ਜਗਾ ਤੇ ਹੁਣ ਹਰਿਮੰਦਰ ਸਾਹਿਬ ਬਣਿਆ ਹੈ, ਜੋ ਕਿ ਪੰਜਾਂ ਤਖਤਾਂ ਵਿਚੋ ਇਕ ਹੈ। ਪਟਨੇ ਦੀ ਸੰਗਤ ਨੇ ਕਾਫ਼ੀ ਸਮਾਂ ਗੁਰੂ ਜੀ ਨੂੰ ਆਪਣੇ ਕੋਲ ਠਹਿਰਾਈ ਰੱਖਿਆ ।ਫਿਰ ਆਪ ਜੀ ਨੇ ਬੰਗਾਲ ਤੇ ਆਸਾਮ ਦਾ ਦੌਰਾ ਕਰਨ ਦੀ ਤਿਆਰੀ ਕੀਤੀ ਤੇ ਮਾਤਾ ਗੁਜਰੀ ਜੀ ਨੂੰ ਪਟਨਾ ਵਿਖੇ ਹੀ ਰਹਿਣ ਦੀ ਆਗਿਆ ਦਿੱਤੀ । ਪਟਨਾ ਤੋਂ ਚੱਲ ਕੇ ਆਪ ਨੇ ਮੰਘੇਰ, ਭਾਗਲਪੁਰ, ਰਾਜ ਮਹਿਲ ਆਦਿ ਨਗਰਾਂ ਵਿਚ ਚਰਨ ਪਾਏ।

ਫਿਰ ਆਪ ਜੀ ਬਿਹਾਰ ਦੇ ਇਲਾਕਿਆਂ ਵਿੱਚੋਂ ਹੁੰਦੇ ਹੋਏ ਬੰਗਾਲ ਵਿੱਚ ਦਾਖਲ ਹੋਏ ਅਤੇ ਕਈ ਨਗਰਾਂ ਵਿੱਚ ਹੁੰਦੇ ਹੋਏ ਢਾਕਾ ਪਹੁੰਚੇ। ਢਾਕਾ ਉਸ ਸਮੇਂ ਸਿੱਖੀ ਦਾ ਵੱਡਾ ਕੇਂਦਰ ਸੀ। ਬੰਗਾਲ ਤੇ ਹੋਰ ਵੀ ਕਈ ਨਗਰਾਂ ਵਿੱਚ ਸਿੱਖ ਸੰਗਤਾਂ ਸਥਾਪਤ ਸਨ। ਗੁਰੂ ਜੀ ਦੇ ਆਉਣ ਤੇ ਵੱਡੀ ਗਿਣਤੀ ਵਿਚ ਸਿਖ ਸੰਗਤਾਂ ਜੁੜਦੀਆਂ ਸਨ ਤੇ ਉਥੇ ਸਿਖੀ ਦਾ ਪ੍ਰਚਾਰ ਹੁੰਦਾ ।

ਢਾਕਾ ਵਿਖੇ ਹੀ ਗੁਰੂ ਜੀ ਨੇ ਕਿਹਾ 'ਢਾਕਾ ਮੇਰਾ ਸਿੱਖੀ ਦਾ ਕੋਠਾ ਹੈ'। ਢਾਕੇ ਵਿੱਚ ਨਿਵਾਸ ਕਰਦਿਆਂ ਹੀ ਗੁਰੂ ਜੀ ਨੂੰ ਪਟਨਾ ਤੋਂ ਸਪੁੱਤਰ ਪੈਦਾ ਹੋਣ ਦਾ ਸਮਾਚਾਰ ਮਿਲਿਆ। ਬਾਲਕ ਦਾ ਨਾਂ ਗੋਬਿੰਦ ਰਾਏ ਰੱਖਿਆ ਗਿਆ । ਆਪ ਜੀ ਨੇ ਇੱਕ ਹੁਕਮਨਾਮਾ ਪਟਨਾ ਦੀ ਸੰਗਤ ਦੇ ਨਾਮ ਲਿਖਿਆ ਜਿਸ ਵਿੱਚ ਪਟਨੇ ਦੀ ਸੰਗਤ ਦਾ ਧੰਨਵਾਦ ਕੀਤਾ ਤੇ ਲਿਖਿਆ ਸੰਗਤ ਨੇ ਪਰਿਵਾਰ ਦੀ ਸੇਵਾ ਸੰਭਾਲ ਪੂਰੀ ਤਰਾਂ ਕੀਤੀ ਹੈ। ਬੰਗਾਲ ਦੇ ਇਲਾਕਿਆਂ ਵਿੱਚ ਪ੍ਰਚਾਰ ਕਰਨ ਉਪਰੰਤ ਗੁਰੂ ਜੀ ਆਸਾਮ ਦੇ ਦੌਰੇ ਲਈ ਗਏ । ਉਥੇ ਹੀ ਆਪ ਜੀ ਨੂੰ ਪਤਾ ਲੱਗਿਆ ਕਿ ਰਾਜਾ ਰਾਮ ਸਿੰਘ ਫ਼ੌਜ ਲੈ ਕੇ ਅਸਾਮ ਉੱਤੇ ਚੜਾਈ ਕਰਨ ਆ ਰਿਹਾ ਹੈ। ਰਾਜਾ ਰਾਮ ਸਿੰਘ ਰੰਗਮਾਟੀ ਫਰਵਰੀ 1669 ਈ. ਪੁਜਿਆ ਸੀ।

ਉਸ ਕਾਲ ਵਿੱਚ ਅਸਾਮ ਅੰਦਰ ਜਾਦੂ ਟੂਣਿਆਂ ਦਾ ਬੜਾ ਜ਼ੋਰ ਸੀ। ਔਰੰਗਜ਼ੇਬ ਨੇ ਅਸਾਮ ਦੇ ਸ਼ਾਸਕ ਵਿਰੁੱਧ ਜਿੰਨੀ ਵਾਰ ਫੌਜੀ ਮੁਹਿੰਮਾਂ ਭੇਜੀਆਂ ਸਨ ਉਹ ਅਸਫਲ ਹੀ ਰਹੀਆਂ ਸਨ। ਇੱਥੇ ਇਹ ਗੱਲ ਮਸ਼ਹੂਰ ਸੀ ਕਿ ਇਹ ਮੁਹਿੰਮਾਂ ਜਾਦੂ ਦੇ ਜ਼ੋਰ ਨਾਲ ਹੀ ਨਾਕਾਮ ਕੀਤੀਆਂ ਗਈਆਂ ਸਨ। ਉਥੇ ਰਹਿੰਦੇ ਛੋਟੇ ਵੱਡੇ ਲੋਕਾਂ ਦਾ ਜਾਦੂ ਤੇ ਮੰਤਰਾਂ ਵਿਚ ਹੀ ਵਿਸ਼ਵਾਸ ਹੁੰਦਾ ਸੀ। ਰਾਜਾ ਰਾਮ ਸਿੰਘ ਨੇ ਜਾਦੂ ਟੂਣਿਆਂ ਤੋਂ ਬਚਣ ਲਈ ਆਪਣੇ ਨਾਲ ਪੰਜ ਪੀਰ ਲੈਂਦੇ ਹੋਏ ਸਨ। ਜਿਨਾਂ ਦਾ ਦਾਅਵਾ ਸੀ ਕਿ ਉਹ ਹਰ ਪ੍ਰਕਾਰ ਦੇ ਜਾਦੂ ਟੂਣਿਆਂ ਨੂੰ ਤੋੜ ਸਕਦੇ ਹਨ ।ਪਰ ਰਾਜਾ ਰਾਮ ਸਿੰਘ ਨੂੰ ਉਨਾਂ ਦੇ ਮੁਸਲਮਾਨ ਹੋਣ ਕਰਕੇ ਪੂਰਾ ਭਰੋਸਾ ਤੇ ਵਿਸ਼ਵਾਸ ਨਹੀਂ ਸੀ।

ਉਹ ਚਾਹੁੰਦਾ ਸੀ ਕਿ ਜੇਕਰ ਗੁਰੂ ਜੀ ਮੇਰੇ ਨਾਲ ਚੱਲਣਗੇ ਤਾਂ ਜਾਦੂਆਂ ਦਾ ਮੇਰੇ ਉੱਤੇ ਕੋਈ ਪ੍ਰਭਾਵ ਨਹੀਂ ਪਵੇਗਾ । ਉਸ ਦੀ ਗੁਰੂ ਜੀ ਉੱਤੇ ਬਹੁਤ ਸ਼ਰਧਾ ਸੀ ਤੇ ਉਹ ਸਮਝਦਾ ਸੀ ਕਿ ਗੁਰੂ ਜੀ ਕਰਤਾਰੀ ਸ਼ਕਤੀ ਨਾਲ ਜਾਦੂ ਮੰਤਰਾਂ ਨੂੰ ਬੇਅਸਰ ਕਰ ਸਕਦੇ ਹਨ ।ਇਸ ਲਈ ਰਾਜਾ ਰਾਮ ਸਿੰਘ ਸੰਮਤ 1726 ਵਿੱਚ ਰੰਗਾਮਾਟੀ ਸਥਾਨ 'ਤੇ ਆ ਕੇ ਗੁਰੂ ਜੀ ਨੂੰ ਮਿਲਿਆ।

ਰਾਜਾ ਰਾਮ ਸਿੰਘ ਨੇ ਗੁਰੂ ਜੀ ਪਾਸੋਂ ਅਸੀਸ ਤੇ ਸਹਾਇਤਾ ਲਈ ਬੇਨਤੀ ਕੀਤੀ। ਗੁਰੂ ਜੀ ਨੇ ਵਿਚੋਲਗੀ ਕਰਦੇ ਹੋਏ ਅਸਾਮ ਦੇ ਰਾਜੇ ਅਤੇ ਮੁਗਲ ਫੌਜਦਾਰ ਰਾਜਾ ਰਾਮ ਸਿੰਘ ਦੀ ਆਪਸੀ ਸੁਲਾਹ ਕਰਵਾ ਦਿੱਤੀ ।ਬਿਨਾਂ ਖ਼ੂਨ ਖਰਾਬੇ ਅਤੇ ਜਾਨੀ ਨੁਕਸਾਨ ਦੇ ਸੁਲਾਹ ਹੋ ਜਾਣ ਨਾਲ ਸੁਭਾਵਿਕ ਤੌਰ ਤੇ ਦੋਹਾਂ ਸੈਨਾਵਾਂ ਨੇ ਸੁਖ ਦਾ ਸਾਹ ਲਿਆ ਅਤੇ ਖ਼ੂਬ ਖ਼ੁਸ਼ੀਆਂ ਮਨਾਈਆਂ ।ਅਜਿਹਾ ਹੋਣ ਨਾਲ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਹਰ ਪਾਸੇ ਉਸਤੱਤ ਹੋਰ ਵਧ ਗਈ।

ਸੁਲਾ ਦੀ ਯਾਦਗਾਰ ਵਜੋਂ ਗੁਰੂ ਜੀ ਦੀ ਆਗਿਆ ਨਾਲ ਦੋਹਾਂ ਧਿਰਾਂ ਦੀਆਂ ਫੌਜਾਂ ਨੇ ਆਪਣੀਆਂ ਢਾਲਾਂ ਵਿੱਚ ਮਿੱਟੀ ਭਰ ਭਰ ਕੇ ਢੁਬਰੀ ਅਸਥਾਨ ਉੱਤੇ ਮਿੱਟੀ ਦਾ ਇੱਕ ਥੇਹ ਬਣਾਇਆ । ਇਸ ਥੇਹ ਦੇ ਲਾਗੇ ਇਕ ਗੁਰਦੁਆਰਾ ਵੀ ਹੈ ।ਇਸ ਜਗਾ 'ਤੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਵੀ ਚਰਨ ਪਾਏ ਸਨ।

ਅਸਾਮ ਦਾ ਰਾਜਾ ਤੇ ਰਾਣੀ ਦੋਵੇਂ ਗੁਰੂ ਜੀ ਦੇ ਸਿੱਖ ਸ਼ਰਧਾਲੂ ਬਣ ਗਏ ।ਉਨਾਂ ਦੇ ਘਰ ਕੋਈ ਪੁੱਤਰ ਨਹੀਂ ਸੀ ।ਕਿਹਾ ਜਾਂਦਾ ਹੈ ਕਿ ਗੁਰੂ ਜੀ ਕੋਲ ਉਹ ਪੁੱਤਰ ਦੀ ਦਾਤ ਬਖਸ਼ਣ ਲਈ ਬੇਨਤੀ ਕੀਤੀ ਤਾਂ ਗੁਰੂ ਜੀ ਨੇ ਫਰਮਾਇਆ ਕਿ ਦਾਤਾ ਬਖ਼ਸ਼ਣ ਵਾਲਾ ਤਾਂ ਉਹ ਕਰਤਾਰ ਹੈ ਅਸੀਂ ਤਾਂ ਅਰਦਾਸ ਹੀ ਕਰ ਸਕਦੇ ਹਾਂ ।

ਕੁਝ ਸਮੇਂ ਬਾਅਦ ਰਾਜੇ ਦੇ ਘਰ ਪੁੱਤਰ ਹੋਇਆ ਤਾਂ ਉਸ ਦਾ ਨਾਂ ਰਤਨ ਰਾਏ ਰੱਖਿਆ ਗਿਆ ।ਰਾਜਾ ਰਤਨ ਰਾਏ ਵੱਡਾ ਹੋ ਕੇ ਆਪਣੀ ਮਾਤਾ ਨਾਲ ਗੁਰੂ ਜੀ ਦੇ ਦਰਸ਼ਨ ਲਈ ਅਨੰਦਪੁਰ ਸਾਹਿਬ ਹਾਜ਼ਰ ਹੋਇਆ ।(ਉਸ ਸਮੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਗੁਰਗੱਦੀ ਤੇ ਬਿਰਾਜਮਾਨ ਸਨ )

ਸ੍ਰੀ ਗੁਰੂ ਤੇਗ ਬਹਾਦਰ ਦੀ ਕਰੀਬ ਦੋ ਸਾਲ ਅਸਾਮ ਵਿੱਚ ਵਿਚਰਦੇ ਰਹੇ ।ਆਪ ਜੀ ਦਾ ਵਿਚਾਰ ਅਜੇ ਕੁਝ ਸਮਾਂ ਹੋਰ ਠਹਿਰਨ ਦਾ ਸੀ ।ਪਰ ਫਿਰ ਅਚਾਨਕ ਹੀ ਗੁਰੂ ਜੀ ਨੇ ਪੰਜਾਬ ਵੱਲ ਤਿਆਰੀ ਕਰ ਲਈ ।

ਕਿਉਂਕਿ ਗੁਰੂ ਜੀ ਨੂੰ ਪੰਜਾਬ ਤੋਂ ਮੁਗ਼ਲ ਹਾਕਮਾਂ ਦੇ ਵਧਦੇ ਹੋਏ ਅੱਤਿਆਚਾਰ ਦੀਆਂ ਖਬਰਾਂ ਮਿਲ ਰਹੀਆਂ ਸਨ, ਲੋਕ ਦੁਖੀ ਹੋ ਕੇ ਆਪ ਜੀ ਨੂੰ ਯਾਦ ਕਰਦੇ ਸਨ। ਉਨਾਂ ਦੇ ਦੁੱਖ ਵੰਡਾਉਣ ਦੀ ਖਾਤਰ ਤੇ ਹੌਸਲੇ ਉੱਚੇ ਕਰਨ ਲਈ ਆਪ ਜੀ ਨੇ ਪੰਜਾਬ ਵਾਪਸ ਜਾਣ ਨਿਰਣਾ ਕਰ ਲਿਆ ।

ਆਪ ਜੀ ਪੰਜਾਬ ਜਾਣ ਵੱਲ ਜਾਣ ਨੂੰ ਇੰਨੇ ਕਾਹਲੇ ਸਨ ਕਿ ਰਸਤੇ ਵਿੱਚ ਪਟਨਾ ਵੀ ਨਾ ਰੁਕੇ ,ਤੇ ਸਾਹਿਬਜ਼ਾਦੇ ਨੂੰ ਮਿਲਣ ਦੀ ਵੀ ਪ੍ਰਵਾਹ ਨਾ ਕੀਤੀ।

ਗਯਾ ਤੋਂ ਪਟਨਾ ਦੇ ਮੁਖੀ ਗੁਰਸਿੱਖਾਂ ਨੂੰ ਹੁਕਮਨਾਮਾ ਭੇਜ ਦਿੱਤਾ ਕਿ ਸਭ ਪਰਿਵਾਰ, ਸਾਹਿਬਜ਼ਾਦੇ ਸੰਭਾਲ ਕਰਨੀ ਤੇ ਸੰਦੇਸ਼ ਆਉਣ ਤੇ ਉਨਾਂ ਨੂੰ ਪੰਜਾਬ ਭੇਜ ਦੇਣਾ। (ਇਹ ਹੁਕਮਨਾਮਾ ਪਟਨਾ ਸਾਹਿਬ ਵਿਚ ਸੁਰੱਖਿਅਤ ਰਖਿਆ ਹੋਇਆ ਹੈ।)

**ਮੁਗਲ ਸਾਮਰਾਜ ਦਾ ਹਾਹਾਕਾਰ**

ਔਰੰਗਜ਼ੇਬ ਨੇ ਆਪਣੇ ਭਰਾਵਾਂ ਦਾ ਖ਼ੂਨ ਵਹਾ ਕੇ ਤਾਜ ਤਖਤ ਤੇ ਕਬਜ਼ਾ ਕੀਤਾ ਤੇ ਆਪਣੇ ਬਾਪ ਨਜ਼ਰਬੰਦ ਕੀਤਾ ਹੋਇਆ ਸੀ । ਦਰਬਾਰ ਸਾਹਿਬ ਵਿਚ ਤੇ ਪੂਰੇ ਦੇਸ਼ ਵਿਚ ਆਪਣੇ ਵਿਰੋਧ ਨੂੰ ਠੰਢਾ ਕਰਨ ਲਈ ਉਸ ਨੇ ਕਈ ਮੁੱਲਾਂ ਮੁਲਾਣਿਆਂ ਨੂੰ ਆਪਣੇ ਨਾਲ ਗੰਢ ਲਿਆ ।ਉਨਾਂ ਨੂੰ ਯਕੀਨ ਦੁਆਇਆ ਕਿ ਮੁਲਕ ਵਿੱਚ ਇਸਲਾਮੀ ਢੰਗ ਦਾ ਰਾਜ ਪ੍ਰਬੰਧ ਕਾਇਮ ਕੀਤਾ ਜਾਵੇਗਾ ।

ਆਪਣੇ ਪੈਰ ਪੱਕੇ ਕਰਨ ਤੋਂ ਬਾਅਦ ਉਸ ਨੇ ਹੁਣ ਆਪਣੇ ਵਾਅਦਿਆਂ ਤੇ ਅਮਲ ਕਰਨਾ ਸ਼ੁਰੂ ਕਰ ਦਿੱਤਾ ਸੀ। ਗੱਲ ਇੱਥੇ ਇਕੱਲੇ ਮੁਲਾਂ ਮੁਲਾਣਿਆਂ ਦੇ ਵਾਅਦਿਆਂ ਦੀ ਹੀ ਨਹੀਂ ਸੀ, ਔਰੰਗਜ਼ੇਬ ਆਪ ਵੀ ਕੱਟੜ ਮੁਤਸਬੀ ਮੁਸਲਮਾਨ ਸੀ । ਉਹ ਕਾਫ਼ਰਾਂ ਨੂੰ ਇਸਲਾਮ ਵਿੱਚ ਲਿਆਉਣਾ ਵੱਡਾ ਪੁੰਨ ਸਮਝਦਾ ਸੀ। ਇਹ ਪੁੰਨ ਕਮਾਉਣ ਲਈ ਉਸ ਨੇ ਆਪਣੀ ਸਲਤਨਤ ਦੇ ਸਾਰੇ ਸੂਬੇਦਾਰਾਂ ਨੂੰ ਹੁਕਮ ਜਾਰੀ ਕੀਤੇ ਕਿ ਉਹ ਗੈਰ ਮੁਸਲਮਾਨ ਲੋਕਾਂ ਨੂੰ ਪ੍ਰੇਰਨਾ, ਦਬਾਅ ਤੇ ਜਬਰ ਦੇ ਹਰ ਹੀਲੇ ਨਾਲ ਮੁਸਲਮਾਨ ਬਣਨ ਲਈ ਮਜਬੂਰ ਕਰਨ। ਔਰੰਗਜ਼ੇਬ ਦੇ ਇਨਾਂ ਹੁਕਮਾਂ ਤੇ ਅਮਲ ਕਰਕੇ ਆਪਣੀ ਕਾਰਜਕਾਰੀ ਨੂੰ ਵਿਖਾਉਣ ਲਈ ਸਾਰੇ ਸੂਬੇਦਾਰ ਇੱਕ ਦੂਜੇ ਤੋਂ ਅੱਗੇ ਵੱਧਣ ਦੀ ਕੋਸ਼ਿਸ਼ ਕਰਨ ਲੱਗ ਪਏ।ਧਾਰਮਿਕ ਸਥਾਨ ਮੰਦਰ, ਗੁਰਦੁਆਰੇ ਧੜਾ ਧੜਾ ਢਾਹੇ ਜਾਣ ਲੱਗੇ । ਗੈਰ ਧਰਮ ਦੇ ਅਨੁਯਾਈਆਂ ਉੱਪਰ ਕਈ ਤਰਾਂ ਦੇ ਟੈਕਸ ਲਾ ਦਿੱਤੇ ਗਏ। ਉਨਾਂ ਨੂੰ ਆਪਣੀਆਂ ਸਮਾਜਿਕ ਤੇ ਧਾਰਮਿਕ ਰਸਮਾਂ ਰਿਵਾਜਾਂ ਨੂੰ ਕਰਨ ਤੋਂ ਰੋਕਿਆ ਜਾਣ ਲੱਗਿਆ। ਗ਼ੈਰ ਮੁਸਲਮਾਨ ਲੋਕਾਂ ਨੂੰ ਉਸ ਸਮੇਂ ਸਰਕਾਰੀ ਨੌਕਰੀਆਂ ਤੋਂ ਹਟਾਇਆ ਜਾਣ ਲੱਗਿਆ। ਧੀਆਂ ਭੈਣਾਂ ਦੀਆਂ ਇਜ਼ਤਾਂ ਖ਼ਤਰੇ ਵਿੱਚ ਪੈ ਗਈਆਂ । ਚਾਰੇ ਪਾਸੇ ਹਾਹਾਕਾਰ ਮੱਚਣ ਲੱਗ ਪਈ ਸੀ।

ਹਿੰਦੂਆਂ ਦੇ ਧਾਰਮਿਕ ਆਗੂ ਹੀ ਬ੍ਰਾਹਮਣ ਸਨ। ਬ੍ਰਾਹਮਣਾਂ ਵਿੱਚੋਂ ਕਸ਼ਮੀਰੀ ਪੜਤਾਂ ਨੂੰ ਉੱਤਮ ਮੰਨਿਆ ਜਾਂਦਾ ਸੀ ।ਇਸ ਲਈ ਬਾਦਸ਼ਾਹੀ ਜਬਰ ਦੇ ਉਹ ਸਭ ਤੋਂ ਵੱਡੇ ਨਿਸ਼ਾਨੇ ਬਣੇ ।ਔਰੰਗਜ਼ੇਬ ਦਾ ਖ਼ਿਆਲ ਸੀ ਕਿ ਇਹ ਕਸ਼ਮੀਰੀ ਪੰਡਤ ਇਸਲਾਮ ਦੇ ਦਾਇਰੇ ਵਿੱਚ ਆ ਜਾਣ ਤਾਂ ਸਾਰੇ ਹਿੰਦੂ ਉਨਾਂ ਦੇ ਮਗਰ ਇਸਲਾਮ ਕਬੂਲ ਕਰ ਲੈਣਗੇ। ਕਸ਼ਮੀਰੀ ਬ੍ਰਾਹਮਣਾਂ ਵਿੱਚੋਂ ਕਈ ਜਬਰ ਦਾ ਸਾਹਮਣਾ ਨਾ ਕਰ ਸਕੇ ਅਤੇ ਮੁਸਲਮਾਨ ਬਣ ਗਏ ।ਪਰ ਵੱਡੀ ਸੰਖਿਆ ਵਿੱਚ ਪੰਡਤ ਅਜੇ ਵੀ ਸੋਚਾਂ ਵਿਚਾਰਾਂ ਵਿੱਚ ਪਏ ਹੋਏ ਸਨ।

ਇਨਾਂ ਦਿਨਾਂ ਵਿੱਚ ਹੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਆਸਾਮ ਤੋਂ ਅਨੰਦਪੁਰ ਪਰਤੇ ਸਨ । ਪੰਜਾਬ ਵਿਚ ਆਉਣ ਤੋਂ ਥੋੜਾ ਸਮਾਂ ਬਾਅਦ ਹੀ ਗੁਰੂ ਜੀ ਨੇ ਆਪਣਾ ਪਰਿਵਾਰ ਵੀ ਪਟਨੇ ਤੋਂ ਅਨੰਦਪੁਰ ਵਿਖੇ ਬੁਲਾ ਲਿਆ। ਇੱਥੇ ਆਉਣ ਤੇ ਹੀ ਆਪ ਜੀ ਨੇ ਆਪਣੇ ਸਾਹਿਬਜ਼ਾਦਾ ਗੋਬਿੰਦ ਰਾਏ ਦੀ ਪੜਾਈ ਲਿਖਾਈ ਦਾ ਯੋਗ ਪ੍ਰਬੰਧ ਕਰ ਦਿੱਤਾ।

ਕਸ਼ਮੀਰ ਦਾ ਸੂਬੇਦਾਰ ਸ਼ੇਰ ਅਫ਼ਗਾਨ ਸੀ। ਔਰੰਗਜ਼ੇਬ ਨੇ ਉਸ ਨੂੰ ਸਖ਼ਤੀ ਨਾਲ ਇਸਲਾਮ ਦਾ ਵਿਸਥਾਰ ਕਰਨ ਦਾ ਹੁਕਮ ਦਿੱਤਾ ਹੋਇਆ ਸੀ ।

ਸ਼ਾਹੀ ਹੁਕਮ ਦੀ ਪਾਲਣਾ ਕਰਦੇ ਹੋਏ ਸ਼ੇਰ ਅਫ਼ਗਾਨ ਨੇ ਸਖਤੀ ਦੀਆਂ ਹੱਦਾਂ ਤੋੜ ਦਿੱਤੀਆ । ਉਸ ਨੇ ਫੌਜ ਦੇ ਛੋਟੇ ਛੋਟੇ ਟੋਲੇ ਤਿਆਰ ਕਰਨੇ ਸ਼ੁਰੂ ਕੀਤੇ ਅਤੇ ਕੱਟੜ ਵਿਚਾਰਾਂ ਵਾਲੇ ਫੌਜਦਾਰ ਟੋਲੇ ਦਾ ਸਰਦਾਰ ਥਾਪਿਆ ਜਾਂਦਾ। ਇਹ ਟੋਲੇ ਵੱਖ ਵੱਖ ਇਲਾਕਿਆਂ ਵਿੱਚ ਭੇਜੇ ਜਾਂਦੇ ਤੇ ਇਨਾਂ ਦੁਆਰਾ ਪਿੰਡਾਂ ਦੇ ਪਿੰਡ ਘੇਰ ਲਏ ਜਾਂਦੇ ਅਤੇ ਲੋਕਾਂ ਨੂੰ ਤਲਵਾਰ ਦੇ ਜ਼ੋਰ ਨਾਲ ਕਲਮਾਂ ਪੜਾਈਆਂ ਜਾਂਦੀਆਂ ।ਜਿਹੜਾ ਨਾ ਕਰਦਾ ਉਸ ਮੌਤ ਦੇ ਘਾਟ ਉਤਾਰ ਦਿੱਤਾ ਜਾਂਦਾ । ਗਰੀਬ ਤੇ ਕਮਜ਼ੋਰ ਵਰਗ ਦੇ ਲੋਕ ਧੜਾ ਧੜ ਮੁਸਲਮਾਨ ਬਣਨ ਲਗੇ।

ਇਸ ਤੋਂ ਬਾਅਦ ਸ਼ੇਰ ਅਫ਼ਗਾਨ ਨੇ ਉੱਚੀਆਂ ਜਾਤਾਂ ਤੇ ਹਿੰਦੂਆਂ ਤੇ ਬ੍ਰਾਹਮਣਾਂ ਦੇ ਦੁਆਲੇ ਹੋਇਆ। ਉਹ ਉਨਾਂ ਤੇ ਮੁਸਲਮਾਨ ਬਣਨ ਦਾ ਦਬਾਅ ਪਾਉਣ ਲੱਗਿਆ ।ਕਈ ਤਾਂ ਡਰਦੇ ਮਾਰੇ ਕਲਮਾਂ ਪੜ ਗਏ ਤੇ ਕੁਝ ਸ਼ਹੀਦ ਹੋ ਗਏ ।ਇਹ ਹਾਲਤ ਵੇਖ ਕੇ ਮੁਖੀ ਪੰਡਤਾਂ ਨੇ ਉਸ ਨੂੰ ਮਿਲ ਕੇ ਕੁਝ ਸਮੇਂ ਦੀ ਮੋਹਲਤ ਦੇਣ ਦੀ ਬੇਨਤੀ ਕੀਤੀ।

ਸ਼ੇਰ ਅਫ਼ਗਾਨ ਨੇ ਉਨਾਂ ਨੂੰ ਛੇ ਮਹੀਨਿਆਂ ਦਾ ਸਮਾਂ ਦਿੱਤਾ ਅਤੇ ਨਾਲ ਹੀ ਤਾੜਨਾ ਕਰ ਦਿੱਤੀ ਜੇ ਇਸ ਸਮੇਂ ਤੱਕ ਤੁਸੀਂ ਕਲਮਾਂ ਨਾ ਪੜਿਆ ਤਾਂ ਸਭ ਦੇ ਸਭ ਤਲਵਾਰ ਦੇ ਘਾਟ ਉਤਾਰ ਦਿੱਤੇ ਜਾਓਗੇ। ਸੂਬੇਦਾਰ ਕੋਲ ਵਾਪਸ ਆ ਕੇ ਪੰਡਤਾਂ ਨੇ ਸਾਰੀ ਬਰਾਦਰੀ ਦੀ ਇਕੱਤਰਤਾ ਬੁਲਾਈ ਤੇ ਸੂਬੇ ਦੀ ਧਮਕੀ ਤੇ ਹਕੂਮਤ ਜਬਰ ਤੇ ਵਿਚਾਰ ਕੀਤਾ।

ਕਾਫ਼ੀ ਸੋਚ ਵਿਚਾਰ ਤੋਂ ਬਾਅਦ ਕੁਝ ਸਿਆਣਿਆਂ ਦੀ ਸਲਾਹ ਤੇ ਫ਼ੈਸਲਾ ਹੋਇਆ ਕਿ ਧਰਮ ਦੀ ਰੱਖਿਆ ਲਈ ਸ੍ਰੀ ਗੁਰੂ ਤੇਗ ਬਹਾਦਰ ਜੀ ਕੋਲ ਪੁਕਾਰ ਕੀਤੀ ਜਾਵੇ ।ਇਸ ਫੈਸਲੇ ਅਨੁਸਾਰ ਮੁਖੀ ਪੰਡਤਾਂ ਦਾ ਇੱਕ ਛੋਟਾ ਜਿਹਾ ਦਲ ਅਨੰਦਪੁਰ ਸਾਹਿਬ ਲਈ ਚੱਲ ਪਿਆ ।

ਕਸ਼ਮੀਰੀ ਪੰਡਤ ਅਨੰਦਪੁਰ ਪਹੁੰਚੇ ਅਤੇ ਗੁਰੂ ਤੇਗ ਬਹਾਦਰ ਜੀ ਕੋਲ ਹਾਜ਼ਰ ਹੋਏ ।ਉਨਾਂ ਨੇ ਗੁਰੂ ਜੀ ਨੂੰ ਆਪਣੀ ਦੁੱਖ ਭਰੀ ਕਥਾ ਸੁਣਾਈ ਕਿ ਕਿਵੇਂ ਕਸ਼ਮੀਰ ਵਿੱਚ ਹਿੰਦੂਆਂ ਨੂੰ ਜ਼ਬਰਦਸਤੀ ਮੁਸਲਮਾਨ ਬਣਾਇਆ ਜਾ ਰਿਹਾ ਹੈ ।ਉਨਾਂ ਨੂੰ ਲੁੱਟਿਆ ਤੇ ਬੇਇਜ਼ਤ ਕੀਤਾ ਜਾ ਰਿਹਾ ਹੈ । ਉਨਾਂ ਨੇ ਗੁਰੂ ਸਾਹਿਬ ਅੱਗੇ ਬੇਨਤੀ ਕੀਤੀ ਕਿ ਜਿਵੇਂ ਹੋ ਸਕੇ ਉਨਾਂ ਦੇ ਧਰਮ ਦੀ ਰਾਖਿਆ ਕੀਤੀ ਜਾਵੇ ।

ਗੁਰੂ ਜੀ ਕਸ਼ਮੀਰੀ ਪੰਡਤਾਂ ਦੀ ਵਿੱਥਿਆ ਸੁਣ ਕੇ ਸੋਚਣ ਕੀ ਧਰਮ ਦੀ ਰੱਖਿਆ ਕਿਵੇਂ ਹੋਵੇ ? ਇਸ ਉੱਤੇ ਉਹ ਵਿਚਾਰ ਕਰਨ ਲੱਗੇ । ਏਨੇ ਨੂੰ ਗੁਰੂ ਜੀ ਦੇ ਸਾਹਿਬਜ਼ਾਦੇ ਬਾਲ ਗੋਬਿੰਦ ਰਾਏ ਬਾਹਰੋਂ ਖੇਡਦੇ ਘਰ ਪਰਤੇ ਕੀ ਵੇਖਦੇ ਹਨ ਕਿ ਪਿਤਾ ਜੀ ਗੰਭੀਰ ਰੂਪ ਹੋ ਕੇ ਕਿਸੇ ਡੂੰਘੀ ਸੋਚ ਵਿੱਚ ਗੁਆਚੇ ਹੋਏ ਹਨ ਤੇ ਕੋਲ ਕੁਝ ਪਤਵੰਤੇ ਸੱਜਣ ਬੈਠੇ ਹਨ ।

ਉਹ ਵੀ ਗੰਭੀਰ ਤੇ ਉਦਾਸ ਵਿਖਾਈ ਦਿੰਦੇ ਹਨ ਸਭੇ ਚੁੱਪ ਹਨ ਤੇ ਵਿਚਾਰਾਂ ਵਿੱਚ ਡੁੱਬੇ ਹੋਏ ਹਨ। ਅਜਿਹਾ ਗੰਭੀਰ ਤੇ ਉਦਾਸ ਦ੍ਰਿਸ਼ ਬਾਲ ਗੋਬਿੰਦ ਲਈ ਬਿਲਕੁਲ ਨਵੀਂ ਚੀਜ਼ ਸੀ ਕਿਉਂਕਿ ਅੱਗੇ ਤਾਂ ਗੁਰੂ ਪਿਤਾ ਹਜ਼ੂਰੀ ਵਿੱਚ ਸਦਾ ਕਥਾ ਕੀਰਤਨ ਤੇ ਧਰਮ ਚਰਚਾ ਹੀ ਕਰਦੇ ਹੁੰਦੇ ਸਨ। ਗੋਬਿੰਦ ਰਾਏ ਨੂੰ ਹੈਰਾਨੀ ਹੋਈ ਤੇ ਪਿਤਾ ਜੀ ਕੋਲ ਜਾ

# ਅਸਲੀ ਦਾਨਵ ਕੌਣ ਹੈ ?



**ਡਾ. ਹਰਸ਼ਿੰਦਰ ਕੌਰ, ਐਮ. ਡੀ.**
ਫੋਨ ਨੰ: 0175-2216783

ਸ਼ਹਿਤੂਤ ਦਾ ਸਿਲਕ ਦੁਨੀਆ ਦਾ ਸਭ ਤੋਂ ਮਹਿੰਗਾ ਤੇ ਬਿਹਤਰੀਨ ਕਪੜਾ ਮੰਨਿਆ ਜਾ ਚੁੱਕਿਆ ਹੈ। ਜੇ ਰਤਾ ਡੂੰਘਿਆਈ ਵਿਚ ਘੋਖੀਏ ਤਾਂ ਇਸ ਨੂੰ ਬਣਾਉਣ ਦਾ ਤਰੀਕਾ ਚੀਨ ਨੇ ਕਈ ਸਦੀਆਂ ਤੱਕ ਲੁਕਾਈ ਰੱਖਿਆ। ਜਿਹੜਾ ਇਸ ਦਾ ਰਾਜ਼ ਬਾਹਰ ਕੱਢਣ ਦਾ ਜਤਨ ਕਰਦਾ ਸੀ, ਉਸ ਨੂੰ ਮਾਰ ਮੁਕਾਇਆ ਜਾਂਦਾ ਸੀ।

ਅਖ਼ੀਰ ਰਾਜ਼ ਖੁੱਲਣ ’ਤੇ ਪਤਾ ਲੱਗਿਆ ਕਿ ਇਹ ਇੱਕ ਨਿੱਕੀ ਮਲੂਕ ਜਿਹੀ ਸੁੰਡੀ ਹੈ ਜੋ ਸ਼ਹਿਤੂਤ ਦੇ ਪੱਤੇ ਖਾਂਦੀ ਹੈ। ਉਸ ਦੇ ਨਿੱਕੇ-ਨਿੱਕੇ ਬੱਚੇ ਜਦੋਂ ਵੱਡੇ ਹੋਣ ਲਈ ਆਪਣੇ ਦੁਆਲੇ ਧਾਗਾ ਘੁਮਾ ਕੇ ਲੁਕਣਾ ਚਾਹੁੰਦੇ ਹਨ ਤਾਂ ਮਨੁੱਖ ਉਨਾਂ ਨੂੰ ਉਬਾਲ ਕੇ, ਤੜਫ਼ਾ ਕੇ, ਉਹ ਧਾਗਾ ਲਾਹ ਲੈਂਦੇ ਹਨ। ਇਸ ਕੁਦਰਤੀ ਧਾਗੇ ਨੂੰ ਬੁਣਨ ਵਾਲੀ ਸੁੰਡੀ ਦਾ ਨਾਂ ਹੀ ‘ਸਿਲਕ ਵਰਮ’ ਰੱਖ ਦਿੱਤਾ ਗਿਆ। ਫਿਰ ਇਸ ਧਾਗੇ ਤੋਂ ਕਪੜਾ ਬਣਾ ਕੇ ਏਨੀ ਕਮਾਈ ਕੀਤੀ ਗਈ ਕਿ ਚੀਨ ਤੋਂ ਬਾਹਰ ਭੇਜੇ ਇਸ ਕਪੜੇ ਸਦਕਾ ਰਸਤੇ ਦਾ ਨਾਂ ਹੀ ‘ਸਿਲਕ ਰੂਟ’ ਰੱਖ ਦਿੱਤਾ ਗਿਆ।

ਈਸਾ ਮਸੀਹ ਤੋਂ ਵੀ ਕਈ ਸਾਲ ਪਹਿਲਾਂ ਤੋਂ ਇਸ ਨਿੱਕੀ ਸੁੰਡੀ ਦੇ ਬੱਚੇ ਬੇਰਹਿਮੀ ਨਾਲ ਉਬਾਲੇ ਜਾ ਰਹੇ ਹਨ ਪਰ ਕਦੇ ਕਿਸੇ ਦੇ ਮਨ ਵਿਚ ਰਹਿਮ ਨਹੀਂ ਆਇਆ। ਲਗਭਗ 6600 ਨਿੱਕੇ ਨਿੱਕੇ ਸੁੰਡੀ ਦੇ ਮਲੂਕ ਬੱਚੇ ਉਬਾਲਣ ਬਾਅਦ ਉਨਾਂ ਦੇ ਦੁਆਲੇ ਬੰਨੇ ਸਿਲਕ ਦੇ ਇੱਕ ਕਿੱਲੋ ਧਾਗੇ ਇਕੱਠੇ ਹੁੰਦੇ ਹਨ।

ਇਸ ‘ਮਲਬਰੀ ਸਿਲਕ’ ਦੀ ਮੰਗ ਏਨੀ ਵਧ ਚੁੱਕੀ ਹੈ ਕਿ ਅਰਬਾਂ ਦੀ ਗਿਣਤੀ ਵਿਚ ਇਹ ਨਿੱਕੇ ਬੱਚੇ ਰੋਜ਼ ਰਿੰਨੇ ਜਾ ਰਹੇ ਹਨ ਪਰ ਮਨੁੱਖ ਦੀ ਭੁੱਖ ਹਾਲੇ ਘਟੀ ਨਹੀਂ।

ਇੰਜ ਹੀ ਕੇਕੜੇ ਇਸ ਧਰਤੀ ਉੱਤੇ ਲਗਭਗ ਡਾਇਨਾਸੌਰ ਦੇ ਸਮੇਂ ਤੋਂ ਵਿਚਰ ਰਹੇ ਹਨ। ਹੁਣ ਇਨਾਂ ਦੀ ਹਾਲਤ ਇਹ ਹੈ ਕਿ ਹਰ ਸਾਲ ਦੁਨੀਆ ਭਰ ਦੇ ਲੋਕ ਉਨਾਂ ਨੂੰ ਉਬਾਲ ਕੇ ਖਾਣ ਲਈ ਪੰਜ ਲੱਖ ਕੇਕੜੇ ਤੜਫਾ ਕੇ ਮਾਰ ਮੁਕਾਉਂਦੇ ਹਨ। ਲਗਭਗ 20 ਕਰੋੜ ਸਾਲਾਂ ਤੋਂ ਹਰ ਸਾਲ ਵੱਖੋ-ਵੱਖ ਥਾਵਾਂ ਉੱਤੇ ਕੋਈ ਨਾ ਕੋਈ ਇੱਕ ਮਾਦਾ ਕੇਕੜਾ 30 ਲੱਖ ਅੰਡੇ ਦਿੰਦੀ ਰਹੀ ਹੈ, ਜਿਨਾਂ ਵਿੱਚੋਂ ਸਿਰਫ਼ ਇਕ ਜਾਂ ਦੋ ਹੀ ਬਚਦੇ ਹਨ ਕਿਉਂਕਿ ਹੋਰ ਪੰਛੀ ਤੇ ਜਾਨਵਰ ਇਨਾਂ ਨੂੰ ਆਪਣਾ ਸ਼ਿਕਾਰ ਬਣਾ ਲੈਂਦੇ ਹਨ। ਬਾਕੀ ਵੱਡਿਆਂ ਨੂੰ ਉਬਾਲ ਕੇ ਮਨੁੱਖ ਖਾਣ ਲੱਗ ਪਿਆ ਹੈ!

ਰਤਾ ਧਿਆਨ ਕਰੀਏ ‘ਡੋਡੋ’ ਵੱਲ। ਸਤਾਹਰਵੀਂ ਸਦੀ ਵਿਚ ਮਿਲਦੇ ਡੋਡੋ ਪੰਛੀ ਨੂੰ, ਜੋ ਉੱਡ ਨਹੀਂ ਸੀ ਸਕਦਾ, ਮਨੁੱਖਾਂ ਨੇ ਸ਼ਿਕਾਰ ਕਰ ਕਰ ਕੇ ਮੌਰੀਸ਼ੀਅਸ ਦੀ ਧਰਤੀ ਤੋਂ ਹੀ ਨਹੀਂ, ਪੂਰੀ ਦੁਨੀਆ ਵਿੱਚੋਂ ਸਦੀਵੀ ਤੌਰ ਉੱਤੇ ਖ਼ਤਮ ਕਰ ਛੱਡਿਆ ਹੈ। ਹੁਣ ਉਸ ਦਾ ਕੋਈ ਅੰਸ਼ ਦਿਸਦਾ ਹੀ ਨਹੀਂ। ਅਖ਼ੀਰੀ ਡੋਡੋ ਸੰਨ 1662 ਵਿਚ ਮੌਰੀਸ਼ੀਅਸ ਵਿਖੇ ਦਿਸਿਆ ਜੋ ਸ਼ਾਹੀ ਖਾਣੇ ਲਈ ਸ਼ਿਕਾਰ ਕਰ ਕੇ ਮਾਰ ਮੁਕਾ ਦਿੱਤਾ ਗਿਆ।

‘ਕਾਲਾ ਗੈਂਡਾ’ ਅਫਰੀਕਾ ਵਿਚ ਰਿਹਾ ਕਰਦਾ ਸੀ। ਇਸ ਦੇ ਦੋ ਸਿੰਗ ਮਰਦਾਨਾ ਤਾਕਤ ਦੀ ਵਰਤੋਂ ਲਈ ਬਹੁਤ ਫ਼ਾਇਦੇਮੰਦ ਲੱਭੇ ਸਨ। ਇਸ ਖੋਜ ਸਦਕਾ ਇਸ ਦਾ ਏਨਾ ਸ਼ਿਕਾਰ ਕੀਤਾ ਗਿਆ ਕਿ ਆਖ਼ਰੀ ਕਾਲਾ ਗੈਂਡਾ ਸੰਨ 2006 ਵਿਚ ਦਿਸਿਆ, ਜਿਸ ਦੇ ਸ਼ਿਕਾਰ ਤੋਂ ਬਾਅਦ ਇਹ ਵੀ ਇਸ ਦੁਨੀਆ ਨੂੰ ਸਦੀਵੀ ਅਲਵਿਦਾ ਕਹਿ ਗਿਆ ਹੋਇਆ ਹੈ।

ਚਿੱਟੀ ਡਾਲਫਿਨ ਜਾਂ ਚੀਨੀ ਦਰਿਆਈ ਡਾਲਫਿਨ ਦੋ ਕਰੋੜ ਸਾਲਾਂ ਤੋਂ ਯਾਂਗਸੇ ਨਦੀ ਵਿਚ ਘੁੰਮਦੀ, ਟਪੂਸੀਆਂ ਮਾਰਦੀ, ਮਨੁੱਖਾਂ ਨਾਲ ਸਾਂਝ ਗੰਢਦੀ ਫਿਰਦੀ ਰਹੀ। ਪਾਣੀ ਦਾ ਡੈਮ ਬਣਾਉਣ ਲਈ ਅਤੇ ਚਿੱਟੀ ਡਾਲਫਿਨ ਤੋਂ ਉਸ ਦਾ ਕੁਦਰਤੀ ਸੋਮਾ ਖੋਹ ਲੈਣ ਬਾਅਦ, ਅਤੇ ਇਸ ਦੇ ਸ਼ਿਕਾਰ ਕਰਦੇ ਰਹਿਣ ਨਾਲ ਆਖ਼ਰੀ ਚਿੱਟੀ ਡਾਲਫ਼ਿਨ ਸੰਨ 2002 ਵਿਚ ਸਦਾ ਲਈ ਲੋਪ ਹੋ ਗਈ।

‘ਸਪੇਨ ਦੇ ਬਕਰੇ ਆਈਬੈਕਸ’ ਦੇ ਘੁੰਮਣ ਦਾ ਘੇਰਾ ਬਹੁਤ ਵਿਸ਼ਾਲ ਸੀ। ਇਨਾਂ ਦੀ ਗਿਣਤੀ ਲਗਭਗ 50,000 ਦੇ ਕਰੀਬ ਸੀ। ਇਨਾਂ ਦਾ ਮੀਟ ਬਹੁਤ ਸੁਆਦੀ ਗਿਣਿਆ ਜਾਂਦਾ ਸੀ। ਲਗਾਤਾਰ ਸ਼ਿਕਾਰ ਹੁੰਦੇ ਰਹਿਣ ਕਾਰਨ ਇਹ ਵੀ ਮਨੁੱਖੀ ਹੈਵਾਨੀਅਤ ਦੀ ਭੇਂਟ ਚੜ ਗਏ ਅਤੇ ਆਖ਼ਰੀ ਆਈਬੈਕਸ ਸੰਨ 2000 ਵਿਚ ਅਲਵਿਦਾ ਕਹਿ ਗਿਆ।

‘ਸਫ਼ਰੀ ਕਬੂਤਰ’ ਜੋ ਸੁਨੇਹੇ ਦੇਣ ਲਈ ਪੁਰਾਣੇ ਸਮਿਆਂ ਤੋਂ ਵਰਤੇ ਜਾਂਦੇ ਰਹੇ ਅਤੇ ਇਨਾਂ ਦੀ ਅਖ਼ੀਰੀ ਗਿਣਤੀ ਲਗਭਗ 30 ਤੋਂ 50 ਕਰੋੜ ਸਿਰਫ਼ ਅਮਰੀਕਾ ਵਿਚ ਹੀ ਸੀ, 19ਵੀਂ ਸਦੀ ਵਿਚ ਖ਼ੁਰਾਕ ਦੀ ਕਮੀ ਸਦਕਾ ਗ਼ਰੀਬਾਂ ਨੇ ਇਨਾਂ ਦਾ ਸ਼ਿਕਾਰ ਕਰ ਕੇ ਖਾਣਾ ਸ਼ੁਰੂ ਕੀਤਾ ਤੇ ਸੰਨ 1914 ਤੱਕ ਕਰੋੜਾਂ ਸਫ਼ਰੀ ਕਬੂਤਰਾਂ ਨੂੰ ਨੇਸਤਾ ਨਾਬੂਤ ਕਰ ਦਿੱਤਾ।

‘ਤਸਮਾਨੀਆ ਟਾਈਗਰ’ ਸਿਰਫ਼ ਤਸਮਾਨੀਆ ਤੇ ਅਸਟ੍ਰੇਲੀਆ ਵਿਚ ਮਿਲਦੇ ਸਨ ਤੇ ਇਹ ਕਿਹਾ ਜਾਂਦਾ ਹੈ ਕਿ ਜਦ ਤੋਂ ਧਰਤੀ ਬਣੀ, ਇਹ ਮੌਜੂਦ ਸਨ। ਕਾਂਗਰੂ ਵਾਂਗ ਇਹ ਵੀ ਆਪਣੇ ਬੱਚੇ ਸਰੀਰ ਨਾਲ ਲੱਗੀ ਥੈਲੀ ਵਿਚ ਰੱਖਦੇ ਸਨ। ਮਨੁੱਖਾਂ ਨੂੰ ਇਸ ਦਾ ਮੀਟ ਏਨਾ ਪਸੰਦ ਆਇਆ ਕਿ ਹਜ਼ਾਰਾਂ ਦੀ ਗਿਣਤੀ ਵਿਚ ਇਸ ਦਾ ਸ਼ਿਕਾਰ ਕਰਨਾ ਸ਼ੁਰੂ ਕਰ ਦਿੱਤਾ। ਅਖ਼ੀਰਲਾ ਤਸਮਾਨੀਆ ਚੀਤਾ, ਤਸਮਾਨੀਆ ਦੇ ਚਿੜੀਆ ਘਰ ਵਿਚ 1936 ਵਿਚ ਮਰ ਮੁੱਕ ਗਿਆ।

‘ਸਮੁੰਦਰੀ ਗਾਂ’ ਸੰਨ 1741 ਵਿਚ ਜਾਰਜ ਸਟੈਲਰ ਨੇ ਅਲਾਸਕਾ ਦੇ ਸਮੁੰਦਰ ਵਿਚ ਲੱਭੀ ਤੇ ਇਸ ਦਾ ਨਾਂ ਹੀ ਸਟੈਲਰ ਸਮੁੰਦਰੀ ਗਾਂ ਰੱਖ ਦਿੱਤਾ ਗਿਆ। ਇਸ ਦਾ ਭਾਰ 10 ਟਨ ਸੀ ਤੇ ਸਿਰਫ਼ ਸਮੁੰਦਰੀ ਘਾਹ ਹੀ ਖਾਂਦੀ ਸੀ। ਇਸ ਦੇ ਲੱਭੇ ਜਾਣ ਤੋਂ ਸਿਰਫ਼ 27 ਸਾਲਾਂ ਦੇ ਅੰਦਰ ਹੀ ਮਨੁੱਖਾਂ ਨੇ ਸ਼ਿਕਾਰ ਕਰ ਕਰ ਕੇ ਲੱਖਾਂ ਸਾਲ ਪੁਰਾਣੀ ਇਸ ਗਾਂ ਦੀ ਹੋਂਦ ਮਿਟਾ ਦਿੱਤੀ।

‘ਗਰੇਟ ਔਕ’ ਇੱਕ ਵੱਡਾ ਪੰਛੀ ਸੀ ਜੋ ਉੱਡ ਨਹੀਂ ਸੀ ਸਕਦਾ ਤੇ ਉੱਤਰੀ ਯੂਰਪ ਤੋਂ ਸਪੇਨ ਤੱਕ ਘੁੰਮਦਾ ਲੱਭਿਆ ਗਿਆ ਸੀ। ਇਹ ਪੰਛੀ ਪਾਣੀ ਵਿਚ ਸ਼ਿਕਾਰ ਕਰਦੇ ਹੁੰਦੇ ਸਨ। ਸੰਨ 1844 ਵਿਚ ਸਕਾਟਲੈਂਡ ਵਿਚ ਆਏ ਸਮੁੰਦਰੀ ਤੂਫ਼ਾਨ ਦੌਰਾਨ ਲੋਕਾਂ ਨੇ ਇਨਾਂ ਨੂੰ ਚੁੜੇਲਾਂ ਮੰਨ ਕੇ ਤੂਫ਼ਾਨ ਲਿਆਉਣ ਦਾ ਕਾਰਨ ਮੰਨਦਿਆਂ ਵੱਡੀ ਪੱਧਰ ਉੱਤੇ ਇਨਾਂ ਦਾ ਕਤਲੇਆਮ ਕਰ ਕੇ ਮਾਰ ਮੁਕਾਇਆ।

‘ਵੱਡਾ ਘੁੰਘਰਾਲਾ ਹਾਥੀ’ 35 ਲੱਖ ਸਾਲਾਂ ਤੋਂ ਅਫਰੀਕਾ ਵਿਚ ਰਹਿੰਦਾ ਰਿਹਾ ਤੇ ਯੂਰਪ ਅਤੇ ਅਮਰੀਕਾ ਵਿਚ ਵੀ ਦਿਸਿਆ। ਇਸ ਦਾ ਭਾਰ 600 ਕਿੱਲੋ ਸੀ। ਇਸ ਹਾਥੀ ਦੇ ਦੰਦ ਪੰਜ ਮੀਟਰ ਤੱਕ ਲੰਮੇ ਸਨ। ਦਸ ਹਜ਼ਾਰ ਸਾਲ ਪਹਿਲਾਂ ਮਨੁੱਖਾਂ ਦੀ ਸ਼ਿਕਾਰ ਕਰਨ ਦੀ ਪ੍ਰਵਿਰਤੀ ਅਤੇ ਦੰਦ ਨੂੰ ਰੱਬੀ ਸੌਗਾਤ ਮੰਨ ਕੇ ਸਾਂਭਣ ਲਈ ਇਨਾਂ ਦਾ ਏਨਾ ਸ਼ਿਕਾਰ ਕੀਤਾ ਗਿਆ ਕਿ ਇਹ ਕਿਸਮ ਵੀ ਹੁਣ ਲੋਕ ਹੋ ਚੁੱਕੀ ਹੈ।

ਇਨਾਂ ਤੋਂ ਇਲਾਵਾ ਵੀ ਸੈਂਕੜੇ ਹੋਰ ਕਿਸਮਾਂ ਦੇ ਜਾਨਵਰ, ਪੰਛੀ, ਬੂਟੇ ਤੇ ਦਰਖ਼ਤ ਹੁਣ ਇਸ ਧਰਤੀ ਉੱਤੇ ਦਿਸਣੋਂ ਹਟ ਚੁੱਕੇ ਹਨ।

ਧਿਆਨ ਕਰੀਏ ਮਨੁੱਖਾਂ ਵਲ ਤੇ ਕੁੱਝ ਉਨਾਂ ਦੀਆਂ ਪ੍ਰਜਾਤੀਆਂ ਵੱਲ! ਪੈਂਹਠ ਹਜ਼ਾਰ ਸਾਲਾਂ ਤੋਂ ਅੰਡੇਮਨ ਵਿਚ ‘ਬੋਆ’ ਪ੍ਰਜਾਤੀ ਦੇ ਲੋਕ ਵੱਸਦੇ ਰਹੇ ਸਨ। ਅਖ਼ੀਰੀ ਬੋਆ ਮਨੁੱਖ 85 ਸਾਲਾਂ ਦੀ ਉਮਰ ਵਿਚ ਸੰਨ 2010 ਵਿਚ ਰਬ ਨੂੰ ਪਿਆਰਾ ਹੋ ਗਿਆ ਤੇ ਹੁਣ ਇਸ ਪ੍ਰਜਾਤੀ ਦਾ ਧਰਤੀ ਉੱਤੇ ਭੋਗ ਪੈ ਚੁੱਕਿਆ ਹੈ।

‘ਸੈਂਤਨਲੀ ਪ੍ਰਜਾਤੀ’ ਵੀ ਅਲੋਪ ਹੋਣ ਦੀ ਕਾਗਾਰ ਉੱਤੇ ਹੈ। ਇਸ ਪ੍ਰਜਾਤੀ ਦੇ ਲੋਕ ਅੰਡੇਮਨ ਦੇ ਇੱਕ ਨਿੱਕੇ ਜਿਹੇ ਟਾਪੂ ਉੱਤੇ ਰਹਿੰਦੇ ਹਨ। ਮੌਜੂਦਾ ਮਨੁੱਖਾਂ ਦੀ ਹੜੱਪ ਕਰ ਜਾਣ ਦੀ ਆਦਤ ਨੇ ਸਾਰੀਆਂ ਥੋੜ ਗਿਣਤੀ ਕੌਮਾਂ ਨੂੰ ਮਾਰ ਮੁਕਾ ਕੇ ਜ਼ਮੀਨਾਂ ਦੱਬਣ ਵੱਲ ਧੱਕ ਦਿੱਤਾ ਹੈ।

ਅਮਰੀਕਾ ਨੇ ਆਪਣੇ ਅਸਲ ਮਾਲਕਾਂ, ਜਿਵੇਂ ਮਾਇਅੱਕਾ, ਲੁਕਾਇਨ, ਕੌਰੋਆ, ਈਨੋ, ਬਿਓਥੁੱਕ, ਅਰਨਾਮਾ ਆਦਿ ਲਗਭਗ 31 ਪ੍ਰਜਾਤੀਆਂ ਦਾ ਖੁਰਾ ਖੋਜ ਮਿਟਾ ਕੇ ਆਪ ਕਾਬਜ਼ ਹੋਣ ਦਾ ਦਾਅਵਾ ਕਰ ਦਿੱਤਾ ਹੈ।

ਰੂਸ ਵਿਚ ਵੀ ਇੰਝ ਹੀ ਵਾਪਰਿਆ ਹੈ। ਉੱਥੇ ਦੇ ਅਸਲ ਵਸਨੀਕ ਜਿਵੇਂ, ਅਸਨ, ਬੁਲੱਖ, ਕਮਾਸਿਨ, ਵੋਲਗਾ ਆਦਿ 12 ਪ੍ਰਜਾਤੀਆਂ ਦੇ ਲੋਕ ਵੀ ਮਾਰ ਮੁਕਾ ਦਿੱਤੇ ਗਏ ਹਨ।

ਅਜਿਹੀਆਂ 383 ਪ੍ਰਜਾਤੀਆਂ, ਜਿਨਾਂ ਵਿਚ ਆਪਣੀ ਪਹਿਲੀ ਧੀ ਮਾਰਨ ਦੀ ਪ੍ਰਥਾ ਬਹੁਤ ਪ੍ਰਚਲਿਤ ਸੀ, ਵੀ ਹੌਲੀ-ਹੌਲੀ ਆਪ ਹੀ ਆਪਣੀ ਨਸਲ ਨੂੰ ਖ਼ਤਮ ਕਰਨ ਦਾ ਕਾਰਨ ਬਣ ਗਏ।

ਸਿਰਫ਼ 20 ਸਾਲ ਪਹਿਲਾਂ ਕੁਰੇਸ਼ੀਆ ਦੇ ਸਾਰੇ ‘ਸਰਬਾਂ’ ਨੂੰ ਪੂਰੀ ਦੁਨੀਆ ਦੇ ਸਾਹਮਣੇ ਮਾਰ ਮੁਕਾਇਆ ਗਿਆ ਤਾਂ ਜੋ ਉਨਾਂ ਦੀ ਜ਼ਮੀਨ ਦੱਬੀ ਜਾ ਸਕੇ। ਇਸ ਨਸਲਕੁਸ਼ੀ ਲਈ ਵੀ ਮਨੁੱਖੀ ਲੋਭ, ਹਉਮੈ ਤੇ ਹੈਂਕੜ ਹੀ ਕਾਰਨ ਲੱਭੇ!

ਮੌਜੂਦਾ ਸਾਇੰਸ ਦੀ ਤਰੱਕੀ ਨੇ ਚੇਤਾਵਨੀ ਦਿੱਤੀ ਹੈ ਕਿ ਮਨੁੱਖ ਨਾਸਵਾਨ ਹੈ। ਇਸ ਸ਼ਬਦ ਉੱਤੇ ਅਸੀਂ ਬਹੁਤੀ ਤਵੱਜੋ ਨਹੀਂ ਦਿੰਦੇ ਕਿਉਂਕਿ ਸਾਨੂੰ ਆਪਣਾ ਆਪ ‘ਅਮਰ’ ਲੱਗਦਾ ਹੈ। ਸਾਨੂੰ ਆਪਣੇ ਦਾਦੇ ਪੜਦਾਦੇ ਜਾਂ ਲੱਕੜਦਾਦੇ ਤੱਕ ਝਾਕ ਕੇ ਹੀ ਤਸੱਲੀ ਹੋ ਜਾਂਦੀ ਹੈ ਕਿ ਸਾਡੇ ਨਾਮਲੇਵੇ ਤੁਰਦੇ ਹੀ ਰਹਿਣੇ ਹਨ।

ਵਿਗਿਆਨੀਆਂ ਅਨੁਸਾਰ, ਜਦੋਂ ਦੀ ਧਰਤੀ ਬਣੀ ਹੈ, ਦੁਨੀਆ ਭਰ ਦੀਆਂ ਅਨੇਕ ਪ੍ਰਜਾਤੀਆਂ ਤੇ ਕਿਸਮਾਂ ਵਿੱਚੋਂ 99.9 ਫੀਸਦੀ ਕਿਸਮਾਂ ਹੌਲੀ-ਹੌਲੀ ਲੋਪ ਹੋ ਚੁੱਕੀਆਂ ਹਨ ਜਾਂ ਹੋ ਰਹੀਆਂ ਹਨ।

5 ਮਈ ਸੰਨ 2020 ਵਿਚ ਛਪੇ ਯੂਨੀਵਰਸਿਟੀ ਔਫ਼ ਬਾਠ ਦੇ ਖੋਜ ਪੱਤਰ ਨੇ ਸਪਸ਼ਟ ਕੀਤਾ ਹੈ ਕਿ ਹੁਣ ਤੱਕ ਦੇ ਮਿਲੇ ‘ਫੌਸਿੱਲ’ ਅਨੁਸਾਰ ਲਗਾਤਾਰ ਜੀਨ ਦੀ ਤਬਦੀਲੀ ਤੇ ਬਣਤਰ ਵਿਚ ਫ਼ਰਕ ਨੇ ਹੌਲੀ-ਹੌਲੀ ਬਹੁਤ ਕਿਸਮਾਂ ਧਰਤੀ ਉੱਤੋਂ ਮੁਕਾ ਛੱਡੀਆਂ ਹਨ।

ਮਨੁੱਖ ਦੀ ਵੀ ਪਹਿਲੀ ਸ਼ਕਲ ‘ਨੈਂਡਰਥਲ’ ਮਰ ਮੁੱਕ ਗਈ। ਫਿਰ ਹੋਮੋ ਇਰੈੱਕਟਸ ਵੀ ਖ਼ਤਮ ਹੋਏ ਤੇ ਹੁਣ ‘ਹੋਮੋਸੇਪੀਅਨ’ ਬਚੇ ਹਨ। ਬਦਲਦੇ ਮੌਸਮ, ਵਧਦੀ ਗ਼ਰੀਬੀ, ਭੁਖਮਰੀ, ਭਿਆਨਕ ਕੀਟਨਾਸ਼ਕ ਹੌਲੀ-ਹੌਲੀ ਸਾਡੇ ਜੀਨ ਵਿਚ ਤਬਦੀਲੀ ਕਰਨ ਵੱਲ ਜੁਟੇ ਹਨ।

ਵੱਡੇ-ਵੱਡੇ ਜਾਨਵਰ, ਜੋ ਮਨੁੱਖਾਂ ਵਾਂਗ ਹੀ ਗਰਮ ਖ਼ੂਨ ਵਾਲੇ ਸਨ, ਇਹ ਤਬਦੀਲੀਆਂ ਸਹਾਰ ਨਹੀਂ ਸਕੇ ਤੇ ਖ਼ਤਮ ਹੋਣ ਵੱਲ ਚਾਲੇ ਪਾ ਗਏ। ਛੋਟੇ ਤੇ ਠੰਡੇ ਖ਼ੂਨ ਵਾਲੇ ਜਿਵੇਂ ਕੱਛੂਕੁੰਮੇ, ਸੱਪ, ਕਿਰਲੀਆਂ, ਜੋ ਕਾਫ਼ੀ ਚਿਰ ਭੁੱਖ ਸਹਾਰ ਸਕਦੇ ਹਨ, ਇਹ ਤਬਦੀਲੀਆਂ ਵੀ ਸਹਾਰ ਗਏ।

ਤਾਜ਼ਾ ਖੋਜਾਂ ਅਨੁਸਾਰ ਮਨੁੱਖੀ ਸਰੀਰਾਂ ਅੰਦਰ ਵਧਦਾ ਤੇ ਜਮਾਂ ਹੁੰਦਾ ਜਾਂਦਾ ਆਰਸੈਨਿਕ ਹੌਲੀ-ਹੌਲੀ ਡੀ.ਐਨ.ਏ. ਨੂੰ ਨੁਕਸਾਨ ਪਹੁੰਚਾ ਰਿਹਾ ਹੈ। ਕਰੋਮੋਸੋਮ ਵਿਚਲੀ ਗੜਬੜੀਆਂ, ਕੁੱਝ ਹਿੱਸੇ ਝੜ ਜਾਣੇ, ਕੁੱਝ ਵਿਗਾੜ ਵਾਲੇ ਹੋਣੇ ਤੇ ਕੁੱਝ ਡੀ.ਐਨ.ਏ. ਪ੍ਰੋਟੀਨ ਵਿਚਲੀ ਤਾਲ ਮੇਲ ਵਿਚ ਤਬਦੀਲੀ ਹੀ ਬਹੁਤ ਸਾਰੀਆਂ ਬੀਮਾਰੀਆਂ ਤੋਂ ਲੈ ਕੇ ਭਰੂਣਾਂ ਵਿਚਲੇ ਨੁਕਸਾਂ ਦਾ ਕਾਰਨ ਬਣਦੇ ਜਾ ਰਹੇ ਹਨ। ਜਿੱਥੇ ਇਕਦਮ ਸਰੀਰ ਅੰਦਰ ਲੰਘਿਆ ਆਰਸੈਨਿਕ ਉਲਟੀਆਂ, ਬਲੱਡ ਪ੍ਰੈੱਸ਼ਰ ਦੀ ਗੜਬੜੀ, ਦਿਮਾਗ਼ ਨੂੰ ਨੁਕਸਾਨ ਦੇ ਨਾਲ ਮੌਤ ਦਾ ਕਾਰਨ ਬਣਦਾ ਹੈ, ਉੱਥੇ ਸ਼ੱਕਰ ਰੋਗ, ਕੈਂਸਰ, ਫੇਫੜੇ ਤੇ ਨਸਾਂ ਦੇ ਰੋਗਾਂ ਦੀ ਸ਼ੁਰੂਆਤ ਵੀ ਕਰ ਦਿੰਦਾ ਹੈ। ਅਨੇਕ ਮਰੀਜ਼ ਚਮੜੀ, ਪਿਸ਼ਾਬ ਦੇ ਬਲੈਡਰ ਤੇ ਫੇਫੜਿਆਂ ਦੇ ਕੈਂਸਰ ਸਿਰਫ਼ ਆਰਸੈਨਿਕ ਵਧਣ ਸਦਕਾ ਹੀ ਸਹੇੜ ਰਹੇ ਹਨ। ਉਹ ਘੱਟਾ, ਜਿਸ ਵਿਚ ਆਰਸੈਨਿਕ ਹੋਵੇ, ਅਸੀਂ ਸਾਹ ਰਾਹੀਂ ਵੀ ਆਪਣੇ ਅੰਦਰ ਲੰਘਾ ਜਾਂਦੇ ਹਾਂ ਜੋ ਸਰੀਰ ਦਾ ਨਾਸ ਮਾਰਦਾ ਹੈ।

ਕੁਦਰਤ ਨੇ ਮਨੁੱਖੀ ਸਰੀਰ ਵਿੱਚੋਂ ਆਰਸੈਨਿਕ ਕੱਢਣ ਦਾ ਜ਼ਰੀਆ ਬਣਾਇਆ ਹੋਇਆ ਹੈ ਪਰ ਜੇ ਥੋੜੀ ਮਾਤਰਾ ਵਿਚ ਹੋਵੇ। ਜੇ ਹੱਦੋਂ ਵੱਧ ਲੰਘ ਜਾਏ ਤਾਂ ਨੁਕਸਾਨ ਕਰ ਦਿੰਦਾ ਹੈ।

ਜਿੰਨੀ ਡੀ.ਐਨ.ਏ. ਉੱਤੇ ਖੋਜ ਵੱਧ ਹੋ ਰਹੀ ਹੈ, ਓਨਾ ਹੀ ਵੱਧ ਪਤਾ ਲੱਗ ਰਿਹਾ ਹੈ ਕਿ ਨਵੀਨੀਕਰਨ ਦੇ ਚੱਕਰ ਵਿਚ ਅਤੇ ਵਿਗਿਆਨਿਕ ਤਰੱਕੀ ਨਾਲ ਜਿੱਥੇ ਅਨੇਕ ਤਰਾਂ ਦੀ ਰੇਡੀਏਸ਼ਨ ਤੇ ਹੋਰ ਚੀਜ਼ਾਂ ਨਾਲ ਡੀ.ਐਨ.ਏ. ਵਿਚ ਵਿਗਾੜ ਤੇ ਟੁੱਟ ਫੁੱਟ ਦਿੱਸਣ ਲੱਗ ਪਈ ਹੈ, ਉੱਥੇ ਛੇਤੀ ਬੁਢੇਪਾ, ਯਾਦਾਸ਼ਤ ਦੀ ਕਮੀ, ਵਧਦੇ ਭਰੂਣ ਵਿਚਲੇ ਨੁਕਸ, ਦਿਮਾਗ਼ੀ ਨੁਕਸ ਤੇ ਬੀਮਾਰੀਆਂ ਵਿਚ ਬੇਹਿਸਾਬ ਵਾਧਾ ਦਿਸਣ ਲੱਗ ਪਿਆ ਹੈ। ਉੱਤੋਂ ਮੋਟਾਪਾ, ਤਣਾਓ ਤੇ ਅਸੰਤੁਲਿਤ ਖ਼ੁਰਾਕ ਵੀ ਨਾਸ ਮਾਰ ਰਹੇ ਹਨ।

ਨਵੀਆਂ ਵਾਇਰਸ ਤੇ ਹੋਰ ਕਿਸਮਾਂ ਦੇ ਕੀਟਾਣੂ ਵੀ ਲੱਖਾਂ ਲੋਕਾਂ ਨੂੰ ਮੌਤ ਦੇ ਮੂੰਹ ਵੱਲ ਧੱਕ ਰਹੇ ਹਨ।

ਸਿਰਫ਼ ਡੀ.ਐਨ.ਏ. ਦੇ ‘ਔਕਸੀਡੇਟਿਵ ਨੁਕਸਾਨ’ ਨਾਲ ਹੀ 11,500 ਮਨੁੱਖੀ ਸੈੱਲ ਰੋਜ਼ ਨੁਕਸਾਨੇ ਜਾਂਦੇ ਹਨ। ਇੰਜ ਹੀ ਡੀਪੂਰੀਨੇਸ਼ਨ ਨਾਲ 13,920 ਸੈੱਲ, ਸਿੰਗਲ ਸਟਰੈਂਡ ਦੀ ਟੁੱਟ ਫੁੱਟ ਨਾਲ 55,200 ਸੈੱਲ!

ਚੂਹਿਆਂ ਉੱਤੇ ਹੋਈ ਖੋਜ ਨੇ ਸੱਪਸ਼ਟ ਕੀਤਾ ਹੈ ਕਿ ਸਰੀਰ ਦੇ ਵੱਖੋ-ਵੱਖ ਹਿੱਸਿਆਂ ਉੱਤੇ ਬਹੁਤ ਜ਼ਿਆਦਾ ਮਾੜਾ ਅਸਰ ਦਿਸ ਰਿਹਾ ਹੈ। ਐਂਡੋਜੀਨਸ ਡੀ.ਐਨ.ਏ. ਦੇ ਨੁਕਸਾਨ ਨਾਲ ਜਿਗਰ, ਗੁਰਦੇ, ਫੇਫੜੇ ਤੇ ਦਿਮਾਗ਼ ਦੇ ਲੱਖਾਂ ਸੈੱਲ ਇਸ ਦੇ ਅਸਰ ਹੇਠ ਆ ਜਾਂਦੇ ਹਨ। ਜੇ ਸਰੀਰ ਦਾ ਸੈੱਲ ਡੀ.ਐਨ.ਏ. ਵਿਚਲੇ ਨੁਕਸ ਨੂੰ ਦਰੁਸਤ ਕਰ ਸਕਦਾ ਹੋਵੇ ਤਾਂ ਬਚ ਜਾਂਦਾ ਹੈ ਵਰਨਾ ਉਹ ਸੈੱਲ ਮਰ ਜਾਂਦਾ ਹੈ।

ਹੋਰ ਜਾਨਵਰਾਂ, ਪੰਛੀਆਂ, ਕੀੜੇ ਮਕੌੜਿਆਂ ਨੂੰ ਖ਼ਤਮ ਕਰਦਾ ਮਨੁੱਖ ਹੁਣ ਆਪਣੇ ਹੀ ਤਿਆਰ ਕੀਤੇ ਹਥਿਆਰਾਂ, ਵਿਗਿਆਨਿਕ ਔਜ਼ਾਰਾਂ ਤੇ ਵੱਖੋ-ਵੱਖ ਨਵੀਆਂ ਕਾਢਾਂ ਹੱਥੋਂ ਖ਼ਤਰਾ ਸਹੇੜ ਰਿਹਾ ਹੈ।

ਕੁਦਰਤੀ ਸੋਮਿਆਂ ਨੂੰ ਮੁਕਾ ਕੇ ਜਾਂ ਜ਼ਹਿਰੀਲਾ ਬਣਾ ਕੇ, ਖ਼ਤਰਨਾਕ ਕਿਰਨਾਂ ਈਜਾਦ ਕਰ ਕੇ, ਹੱਦੋਂ ਵੱਧ ਜਨਸੰਖਿਆ, ਖੇਤੀ ਉਤਪਾਦਨਾਂ ਦਾ ਮਹਿੰਗਾ ਤੇ ਸੀਮਤ ਹੋਣਾ ਤੇ ਭੁੱਖਮਰੀ ’ਚ ਦਿਨੋ-ਦਿਨ ਵਾਧਾ, ਇੱਕ ਦੂਜੇ ਨੂੰ ਜਰ ਨਾ ਸਕਣਾ, ਮੁਲਕਾਂ ਵਿਚਲੀ ਜੰਗ, ਐਟਮੀ ਹਥਿਆਰ, ਮਿਜ਼ਾਈਲਾਂ, ਜਾਨਵਰਾਂ ਅਤੇ ਪੰਛੀਆਂ ਦੇ ਘਰ ਉਜਾੜਨੇ, ਚੰਗੇ ਕੀਟਾਣੂਆਂ ਨੂੰ ਮਾਰ ਮੁਕਾਉਣਾ ਆਦਿ ਅਣਗਿਣਤ ਕਾਰਨ ਹਨ ਜਿਨਾਂ ਸਦਕਾ ਮਨੁੱਖੀ ਮੌਤਾਂ ਵਿਚ ਲਗਾਤਾਰ ਵਾਧਾ ਦਿੱਸਣ ਲੱਗ ਪਿਆ ਹੈ। ਇਹ ਵਾਧਾ ਜੇ ਵੇਲੇ ਸਿਰ ਨਾ ਰੋਕਿਆ ਗਿਆ ਤਾਂ ਮਨੁੱਖ ਹੋਰ ਪ੍ਰਜਾਤੀਆਂ ਨੂੰ ਖ਼ਤਮ ਕਰਦਾ-ਕਰਦਾ ਆਪਣੀ ਹੋਂਦ ਵੀ ਖ਼ਤਮ ਕਰ ਜਾਵੇਗਾ। ਹਾਲੇ ਵੀ ਵੇਲਾ ਹੈ ਸੰਭਲ ਜਾਈਏ! ਜਨਸੰਖਿਆ ਕਾਬੂ ਵਿਚ ਰੱਖ ਕੇ, ਕੁਦਰਤੀ ਸੋਮਿਆਂ ਦੀ ਸਾਂਭ ਸੰਭਾਲ ਕਰ ਕੇ, ਇੱਕ ਦੂਜੇ ਨੂੰ ਮਾਰ ਮੁਕਾਉਣ ਦੀ ਥਾਂ ਮਿਲਵਰਤਣ ਨਾਲ ਰਹਿਣਾ ਸਿੱਖ ਲਈਏ ਤਾਂ ਕੁੱਝ ਸੁਧਾਰ ਹੋਣ ਦੀ ਉਮੀਦ ਹੈ।

ਜਿਸ ਨੂੰ ਹਾਲੇ ਵੀ ਕੋਈ ਸ਼ੰਕਾ ਹੋਵੇ ਤਾਂ ਸੰਨ 2021 ਵਿਚ ਲੱਭੀ ਇੱਕ ਆਖ਼ਰੀ ਖੋਜ ਬਾਰੇ ਦੱਸ ਦਿੰਦੀ ਹਾਂ। ਮਨੁੱਖੀ ਅੰਤੜੀਆਂ ਵਿਚ 70,000 ਕਿਸਮਾਂ ਦੀਆਂ ਨਵੀਆਂ ਵਾਇਰਸ ਲੱਭੀਆਂ ਜਾ ਚੁੱਕੀਆਂ ਹਨ ਜਿਨਾਂ ਬਾਰੇ ਖੋਜ ਜਾਰੀ ਹੈ ਕਿ ਇਹ ਕਿੰਨੀਆਂ ਕੁ ਹਾਨੀਕਾਰਕ ਹਨ ਤੇ ਡੀ.ਐਨ.ਏ. ਉੱਤੇ ਕਿੰਨਾ ਕੁ ਕਹਿਰ ਢਾਹ ਸਕਦੀਆਂ ਹਨ!

ਏਨਾ ਕੁੱਝ ਜਾਣ ਲੈਣ ਬਾਅਦ ਰਤਾ ਧਿਆਨ ਦੂਜੇ ਪਾਸੇ ਵੀ ਕਰੀਏ। ਗੁਰਬਾਣੀ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਾਖ਼ੂਬੀ ਸਮਝਾਇਆ ਹੈ ਕਿ ਸੰਸਾਰ ਉੱਤੇ ਉਤਪੱਤੀ ਅੰਡੇ ਤੋਂ, ਜੇਰਜ ਤੋਂ (ਮਨੁੱਖ ਤੇ ਪਸ਼ੂ), ਸੇਤਜ ਜਾਂ ਮੁੜਕੇ ਤੋਂ ਜੰਮੇ-ਜੂੰਆਂ ਆਦਿ, ਉਤਭੁਜਾ (ਪਾਣੀ ਤੇ ਧਰਤੀ ਤੋਂ ਉਪਜੀ ਬਨਸਪਤੀ), ਸਾਰੀ ਪ੍ਰਮਾਤਮਾ ਦੀ ਹੀ ਪੈਦਾ ਕੀਤੀ ਹੋਈ ਰਚਨਾ ਹੈ। (ਅੰਡਜ ਜੇਰਜ ਸੇਤਜ ਉਤਭੁਜਾ ਪ੍ਰਭ ਕੀ ਇਹ ਕਿਰਤਿ-ਅੰਗ 816)। ਗੁਰੂ ਨਾਨਕ ਦੇਵ ਜੀ ਨੇ ਕੁੱਝ ਹੋਰ ਵੀ ਸਪੱਸ਼ਟ ਕਰ ਦਿੱਤਾ – ਕਿਸੁ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣਹਾਰੁ (ਅੰਗ 468)। ਸਾਰਾ ਜਗਤ ਨਾਸਵਾਨ ਹੈ ਤੇ ਸਾਰੀਆਂ ਵਸਤੂਆਂ ਵੀ, ਪਰ ਮਨੁੱਖ ਇਹ ਭੁੱਲ ਕੇ ਨਾਸਵੰਤ ਚੀਜ਼ਾਂ ਦੇ ਮੋਹ ਵਿਚ ਫਸਿਆ ਪਿਆ ਹੈ। ਇਹ ਛਲ ਜੀਵਾਂ ਨੂੰ ਡੋਬ ਰਿਹਾ ਹੈ।

ਬਸ ਸਿਰਫ਼ ਇਹ ਨੁਕਤਾ ਸਮਝ ਆ ਜਾਵੇ ਤਾਂ ਸਭ ਕੁੱਝ ਹਾਸਲ ਕਰਨ, ਦੂਜੇ ਨੂੰ ਢਾਹ ਕੇ ਆਪਣਾ ਰੁਤਬਾ ਉੱਚਾ ਕਰਨ ਤੇ ਪੁਸ਼ਤਾਂ ਚੱਲਦੀਆਂ ਰੱਖਣ ਦਾ ਲਾਲਚ ਛੱਡ ਮਨੁੱਖ ਸੀਮਤ ਸ੍ਰੋਤਾਂ ਨਾਲ ਰਹਿਣਾ ਸਿੱਖ ਜਾਵੇਗਾ। ਉਸੇ ਦਿਨ ਕੁਦਰਤ ਨਾਲ ਕੀਤਾ ਜਾ ਰਿਹਾ ਖਿਲਵਾੜ ਵੀ ਬੰਦ ਹੋ ਜਾਵੇਗਾ! ਜੇ ਹਾਲੇ ਵੀ ਜਵਾਬ ਨਾ ਹੈ ਤਾਂ ਰਬ ਹੀ ਰਾਖਾ!

CAPITAL ACCOUNTING AND TAX SERVICES

KULDEEP SINGH KANG
SEWA SINGH BHINDER
HELPING PEOPLE FOR THEIR TRUCKING
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰਕਿੰਗ ਦੀ ਦੁਨੀਆ ਵਿਚ ਨਵਾਂ ਕਦਮ
• ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀ
• ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।
TRUCKING SERVICES AVAILABLE
IRP License Plates
•IFTA-Fuel Tax Returns
•MC (CC) Authority US DOT #
•UCR Permits, BOC-3 Filing
•CA#, MCP, EPN Enrollment
•BIT-Enrolment
•NM Permit, KYU#, NY HUT Permit
•Oregon Permit, Oregon Bonds
•Highway Use Tax (2290)
•Trailer Plates, Title Transfer
•Tax Exemption
BUSINESS SERVICES AVAILABLE
Tax Services: Individual, Small Business
Computerized Accounting
Financial Statement
Monthly Sales Tax Reports
Payroll Services
PH: 5306695780 FAX: 5306695775
CELL:530-908-9386 CELL:530-405-6020
ਇਹ ਦਫ਼ਤਰ ਡੀ.ਐਮ. ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 EAST STREET, SUITE 110 WOODLAND, CA 95776

# ਕੱਲ, ਅੱਜ ਤੇ ਕੱਲ ਦੀ ਗੀਤਕਾਰੀ ਤੇ ਗਾਇਕੀ

**ਰਾਜਨਦੀਪ ਕੌਰ ਮਾਨ**

6239326166





ਗਾਇਕੀ ਤੇ ਗੀਤਕਾਰੀ ਦਾ ਸਿੱਧਾ ਸਬੰਧ ਸਾਡੇ ਸਮਾਜ ਨਾਲ ਹੈ। ਸਾਡਾ ਸਮਾਜ ਇਸ ਉੱਤੇ ਅਸਰ ਤਾਂ ਪਾਉਂਦਾ ਹੀ ਹੈ, ਪਰ ਇਹ ਸਮਾਜ ਤੇ ਬਹੁਤ ਜ਼ਿਆਦਾ ਅਸਰ ਪਾਉਂਦੀ ਹੈ।ਪੁਰਾਣੇ ਜਮਾਨੇ ਵਿਚ ਵਾਰਾਂ ਕਿੱਸੇ ਲਿਖੇ ਤੇ ਗਾਏ ਜਾਂਦੇ ਸਨ ਤਾਂ ਲੋਕਾਂ ਦਾ ਜੀਵਨ ਉਨਾਂ ਤੋਂ ਪ੍ਰਭਾਵਤ ਵੀ ਸੀ। ਵਾਰਾਂ ਨੂੰ ਤਾਂ ਲਿਖਿਆ ਤੇ ਗਾਇਆ ਹੀ ਲੋਕਾਂ ਵਿੱਚ ਜੁਝਾਰੂ ਜਜ਼ਬੇ ਪੈਦਾ ਕਰਨ ਲਈ ਸੀ। ਚੰਡੀ ਦੀ ਵਾਰ ਵਰਗੀ ਵੀਰ ਰਸੀ ਰਚਨਾ, ਅੱਜ ਵੀ ਕੋਈ ਪੜ ਕੇ ਦੇਖ ਲਵੇ ਜੋਸ਼ ਨਾਲ ਡੌਲੇ ਫਰਕਣ ਲੱਗ ਪੈਣਗੇ। ਇਸੇ ਤਰਾਂ ਜਦ ਗੀਤਕਾਰੀ ਤੇ ਗਾਇਕੀ ਲੋਕਾਂ ਤੇ ਏਨਾਂ ਅਸਰ ਕਰਦੀ ਹੈ ਤਾਂ ਸਮਾਜ ਦਾ ਉਨਾਂ ਦੇ ਮੁਤਾਬਕ ਢਲਣਾ ਕੁਦਰਤੀ ਹੈ। ਅੱਜ ਤੋਂ ਕੋਈ ਵੀਹ ਕੂ ਵਰੇ ਪਿੱਛੋਂ ਦੇਖੀਏ ਤਾਂ ਲੱਚਰ ਗਾਇਕੀ ਦਾ ਪ੍ਰਚਲਣ ਕਾਫੀ ਹੋ ਚੁੱਕਿਆ ਸੀ। ਬੇਸ਼ੱਕ ਉਨਾਂ ਤੋਂ ਪਹਿਲਾਂ ਕੁਝ ਗਾਇਕ ਤੇ ਗੀਤਕਾਰ ਕੋਲਿਆਂ ਦੀ ਦਲਾਲੀ ਵਿਚ ਮੂੰਹ ਕਾਲੇ ਲੈ ਕੇ ਤੁਰੇ ਫਿਰਦੇ ਸਨ।ਉਨਾਂ ਨੂੰ ਪਰ ਧੀਆਂ ਭੈਣਾਂ ਵਾਲੇ ਘਰਾਂ ਵਿਚ ਸੁਣਨ ਤੋਂ ਗੁਰੇਜ਼ ਕੀਤਾ ਜਾਂਦਾ ਸੀ। ਆਮ ਤੌਰ ਤੇ ਖੇਤਾਂ ਦੀਆਂ ਮੋਟਰਾਂ ਜਾਂ ਮੁੰਡੀਰ ਦੀ ਢਾਣੀ ਬੈਠ ਕੇ ਆਪਣਾ ਸ਼ੁਗਲ ਮੇਲਾ ਕਰ ਲੈਂਦੀ ਸੀ। ਪਰ ਫਿਰ ਇਨਾਂ ਗੀਤਾਂ ਵਿਚਲੀ ਲੱਚਰਤਾ ਨਵੀਂ ਪੀੜੀ ਦੇ ਦਿਲ-ਓ-ਦਿਮਾਗ ਵਿਚ ਘਰ ਕਰ ਗਈ। ਉਹਨਾਂ ਨੂੰ ਲੱਚਰ ਗੀਤ ਸੁਣ ਰਹੇ ਕੋਈ ਪਾਪ ਜਿਹਾ ਨਾ ਲੱਗਣ ਲੱਗ ਪਏ। ਉਪਰੋਂ ਵਿਆਹਾਂ ਵਿਚ ਡੀਜੇ ਤੇ ਆਰਕੈਸਟਰਾਂ ਨੇ ਪੈਰ ਪਸਾਰ ਲਏ।ਅਧਨੰਗੀਆਂ ਕੁੜੀਆਂ ਦੀਆਂ ਅਸ਼ਲੀਲ ਹਰਕਤਾਂ ਨੇ ਬੇਸ਼ਰਮੀ ਵਾਲੀ ਹੱਦ ਪਾਰ ਕਰ ਦਿੱਤੀ। ਸਾਰਾ ਹੀ ਸਮਾਜ ਜਿਵੇਂ ਬੇਸ਼ਰਮ ਜਿਹਾ ਹੋ ਗਿਆ। ਨਾ ਪਿਓ ਨੂੰ ਧੀ ਦੀ ਸ਼ਰਮ ਨਾ ਭੈਣ ਭਰਾ ਨੂੰ ਇਕ ਦੂਜੇ ਦੀ। ਸਾਰਾ ਟੱਬਰ ਲਟਬੌਰਿਆਂ ਵਾਂਗਰ ਲੱਚਰ ਗੀਤਾਂ ਤੇ ਨੱਚਣਾ ਆਪਣਾ ਫਰਜ਼ ਜਿਹਾ ਸਮਝਣ ਲੱਗ ਪਿਆ। ਇਹ ਸੀ ਸਮਾਜ ਦੀ ਰਸਾਤਲ ਵੱਲ ਨੂੰ ਜਾਂਦੀ ਤਸਵੀਰ। ਇਸ ਗਾਇਕੀ ਨੇ ਨਸ਼ਾ, ਹਥਿਆਰ, ਗੈਂਗਸਟਰ, ਖ਼ੂਬ ਪ੍ਰਮੋਟ ਕੀਤੇ। ਨੌਜਵਾਨਾਂ ਤੇ ਉਸ ਦਾ ਅਸਰ ਅਸੀਂ ਸਭ ਨਹੀਂ ਦੇਖਿਆ।ਗੱਭਰੂ ਮੁੰਡੇ ਨਸ਼ਿਆਂ ਨਾਲ ਧੁੱਤ ਹੋ ਕੇ ਆਏ ਦਿਨ ਸੜਕਾਂ ਤੇ ਕੂੜੇ ਦੇ ਢੇਰਾਂ ਤੇ ਲਾਸ਼ਾਂ ਬਣਕੇ ਡਿੱਗਣ ਲੱਗੇ। ਤੇ ਫਿਰ ਉਸ ਤੋਂ ਵੀ ਬੁਰਾ ਦੌਰ ਕੇ ਇਹ ਫੁਕਰੇ ਗਾਇਕਾਂ ਪਿੱਛੇ ਆਪਸ ਵਿੱਚ ਲੜ ਲੜ ਮਰਨ ਲੱਗ ਪਏ। ਗਾਇਕਾਂ ਗੀਤਕਾਰਾਂ ਦੇ ਬੀਜੇ ਕੰਡੇ ਸਮਾਜ ਦੀ ਹਿੱਕ ਤੇ ਚੁੱਬਣ ਲੱਗੇ । ਇੰਝ ਲੱਗਣ ਲੱਗਾ ਕਿ ਇਹ ਬੱਸ ਪੰਜਾਬ ਦੀ ਅਣਖ ਗੈਰਤ ਤੇ ਵਿਰਾਸਤ ਖਤਮ ਹੋ ਗਈ।

ਇਸ ਦੌਰਾਨ ਕਿ ਅਚਾਨਕ ਯੁੱਗ-ਪਲਟਾਊ ਘਟਨਾ ਹੋਈ। ਕੇਂਦਰ ਦੀ ਸਰਕਾਰ ਨੇ ਖੇਤੀ ਵਿਰੋਧੀ ਕਾਨੂੰਨ ਬਣਾ ਕੇ ਚੁੱਪ ਚਪੀਤੇ ਪਾਸ ਕਰ ਦਿੱਤੇ। ਕਰੋਨਾ ਕਰਕੇ ਭਾਵੇਂ ਸਭ ਘਰਾਂ ਵਿਚ ਬੰਦ ਸਨ ਪਰ ਕੁਝ ਜਾਗਦੀਆਂ ਜ਼ਮੀਰਾਂ ਨੇ ਰੌਲਾ ਪਾ ਲਿਆ। ਹੌਲੀ ਹੌਲੀ ਸਭ ਦੀ ਸੁਰਤ ਟਿਕਾਣੇ ਜੇ ਆਉਣ ਲੱਗੀ ਕਿ ਆਹ ਕੀ ਹੋ ਗਿਆ ਸਾਡੇ ਨਾਲ। ਅਸੀਂ ਤਾਂ ਕੋਰੋਨਾ ਕਰਕੇ ਦੜ ਵੱਟੀ ਸੀ ਸਰਕਾਰ ਨੇ, ਸਾਨੂੰ ਸੁੱਤਿਆਂ ਨੂੰ ਹੀ ਕਿਸੇ ਕੋਲ ਗਹਿਣੇ ਧਰ ਦਿੱਤਾ। ਬਸ ਫੇਰ ਕੀ ਸੀ ਪਿੰਡ ਪਿੰਡ ਤੋਂ ਹੁੰਦੀ ਲਹਿਰ ਸਾਰੇ ਪੰਜਾਬ ਵਿੱਚ ਫੈਲ ਗਈ। ਪਹਿਲਾਂ ਪਹਿਲਾਂ ਸਿਰਫ਼ ਬਜ਼ੁਰਗਾਂ ਨੇ ਹੀ ਧਰਨੇ ਸ਼ੁਰੂ ਕੀਤੇ। ਫਿਰ ਕੁਝ ਮੇਰੇ ਵਰਗੇ ਕਮਲਿਆਂ ਨੇ ਵੀ ਆਪਣੀਆਂ ਰਚਨਾਵਾਂ ਨਾਲ ਨੌਜਵਾਨੀ ਨੂੰ ਲਲਕਾਰਿਆ।

ਟੁੱਟ ਗਈਆਂ ਤਕਦੀਰਾਂ ਬਾਪੂ ਹੱਕ ਲਈ ਰੁਲਦੇ ਫਿਰਦੇ,  
ਗੱਭਰੂ ਦੇਸ਼ ਪੰਜਾਬ ਦੇ ਸਿੰਗਰਾਂ ਪਿੱਛੇ ਲੜਦੇ ਫਿਰਦੇ।  
ਪਹਿਲਾਂ ਲੁੱਟਿਆ ਪਾਣੀ ਤੇ, ਹੁਣ ਲੁੱਟ ਉਪਜਾਂ ਨੂੰ ਪੈ ਗਈ,  
ਲੀਡਰ ਲੈ ਕੇ ਵੋਟਾਂ ਹੁਣ ਖੁੱਡਾਂ ਵਿੱਚ ਛੁਪਦੇ ਫਿਰਦੇ।

ਇਸੇ ਤਰਾਂ ਦੀਆਂ ਕਈ ਹੋਰ ਰਚਨਾਵਾਂ ਨੇ ਨੌਜਵਾਨੀ ਦਾ ਖ਼ੂਨ ਗਰਮਾਇਆ ਤੇ ਗੱਭਰੂਆਂ ਨੇ ਬਾਬਿਆਂ ਦੇ ਨਾਲ ਆ ਮੈਦਾਨ ਮੱਲਿਆ। ਇਸ ਦੇ ਨਾਲ ਹੀ ਕਲਮਾਂ ਵਾਲੇ ਵੀ ਇਸ ਸੰਘਰਸ਼ ਵਿਚ ਆਣ ਡਟੇ, ਤੇ ਨਾਲ ਹੀ ਗਾਇਕ ਵੀ। ਨਾਚੀਜ ਨੇ ਵੀ ਇਸ ਬਾਰੇ ਨਜ਼ਮ ਲਿਖੀ ਜੋ ਕਿ ਬਹੁਤ ਅਖ਼ਬਾਰਾਂ ਵਿਚ ਛਪੀ ਹੈ

ਕਲਮਾਂ ਨੂੰ ਪ੍ਰਚੰਡ ਕਰ ਦਿਓ,  
ਆਵਾਜ਼ ਨੂੰ ਖ਼ੂਬ ਬੁਲੰਦ ਕਰ ਦਿਓ।  
ਲੁਟਣ ਨਾ ਹੁਣ ਖੇਤ ਨੂੰ ਵਾੜਾਂ,  
ਰਾਖੀ ਦਾ ਪ੍ਰਬੰਧ ਕਰ ਦਿਓ।  
ਵਖਤ ਠੱਗਾਂ ਦੀ ਜਾਨ ਨੂੰ ਪਾਓ,  
ਲੋਟੂਆਂ ਤਾਈਂ ਸਬਕ ਸਿਖਾਉ।  
ਕਲਮਾਂ ਵਾਲਿਓ ਡਟਕੇ ਸਾਰੇ,  
ਕਿਰਸਾਨੀ ਦੇ ਹੱਕ ਵਿੱਚ ਆਓ।

ਇਸੇ ਤਰਾਂ ਗਾਇਕਾਂ ਗੀਤਕਾਰਾਂ ਨੇ ਵੀ ਬਹੁਤ ਹੀ ਬੁਲੰਦ ਗੀਤ ਲਿਖੇ ਤੇ ਗਾਏ। ਰਣਜੀਤ ਬਾਵਾ ਤੇ ਕੰਵਰ ਗਰੇਵਾਲ ਨੇ ਸਭ ਤੋਂ ਸੋਹਣੇ ਗੀਤ ਗਾਏ। ਬਾਕੀ ਹੋਰ ਬਹੁਤ ਗਾਇਕਾਂ ਨੇ ਆਪਣਾ ਬਣਦਾ ਪੂਰਾ ਯੋਗਦਾਨ ਪਾਇਆ।ਇਹ ਕਾਂਤੀਕਾਰੀ ਗੀਤ ਹੁਣ ਪੂਰੇ ਪੰਜਾਬ ਹਰਿਆਣਾ ਦਿੱਲੀ ਹੀ ਨਹੀਂ, ਸੰਸਾਰ ਦੀਆਂ ਫਿਜ਼ਾਵਾਂ ਵਿੱਚ ਗੂੰਜ ਰਹੇ ਹਨ। ਇਸ ਸੰਘਰਸ਼ ਨੇ ਬਿਨਾਂ ਸ਼ੱਕ ਪੰਜਾਬ ਦੀ ਜਵਾਨੀ ਦੀ ਮਰ ਰਹੀ ਜ਼ਮੀਰ

ਬਾਕੀ ਸਫ਼ਾ 31 'ਤੇ

## ਮਾਂ ਤੇਰੀ ਛਾਂ ਹੇਠ ਬੈਠਣ ਨੂੰ

ਮਾਂ ਤੇਰੀ ਛਾਂ ਹੇਠ ਬੈਠਣ ਨੂੰ ਅੱਜ ਬੜਾ ਹੀ ਦਿਲ ਕਰਦਾ ਏ  
ਤੂੰ ਲਾਡ-ਲਡਾਵੇ ਤੇਰੀ ਗੋਦ ਵਿੱਚ  
ਸੌਣ ਨੂੰ ਜੀ ਕਰਦਾ ਏ।  
ਮੁੜ ਆਵੇ ਉਹ ਵੇਲਾ  
ਭੋਰਾ ਵਸਾਹ ਨਹੀਂ ਸੀ ਕਰਦੀ ਮੇਰਾ  
ਅੱਜ ਫਿਰ ਉਹ ਗੱਲਾਂ ਕਹਿਣ ਨੂੰ ਦਿਲ ਕਰਦਾ ਏ।  
ਤੱਕ ਲੈਂਦੀ ਹਾਂ ਜਦ ਮੋਹ ਮਮਤਾ ਕਿਸੇ ਦੀ  
ਤਾਂ ਦਿਲ ਹੌਕਾ ਜਿਹਾ ਭਰਦਾ ਏ  
ਲੱਖ ਕੋਸ਼ਿਸ਼ ਕੀਤੀ ਏ ਤੈਨੂੰ ਮਿਲਣੇ ਦੀ  
ਪਰ ਬੜਾ ਲੰਮਾ ਪੈਂਡਾ ਤੇਰੇ ਘਰ ਦਾ ਏ  
ਕੁੱਟ ਕੇ ਦੇਸੀ ਘਿਓ ਦੀ ਚੂਰੀ ਤੂੰ ਖਵਾਉਂਦੀ ਸੀ  
ਨਾ ਹੀ ਉਹ ਛੰਨਾ ਹੁਣ ਚੂਰੀ ਨਾਲ ਭਰਦਾ ਏ ।  
ਤੇਰੀਆਂ ਯਾਦਾਂ ਵਿੱਚ ਜਦ ਅੱਖਾਂ ਰੋਣ ਨੀ ਮਾਏ  
ਇਹ ਹੰਝੂ ਵੀ ਨਾ ਹਾੜਿਆ ਹੱਟਦਾ ਏ  
ਤੇਰੇ ਮੁੜ ਆਉਣ ਦਾ ਵਹਿਮ ਜੋ ਦਿਲ ਅੰਦਰ ਏ  
ਨਾ ਉਹ ਮਾਰਿਆ ਮਰਦਾ ਏ ।  
ਜਦ ਮੇਰੇ ਕੋਈ ਸੱਟ ਲੱਗ ਜਾਂਦੀ  
ਝੱਟ ਤੇਰੇ ਕਲ਼ੇਜੇ ਖੋਹ ਜਿਹੀ ਪੈ ਜਾਂਦੀ  
ਬੜਾ ਡੂੰਘਾ ਹੋ ਗਿਆ ਏ ਮਾਂ ਜ਼ਖ਼ਮ ਦਿਲ ਦਾ  
ਨਾ ਕਿਸੇ ਦੇ ਭਰਿਆ ਭਰਦਾ ਏ ।  
ਮਾਵਾਂ ਬਿਨਾਂ ਜ਼ਿੰਦਾ ਲਾਸ਼ ਹੈ ਜ਼ਿੰਦਗੀ ਬੱਚਿਆਂ ਦੀ  
ਹੁਣ ਨਾ ਵਹਿਮ ਮਨ 'ਚੋਂ ਹਟਦਾ ਏ  
ਜੇ ਖੁੱਸ ਜਾਵੇ ਕਿਸੇ ਦੀ ਮਮਤਾ  
ਤਾਂ ਜੱਗ ਉੱਚੀ ਉੱਚੀ ਹੱਸਦਾ ਏ।  
ਧਾਲੀਵਾਲ ਨੂੰ ਤੇਰੇ ਬਾਝੋਂ ਕੁੱਝ ਨਹੀਂ ਭਾਉਂਦਾ ਏ  
ਬੱਸ ਗਗਨ ਦਾ ਦਿਲ ਤੇਰੇ ਰਾਹੇ ਆ ਖੜਦਾ ਏ  
ਬੜਾ ਸਮਾਂ ਹੋ ਗਿਆ ਮਾਂ ਤੇਰੀ ਬੁੱਕਲ ਵਿੱਚ ਬੈਠੀ ਨੂੰ  
ਮਾਂ ਤੇਰੀ ਛਾਂ ਹੇਠ ਬੈਠਣ ਨੂੰ ਅੱਜ ਬੜਾ ਹੀ ਦਿਲ ਕਰਦਾ ਏ।

**ਗਗਨਦੀਪ ਧਾਲੀਵਾਲ ਝਲੂਰ**

# ਮਿੰਨੀ ਕਹਾਣੀਆਂ

## ਹੁਣ ਜਾਵੇ ਕਿਹੜਾ, ਜਿੱਥੇ ਨਾਨੀ ਦਾ ਵਿਹੜਾ

ਨਾਨਕਿਆਂ ਦੇ ਘਰ ਦੀਆਂ ਮੌਜਾਂ ਕੀਹਨੂੰ ਚੰਗੀਆਂ ਨਹੀਂ ਲੱਗਦੀਆਂ। ਮੈਂ ਕਹਿੰਦੀ ਹੁੰਦੀ ਸੀ 'ਭੁੱਲ ਜਾਵੇ ਕਿਹੜਾ, ਨਾਨੀ ਦਾ ਵਿਹੜਾ।' ਭਾਵੇਂ ਭੁੱਲਣਾ ਤਾਂ ਕਦੇ ਨਹੀਂ, ਪਰ ਉਸ ਵਿਹੜੇ ਜਾਣਾ ਦਾ ਵੇਲਾ ਹੁਣ ਸਮੇਂ ਨੇ ਖੋਹ ਲਿਆ।

ਉਹ ਵਿਹੜਾ ਜਿੱਥੇ ਬਚਪਨ ਗੁਜ਼ਾਰਿਆ, ਮਾਮਿਆਂ ਦੇ ਧੀਆਂ ਪੁੱਤਾਂ ਨਾਲ ਖੇਡਾਂ ਖੇਡੀਆਂ, ਵੱਡਿਆਂ ਨੇ ਲਾਡ ਲਡਾਏ ਤੇ ਪ੍ਰਾਹੁਣੇ ਬਣ ਕੇ ਸੇਵਾ ਕਰਾਉਣ ਦਾ ਮਾਣ ਹੰਢਾਇਆ, ਹੁਣ ਉੱਥੋਂ ਦੀਆਂ ਰੌਣਕਾਂ ਉਜਾੜਾਂ ਵਿੱਚ ਬਦਲ ਗਈਆਂ ਹਨ।

ਤਿੰਨ ਵੱਸਦੇ ਘਰ ਭਾਵੇਂ ਰੂਪ ਬਦਲ ਕੇ ਸ਼ਹਿਰਾਂ ਦੀਆਂ ਲਿਸ਼ਕਵੀਆਂ ਕੋਠੀਆਂ ਵਿੱਚ ਰੰਗੀਂ ਵੱਸ ਰਹੇ ਹਨ ਤੇ ਇਹ ਬਦਲਾਅ ਖ਼ੂਬਸੂਰਤ ਹੈ। ਸਮੇਂ ਦੀ ਬਦਲਵੀਂ ਚਾਲ, ਨਵੀਂ ਪੀੜੀ ਦਾ ਹਾਣ, ਕੰਮਾਂ ਕਾਰਾਂ ਦੀ ਤਰੱਕੀ, ਸਮੇਂ ਦੇ ਹਾਣ ਦੀ ਸੋਚ ਲੈ ਕੇ ਅੱਗੇ ਵਧ ਰਹੇ ਹਨ।

ਪਰ ਉਹ ਤਿੰਨ ਘਰ ਆਪਣੇ ਜੀਆਂ ਦੀ ਅਣਹੋਂਦ ਕਾਰਨ ਇਕੱਲੇ ਖੜੇ ਖੜੇ, ਇੱਟ ਇੱਟ ਕਿਰਦੇ ਆਪਣੀ ਅਸਲੀ ਹੋਂਦ ਮਿੱਟੀ ਵਿੱਚ ਸਮਾਉਂਦੇ ਜਾ ਰਹੇ ਹਨ।

ਪਹਿਲਾ ਘਰ ਸਭ ਤੋਂ ਪਹਿਲਾਂ ਇੱਟ ਇੱਟ ਡਿੱਗਿਆ ਤੇ ਮੈਂ ਜਦੋਂ ਵੀ ਜਾਣਾ, ਮੇਰੀ ਓਧਰ ਵੇਖਣ ਦੀ ਹਿੰਮਤ ਨਾ ਹੋਣੀ। ਚੋਰੀ ਵੇਖਦਿਆਂ ਅੱਖਾਂ ਅੱਗੇ ਉਹ ਪੁਰਾਣੀ ਝਾਕੀ ਆ ਜਾਣੀ, ਖੇਡਦੇ ਬੱਚੇ, ਜਿਨਾਂ ਵਿੱਚ ਮੈਂ ਵੀ ਹੁੰਦੀ, ਕਿਤਿਉਂ ਮਾਮੀ ਦੀ ਅਵਾਜ਼ ਸੁਣਨੀ, ਜੀਆਂ ਦੇ ਅਸਲ 'ਚ ਤੁਰੇ ਫਿਰਦਿਆਂ, ਪਸ਼ੂ, ਪਾਣੀ, ਰੁੱਖ, ਮੰਜੇ, ਵਾਹੀ ਦੇ ਸੰਦ... ਹਰ ਚੀਜ਼ ਤਸਵੀਰ ਵਾਂਗੂੰ ਅੱਖਾਂ ਅੱਗਿਓਂ ਨਿਕਲ ਜਾਣੀ।

ਉਹ ਕੱਚਾ ਪਹਿਆ, ਜਿੱਥੇ ਬਚਪਨ 'ਚ ਨੱਠਦੇ ਭੱਜਦੇ ਸੀ, ਉੱਥੇ ਮਿੱਟੀ ਨਹੀਂ ਸੀ, ਘਾਹ ਉੱਗਿਆ ਸੀ। ਪੈਰਾਂ ਦੀ ਛੋਹ ਤੋਂ ਬਗੈਰ ਘਾਹ ਨੂੰ ਵਧਣ ਫੁੱਲਣ ਦਾ ਮੌਕਾ ਮਿਲ ਗਿਆ।

ਦੁਖ ਸੁਖ ਨੂੰ ਜਾਂਦਿਆਂ ਹਾਲੇ ਦੋ ਘਰ ਵੱਸਦੇ ਬਾਕੀ ਸੀ। ਸਮਾਂ ਪਾ ਕੇ ਉਨਾਂ ਵਿਚੋਂ ਇਕ ਖਾਲੀ ਹੋ ਗਿਆ। ਤੇ ਹੁਣ ਪਹਿਲੇ ਦੇ ਨਾਲ ਦੂਜੇ ਦਾ ਗੇਟ ਵੀ ਬੰਦ ਮਿਲਦਾ। ਉਸ ਵਿਹੜੇ ਸਾਲਾਂ ਦੇ ਖੜੇ ਨਿੰਮਾਂ ਦੇ ਰੁੱਖਾਂ 'ਤੇ ਬਿਜੜਿਆਂ ਦੇ ਆਲਣੇ ਵੀ ਜੀਆਂ ਦੀ ਘਾਟ ਮਹਿਸੂਸ ਕਰਦੇ ਜਾਪਦੇ। ਉਨਾਂ 'ਤੇ ਪਹਿਲਾਂ ਵਾਲਾ ਰੂਪ ਨਹੀਂ ਸੀ। ਚਿੱਟੇ ਕੱਪੜੇ ਪਾ ਕੇ ਮੰਜੇ 'ਤੇ ਬੈਠੇ ਮਾਮਾ ਜੀ ਵੀ ਨਾ ਦਿਸੇ। ਪਰਿਵਾਰ ਦੇ ਨਾਲ ਉਨਾਂ ਨੂੰ ਵੀ ਇਹ ਥਾਂ ਕਿਵੇਂ ਛੱਡਣਾ ਪਿਆ ਹੋਵੇਗਾ, ਮੈਂ ਸਮਝ ਸਕਦੀ ਸਾਂ। ਸੱਚਮੁੱਚ ! ਇਹ ਸਿਰਫ਼ ਮੇਰੀ ਨਜ਼ਰ ਦਾ ਭਰਮ ਨਹੀਂ ਸੀ। ਵਿਹੜੇ 'ਚ ਬਣੇ ਪਾਣੀ ਵਾਲੇ ਚੁਬੱਚੇ ਵਿੱਚ ਹਰਿਆਵਲ ਜੰਮ ਗਈ ਸੀ। ਪਸ਼ੂਆਂ ਤੋਂ ਵਿਰਵਾ ਵਿਹੜਾ ਤੇ ਖਾਲੀ ਖੁਰਲੀਆਂ ਕਹਾਣੀ ਜਿਹੀ ਲੱਗਦੀਆਂ ਤੇ ਉਹ ਕੱਚੇ ਪਹੇ ਵਾਲਾ ਘਾਹ ਹੋਰ ਵੀ ਵੱਡਾ ਤੇ ਹਰਾ ਹੋ ਗਿਆ।

ਤੀਜਾ ਘਰ ਹਾਲੇ ਵੀ ਜੀਆਂ ਸੰਗ ਰਾਜ਼ੀ ਬਾਜ਼ੀ ਸੀ, ਪਰ ਉਹ ਸਕੂਨ ਨਾ ਮਿਲਦਾ ਜਾ ਕੇ।

ਕਿਸੇ ਵਿਆਹ 'ਤੇ ਬੱਚੇ ਮੇਰੇ ਨਾਲ ਸੀ ਤੇ ਅਸੀਂ ਸ਼ਹਿਰ ਵਾਲੇ ਘਰ ਤੋਂ ਪਿੰਡ ਛੋਟੀ ਮਾਮੀ ਨੂੰ ਮਿਲਣ ਚਲੇ ਗਏ। ਮਾਮੀ ਨਾਲ ਹਾਸਾ ਮਜ਼ਾਕ ਕਰਦਿਆਂ ਬੱਚਿਆਂ ਦਾ ਜੀਅ ਲੱਗ ਗਿਆ ਤੇ ਅਸੀਂ ਉੱਥੇ ਰਹਿ ਪਏ।

ਕੋਈ ਦੋ ਸਾਲਾਂ ਬਾਅਦ ਫੇਰ ਜਾਣ ਦਾ ਮੌਕਾ ਮਿਲਿਆ ਤੇ ਬੱਚੇ ਜ਼ਿਦ ਕਰਨ ਲੱਗੇ ਕਿ ਅਸੀਂ ਪਿੰਡ ਵਾਲੀ ਮਾਮੀ ਕੋਲ ਜਾਣਾ, ਉੱਥੇ ਸੂਰਜ ਬਹੁਤ ਸੋਹਣਾ ਚੜਦਾ ਹੈ। ਉੱਥੇ ਜਾਂਦਿਆਂ ਨੂੰ ਜੋ ਬਦਲਾਅ ਮਿਲਿਆ, ਉਹ ਵੇਖ ਬੱਚਿਆਂ ਦੇ ਮਨ ਟੁੱਟ ਗਏ। ਵਿਹੜੇ ਵਿੱਚ ਲੰਬੀ ਕੰਧ ਉਸਰੀ ਹੋਈ ਜਿਸ ਨਾਲ ਵਿਹੜਾ ਤੰਗ ਤੰਗ ਲੱਗਾ ਤੇ ਉਹ ਭੀੜਾਪਣ ਮਨਾਂ ਵਿਚਲੇ ਗੁੱਸੇ, ਰਿਸ਼ਤਿਆਂ ਦੀਆਂ ਦੂਰੀਆਂ, ਗ਼ਲਤਫਹਿਮੀਆਂ ਤੇ ਸ਼ਿਕਵੇ ਸ਼ਿਕਾਇਤਾਂ ਦੀ ਗਵਾਹੀ ਭਰਨ ਲੱਗਾ।

ਖ਼ੈਰ... ਦੁਨਿਆਵੀ ਤਾਣੇ-ਬਾਣੇ ਦਾ ਹਿੱਸਾ ਹੁੰਦੀਆਂ ਨੇ ਇਹ ਗੱਲਾਂ। ਮੇਰੀ ਮਾਂ ਤੇ ਮਾਮੀ ਆਪਣੇ ਦੁਖ ਸੁਖ ਸਾਂਝੇ ਕਰਦੀਆਂ। ਪਰ ਅਫ਼ਸੋਸ ਕਿ ਉੱਥੇ ਜਾਣਾ ਕਦੋਂ ਆਖ਼ਰੀ ਹੋ ਗਿਆ, ਇਹ ਪਤਾ ਹੀ ਨਹੀਂ ਲੱਗਿਆ। ਮਾਮੀ ਜੀ ਕੈਂਸਰ ਵਰਗੀ ਬਿਮਾਰੀ ਦਾ ਸ਼ਿਕਾਰ ਹੋ ਗਏ। ਦੋ ਤਿੰਨ ਸਾਲ ਬਿਮਾਰੀ ਨਾਲ ਜੂਝਦੇ ਰਹੇ ਤੇ ਨਾਲ ਸਾਰਾ ਪਰਿਵਾਰ ਵੀ। ਘਰ ਦਾ ਅੱਧਾ ਟੱਬਰ ਬੱਚਿਆਂ ਦੀ ਪੜਾਈ ਲਈ ਸ਼ਹਿਰ ਚਲਾ ਗਿਆ ਤੇ ਹੁਣ ਰਹਿ ਗਿਆ ਅੱਧੇ ਟੱਬਰ 'ਚੋਂ ਵੀ ਅੱਧਾ। ਪੁੱਤ ਟਰਾਂਸਪੋਰਟਰ ਹੋਣ ਕਾਰਨ ਬਾਹਰ ਤੇ ਬੱਚੇ ਪੜਾਈਆਂ ਲਈ ਵਿਦੇਸ਼। ਪਿੱਛੇ ਰਹਿ ਗਈਆਂ ਨੂੰਹ ਸੱਸ ਇਕ ਦੂਜੇ ਦੇ ਆਸਰੇ ਉਸ ਡੇਰੇ ਵਿੱਚ ਬਣੇ ਘਰ ਜਿੱਥੇ ਕੋਈ ਹੁਣ ਗੁਆਂਢ ਵੀ ਨਹੀਂ ਸੀ, ਪਤਾ ਨਹੀਂ ਕਿਵੇਂ ਰਹੀ ਜਾ ਰਹੀਆਂ ਸਨ।

ਮਾਮੀ ਜੀ ਦੀ ਬਿਮਾਰੀ ਦੇ ਆਖ਼ਰੀ ਦੋ ਤਿੰਨ ਮਹੀਨੇ ਉਨਾਂ ਦੀ ਨੂੰਹ ਨੇ ਜੋ ਸੇਵਾ ਨਿਭਾਈ ਹਰ ਆਏ ਗਏ ਨੂੰ ਵੀ ਬਿਨਾਂ ਮੱਥੇ ਵੱਟ ਪਾਇਆਂ, ਉਹ ਮਿਸਾਲ ਦੇਣ ਦੇ ਕਾਬਲ ਏ।

ਏਨੇ ਹੌਸਲੇ ਨਾਲ ਉਸ ਵਕਤ ਨੂੰ ਕੱਟਣਾ ਵਾਕਈ ਮੁਸ਼ਕਿਲ ਸੀ। ਵੈਸੇ ਕੁਦਰਤੀ ਉਸ ਘਰ ਦੀਆਂ ਸਾਰੀਆਂ ਨੂੰਹਾਂ ਬਹੁਤ ਸ਼ੀਲ, ਆਓਭਗਤ ਕਰਨ ਵਾਲੀਆਂ ਮਿਲੀਆਂ ਤੇ ਕੁਝ ਪਰਿਵਾਰ ਦੇ ਸੰਸਕਾਰਾਂ ਕਾਰਨ ਚੰਗੀਆਂ ਹੋ ਗਈਆਂ। ਅੱਜਕੱਲ ਇਹ ਘੱਟ ਦੇਖਣ ਨੂੰ ਮਿਲਦਾ ਹੈ, ਪਰ ਮੇਰੇ ਨਾਨਕੇ ਪਰਿਵਾਰ ਵਿੱਚ ਪੁਰਾਣੀਆਂ ਕੀ ਤੇ ਨਵੀਆਂ ਕੀ, ਸਭ ਪੁਰਾਣੀ ਪਿਆਰ ਸਤਿਕਾਰ ਦੀ ਰੀਤ ਨੂੰ ਨਿਭਾ ਰਹੀਆਂ ਹਨ। ਮੈਨੂੰ ਅੱਜ ਵੀ ਇਹ ਮਹਿਸੂਸ ਹੁੰਦਾ।

ਤੇ ਇਹ ਵੀ ਮਹਿਸੂਸ ਹੁੰਦਾ ਕਿ ਮਾਮੀ ਦੇ ਤੁਰ ਜਾਣ ਪਿੱਛੋਂ ਉਸ ਘਰ ਨੂੰ ਵੀ ਤਾਲਾ ਲੱਗ ਗਿਆ। ਹੁਣ ਉਸ ਕੱਚੇ ਪਹੇ 'ਤੇ ਉੱਗਿਆ ਘਾਹ ਹੋਰ ਵੀ ਸੰਘਣਾ ਹੋ ਜਾਵੇਗਾ। ਉਹ ਵੀ ਪਹਿਲੇ ਘਰ ਦੀ ਤਰਾਂ ਹੌਲੀ ਹੌਲੀ ਆਪਣਾ ਵਜੂਦ ਗੁਆ ਲਵੇਗਾ। ਮੇਰੇ ਵਰਗੇ ਅਹਿਸਾਸ ਉਸ ਘਰ ਦੀਆਂ ਧੀਆਂ ਦੇ ਤੇ ਮੇਰੀ ਮਾਂ ਦੇ ਵੀ ਜ਼ਰੂਰ ਹੋਣਗੇ ਜਿਸ ਨੇ ਪਹਿਲਾਂ ਮਾਂ, ਫੇਰ ਭਰਜਾਈਆਂ ਤੇ ਭਰਾਵਾਂ ਦੇ ਤੁਰ ਜਾਣ ਪਿੱਛੋਂ ਹੁਣ ਬੰਦ ਦਰਵਾਜ਼ੇ ਤੇ ਢਹਿੰਦੇ ਬਨੇਰੇ ਵੇਖੇ ਸਨ। ਉਨਾਂ ਦੇ ਮਾਂ ਪਿਓ ਦਾ ਤੇ ਮੇਰੇ ਨਾਨਕਿਆਂ ਦਾ ਘਰ ਸੀ। ਤੇ ਹੁਣ ਮੈਂ ਉੱਥੇ ਦੀ ਵੀਰਾਨੀ ਵੇਖਣ ਦਾ ਹੌਸਲਾ ਕਦੇ ਨਹੀਂ ਕਰ ਸਕਣਾ।

**- ਜਸਪਾਲ ਕੌਰ**

## ਬਹਾਦਰੀ ਦੀ ਕਸਵੱਟੀ

**ਐੱਸ. ਇੰਦਰ 'ਰਾਜੇਆਣਾ'**

ਉਹ ਬੜਾ ਦਰਸ਼ਨੀ ਜੁਆਨ ਸੀ। ਉੱਚਾ ਲੰਮਾ ਤੇ ਭਰਵੇਂ ਸਰੀਰ ਦਾ ਮਾਲਕ। ਚੰਗੀ ਖ਼ੁਰਾਕ ਖਾਂਦਾ ਤੇ ਵਰਜ਼ਿਸ਼ ਕਰਦਾ। ਉਹਦੇ ਲਿਸ਼ਕਵੇਂ ਪਿੰਡੇ ਤੋਂ ਨਜ਼ਰ, ਜਿਵੇਂ ਤਿਲਕ-ਤਿਲਕ ਜਾਂਦੀ। ਜੇ ਕੋਈ ਉਹਦੇ ਸੁਡੌਲ ਸਰੀਰ ਦੀ ਪ੍ਰਸੰਸਾ ਕਰਦਿਆਂ ਪੁੱਛ ਲੈਂਦਾ, 'ਕੀ ਹਾਲ ਨੇ ਬੱਬਰ ਸ਼ੇਰ ਦੇ ?' ਤਾਂ ਜੁਆਬ ਦੇਣ ਲੱਗਿਆਂ ਉਹਨੂੰ ਆਪਣਾ-ਆਪ ਸੱਚਮੁੱਚ ਹੀ ਬੱਬਰ ਸ਼ੇਰ ਵਰਗਾ ਲੱਗਦਾ। ਉਹਨੂੰ ਆਪਣੇ ਡੌਲਿਆਂ ਉੱਤੇ ਮਾਣ ਸੀ ਅਤੇ ਆਪਣੀ ਨਿਡਰਤਾ ਉੱਪਰ ਵੀ, ਪਰ ਅਜੇ ਤੱਕ ਕੋਈ ਐਸੀ ਘੜੀ ਨਹੀਂ ਸੀ ਆਈ ਕਿ ਉਹਦਾ ਹੌਸਲਾ ਪਰਖਿਆ ਜਾਂਦਾ।

ਉਹ ਆਪਣੇ ਯਾਰਾਂ-ਬੇਲੀਆਂ ਸੰਗ ਮੇਲਾ ਵੇਖਣ ਚਲਾ ਗਿਆ। ਭਰੇ ਮੇਲੇ ਵਿੱਚ ਇੱਕ ਥਾਂ ਖ਼ਾਸੀ ਭੀੜ ਸੀ। ਉਤਸੁਕਤਾਵੱਸ ਉਹਦੀ ਟੋਲੀ ਵੀ ਉਧਰ ਨੂੰ ਹੋ ਤੁਰੀ। ਨੇੜੇ ਜਾ ਕੇ ਤੱਕਿਆ ਤਾਂ ਇੱਕ ਟੈਟੂ ਬਣਾਉਣ ਵਾਲਾ ਸੀ।

'ਓਏ ਮੁੰਡਿਆ ! ਕਿਹੜੀ-ਕਿਹੜੀ ਕਿਸਮ ਦੇ ਟੈਟੂ ਖੁਣ ਸਕਦਾ ਏਂ ?' ਉਹ ਮੁੱਛਾਂ ਨੂੰ ਤਾਅ ਦਿੰਦਿਆਂ ਬੋਲਿਆ।

'ਜਿਸ ਤਰਾਂ ਦਾ ਵੀ ਕੋਈ ਚਾਹੇ ਜੀ।' ਟੈਟੂ ਬਣਾਉਣ ਵਾਲੇ ਨੇ ਜਵਾਬ ਦਿੱਤਾ।

'ਬੱਬਰ ਸ਼ੇਰ ਬਣਾ ਸਕਦੈਂ ਮੇਰੇ ਦੋਵੇਂ ਡੌਲਿਆਂ ਉੱਪਰ ?' 'ਹਾਂ ਜੀ ! ਬੈਠ ਜਾਓ ਤੁਸੀਂ। ਏਸ ਮੁੰਡੇ ਮਗਰੋਂ ਥੋਡਾ ਨੰਬਰ ਹੀ ਲਾ ਦਿੰਨੇ ਆਂ ਭਲਵਾਨ ਜੀ।' ਵਾਰੀ ਆਈ ਤਾਂ ਉਹ ਹੇਠ ਵਿਛੇ ਗੱਦੇ ਉੱਪਰ ਪਲੰਥੀ ਮਾਰ ਕੇ ਬੈਠ ਗਿਆ। ਟੈਟੂ ਬਣਾਉਣ ਵਾਲੀ ਮਸ਼ੀਨ ਦੀ ਸੂਈ ਉਹਦੇ ਡੌਲੇ ਉੱਪਰ ਹਰਕਤ ਕਰਨ ਲੱਗੀ ਤਾਂ ਉਹਦੇ ਮੂੰਹ 'ਚੋਂ 'ਊਹ' ਦੀ ਦਰਦ-ਭਰੀ ਆਵਾਜ਼ ਨਿਕਲੀ ਤੇ ਇਹਦੇ ਨਾਲ ਹੀ ਉਹਨੇ ਪ੍ਰਸ਼ਨ ਦਾਗਿਆ, 'ਕੀ ਬਣਾਉਣ ਲੱਗਾ ਏਂ ਤੂੰ ਓਏ ?' 'ਅਜੇ ਤਾਂ ਬੱਬਰ ਸ਼ੇਰ ਦੀ ਪੂਛ ਹੀ ਬਣਾਉਣ ਲੱਗਾ ਹਾਂ ਜੀ।'

ਬਾਕੀ ਸਫ਼ਾ 33 'ਤੇ

# ਅਲ਼ਫ ਬੇ ਅਤੇ ਊੜਾ-ਐੜਾ



**ਡਾ. ਗਜ਼ਨਫ਼ਰ**
੯੨੩੦੦੩੦੦੦੦੬੩
**ਪੰਜਾਬ ਪਾਕਿਸਤਾਨ**

ਮਾਂ ਬੋਲੀ ਵਿਚ ਡਾਕਟਰੇਟ ਦੀ ਪੱਧਰ ਦਾ ਰੀਸਰਚ ਥੀਸਿਜ਼ ਲਿਖਦਿਆਂ ਉਹਦੀ ਮਾਂ ਬੋਲੀ ਦੇ ਅੱਖਰਾਂ ਨਾਲ ਗੂੜੀ ਦੋਸਤੀ ਹੋ ਚੁੱਕੀ ਸੀ। ਉਹ ਜਦੋਂ ਵੀ ਲਿਖਣ ਦਾ ਚਾਰਾ ਕਰਦਾ, ਲਫ਼ਜ਼ ਨੱਸ ਕੇ ਉਹਦੇ ਕਲਾਵੇ ਵਿਚ ਆਣ ਲੱਗ ਪੈਂਦੇ । ਕਦੀ ਕਦੀ ਤੇ ਉਹ ਆਪਸ ਵਿਚ ਖਹਿਬੜ ਵੀ ਪੈਂਦੇ, ਪਈ ਹੁਣ ਮੇਰੀ ਵਾਰੀ ਹੈ ਮੈਂ ਲਿਖਣਾ ਹੈ। ਪੰਜਾਬੀ ਪੀ ਐਚ ਡੀ ਦਾ ਮਕਾਲਾ ਮੁਕੰਮਲ ਹੋ ਗਿਆ, ਅੱਖਰ ਲੱਖਾਂ ਦੀ ਗਿਣਤੀ ਵਿਚ ਉਹਦੇ ਬੇਲੀ ਬਣ ਚੁੱਕੇ ਸਨ। ਅੱਖਰ ਆਪਣੇ ਜਜ਼ਬਿਆਂ ਦਾ ਇਜ਼ਹਾਰ ਤੇ ਖ਼ੁਸ਼ੀ ਗ਼ਮੀ ਸਭ ਉਹਦੇ ਨਾਲ਼ ਸਾਂਝਾ ਕਰਦੇ ਸੀ, ਕਿਉਂ ਜੋ ਅੱਖਰਾਂ ਭਾਣੇ ਉਹ ਆਪਣੀ ਮਾਂ ਬੋਲੀ ਨਾਲ਼ ਅੰਤਾਂ ਦਾ ਪ੍ਰੀਤ ਕਰਨ ਵਾਲ਼ਾ ਮਾਂ ਬੋਲੀ ਦਾ ਇਕ ਕਾਮਾ ਸੀ। ਲਫ਼ਜ਼ ਉਹਦੇ ਤੇ ਉਹ ਲਫ਼ਜ਼ਾਂ 'ਤੇ ਸਦਕੇ ਵਾਰੀ ਜਾਂਦਾ ਸੀ। ਉਹਨੇ ਲਫ਼ਜ਼ਾਂ ਨੂੰ ਇਹ ਗਲ ਦੱਸੀ ਪਈ ਯੂਨੀਵਰਸਿਟੀ ਵਾਲ਼ਿਆਂ ਨੇ ਮਕਾਲਾ ਚੜਦੇ ਪੰਜਾਬ ਜ਼ੁਬਾਨ ਦੇ ਮਾਹਿਰਾਂ ਨੂੰ ਘੱਲਣਾ ਹੈ ਤਾਂ ਜੋ ਵੇਖਿਆ ਜਾਵੇ ਪਈ ਉਹਦੀ ਕੀਤੀ ਗਈ ਖੋਜ ਕਿੰਨੀ ਕੁ ਅਹਿਮੀਅਤ ਵਾਲੀ ਹੈ। ਚੜਦੇ ਪੰਜਾਬ ਦੀ ਗੱਲ ਡਾਕਟਰ ਗਜ਼ਨਫ਼ਰ ਬੁਖਾਰੀ ਤੋਂ ਸੁਣ ਕੇ ਉਹਦੇ ਮਕਾਲੇ ਦੇ ਸਭੇ ਅੱਖਰ ਘੁੰਮਰਾਂ ਤੇ ਲੁੱਡੀਆਂ ਪਾਣ ਲੱਗ ਪਏ ਪਈ, ਅਸੀਂ ਓਧਰ ਆਪਣੇ ਵਿਛੜੇ ਅੱਖਰਾਂ ਨੂੰ ਮਿਲਾਂਗੇ, ਮਿਲਣੀਆਂ ਹੋਣ ਗੀਆਂ, ਗੱਪਾਂ ਲਾਵਾਂਗੇ ਆਪਣੇ ਦਿਲ ਦਿਆਂ ਗੱਲਾਂ ਸਾਂਝੀਆਂ ਕਰਾਂਗੇ। ਸਾਨੂੰ ਵੀਜ਼ੇ ਦੀ ਵੀ ਲੋੜ ਨਹੀਂ ਪੈਣੀ, ਲਫ਼ਜ਼ ਅੱਖਾਂ ਵਿਚ ਅੰਤਾਂ ਦੇ ਸੋਹਣੇ ਸੁਫ਼ਨੇ ਸਜਾ ਕੇ ਹਰ ਵੱਡੇ ਵੇਲੇ ਏਸ ਉਡੀਕ ਵਿਚ ਦਿਹਾੜ ਲੰਘਾ ਦਿੰਦੇ ਪਈ ਕਦੋਂ ਉਹ ਦਿਨ ਆਏਗਾ ਜਦੋਂ ਅਸੀਂ ਚੜਦੇ ਪੰਜਾਬ ਜਾਵਾਂਗੇ।



ਅਖ਼ੀਰੀ ਇੱਕ ਦਿਨ ਉਹ ਚੜਦੇ ਪੰਜਾਬ ਪੁੱਜ ਗਏ । ਉਹਦਾ ਮਕਾਲਾ ਚੜਦੇ ਪੰਜਾਬ ਦੀ ਧਰਤੀ ਤੇ ਅੱਪੜ ਚੁੱਕਿਆ ਸੀ। ਉਹ ਆਪ ਵੀ ਚੜਦੇ ਪੰਜਾਬ ਜਾਣਾ ਚਾਹੁੰਦਾ ਸੀ ਪਰ ਉਹ ਏਸ ਗੱਲ ਤੇ ਖ਼ੁਸ਼ ਸੀ ਪਈ ਉਹਦੇ ਲੱਖਾਂ ਦੀ ਗਿਣਤੀ ਵਿਚ ਬੇਲੀ ਅੱਖਰ ਓਸ ਧਰਤੀ ਨੂੰ ਚੁੰਮਣ ਜਾ ਰਹੇ ਨੇ ਜਿਥੇ ਮਾਂ ਬੋਲੀ ਹੋਂਦ ਵਿਚ ਆਈ ਸੀ ਤੇ ਸੋਹਣੇ ਸੁਨੱਖੇ ਤੇ ਅਣਮੁੱਲੇ ਲਫ਼ਜ਼ਾਂ ਨੇ ਜਨਮ ਲਿਆ ਸੀ।

ਉਹਦੇ ਬੇਲੀ ਲਫ਼ਜ਼ ਕਿੰਨੇ ਭਾਗਾਂ ਵਾਲੇ ਨੇ ਜਿਹੜੇ ਆਪਣੇ ਚੜਦੇ ਪੰਜਾਬ ਵਾਲ਼ੇ ਟੱਬਰ ਨੂੰ ਮਿਲਣ ਟੁਰ ਗਏ ਨੇ ਉਹ ਹਰ ਵੇਲ਼ੇ ਇਹ ਸੋਚਦਾ ਰਹਿੰਦਾ।

ਫ਼ਿਰ ਇਕ ਦਿਹਾੜ ਰੋਂਦੇ, ਕੁਰਲਾਉਂਦੇ, ਬੇਰ ਬੇਰ ਜਿੱਡੇ ਹੰਝੂ ਕੇਰਦੇ ਅੱਖਰ ਪਿਛਾਂਹ ਲਹਿੰਦੇ ਪੰਜਾਬ ਵਾਪਸ ਆ ਗਏ। ਲਫ਼ਜ਼ਾਂ ਦੀਆਂ ਅੱਖਾਂ ਵਿਚੋਂ ਹੰਝੂਆਂ ਦਾ ਮੀਂਹ ਵਗ ਰਿਹਾ ਸੀ। ਆਪਣੇ ਬੇਲੀਆਂ ਦੀ ਹਾਲਤ ਵੇਖ ਕੇ ਉਹਦਾ ਮੂੰਹ ਹੈਰਤ ਨਾਲ਼ ਖੁੱਲਾ ਸੀ ਤੇ ਉਹਦੇ ਮੁੱਖ ਉਪਰ ਚਿੰਤਾ ਦੇ ਡਾਹਢੇ ਪਰਛਾਵੇਂ ਸਨ। ਉਹਨੇ ਅਗਾਂਹ ਵਧ ਕੇ ਅੱਖਰਾਂ ਨੂੰ ਆਪਣੀ ਬੁੱਕਲ ਵਿਚ ਲੈਂਦਿਆਂ ਪੁੱਛਿਆ ਕੀ ਵਾਪਰਿਆ ਤੁਹਾਡੇ ਨਾਲ ?

ਲਫ਼ਜ਼ਾਂ ਕਿਹਾ ਡਾਕਟਰ ਸਾਹਿਬ! ਕੀ ਦੱਸੀਏ ਅਸੀਂ ਤੁਹਾਨੂੰ। ਉਹ ਆਪਣੇ ਹੋ ਕੇ ਵੀ ਆਪਣੇ ਨਹੀਂ, ਅਸੀਂ ਉਨਾਂ ਦੇ ਹੋ ਕੇ ਵੀ ਉਨਾਂ ਦੇ ਨਹੀਂ। ਗ਼ੈਰਾਂ ਨੇ ਡਾਹਢੀ ਚਾਲ ਚਲੀ ਹੈ । ਧਰਤੀ ਵੰਡ ਦਿੱਤੀ ਸੀ , ਪੰਜਾਬ ਦੇ ਸੀਨੇ ਉਪਰ ਵੰਡ ਦੀ ਲਕੀਰ ਤਾਂ ਮੌਜੂਦ ਹੈ ਈ ਸੀ, ਸਾਨੂੰ ਵੀ ਵੰਡ ਦਿੱਤਾ ਗਿਆ। ਅਸੀਂ ਅਲ਼ਫ, ਬੇ, ਤੇ ਵਰਗੇ ਹਰਫ਼ਾਂ ਨਾਲ਼ ਜਦੋਂ ਓਧਰ ਅੱਪੜੇ ਤਾਂ ਔਧਰ ਊੜਾ-ਐੜਾ-ਈੜੀ ਦੇ ਲਫ਼ਜ਼ ਸਨ, ਅਸਾਂ ਆਪੋ ਵਿਚ ਮਿਲਣਾ ਕੀ ਸੀ ? ਅਸੀਂ ਅੰਨੇ ਹੋ ਗਏ ਸਾਂ, ਸਾਨੂੰ ਇਕ ਦੂਜੇ ਦੀ ਸੰਞਾਣ ਈ ਨਹੀਂ ਹੋ ਰਹੀ ਸੀ। ਅਸੀਂ ਇਕ ਦੂਜੇ ਨੂੰ ਸੁਣ ਸਕਦੇ ਸਾਂ ਪਰ ਇਕ ਦੂਜੇ ਦੀ ਸੰਞਾਣ ਨਹੀਂ ਸਾਂ ਕਰ ਸਕਦੇ।

ਬੇ ਆਖਣ ਲੱਗੀ ਬੱਬਾ ਮਿਲਿਆ ਸੀ ਪਰ ਇਕ ਦੂਜੇ ਨੂੰ ਸੰਞਾਣ ਨਾ ਸਕੇ। ਪੇ ਰੋ ਕੇ ਆਖਣ ਲੱਗੀ ਪੱਪਾ ਮਿਲਿਆ ਸੀ ਪਰ ਇੱਕ ਦੂਜੇ ਨੂੰ ਸੰਞਾਣ ਨਾ ਸਕੇ।

ਡਾਕਟਰ ਸਾਹਿਬ ਦੀਆਂ ਅੱਖਾਂ ਵਿੱਚ ਹੰਝੂ ਸਨ ਤੇ ਉਨਾਂ ਨੇ ਅਗਾਂਹ ਵਧ ਕੇ ਸਾਰੇ ਅੱਖਰਾਂ ਨੂੰ ਆਪਣੇ ਸੀਨੇ ਨਾਲ ਲਾ ਲਿਆ।ਅਸੀਂ ਜੋ ਸੁਫ਼ਨੇ ਵੇਖੇ ਸੀ ਸਭੇ ਮਿੱਟੀ ਵਿਚ ਰੁਲ਼ ਗਏ ਅਸੀਂ ਦੋਵੇਂ ਪੰਜਾਬਾਂ ਦੇ ਧੀਆਂ ਪੁੱਤਰਾਂ ਅੱਗੇ ਬੇਨਤੀ ਕਰਾਂਗੇ ਸਾਨੂੰ ਇਕ ਦੂਜੇ ਦੀ ਸੰਞਾਣ ਕਰਾਵੋ, ਸਾਡੇ ਵੰਡੇ ਲੀਰੋ ਲੀਰ ਪਿੰਡੇ ਉਪਰ ਤਰਸ ਖਾਵੋ ਤੇ ਆਪਣੀ ਮਾਂ ਬੋਲੀ ਦੇ ਅੱਖਰਾਂ ਨੂੰ ਇਕ ਦੂਜੇ ਦੇ ਨੇੜੇ ਲਿਆਉਣ ਲਈ ਯਤਨ ਕਰੋ ਤਾਂ ਜੋ ਇਕੋ ਧਰਤੀ ਦੇ ਜੰਮਪਲ ਇੱਕਮਿੱਕ ਹੋ ਸਕਣ, ਅਸੀਂ ਇਕੱਠੇ ਵੱਸ ਸਕੀਏ। ਡਾਕਟਰ ਸਾਹਿਬ ਹੋਰਾਂ ਦੀਆਂ ਅੱਖਾਂ ਵਿਚ ਹੰਝੂ ਸਨ ਤੇ ਉਹ ਦੂਰ ਖ਼ਿਆਲਾਂ ਦੇ ਹੜ ਵਿਚ ਗਵਾਚੇ ਸਨ । ਜਿਸ ਹੜ ਵਿਚ ਕਦੀ ਕੋਈ ਲਫ਼ਜ਼ ਤਰ ਪੈਂਦਾ ਤੇ ਕੋਈ ਡੁੱਬ ਜਾਂਦਾ।

---

# ਮਾਈਆਂ ਰੱਬ ਰਜਾਈਆਂ

**ਕਰਨ ਬਰਾੜ ਹਰੀਕੇ ਕਲਾਂ**
+61430850045

ਜਦੋਂ ਗੁਰਅੰਸ਼ ਦਾ ਇੱਥੇ ਜਨਮ ਹੋਇਆ ਤਾਂ ਮੇਰੀ ਦਾਦੀ ਦੀ ਰੀਝ ਸੀ ਕਿ ਮੈਂ ਆਵਦੇ ਪੜਪੋਤੇ ਦਾ ਮੂੰਹ ਛੇਤੀ ਛੇਤੀ ਵੇਖਾਂ। ਜਿਸਨੂੰ ਉਸਨੇ ਸੁੱਖਾਂ ਸੁੱਖ ਕੇ ਅਰਦਾਸਾਂ ਨਾਲ ਲਿਆ ਸੀ। ਪਰ ਉਸਦੀ ਇਹ ਰੀਝ ਕਈ ਸਾਲ ਪੂਰੀ ਨਾ ਹੋ ਸਕੀ ਬਸ ਪੰਜਾਬ ਜਾਣ ਦਾ ਸਬੱਬ ਹੀ ਨਾ ਬਣ ਸਕਿਆ। ਦਾਦੀ ਸਾਡੀਆਂ ਭੇਜੀਆਂ ਫ਼ੋਟੋ ਵੇਖ ਛੱਡਦੀ ਤੇ ਆਪਣੇ ਪੜਪੋਤੇ ਨੂੰ ਅਸੀਸਾਂ ਦੇ ਛੱਡਦੀ। ਮੇਰੇ ਕਵਾਰੇ ਹੋਣ ਵੇਲੇ ਦਾਦੀ ਦਾ ਧਿਆਨ ਸਭ ਤੋਂ ਵੱਧ ਮੇਰੇ ਵਿਆਹ ਵੱਲ ਹੁੰਦਾ, ਰਾਹ ਜਾਂਦੇ ਰਾਹੀਆਂ ਨੂੰ ਵੀ ਮੇਰੇ ਰਿਸ਼ਤੇ ਦੀ ਦੱਸ ਪਾ ਛੱਡਦੀ। ਮੇਰੇ ਵਿਆਹ ਤੋਂ ਬਹਾਨੇ ਮਾਰਨ ਤੇ ਕਹਿ ਦਿੰਦੀ 'ਲੈ ਮੁੰਡਿਆ ਉਮਰ ਲੰਘਦੀ ਜਾਂਦੀ ਆ ਫਿਰ ਕਿਸੇ ਨੇ ਸਾਕ ਨੀ ਕਰਨਾ ਤੇਰੇ ਜਿੱਡਿਆਂ ਜਿੱਡਿਆਂ ਦੇ ਬਰਾਬਰ ਦੇ ਜਵਾਕ ਆ, ਤੂੰ ਬਲੋਹਲਾ ਜਾ ਫਿਰਦਾ ਕੰਧਾਂ ਨਾਲ ਵਜਦਾ, ਜੇ ਜੇਠੇ ਮੁੰਡੇ ਦਾ ਟਾਈਮ ਨਾਲ ਵਿਆਹ ਹੋ ਜਾਵੇ ਤਾਂ ਕੁੱਲ ਬਰਾਬਰ ਤੁਰੀ ਰਹਿੰਦੀ ਆ। ਜੇ ਬੀਬੀ ਤੇ ਦਾਦੀ ਆਪਸ ਵਿਚ ਗੱਲਾਂ ਕਰ ਰਹੀਆਂ ਹੁੰਦੀਆਂ ਤਾਂ ਵਿਚ ਜ਼ਿਕਰ ਮੇਰੇ ਵਿਆਹ ਦਾ ਜ਼ਰੂਰ ਹੁੰਦਾ ਦਾਦੀ ਬੋਲਦੀ 'ਲੈ ਮੇਰੇ ਵੇਂਹਦਿਆਂ ਵੇਂਹਦਿਆਂ ਇਹਦਾ ਵਿਆਹ ਹੋ ਜੇ ਵੀਰੋ, ਤਾਂ ਮੈਂ ਬੈਠੀ ਬੈਠੀ ਇਹਦੇ ਜਵਾਕ ਪਾਲ ਜਾਵਾਂ ਪਰ ਇਹ ਆਪਣੇ ਆਲਾ ਬਲੋਹਲਾ ਵਿਆਹ ਨੂੰ ਨੰਨਾ ਅੱਖਰ ਨੀਂ ਧਰਦਾ ਤੂੰ ਹੀ ਸਮਝਾ ਕੁੜੇ ਇਹਨੂੰ।'

ਸਮਾਂ ਬੀਤਿਆ ਪਰ ਰੱਬ ਦੀ ਐਸੀ ਕਰਨੀ ਕਿ ਦਾਦੀ ਦੀ ਰੀਝ ਪੂਰੀ ਹੋ ਕੇ ਵੀ ਪੂਰੀ ਨਾ ਹੋ ਸਕੀ, ਸਬੱਬ ਹੀ ਐਸਾ ਬਣਿਆ ਕਿ ਵਿਆਹ ਤੋਂ ਬਾਅਦ ਅਸੀਂ ਦੋਵਾਂ ਜਣਿਆਂ ਨੇ ਪਰਦੇਸਾਂ ਨੂੰ ਚਾਲੇ ਪਾ ਦਿੱਤੇ। ਇਸ ਮੌਕੇ ਜਿੱਥੇ ਸਭ ਉਦਾਸ ਸੀ ਓਥੇ ਦਾਦੀ ਦਾ ਉਦਾਸ ਤੇ ਭਰੀਆਂ ਅੱਖਾਂ ਵਾਲਾ ਚਿਹਰਾ ਦੇਖਿਆ ਨੀਂ ਸੀ ਜਾ ਰਿਹਾ ਜੋ ਕਿਸੇ ਆਸ ਨਾਲ ਹੰਝੂ ਲੁਕਾਉਣ ਦੀ ਕੋਸ਼ਿਸ਼ ਕਰ ਰਹੀ ਸੀ। ਉਸ ਨੂੰ ਆਪਣੀਆਂ ਰੀਝਾਂ ਤੇ ਖ਼ੁਸ਼ੀਆਂ ਹੱਥਾਂ ਵਿੱਚੋਂ ਕਿਰਦੀਆਂ ਨਜ਼ਰ ਆ ਰਹੀਆਂ ਸੀ ਤੇ ਦੇਖਦਿਆਂ ਹੀ ਦੇਖਦਿਆਂ ਉਸਦੇ




ਸੁਪਨੇ ਪ੍ਰਦੇਸ ਖਾ ਗਿਆ ਸੀ। ਮਣਾਂ ਮੂਹੀਂ ਦਰਦਾਂ ਨੂੰ ਸਹਿੰਦੀ ਬੁੱਢੀ ਜਾਨ ਸਾਡੇ ਘਰੋਂ ਤੁਰਨ ਵੇਲੇ ਆਪਣੇ ਆਪ ਨੂੰ ਸੰਭਾਲਦੀ ਬੋਲੀ 'ਪ੍ਰਦੇਸ 'ਚ ਆਪਣਾ ਖ਼ਿਆਲ ਰਖਿਓ ਖ਼ੁਸ਼ੀ ਖ਼ੁਸ਼ੀ ਰਹੋ ਮੈਂ ਉਡੀਕ ਕਰੂੰ ਮੈਂ ਆਪਣੇ ਪੜਪੋਤੇ ਦਾ ਮੂੰਹ ਦੇਖਣਾ' ਤੇ ਅੱਗੋਂ ਉਹ ਉਦਾਸੀ ਵਿਚ ਵਿੰਨੀਂ ਬੋਲ ਨਾ ਸਕੀ ਬਸ ਮੇਰੇ ਨਾਲ ਲੱਗ ਹੰਝੂ ਕੇਰਦੀ ਰਹੀ। ਮੇਰਾ ਤਾਂ ਪਹਿਲਾਂ ਹੀ ਗੱਚ ਭਰਿਆ ਸੀ ਜਾਣੀ ਸੁਣਨੋਂ ਜੇ ਬੰਦ ਹੋ ਗਿਆ ਹੋਵੇ ਕੁੱਝ ਬੋਲ ਵੀ ਨਾ ਸਕਿਆ। ਵੱਡਾ ਹੋਣ ਕਰਕੇ ਘਰ ਦੀਆਂ ਕਈ ਖ਼ੁਸ਼ੀਆਂ ਕਈ ਸੱਧਰਾਂ ਸਿਰਫ਼ ਤੇ ਸਿਰਫ਼ ਮੇਰੇ ਨਾਲ ਹੀ ਤਾਂ ਜੁੜੀਆਂ ਸੀ।

ਉਦਾਸ ਤਾਂ ਹੋਣਾ ਹੀ ਸੀ ਭਲਾਂ, ਐਨੇ ਗੂੜੇ ਰਿਸ਼ਤੇ ਨਾਤੇ ਐਨਾ ਭਰਿਆ ਭਰਾਇਆ ਘਰ ਛੱਡ ਕੇ ਪਰਦੇਸਾਂ ਨੂੰ ਤੁਰਨਾ ਕਿਤੇ ਸੌਖਾ ਹੁੰਦਾ ਉਹ ਵੀ ਪਹਿਲੀ ਵਾਰ ਜਿੱਥੇ ਕੋਈ ਜਾਣਦਾ ਵੀ ਨਾ ਹੋਵੇ ਬੇਗਾਨੀ ਧਰਤੀ ਬੇਗਾਨਾ ਮੁਲਕ। ਸਾਰੇ ਰਾਹ ਦਾਦੀ ਦੇ ਉਹ ਬੋਲ ਕੰਨਾਂ ਵਿਚ ਗੂੰਜਦੇ ਰਹੇ, ਹੁਣ ਵੀ ਕਦੇ ਕਦੇ ਅਚਨਚੇਤ ਸਭ ਕੁਝ ਯਾਦ ਆ ਜਾਂਦਾ ਤੇ ਮਨ ਉਦਾਸ ਹੋ ਜਾਂਦਾ।

ਸੰਸਕਾਰਾਂ ਵਿਚ ਬੱਝੀਆਂ ਦਾਦੀ ਵਰਗੀਆਂ ਨੇ ਸਾਂਝੇ ਪਰਿਵਾਰ ਵਿਚ ਕੰਮ ਵੀ ਬਹੁਤ ਕੀਤਾ। ਬੱਚੇ ਪਾਲੇ ਘਰ ਬੰਨਿਆ, ਕਬੀਲਦਾਰੀਆਂ ਸੰਭਾਲੀਆਂ, ਫਿਰ ਅੱਗੋਂ ਬੱਚਿਆਂ ਦੇ ਘਰ ਬੰਨੇ, ਧੀਆਂ ਤੋਰੀਆਂ, ਨੂੰਹਾਂ ਲਿਆਂਦੀਆਂ, ਉਨਾਂ ਦੇ ਬੱਚੇ ਪਾਲੇ, ਸਾਨੂੰ ਵਿਆਹਿਆ ਹੁਣ ਤਾਂ ਉਨਾਂ ਦੇ ਸੁਖ ਦਾ ਟਾਈਮ ਆ ਪਰ ਇਹ ਦਰਵੇਸ਼ ਰੂਹਾਂ ਫਿਰ ਵੀ ਸੋਚਦੀਆਂ ਕਿ ਅਸੀਂ ਪੋਤਰੇ ਪੜੋਤਿਆਂ ਦਾ ਅੱਗਾ ਵੀ ਸੰਵਾਰ ਜਾਈਏ, ਇਨਾਂ ਤੋਂ ਵੱਡਾ ਰੱਬ ਹੋ ਸਕਦਾ ਭਲਾਂ, ਸਵਰਗ ਤਾਂ ਧਰਤੀ ਤੇ ਫਿਰਦਾ ਇਨਾਂ ਰੂਹਾਂ ਦੇ ਪੈਰਾਂ 'ਚ ਤੇ ਅਸੀਂ ਉਸਨੂੰ ਲੱਭਣ ਲਈ ਥਾਂ ਥਾਂ ਭਟਕਦੇ ਫਿਰਦੇ ਹਾਂ। ਇਤਿਹਾਸਕ ਦਸਤਾਵੇਜ਼ ਤਾਂ ਇਹ ਮਾਈਆਂ ਰੱਬ ਰਜਾਈਆਂ ਨੇ।

ਖ਼ੈਰ, ਜਦੋਂ ਅਸੀਂ ਗੁਰਅੰਸ਼ ਨੂੰ ਪਿੰਡ ਲੈ ਕੇ ਗਏ ਤਾਂ ਸਭ ਤੋਂ ਵੱਧ ਚਾਅ ਦਾਦੀ ਨੂੰ ਚੜਿਆ ਸਵੇਰੇ ਹੱਥੀਂ ਦੇਗ ਕਰਕੇ ਸਭ ਨੂੰ ਗੁਰਦੁਆਰੇ ਲੈ ਕੇ ਗਈ ਅਰਦਾਸ ਕਰਵਾਈ। ਗੁਰਅੰਸ਼ ਦੋ ਤਿੰਨ ਵਾਰੀ ਆਪਣੇ ਪੁਰਖਿਆਂ ਨੂੰ ਮਿਲ ਚੁੱਕਾ ਉਨਾਂ ਦੀਆਂ ਝੋਲੀਆਂ ਵਿਚ ਖੇਡ ਚੁੱਕਿਆ ਉਨਾਂ ਤੋਂ ਬਾਤਾਂ ਸੁਣ ਚੁੱਕਾ। ਪਰ ਹਰ ਵਾਰ ਵਾਪਸ ਆਉਣ ਵੇਲੇ ਹੋਰਾਂ ਦੇ ਨਾਲ ਦਾਦੀ ਵੀ ਡਾਹਢੀ ਉਦਾਸ ਹੋ ਜਾਂਦੀ ਆ, ਦੋ ਚਾਰ ਦਿਨ ਪਹਿਲਾਂ ਹੀ ਉਹਦਾ ਚਿਹਰਾ ਮੁਰਝਾ ਜਾਂਦਾ। ਵੇਖ ਕੇ ਜਿੱਥੇ ਖ਼ੁਸ਼ੀ ਹੁੰਦੀ ਹੈ ਕਿ ਪ੍ਰਮਾਤਮਾ ਨੇ ਐਡਾ ਪਰਿਵਾਰ ਤੇ ਵੱਡਿਆਂ ਨੂੰ ਤੰਦਰੁਸਤੀ ਦਿੱਤੀ ਐ, ਨਹੀਂ ਤਾਂ ਐਨੀ ਉਮਰ ਤੇ ਐਨਾ ਖ਼ੁਸ਼ਕਿਸਮਤ ਹਰੇਕ ਨੀ ਹੁੰਦਾ। ਉੱਥੇ ਮਨ ਉਦਾਸ ਵੀ ਹੋ ਜਾਂਦਾ ਜਦੋਂ ਦਾਦੀ ਤੁਰਨ ਵੇਲੇ ਕਹੂ, ਲੈ ਗੁਰਅੰਸ਼ ਪੁੱਤ ਤੈਨੂੰ ਸ਼ਗਨ ਦੇਵਾਂ, ਫਿਰ ਪਤਾ ਨੀ ਮੈਂ ਹੋਣਾ ਕਿ ਨਹੀਂ, ਤੇਰੇ ਆਉਂਦੇ ਨੂੰ, ਤੰਦਰੁਸਤ ਰਵੇ ਖ਼ੁਸ਼ੀਆਂ ਮਾਣੇ ।

ਦਾਦੀ ਦੇ ਚੁੰਨੀ ਦੇ ਪੱਲੇ ਨਾਲ ਪੂੰਝੇ ਅੱਥਰੂ ਤੇ ਗੁਰਅੰਸ਼ ਨੂੰ ਦਿੱਤਾ ਸੌ ਦਾ ਨੋਟ ਮੈਨੂੰ ਹੱਲੇ ਵੀ ਯਾਦ ਆ। ਹੁਣ ਵੀ ਅਚਨਚੇਤ ਦਾਦੀ ਦੇ ਆਹ ਬੋਲ ਸੁਣਨ ਲੱਗ ਜਾਂਦੇ ਆ 'ਵੇਖ ਪਹਿਲਾਂ ਤੇਰਾ ਪਿਓ ਘਰ ਵਿਚੋਂ ਸਭ ਤੋਂ ਵੱਡਾ ਸੀ ਉਸ ਨੂੰ ਮੈਂ ਚਾਵਾਂ ਲਾਡਾਂ ਨਾਲ ਪਾਲਿਆ ਤੇ ਉਸਨੇ ਵੀ ਸਾਰੇ ਘਰ ਦੀ ਜ਼ਿੰਮੇਵਾਰੀ ਮੂਹਰੇ ਹੋ ਕੇ ਨਿਭਾਈ ਆ ਹੁਣ ਵਾਰੀ ਤੇਰੀ ਆ ਅੱਗੋਂ ਤੇਰੇ ਜਵਾਕ ਜੱਲੇ ਵੀ ਸਭ ਤੋਂ ਵੱਡੇ ਹੋਣਗੇ, ਪ੍ਰਮਾਤਮਾ ਦੀ ਕ੍ਰਿਪਾ ਨਾਲ ਮੈਂ ਸਾਰੇ ਹੱਸਦੇ ਵੱਸਦੇ ਇਕੱਠੇ ਵੇਖਣਾ ਚਾਹੁੰਦੀ ਹਾਂ ਛੇਤੀ ਵਾਪਸ ਆਈਂ...! ਵੇਖੀਂ ਕਿਤੇ।

ਮੈਂ ਕਦੇ ਗੁਰਅੰਸ਼ ਵੱਲ ਦੇਖਣ ਲੱਗ ਜਾਂਦਾ ਕਦੇ ਸ਼ਗਨਾਂ ਦੇ ਨੋਟਾਂ 'ਚੋਂ ਦਾਦੀ ਦਾ ਪਿਆਰ ਦੇਖਦਾ, ਕਦੇ ਸੋਚਦਾ ਇਸ ਵੀਕਐਂਡ ਤੇ ਫ਼ੋਨ ਕਰੂ ਦਾਦੀ ਨੂੰ....!

ਨਾਲੇ ਸੁਪਨੇ ਕਿਸੇ ਕਿਸੇ ਦੇ ਪੂਰੇ ਹੁੰਦੇ ਆ ਹਰੇਕ ਐਨਾ ਖ਼ੁਸ਼ਕਿਸਮਤ ਨੀ ਹੁੰਦਾ।

# ਭਾਰਤੀ ਹਾਕੀ ਦੀ ਮਿਜ਼ਾਈਲ "ਹਾਕੀ ਸਟਾਰ ਧਨਰਾਜ ਪਿੱਲੇ"

**ਪ੍ਰੋਫੈਸਰ ਪਰਮਜੀਤ ਸਿੰਘ ਰੰਧਾਵਾ**

ਭਾਰਤੀ ਹਾਕੀ ਜਗਤ ਵਿਚ ਪਿੱਲੇ ਦਾ ਨਾਂ ਇਕ ਅਜਿਹੇ ਖਿਡਾਰੀ ਵਜੋਂ ਆਉਂਦਾ ਹੈ ਜਿਸ ਦੀ ਖੇਡ ਕਲਾ ਤੋਂ ਪ੍ਰਭਾਵਿਤ ਹੋਏ ਬਗੈਰ ਕੋਈ ਅੱਖ ਨਹੀਂ ਸੀ ਰਹਿ ਸਕਦੀ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਜਿਉਂ ਜਿਉਂ ਉਹ ਉਮਰ ਵਿਚ ਵੱਡਾ ਹੁੰਦਾ ਗਿਆ ਉਸ ਦਾ ਸਟੈਮਿਨਾ ਅਤੇ ਫਿਟਨੈੱਸ ਵੀ ਹੋਰ ਰੰਗ ਲਿਆਉਂਦੀ ਗਈ। ਇਸੇ ਕਰਕੇ ਉਸ ਨੂੰ ਭਾਰਤੀ ਹਾਕੀ ਦੀ ਮਿਸਾਇਲ ਕਿਹਾ ਜਾਂਦਾ ਸੀ। ਕੋਈ ਦਹਾਕਾ ਜੋ ਹਾਕੀ ਜਾਦੂਗਰ ਧਿਆਨ ਚੰਦ ਨਾਲ ਸਬੰਧਤ ਰਿਹਾ ਤਾਂ ਇਕ ਲੰਮਾ ਸਮਾਂ ਧੰਨਰਾਜ ਪਿੱਲੇ ਦੀ ਤੂਤੀ ਵੀ ਬੋਲਦੀ ਰਹੀ। ਭਾਰਤੀ ਹਾਕੀ ਦਾ ਇਹ ਜਾਦੂਗਰ ਜਦੋਂ ਆਪਣੇ ਖੇਡ ਕੈਰੀਅਰ ਦੇ ਸ਼ੁਰੂਆਤੀ ਦਿਨਾਂ ਵੱਲ ਮੁੜ ਕੇ ਦੇਖਦਾ ਹੈ ਤਾਂ ਕਈ ਵਾਰ ਉਹ ਤੜਫ਼ ਉਠਦਾ ਹੈ। ਬਚਪਨ ਵਿਚ ਉਸ ਨੂੰ ਕਾਫੀ ਸੰਘਰਸ਼ ਕਰਨਾ ਪਿਆ। ਉਸ ਦਾ ਪਰਿਵਾਰ ਮਸਾਂ ਗੁਜ਼ਾਰਾ ਕਰਦਾ ਸੀ। ਕ੍ਰਿਕਟ ਦੀਵਾਨਿਆਂ ਦੇ ਇਸ ਦੇਸ਼ ਵਿਚ ਫਿਰ ਵੀ ਪਿੱਲੇ ਪਰਿਵਾਰ ਦਾ ਹਾਕੀ ਨੂੰ ਚੁਣਨਾ ਇਕ ਬਹੁਤ ਵੱਡੀ ਗੱਲ ਸੀ। ਪੂਨੇ ਦੀ ਇਕ ਫੈਕਟਰੀ ਦੇ ਨੇੜਲੀਆਂ ਗਲੀਆਂ ਵਿਚ ਤੰਗੀਆਂ-ਤੁਰਸ਼ੀਆਂ ਵਿਚ ਪਲ ਕੇ ਪ੍ਰਵਾਨ ਚੜ੍ਹਿਆ ਮਹਾਰਾਸ਼ਟਰ ਦਾ ਇਹ ਸ਼ੇਰ ਕਦੇ ਵੀ ਇੰਜ ਵੀ ਗਰਜਦਾ ਹੈ, 'ਸ਼ਾਇਦ ਮੈਨੂੰ ਭਾਰਤ ਦੇ ਕਿਸੇ ਵੀ ਹੋਰ ਖਿਡਾਰੀ ਤੋਂ ਵੱਧ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ। ਹਾਕੀ ਤਾਂ ਮੇਰੇ ਪਰਿਵਾਰ ਦੇ ਖ਼ੂਨ ਵਿਚ ਸਮਾਈ ਹੋਈ ਸੀ। ਪਰ ਸਾਡੇ ਕੋਲ ਸਟਿੱਕ ਖਰੀਦਣ ਜੋਗੇ ਪੈਸੇ ਨਹੀਂ ਸਨ ਹੁੰਦੇ ਸੋ ਮੈਂ ਤੇ ਮੇਰਾ ਭਰਾ ਰੱਸੀ ਨਾਲ ਟੁੱਟੀਆਂ ਸਟਿੱਕਾਂ ਗੰਢ ਕੇ ਬੰਨ ਕੇ ਖੇਡਿਆ ਕਰਦੇ ਸਾਂ।'



ਮੰਨਿਆ ਜਾਂਦਾ ਹੈ ਕਿ ਹਰ ਸਫਲ ਆਦਮੀ ਦੇ ਪਿੱਛੇ ਕਿਸੇ ਨਾ ਕਿਸੇ ਰੂਪ ਵਿਚ ਔਰਤ ਦਾ ਹੀ ਹੱਥ ਹੁੰਦਾ ਹੈ। ਪਿੱਲੇ ਦੇ ਸੰਦਰਭ ਵਿਚ ਇਹ ਉਨਾਂ ਦੀ ਮਾਂ ਦਾ ਸੀ। ਪਿੱਲੇ ਨੂੰ ਕਦੇ ਇਹ ਸੋਚਦਿਆਂ ਹੈਰਾਨੀ ਵੀ ਹੁੰਦੀ ਹੈ ਜਿਵੇਂ ਇਸ ਪਰਿਵਾਰ ਦੇ ਮੰਦੜੇ ਹਾਲ 'ਚੋਂ ਉਨਾਂ ਦੀ ਮਾਂ ਨੇ ਉਨਾਂ ਨੂੰ ਪਾਲਿਆ ਅਤੇ ਚੰਗੇ ਇਨਸਾਨ ਬਣਾਇਆ। ਦੂਜੇ ਪਾਸੇ ਉਸ ਦੀ ਮਾਂ ਅਨਦਮਾ ਦਾ ਕਹਿਣਾ ਹੈ, 'ਮੈਂ ਧੰਨ ਲਈ ਕੁਝ ਵਿਸ਼ੇਸ਼ ਨਹੀਂ ਕੀਤਾ ਕਿਉਂਕਿ ਧੰਨ ਸਭ ਤੋਂ ਛੋਟਾ ਸੀ ਇਹ ਜ਼ਰੂਰ ਯਕੀਨੀ ਬਣਾਇਆ ਕਿ ਉਹ ਸਵੇਰੇ ਅਭਿਆਸ ਲਈ ਮੈਦਾਨ ਵਿਚ ਜਾਵੇ।'

ਪਿੱਲੇ ਦੇ ਪਿਤਾ ਗਰਾਊਂਡਮੈਨ ਦੇ ਤੌਰ 'ਤੇ ਕੰਮ ਕਰਦੇ ਸਨ, ਸੋ ਉਸ ਨੂੰ ਅਤੇ ਉਸ ਦੇ ਵੱਡੇ ਭਰਾ ਰਮੇਸ਼ ਨੂੰ ਖੇਡਣ ਦੀ ਥਾਂ ਆਸਾਨੀ ਨਾਲ ਮਿਲ ਜਾਂਦੀ ਸੀ। ਰੋਜ਼ਾਨਾ ਦਾ ਇਹ ਅਭਿਆਸ ਹੀ ਧੰਨਰਾਜ ਪਿੱਲ ਨੂੰ ਹਾਕੀ ਦੀਆਂ ਬੁਲੰਦੀਆਂ 'ਤੇ ਲੈ ਗਿਆ। ਇਹ ਧੰਨਰਾਜ ਪਿੱਲੇ ਹੈ ਜੋ ਖਿਡਾਰੀਆਂ ਦੇ ਹੱਕਾਂ ਲਈ ਵੀ ਕਈ ਵਾਰ ਹਾਕੀ ਫੈਡਰੇਸ਼ਨ ਦੇ ਖਿਲਾਫ ਜੂਝਦਾ ਰਿਹਾ ਹੈ। 'ਅਸੀਂ ਲੜਾਂਗੇ ਸਾਥੀ ਕਿ ਲੜਨ ਬਾਝੋਂ ਕੁਝ ਨਹੀਂ ਮਿਲਦਾ' ਦੇ ਖਿਆਲ ਨੂੰ ਆਪਣਾ ਜੀਵਨ ਦ੍ਰਿਸ਼ਟੀਕੋਣ ਬਣਾ ਕੇ ਇਹ ਜੁਝਾਰੂ ਹਮੇਸ਼ਾ ਆਪਣੀ ਆਵਾਜ਼ ਬੁਲੰਦ ਕਰਦਾ ਰਿਹਾ। ਕਈ ਵਾਰ ਫੈਡਰੇਸ਼ਨ ਨੇ ਉਸ ਨੂੰ ਝੁਕਾਇਆ ਵੀ ਪਰ ਉਸ ਨੇ ਆਪਣਾ ਖੇਡ ਕੈਰੀਅਰ ਵੀ ਖਿਡਾਰੀਆਂ ਦੇ ਹੱਕਾਂ ਲਈ ਦਾਅ 'ਤੇ ਲਾਇਆ।

ਹਾਕੀ ਦੇ ਮੈਦਾਨ ਵਿਚ ਆਪਣਾ ਖ਼ੂਨ ਪਸੀਨਾ ਵਹਾਉਣ ਵਾਲਾ ਅਤੇ ਭਾਰਤ ਦੀ ਝੋਲੀ ਵਿਚ ਪਈਆਂ ਹੋਈਆਂ ਕਈ ਮਾਣ-ਮੱਤੀਆਂ ਜਿੱਤਾਂ ਦੇ ਸ਼ਿਲਪਕਾਰ ਧੰਨਰਾਜ ਦਾ ਕਹਿਣਾ ਹੈ ਕਿ, 'ਸੋਵੀਨਾਰ ਇਨਾਮਾਂ ਤਗਮਿਆਂ ਨਾਲ ਘਰ ਤਾਂ ਸਜਾਏ ਜਾ ਸਕਦੇ ਹਨ ਪਰ ਘਰ ਬਣਾਏ ਨਹੀਂ ਜਾ ਸਕਦੇ। ਖਿਡਾਰੀ ਦਾ ਪਸੀਨਾ ਸੁੱਕਣ ਤੋਂ ਪਹਿਲਾਂ ਉਸ ਦਾ ਮੁੱਲ ਵੀ ਪੈਣਾ ਜ਼ਰੂਰੀ ਹੈ। ਢਿੱਡੋਂ ਭੁੱਖਾ ਖਿਡਾਰੀ ਜਦੋਂ ਸਵੇਰੇ ਉਠਦਾ ਹੈ ਤੇ ਸੋਚਦਾ ਹੈ ਕਿ ਮੈਂ ਭਾਰਤੀ ਹਾਕੀ ਟੀਮ ਲਈ ਖੇਡਦਾ ਹਾਂ ਤਾਂ ਇਹ ਸੋਚ ਉਸ ਨੂੰ ਜ਼ਿਆਦਾ ਖ਼ੁਸ਼ੀ ਨਹੀਂ ਦਿੰਦੀ। ਭਾਰਤੀ ਹਾਕੀ ਜਗਤ ਵਿਚ ਖਿਡਾਰੀ ਤਾਂ ਬੇਸ਼ੁਮਾਰ ਹੋਏ ਹਨ ਪਰ ਧੰਨਰਾਜ ਪਿੱਲੇ ਵਰਗੇ ਵਿਲੱਖਣ ਹਸਤਾਖਰ ਕੋਈ ਕੋਈ ਹੀ ਸਥਾਪਤ ਕਰ ਸਕਿਆ। ਇਸ ਚੈਂਪੀਅਨ ਖਿਡਾਰੀ ਦਾ ਜੀਵਨ ਆਉਣ ਵਾਲੀ ਨੌਜਵਾਨ ਪੀੜੀ ਲਈ ਹਮੇਸ਼ਾ ਪ੍ਰੇਰਨਾ ਸਰੋਤ ਬਣਿਆ ਰਹੇਗਾ।

## ਕਰਨਦੀਪ ਸਿੰਘ ਚੌਹਾਨ ਨੈਸ਼ਨਲ ਸਬ ਜੂਨੀਅਰ ਕੁਸ਼ਤੀ ਚੈਂਪੀਅਨਸ਼ਿਪ ਮਿਸੂਰੀ 'ਚ ਚੌਥੇ ਦਰਜੇ ਤੇ ਰਹੇ




*ਚੌਥੇ ਸਥਾਨ ਤੇ ਖੜੇ ਕਰਨਦੀਪ ਚੌਹਾਨ ਜੋ ਅਮਰੀਕਨ ਕੈਂਪ ਲਈ ਚੁਣੇ ਗਏ*

**ਸਿਆਟਲਗੁਰਚਰਨ ਸਿੰਘ ਢਿੱਲੋਂ:** 2021 ਐਡੀਡਾਸ ਨੈਸ਼ਨਲ ਸਬ ਜੂਨੀਅਰ ਕੁਸ਼ਤੀ ਚੈਂਪੀਅਨਸ਼ਿਪ ਮਿਸੂਰੀ ਵਿਚ 133 ਪੌਂਡ ਭਾਰ ਵਰਗ ਵਿਚ ਕਰਨਦੀਪ ਚੌਹਾਨ ਨੇ ਚੌਥੀ ਪੁਜੀਸ਼ਨ ਹਾਸਲ ਕੀਤੀ ਅਤੇ ਅਮਰੀਕਨ ਕੁਸ਼ਤੀ ਕੋਚਿੰਗ ਕੈਂਪ ਲਈ ਚੁਣੇ ਗਏ, ਜਿਸ ਤੇ ਪੰਜਾਬੀ ਭਾਈਚਾਰੇ ਦੇ ਖੇਡ ਪ੍ਰੇਮੀਆ ਨੇ ਪਿਤਾ ਹਰਦੀਪ ਸਿੰਘ ਚੌਹਾਨ ਨੂੰ ਵਧਾਈਆਂ ਦਿੱਤੀਆਂ ਅਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ। ਵਾਸ਼ਿੰਗਟਨ ਸਟੇਟ ਸਕੂਲਾਂ ਵਿਚੋਂ ਚੈਂਪੀਅਨ ਬਣੇ ਕਰਨਦੀਪ ਚੌਹਾਲ ਦਾ ਵੱਡਾ ਭਰਾ ਜੂਨੀਅਰ ਵਿਸ਼ਵ ਪਾਵਰਲਿਫ਼ਟਿੰਗ ਵਿਚੋਂ ਸੋਨ ਤਮਗਾ ਜਿੱਤ ਚੁੱਕਾ ਹੈ ਅਤੇ ਸਿਆਟਲ ਖੇਡ ਕੈਂਪ ਦੀ ਵੱਡੀ ਪ੍ਰਾਪਤੀ ਕਹੀ ਜਾ ਰਹੀ ਹੈ। ਪੰਜਾਬ ਸਪੋਰਟਸ ਕਲੱਬ ਸਿਆਟਲ ਦੇ ਸਾਬਕਾ ਪ੍ਰਧਾਨਾਂ ਬਲਜੀਤ ਸਿੰਘ ਸੋਹਲ, ਪਿੰਟੂ ਬਾਠ, ਜਸਬੀਰ ਸਿੰਘ ਰੰਧਾਵਾ, ਬਲਹਾਰ ਸਿੰਘ, ਪੰਮੀ ਕੰਗ, ਖਜਾਨਚੀ ਹਰਦੀਪ ਸਿੰਘ ਗਿੱਲ, ਮਨਮੋਹਣ ਸਿੰਘ ਧਾਲੀਵਾਲ, ਮਾਸਟਰ ਦਲਜੀਤ ਸਿੰਘ ਗਿੱਲ, ਗੁਰਦੀਪ ਸਿੰਘ ਸਿੱਧੂ, ਸਰਬਜੀਤ ਸਿੰਘ ਝੱਲੀ, ਅਵਤਾਰ ਸਿੰਘ ਪੂਰੇਵਾਲ ਅਤੇ ਪਰਮਜੀਤ ਸਿੰਘ ਖੈਰਾ ਨੇ ਕਰਨਦੀਪ ਚੌਹਾਨ ਦੀ ਜਿੱਤ ਤੇ ਖੁਸ਼ੀ ਪ੍ਰਗਟ ਕੀਤੀ ਅਤੇ ਪਰਿਵਾਰ ਨੂੰ ਵਧਾਈ ਦਿੱਤੀ।

## ਕੋਰੋਨਾ ਕਾਰਨ ਟੋਕੀਓ ਓਲੰਪਿਕ ਲਈ ਤਿਆਰੀ ਕਰਨਾ ਸੌਖਾ ਨਹੀਂ : ਸ਼ਰਤ ਕਮਲ

**ਨਵੀਂ ਦਿੱਲੀ/ਏ.ਟੀ.ਨਿਊਜ਼:** ਭਾਰਤ ਦੇ ਚੋਟੀ ਦੇ ਟੇਬਲ ਟੈਨਿਸ ਖਿਡਾਰੀ ਸ਼ਰਤ ਕਮਲ ਨੇ ਕਿਹਾ ਕਿ ਜਦ ਦੇਸ਼ ਕੋਵਿਡ-19 ਮਹਾਂਮਾਰੀ ਨਾਲ ਜੂਝ ਰਿਹਾ ਹੈ ਤਦ ਟੋਕੀਓ ਓਲੰਪਿਕ ਲਈ ਤਿਆਰੀ ਕਰਨਾ ਸੌਖਾ ਨਹੀਂ ਹੈ ਪਰ ਉਨਾਂ ਨੇ ਯਕੀਨ ਦਿਵਾਇਆ ਕਿ ਖਿਡਾਰੀ ਮੈਡਲ ਜਿੱਤਣ ਲਈ ਆਪਣੇ ਵੱਲੋਂ ਕੋਈ ਕਸਰ ਨਹੀਂ ਛੱਡਣਗੇ।



ਸ਼ਰਤ ਨੇ ਕਿਹਾ ਕਿ ਪਿਛਲੇ ਸਾਲ ਅਸੀਂ ਹਰ ਚੀਜ਼ ਤੋਂ ਡਰੇ ਹੋਏ ਸੀ। ਅਸੀਂ ਸਿਰਫ਼ ਨਕਾਰਾਤਮਕ ਚੀਜ਼ਾਂ ਸੋਚ ਰਹੇ ਸੀ। ਜਦ ਇੰਨੇ ਵੱਧ ਲੋਕ ਮਰ ਰਹੇ ਸਨ ਤਦ ਮੇਰਾ ਖੇਡ ਵਿਚ ਮਨ ਨਹੀਂ ਲੱਗ ਰਿਹਾ ਸੀ। ਹੁਣ ਸਾਡੇ ਸਾਹਮਣੇ ਇਕ ਟੀਚਾ ਹੈ ਤੇ ਸਾਡਾ ਧਿਆਨ ਉਸ ਨੂੰ ਹਾਸਲ ਕਰਨ 'ਤੇ ਹੈ।

## ਭਾਰਤੀ ਹਾਕੀ ਟੀਮ ਦਾ ਅਰਜਨਟੀਨਾ ਦੌਰਾ ਸ.ਫਲ, 16 ਮੈਚ ਜਿੱਤੇ

**ਮੇਜਰ ਸਿੰਘ**

ਕਾਫੀ ਸਮੇਂ ਬਾਅਦ ਭਾਰਤੀ ਹਾਕੀ ਟੀਮ ਦਾ ਵਿਦੇਸ਼ੀ ਦੌਰਾ ਸਫ਼ਲ ਰਿਹਾ ਹੈ। ਟੀਮ ਦੇ ਕਪਤਾਨ ਮਨਪ੍ਰੀਤ ਸਿੰਘ ਤੇ ਮੁੱਖ ਕੋਚ ਗ੍ਰਾਹਮ ਰੀਡ ਦੀ ਅਗਵਾਈ ਵਿਚ ਭਾਰਤ ਨੇ ਅਰਜਨਟੀਨਾ ਦਾ 16 ਦਿਨਾਂ ਦਾ ਦੌਰਾ ਕੀਤਾ, ਜਿਸ ਦੌਰਾਨ ਭਾਰਤੀ ਟੀਮ ਨੇ ਮੇਜ਼ਬਾਨ ਟੀਮ ਨਾਲ 6 ਮੈਚ ਖੇਡੇ। ਭਾਰਤੀ ਟੀਮ ਨੇ ਸਾਰੇ ਮੈਚਾਂ ਵਿਚ ਵਧੀਆ ਪ੍ਰਦਰਸ਼ਨ ਕੀਤਾ। ਬਿਊਨਿਸ ਆਇਰਸ ਦੇ ਮੈਦਾਨ ਉਪਰ ਭਾਰਤ ਨੇ ਪਹਿਲੇ ਅਭਿਆਸ ਮੈਚ ਵਿਚ ਉਲੰਪਿਕ ਚੈਂਪੀਅਨ ਅਰਜਨਟੀਨਾ ਨੂੰ 4-3 ਗੋਲਾਂ ਨਾਲ ਹਰਾਇਆ। ਭਾਰਤ ਵਲੋਂ ਨੀਲਕਾਂਤ ਸ਼ਰਮਾ, ਹਰਮਨਪ੍ਰੀਤ ਸਿੰਘ, ਰੁਪਿੰਦਰਪਾਲ ਸਿੰਘ ਤੇ ਵਰੁਣ ਕੁਮਾਰ ਨੇ ਗੋਲ ਕੀਤੇ। ਮੇਜ਼ਬਾਨ ਵਲੋਂ ਡਰੈਗ ਫਲਿੱਕਰ ਲਇਏਡਰ ਤੋਲੀਨੀ ਨੇ ਦੋ ਤੇ ਮਾਸਿਓ ਕਾਸੇਲਾ ਨੇ ਇਕ ਗੋਲ ਕੀਤਾ। ਪਹਿਲਾ ਕੁਆਟਰ ਦੋਵੇਂ ਟੀਮਾਂ ਨੇ ਹੌਲੀ ਖੇਡਿਆ। ਦੂਜੇ ਕੁਆਟਰ ਵਿਚ ਭਾਰਤ ਨੇ ਤੇਜ਼ੀ ਵਿਖਾਈ। ਸ਼ਿਲਾਨੰਦ ਲਾਕੜਾ ਨੇ ਪਹਿਲੇ ਗੋਲ ਦੀ ਨੀਂਹ ਰੱਖੀ। ਉਨਾਂ ਦੇ ਸਟੀਕ ਪਾਸ 'ਤੇ ਸਰਕਲ ਅੰਦਰ ਮੌਜੂਦ ਨੀਲਕਾਂਤ ਨੇ ਫੱਟਾ ਖੜਕਾਉਣ ਵਿਚ ਦੇਰੀ ਨਾ ਲਗਾਈ। ਅਰਜਨਟੀਨਾ ਨੂੰ ਛੇਤੀ ਹੀ ਇਕ ਪੈਨਲਟੀ ਕਾਰਨਰ ਮਿਲਿਆ ਪਰ ਤਜਰਬੇਕਾਰ ਗੋਲਕੀਪਰ ਪੀ.ਆਰ. ਸ੍ਰੀਜੇਸ਼ ਨੇ ਇਸ ਨੂੰ ਨਾਕਾਮ ਕਰ ਦਿੱਤਾ। ਮੈਚ ਦੇ 28ਵੇਂ ਮਿੰਟ ਵਿਚ ਦਿਲਪ੍ਰੀਤ ਸਿੰਘ ਨੂੰ ਇਕ ਪੈਨਲਟੀ ਕਾਰਨਰ ਮਿਲਿਆ ਤੇ ਹਰਮਨਪ੍ਰੀਤ ਸਿੰਘ ਨੇ ਦਮਦਾਰ ਸ਼ਾਟ ਨਾਲ ਦੂਜਾ ਗੋਲ ਕਰ ਦਿੱਤਾ। ਤੀਜੇ ਕੁਆਰਟਰ ਵਿਚ ਅਰਜਨਟੀਨਾ ਨੇ ਮਜ਼ਬੂਤ ਵਾਪਸੀ ਕਰਦਿਆਂ ਤੋਲੀਨੀ ਦੇ ਪੈਨਲਟੀ ਕਾਰਨਰ ਨਾਲ ਪਹਿਲਾ ਗੋਲ ਕੀਤਾ। ਅਗਲੇ ਹੀ ਪਲ ਭਾਰਤ ਦੇ ਰੁਪਿੰਦਰਪਾਲ ਸਿੰਘ ਨੇ ਪੈਨਲਟੀ ਕਾਰਨਰ ਤੋਂ ਇਕ ਹੋਰ ਗੋਲ ਕੀਤਾ। 42ਵੇਂ ਮਿੰਟ ਵਿਚ ਅਰਜਨਟੀਨਾ ਦੇ ਕਾਸੇਲਾ ਨੇ ਗੋਲ ਕਰ ਦਿਤਾ। ਭਾਰਤੀ ਗੋਲਕੀਪਰ ਨੇ ਅਰਜਨਟੀਨਾ ਦੇ ਇਕ ਪੈਨਲਟੀ ਕਾਰਨਰ ਨੂੰ ਨਾਕਾਮ ਕੀਤਾ। ਆਖਰੀ ਕੁਆਟਰ ਵਿਚ 47ਵੇਂ ਮਿੰਟ ਦੌਰਾਨ ਦਿਲਪ੍ਰੀਤ ਸਿੰਘ ਨੇ ਇਕ ਹੋਰ ਪੈਨਲਟੀ ਕਾਰਨਰ ਪ੍ਰਾਪਤ ਕੀਤਾ ਤੇ ਵਰੁਣ ਕੁਮਾਰ ਨੇ ਇਸ ਨੂੰ ਗੋਲ ਵਿਚ ਬਦਲਣ ਤੋਂ ਕੋਈ ਕੁਤਾਹੀ ਨਾ ਕੀਤੀ। ਅਰਜਨਟੀਨਾ ਦੇ ਤੋਲਾਨੀ ਨੇ 53ਵੇਂ ਮਿੰਟ ਵਿਚ ਇਕ ਹੋਰ ਗੋਲ ਕੀਤਾ। ਸਮਾਂ ਪੂਰਾ ਹੋਣ 'ਤੇ ਭਾਰਤ ਜੇਤੂ ਰਿਹਾ। ਦੂਜਾ ਅਭਿਆਸ ਮੈਚ ਭਾਰਤ ਨੇ 4-4 ਗੋਲਾਂ ਨਾਲ ਬਰਾਬਰ ਖੇਡਿਆ। ਭਾਰਤ ਵਲੋਂ ਵਰੁਣ ਕੁਮਾਰ ਨੇ ਦੋ ਤੇ ਰਾਜਕੁਮਾਰ ਪਾਲ ਤੇ ਰੁਪਿੰਦਰਪਾਲ ਸਿੰਘ ਨੇ ਇਕ-ਇਕ ਗੋਲ ਕੀਤਾ। ਅਰਜਨਟੀਨਾ ਵਲੋਂ ਲਿਆਡਰੋਂ ਤੋਲੀਨੀ ਤੇ ਇਗਨਾਸੀਓ ਓਰਤਿਜ ਨੇ ਇਕ-ਇਕ ਤੇ ਲੁਕਸ ਡੋਸਕਾਨੀ ਨੇ ਦੋ ਗੋਲ ਕੀਤੇ।

ਅਭਿਆਸ ਮੈਚਾਂ ਤੋਂ ਬਾਅਦ ਐੱਫ.ਆਈ.ਐੱਚ ਪ੍ਰੋ ਲੀਗ ਦੇ ਪਹਿਲੇ ਮੈਚ ਵਿਚ ਭਾਰਤ ਨੇ ਅਰਜਨਟੀਨਾ ਨੂੰ ਸ਼ੂਟ ਆਊਟ ਵਿਚ ਕਰਾਰੀ ਹਾਰ ਦਿੱਤੀ। ਭਾਰਤ ਲਈ ਪਹਿਲਾ ਗੋਲ ਪੈਨਲਟੀ ਕਾਰਨਰ ਰਾਹੀਂ ਹਰਮਨਪ੍ਰੀਤ ਸਿੰਘ ਨੇ ਕੀਤਾ, ਪਰ ਮਾਰਟਿਨ ਫਰੇਰੋ ਨੇ 28ਵੇਂ ਤੇ 30ਵੇਂ ਮਿੰਟ ਵਿਚ ਭਾਰਤ ਵਿਰੁੱਧ ਦੋ ਗੋਲ ਦਾਗ ਦਿੱਤੇ। ਭਾਰਤ ਦੀ ਹਾਰ ਲਗਭਗ ਤੈਅ ਲੱਗ ਰਹੀ ਸੀ, ਪਰ 60ਵੇਂ ਮਿੰਟ ਵਿਚ ਹਰਮਨਪ੍ਰੀਤ ਸਿੰਘ ਨੇ ਪੈਨਲਟੀ ਕਾਰਨਰ ਤੋਂ ਗੋਲ ਕਰਕੇ ਮੈਚ ਬਰਾਬਰ ਕੀਤਾ। ਇਸ ਡਰਾਅ ਨਾਲ ਦੋਵੇਂ ਟੀਮਾਂ ਨੂੰ ਇਕ-ਇਕ ਅੰਕ ਮਿਲਣਾ ਯਕੀਨੀ ਹੋਇਆ, ਪਰ ਭਾਰਤ ਦੇ ਗੋਲਕੀਪਰ ਸ੍ਰੀਜੇਸ਼ ਦੇ ਸ਼ਾਨਦਾਰ ਪ੍ਰਦਰਸ਼ਨ ਕਰਕੇ ਹੀ ਭਾਰਤ ਨੇ ਬੋਨਸ ਅੰਕ ਹਾਸਲ ਕੀਤਾ। ਸ੍ਰੀਜੇਸ਼ ਨੇ ਸ਼ੂਟ-ਆਊਟ ਵਿਚ ਲੁਕਾਸ ਵਿਲਾ, ਫਰੇਰੋ ਤੇ ਇਗਨੇਸੀਓ ਓਰਟਿਜ ਦੀਆਂ ਕੋਸ਼ਿਸ਼ਾਂ ਨੂੰ ਨਾਕਾਮ ਕੀਤਾ। ਭਾਰਤ ਦੇ ਦਿਲਪ੍ਰੀਤ ਸਿੰਘ ਨੇ ਗੋਲਕੀਪਰ ਜੁਆਨ ਵਿਵਾਲਿਤੀ ਨੂੰ ਭੁਲੇਖਾ ਦੇ ਕੇ ਭਾਰਤ ਦੀ ਜਿੱਤ ਯਕੀਨੀ ਬਣਾਈ।




ਦੂਜੇ ਮੈਚ ਵਿਚ ਭਾਰਤ ਨੇ ਫਿਰ ਅਰਜਨਟੀਨਾ ਨੂੰ 3-0 ਗੋਲਾਂ ਨਾਲ ਹਰਾਇਆ। ਭਾਰਤ ਲਈ ਹਰਮਨਪ੍ਰੀਤ ਸਿੰਘ, ਲਲਿਤ ਉਪਾਧਿਆਏ ਤੇ ਮਨਦੀਪ ਸਿੰਘ ਨੇ ਇਕ ਗੋਲ ਕੀਤਾ। ਇਸ ਜਿੱਤ ਨਾਲ ਭਾਰਤ ਲੀਗ ਅੰਕਾਂ ਵਿਚ ਚੌਥੇ ਸਥਾਨ 'ਤੇ ਪੁੱਜ ਗਿਆ ਹੈ। ਭਾਰਤ ਕੋਲ ਇਸ ਵਕਤ 15 ਅੰਕ ਹਨ। ਆਸਟਰੇਲੀਆ ਭਾਰਤ ਤੋਂ ਇਕ ਅੰਕ ਪਿੱਛੇ ਹੈ। ਇਸ ਮੈਚ ਵਿਚ ਭਾਰਤੀ ਗੋਲਕੀਪਰ ਬਹਾਦਰ ਪਾਠਕ ਦਾ ਪ੍ਰਦਰਸ਼ਨ ਵੀ ਵਧੀਆ ਰਿਹਾ। ਦੌਰੇ ਦੇ ਆਖਰੀ ਅਭਿਆਸ ਮੈਚ ਵਿਚ ਭਾਰਤ ਨੇ ਇਕ ਵਾਰ ਫਿਰ ਅਰਜਨਟੀਨਾ ਨੂੰ 4-2 ਗੋਲਾਂ ਨਾਲ ਹਰਾਇਆ। ਭਾਰਤ ਲਈ ਰੁਪਿੰਦਰਪਾਲ ਸਿੰਘ, ਜਸਕਰਨ ਸਿੰਘ ਤੇ ਸੁਰਿੰਦਰ ਕੁਮਾਰ ਨੇ ਸ਼ਾਨਦਾਰ ਗੋਲ ਕੀਤੇ, ਜਦਕਿ ਅਰਜਨਟੀਨਾ ਲਈ ਲਇਏਡਰੋ ਤੋਲੀਨੀ ਨੇ ਤੇ ਪੈਡਰੋ ਇਬਰਾ ਨੇ ਇਕ-ਇਕ ਗੋਲ ਕੀਤਾ। ਗੋਲਕੀਪਰ ਸ੍ਰੀਜੇਸ਼ ਨੇ ਇਕ ਵਾਰ ਫਿਰ ਅਰਜਨਟੀਨੀ ਹਮਲਿਆਂ ਨੂੰ ਪਛਾੜਿਆ। ਹੁਣ ਭਾਰਤੀ ਟੀਮ ਮਈ ਮਹੀਨੇ ਇੰਗਲੈਂਡ ਵਿਚ ਖੇਡੇਗੀ।

ਇਸ ਦੌਰੇ ਦੌਰਾਨ ਭਾਰਤੀ ਹਾਕੀ ਟੀਮ ਨੇ ਡਿਫੈਂਸ, ਮੱਧ ਪੰਕਤੀ ਤੇ ਫਾਰਵਰਡ ਲਾਈਨ ਵਿਚ ਚੰਗਾ ਪ੍ਰਦਰਸ਼ਨ ਕੀਤਾ ਹੈ। ਆਖਰੀ ਪਲਾਂ ਵਿਚ ਗੋਲ ਖਾ ਜਾਣ ਦੀ ਘਾਟ ਨੂੰ ਵੀ ਭਾਰਤ ਨੇ ਦੂਰ ਕੀਤਾ ਹੈ। 23 ਜੁਲਾਈ ਤੋਂ ਟੋਕੀਓ ਉਲੰਪਿਕ ਖੇਡਾਂ ਸ਼ੁਰੂ ਹਨ, ਜਿਨਾਂ ਦੀ ਉਲਟੀ ਗਿਣਤੀ ਸ਼ੁਰੂ ਹੋ ਗਈ ਹੈ। ਇਸ ਦੌਰੇ ਨਾਲ ਸਮੁੱਚੀ ਟੀਮ ਉਤਸ਼ਾਹ ਨਾਲ ਭਰੀ ਹੋਈ ਹੈ। ਭਾਰਤੀ ਕਪਤਾਨ ਤੇ ਕੋਚ ਦਾ ਕਹਿਣਾ ਹੈ ਕਿ ਸਾਡੀ ਟੀਮ ਉਲੰਪਿਕ ਵਿਚ ਚਾਰ ਦਹਾਕਿਆਂ ਤੋਂ ਚੱਲੇ ਆ ਰਹੇ ਮੈਡਲ ਦੇ ਸੋਕੇ ਨੂੰ ਜ਼ਰੂਰ ਖ਼ਤਮ ਕਰੇਗੀ। ਕਰੋੜਾਂ ਦੇਸ਼ ਵਾਸੀਆਂ ਦੀਆਂ ਨਜ਼ਰਾਂ ਵੀ ਇਸ ਗੱਲ ਉੱਪਰ ਲੱਗੀਆਂ ਹੋਈਆਂ ਹਨ ਕਿ ਅੱਠ ਵਾਰ ਦਾ ਉਲੰਪਿਕ ਚੈਂਪੀਅਨ ਭਾਰਤ ਇਕ ਵਾਰ ਫਿਰ ਟੋਕੀਓ ਵਿਚ ਜ਼ਰੂਰ ਜੇਤੂ ਮੰਚ 'ਤੇ ਚੜ੍ਹੇ।

# ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾ ਸਥਾਪਨਾ ਦਿਵਸ



ਡਾ. ਪਰਮਵੀਰ ਸਿੰਘ
ਸਿੱਖ ਵਿਸ਼ਵਕੋਸ਼ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਪੰਜਾਬੀ ਯੂਨੀਵਰਸਿਟੀ ਪਟਿਆਲਾ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਲਈ ਹਮੇਸ਼ਾ ਯਤਨਸ਼ੀਲ ਰਹੀ ਹੈ। ਆਰੰਭ ਤੋਂ ਲੈ ਕੇ ਹੁਣ ਤੱਕ ਇਹ ਯੂਨੀਵਰਸਿਟੀ ਆਪਣੇ ਉਦੇਸ਼ ਦੀ ਪੂਰਤੀ ਲਈ ਨਿਰੰਤਰ ਯਤਨਸ਼ੀਲ ਹੈ। ਲੱਖਾਂ ਹੀ ਵਿਦਿਆਰਥੀਆਂ ਨੂੰ ਵਿੱਦਿਆ ਪ੍ਰਦਾਨ ਕਰ ਚੱਕੀ ਇਹ ਯੂਨੀਵਰਸਿਟੀ ਪੰਜਾਬ ਦੇ ਪਿੰਡਾਂ ਅਤੇ ਕਸਬਿਆਂ ਤੱਕ ਪਹੁੰਚ ਚੁੱਕੀ ਹੈ। ਇਥੋਂ ਵਿੱਦਿਆ ਪ੍ਰਾਪਤ ਕਰ ਕੇ ਵਿਦਿਆਰਥੀ ਦੇਸ਼-ਵਿਦੇਸ਼ ਵਿਚ ਸੇਵਾਵਾਂ ਨਿਭਾ ਰਹੇ ਹਨ। 1961 ਵਿਚ ਇਹ ਯੂਨੀਵਰਸਿਟੀ ਹੋਂਦ ਵਿਚ ਆਈ ਹੈ ਪਰ ਇਸ ਦੀ ਸਥਾਪਨਾ ਪਿੱਛੇ ਬਹੁਤ ਹੀ ਰੋਚਿਕ ਅਤੇ ਮਹੱਤਵਪੂਰਨ ਤੱਥ ਛੁਪੇ ਹੋਏ ਹਨ।

ਪੰਜਾਬੀ ਯੂਨੀਵਰਸਿਟੀ ਦੀ ਸਥਾਪਨਾ ਲਈ ਯਤਨ ਵੀਹਵੀਂ ਸਦੀ ਦੇ ਪੰਜਵੇਂ ਦਹਾਕੇ ਦੌਰਾਨ ਆਰੰਭ ਹੋ ਗਏ ਸਨ। ਅਪ੍ਰੈਲ 1952 ਵਿਚ ਗਿਆਨ ਸਿੰਘ ਰਾੜੇਵਾਲਾ ਪੈਪਸੂ ਦਾ ਮੁੱਖ ਮੰਤਰੀ ਬਣਿਆ। ਇਸ ਦੇ ਸਮੇਂ ਪੈਪਸੂ ਯੂਨੀਵਰਸਿਟੀ ਦੀ ਮੰਗ ਉੱਠੀ ਜਿਸ ਰਾਹੀਂ ਪੰਜਾਬੀ ਨੂੰ ਖੇਤਰੀ ਭਾਸ਼ਾ ਵੱਜੋਂ ਵਿਕਸਿਤ ਕਰਨ ਦੀ ਲੋੜ ਤੇ ਜ਼ੋਰ ਦਿੱਤਾ ਗਿਆ। 1953-54 ਦੇ ਬਜਟ ਦੀ ਤਿਆਰੀ ਵਿਚ ਪੈਪਸੂ ਯੂਨੀਵਰਸਿਟੀ ਖੋਲਣ ਦਾ ਪ੍ਰਬੰਧ ਕੀਤਾ ਗਿਆ ਸੀ ਪਰ ਹਾਊਸ ਤੱਕ ਪਹੁੰਚਣ ਉਪਰੰਤ ਇਸ ਦਾ ਜ਼ਿਕਰ ਵੀ ਨਾ ਹੋ ਸਕਿਆ। ਸਮਕਾਲੀ ਅਖ਼ਬਾਰਾਂ ਦੀਆਂ ਟਿੱਪਣੀਆਂ ਤੋਂ ਪਤਾ ਲੱਗਦਾ ਹੈ ਕਿ ਸਰਕਾਰ ਨੂੰ ਭਾਰੀ ਆਲੋਚਨਾ ਦਾ ਸਾਹਮਣਾ ਕਰਨਾ ਪਿਆ।

ਪੰਜਾਬੀ ਯੂਨੀਵਰਸਿਟੀ ਰਾਹੀਂ ਪੰਜਾਬੀ ਦੇ ਵਿਕਾਸ ਦੀ ਗੱਲ ਪੰਜਾਬੀਆਂ ਦੇ ਮਨ ਵਿਚ ਵੱਸ ਗਈ ਸੀ ਅਤੇ ਉਹ ਇਸ ਦੀ ਖੁੱਲ ਕੇ ਮੰਗ ਕਰਨ ਲੱਗੇ ਸਨ। ਸੰਗਠਾਨਤਮਿਕ ਤੌਰ 'ਤੇ ਪੰਜਾਬੀ ਸਾਹਿਤ ਅਕਾਦਮੀ, ਦਿੱਲੀ ਨੇ ਇਸ ਸਬੰਧੀ ਮਹੱਤਵਪੂਰਨ ਯਤਨ ਕੀਤੇ ਸਨ। 1956 ਵਿਚ ਇਨ੍ਹਾਂ ਨੇ ਦੂਜੀ ਪੰਜਾਬੀ ਕਾਨਫ਼ਰੰਸ ਦਿੱਲੀ ਵਿਖੇ ਕੀਤੀ ਜਿਸ ਵਿਚ ਭਾਰਤ ਦੇ ਗ੍ਰਹਿ ਮੰਤਰੀ ਗੋਵਿੰਦ ਵਲਭ ਪੰਤ, ਰਾਸ਼ਟਰਪਤੀ ਡਾ. ਰਾਜਿੰਦਰ ਪ੍ਰਸਾਦ, ਸ. ਉੱਜਲ ਸਿੰਘ, ਡਿਪਟੀ ਸਪੀਕਰ ਹੁਕਮ ਸਿੰਘ, ਸ. ਸਵਰਨ ਸਿੰਘ, ਦੀਵਾਨ ਅਨੰਦ ਕੁਮਾਰ ਆਦਿ ਵਿਦਵਾਨ, ਸੂਝਵਾਨ, ਰਾਜਨੀਤੀਵਾਨ ਸ਼ਾਮਲ ਹੋਏ ਸਨ। ਇਸ ਕਾਨਫ਼ਰੰਸ ਦੇ ਵਿਚ ਜਿਹੜੇ ਮਤੇ ਪਾਸ ਕੀਤੇ ਗਏ ਸਨ ਉਹਨਾਂ ਵਿਚੋਂ ਯੂਨੀਵਰਸਿਟੀ ਪੱਧਰ ਦੀ ਇਕ ਸੰਸਥਾ ਸਥਾਪਤ ਕਰਨ ਦੀ ਮੰਗ ਕਰਦੇ ਹੋਏ ਕਿਹਾ ਗਿਆ।

'ਇਸ ਗੱਲ ਨੂੰ ਮੁੱਖ ਰੱਖਦੇ ਹੋਏ ਕਿ ਕਿਸੇ ਭਾਸ਼ਾ ਦੀ ਸਰਵਪੱਖੀ ਉੱਨਤੀ ਲਈ ਤੇ ਇਸ ਦੇਸ਼ ਦੇ ਕਾਰ-ਵਿਹਾਰ ਦਾ ਯੋਗ ਮਾਧਿਅਮ ਬਣਾਉਣ ਲਈ ਉਸ ਨੂੰ ਯੂਨੀਵਰਸਿਟੀ ਪੱਧਰ ਤੱਕ ਲੈ ਜਾਣਾ ਅਧਿਕ ਜ਼ਰੂਰੀ ਹੈ। ਇਹ ਕਾਨਫ਼ਰੰਸ ਭਾਰਤ ਸਰਕਾਰ ਪਾਸੋਂ ਮੰਗ ਕਰਦੀ ਹੈ ਕਿ ਪੰਜਾਬ ਰਾਜ ਦੇ ਪੰਜਾਬੀ ਬੋਲਦੇ ਭਾਗ ਲਈ ਇਕ ਯੂਨੀਵਰਸਿਟੀ ਕਾਇਮ ਕੀਤੀ ਜਾਵੇ ਜਿਸ ਦਾ ਮਾਧਿਅਮ ਪੰਜਾਬੀ ਹੋਵੇ।'

ਜਦੋਂ ਪੰਜਾਬੀ ਯੂਨੀਵਰਸਿਟੀ ਦੀ ਮੰਗ ਜ਼ੋਰ ਫੜਨ ਲੱਗੀ ਤਾਂ ਸਿੱਖ ਵੀ ਭਾਵੁਕ ਤੌਰ 'ਤੇ ਇਸ ਵਿਚ ਸ਼ਾਮਲ ਸਨ। ਸਿੱਖ ਸੰਸਥਾਵਾਂ ਪਹਿਲਾਂ ਹੀ ਪੰਜਾਬੀ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਵਚਨਬੱਧ ਸਨ ਅਤੇ ਉਨ੍ਹਾਂ ਦੇ ਹਰ ਇਕ ਏਜੰਡੇ 'ਤੇ ਪੰਜਾਬੀ ਭਾਸ਼ਾ ਨੂੰ ਪ੍ਰਫੁਲਿਤ ਕਰਨ ਲਈ ਯਤਨ ਕੀਤੇ ਜਾ ਰਹੇ ਸਨ। 2 ਜੂਨ 1956 ਦੇ ਸਪੋਕਸਮੈਨ ਵੀਕਲੀ ਵਿਚ ਸਿੱਖਾਂ ਨੂੰ ਇਹ ਸੁਝਾਅ ਦਿੱਤਾ ਕਿ ਸਮੇਂ ਦੀਆਂ ਸਮੱਸਿਆਵਾਂ ਦੇ ਸਨਮੁਖ ਸਿੱਖਾਂ ਨੂੰ ਪੰਜ ਸਾਲਾ ਯੋਜਨਾ ਤਿਆਰ ਕਰਨੀ ਚਾਹੀਦੀ ਹੈ। ਪੰਜਾਬੀ ਭਾਸ਼ਾ ਦੇ ਵਿਕਾਸ ਲਈ ਕਾਗਜ਼ੀ ਗੱਲਾਂ ਤੋਂ ਅੱਗੇ ਜਾ ਕੇ ਕੁੱਝ ਠੋਸ ਕਾਰਜ ਕਰਨੇ ਚਾਹੀਦੇ ਹਨ ਅਤੇ ਪੰਜਾਬੀ ਯੂਨੀਵਰਸਿਟੀ ਦੀ ਸਥਾਪਨਾ ਉਨ੍ਹਾਂ ਵਿਚੋਂ ਇਕ ਹੈ। ਇਸ ਯੂਨੀਵਰਸਿਟੀ ਦੀ ਸਥਾਪਨਾ ਪੰਜਾਬੀ ਵਿਰੋਧੀਆਂ ਨੂੰ ਦਬਾਉਣ ਵਿਚ ਸਹਾਈ ਸਿੱਧ ਹੋਵੇਗੀ।



ਪੰਜਾਬੀ ਯੂਨੀਵਰਸਿਟੀ ਦੀ ਸਥਾਪਨਾ ਵਿਚ ਰਿਜਨਲ ਫਾਰਮੂਲੇ ਦਾ ਵੱਡਾ ਯੋਗਦਾਨ ਹੈ। 1956 ਵਿਚ ਭਾਸ਼ਾਈ ਸਮੱਸਿਆਵਾਂ ਨਾਲ ਨਜਿੱਠਣ ਲਈ ਬਣਾਈ ਗਈ ਇਸ ਯੋਜਨਾ ਵਿਚ ਭਾਵੇਂ ਪੰਜਾਬੀ ਯੂਨੀਵਰਸਿਟੀ ਦਾ ਕੋਈ ਜ਼ਿਕਰ ਨਹੀਂ ਸੀ ਪਰ ਫਿਰ ਵੀ ਇਸ ਦੀਆਂ ਮੀਟਿੰਗਾਂ ਵਿਚ ਜੋ ਕੋਈ ਮਹੱਤਵਪੂਰਨ ਪ੍ਰਾਪਤੀ ਸਮਝੀ ਜਾ ਸਕਦੀ ਹੈ ਤਾਂ ਉਹ ਇਸ ਯੂਨੀਵਰਸਿਟੀ ਦੀ ਸਥਾਪਨਾ ਹੈ। ਪ੍ਰਤਾਪ ਸਿੰਘ ਕੈਰੋਂ ਦੀ ਵਜ਼ਾਰਤ ਵਿਚ ਗਿਆਨੀ ਕਰਤਾਰ ਸਿੰਘ ਰਿਜਨਲ ਫਾਰਮੂਲੇ ਦੇ ਕਰਤਾ-ਧਰਤਾ ਸਨ। ਇਸ ਸੰਬੰਧੀ ਹੋਈ ਇਕ ਮੀਟਿੰਗ ਵਿਚ ਉਨ੍ਹਾਂ ਨੇ ਇਹ ਵਿਚਾਰ ਪੇਸ਼ ਕੀਤਾ ਕਿ ਪੰਜਾਬੀ ਅਤੇ ਹਿੰਦੀ ਦੀ ਉੱਨਤੀ ਲਈ ਯਤਨ ਕੀਤੇ ਜਾਣੇ ਚਾਹੀਦੇ ਹਨ। ਪੰਜਾਬੀ ਨੂੰ ਪੰਜਾਬ ਦੇ ਲੋਕਾਂ ਦੀ ਮੁੱਖ ਭਾਸ਼ਾ ਮੰਨਦੇ ਹੋਏ ਸਕੂਲ ਪੱਧਰ 'ਤੇ ਸਿੱਖਿਆ ਦਾ ਮਾਧਿਅਮ ਪੰਜਾਬੀ ਲਾਗੂ ਕਰਨ ਦਾ ਫੈਸਲਾ ਲਿਆ ਗਿਆ। ਇਸੇ ਸਮੇਂ ਗਿਆਨੀ ਕਰਤਾਰ ਸਿੰਘ ਦੇ ਇਕ ਨਿਕਟਵਰਤੀ ਸਾਥੀ ਸਰਦਾਰ ਰਾਮ ਦਿਆਲ ਸਿੰਘ ਨੇ ਕਿਹਾ ਕਿ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਇਕ ਯੂਨੀਵਰਸਿਟੀ ਦੀ ਸਥਾਪਨਾ ਵੀ ਕੀਤੀ ਜਾਵੇਗੀ। ਗਿਆਨੀ ਕਰਤਾਰ ਸਿੰਘ ਨੇ ਪੰਜਾਬੀ ਯੂਨੀਵਰਸਿਟੀ ਦੀ ਸਥਾਪਨਾ ਨੂੰ ਰਿਜਨਲ ਫਾਰਮੂਲੇ ਦੀ ਮੁੱਖ ਮੰਗ ਵੱਜੋਂ ਪੇਸ਼ ਕੀਤਾ। ਯੂਨੀਵਰਸਿਟੀ ਦੀ ਸਥਾਪਨਾ ਦੀ ਮੰਗ ਜਦੋਂ ਮੁੱਖ ਮੰਤਰੀ ਸ. ਪ੍ਰਤਾਪ ਸਿੰਘ ਕੈਰੋਂ ਕੋਲ ਪੁੱਜੀ ਤਾਂ ਉਸ ਨੇ ਇਸ ਮੰਗ ਨੂੰ ਤੁਰੰਤ ਪ੍ਰਵਾਨ ਲਿਆ ਗਿਆ ਅਤੇ ਵਿਧਾਨ ਸਭਾ ਵਿਚ ਯੂਨੀਵਰਸਿਟੀ ਦੀ ਸਥਾਪਨਾ ਦਾ ਮਤਾ ਪਾਸ ਕਰ ਦਿੱਤਾ ਗਿਆ।

ਭਾਵੇਂ ਕਿ ਯੂਨੀਵਰਸਿਟੀ ਦੀ ਸਥਾਪਨਾ ਨੂੰ ਰਿਜਨਲ ਫਾਰਮੂਲੇ ਦੀ ਮੁੱਖ ਮੰਗ ਦੱਸਿਆ ਗਿਆ ਸੀ ਪਰ ਜਦੋਂ ਇਸ ਨੂੰ ਬਰੀਕੀ ਨਾਲ ਵਾਚਿਆ ਗਿਆ ਤਾਂ ਪਤਾ ਲੱਗਿਆ ਕਿ ਇਸ ਫਾਰਮੂਲੇ ਵਿਚ ਪੰਜਾਬੀ ਯੂਨੀਵਰਸਿਟੀ ਦੀ ਸਥਾਪਨਾ ਦਾ ਕੋਈ ਜ਼ਿਕਰ ਨਹੀਂ ਸੀ। ਮੁੱਖ ਮੰਤਰੀ ਸ. ਪ੍ਰਤਾਪ ਸਿੰਘ ਕੈਰੋਂ ਨੇ ਜਦੋਂ ਇਸ ਸੰਬੰਧੀ ਗਿਆਨੀ ਕਰਤਾਰ ਸਿੰਘ ਨਾਲ ਗੱਲ ਕੀਤੀ ਤਾਂ ਗਿਆਨੀ ਜੀ ਨੇ ਕਿਹਾ ਕਿ ਰਿਜਨਲ ਫਾਰਮੂਲਾ ਭਾਸ਼ਾਈ ਮਸਲੇ ਹੱਲ ਕਰਨ ਲਈ ਹੋਂਦ ਵਿਚ ਆਇਆ ਹੈ ਅਤੇ ਯੂਨੀਵਰਸਿਟੀ ਦੀ ਸਥਾਪਨਾ ਤੋਂ ਬਗੈਰ ਪੰਜਾਬੀ ਦਾ ਵਿਕਾਸ ਕਿਵੇਂ ਸੰਭਵ ਹੈ। ਭਾਵੇਂ ਕਿ ਮੁੱਖ ਮੰਤਰੀ ਲਈ ਇਹ ਨਵਾਂ ਮਸਲਾ ਪੈਦਾ ਹੋ ਸਕਦਾ ਸੀ ਪਰ ਅੰਦਰੋਂ ਪੰਜਾਬੀ ਪ੍ਰੇਮੀ ਹੋਣ ਕਰ ਕੇ ਉਹਨਾਂ ਨੇ ਮਸਲੇ ਸੰਬੰਧੀ ਕੋਈ ਹੋਰ ਗੱਲ ਨਾ ਕੀਤੀ ਅਤੇ ਪੰਜਾਬੀ ਯੂਨੀਵਰਸਿਟੀ ਦੀ ਸਥਾਪਨਾ ਲਈ ਯਤਨ ਅਰੰਭ ਕਰ ਦਿੱਤੇ।

5 ਅਗਸਤ 1960 ਨੂੰ ਇਕ ਆਦੇਸ਼ ਜਾਰੀ ਕਰਦੇ ਹੋਏ ਪੰਜਾਬੀ ਯੂਨੀਵਰਸਿਟੀ ਦੀ ਸਥਾਪਨਾ ਲਈ ਪੰਜਾਬ ਸਰਕਾਰ ਨੇ ਇਕ 12 ਮੈਂਬਰੀ ਕਮਿਸ਼ਨ ਦਾ ਗਠਨ ਕੀਤਾ ਗਿਆ। ਪਟਿਆਲਾ ਦੇ ਮਹਾਰਾਜਾ ਯਾਦਵਿੰਦਰ ਸਿੰਘ ਇਸ ਕਮਿਸ਼ਨ ਦੇ ਚੇਅਰਮੈਨ ਅਤੇ ਪ੍ਰੋ. ਹਰਬੰਸ ਸਿੰਘ ਇਸ ਦੇ ਮੈਂਬਰ-ਸਕੱਤਰ ਸਨ। ਇਹਨਾਂ ਤੋਂ ਇਲਾਵਾ ਭਾਈ ਜੋਧ ਸਿੰਘ, ਸਰਦਾਰ ਹੁਕਮ ਸਿੰਘ, ਸਰਦਾਰ ਉੱਜਲ ਸਿੰਘ, ਮਲਿਕ ਹਰਦਿੱਤ ਸਿੰਘ, ਡਾ. ਏ.ਸੀ. ਜੋਸ਼ੀ, ਡਾ. ਅਨੂਪ ਸਿੰਘ, ਡਾ. ਪੀ.ਐਸ. ਗਿੱਲ, ਹਰਦਵਾਰੀ ਲਾਲ ਆਦਿ ਮੈਂਬਰ ਇਸ ਕਮਿਸ਼ਨ ਵਿਚ ਸ਼ਾਮਲ ਸਨ। ਇਸ ਕਮਿਸ਼ਨ ਦੇ ਗਠਨ ਸਬੰਧੀ ਪ੍ਰੋ. ਹਰਬੰਸ ਸਿੰਘ ਦੱਸਦੇ ਹਨ ਕਿ ਅਸੈਂਬਲੀ ਵਿਚ ਪੰਜਾਬੀ ਯੂਨੀਵਰਸਿਟੀ ਦਾ ਮਤਾ ਪਾਸ ਹੋਣ ਤੋਂ ਕੁੱਝ ਦਿਨ ਪਿਛੋਂ ਮਹਾਰਾਜਾ ਯਾਦਵਿੰਦਰ ਸਿੰਘ ਦੀ ਮਾਤਾ ਦੇ ਭੋਗ 'ਤੇ ਮੁੱਖ ਮੰਤਰੀ ਅਤੇ ਉਨ੍ਹਾਂ ਦੇ ਸਾਥੀ ਵਜ਼ੀਰ ਪਟਿਆਲਾ ਆਏ ਤਾਂ ਉਨ੍ਹਾਂ ਮਹਾਰਾਜੇ ਨੂੰ ਦੱਸਿਆ ਕਿ ਸਰਕਾਰ ਨੇ ਪੰਜਾਬੀ ਯੂਨੀਵਰਸਿਟੀ ਕਮਿਸ਼ਨ ਬਣਾਉਣ ਦਾ ਫੈਸਲਾ ਕੀਤਾ ਹੈ ਅਤੇ ਤੁਸੀਂ ਇਸ ਦਾ ਚੇਅਰਮੈਨ ਬਣਨਾ ਮਨਜ਼ੂਰ ਕਰੋ ਜਿਸ ਨੂੰ ਮਹਾਰਾਜੇ ਨੇ ਤੁਰੰਤ ਪ੍ਰਵਾਨ ਕਰ ਲਿਆ।

ਪੰਜਾਬੀ ਯੂਨੀਵਰਸਿਟੀ ਕਮਿਸ਼ਨ ਦੇ ਗਠਨ ਨਾਲ ਹੀ ਇਹ ਚਰਚਾ ਜ਼ੋਰ ਫੜ ਗਈ ਕਿ ਇਹ ਯੂਨੀਵਰਸਿਟੀ ਕਿਥੇ ਸਥਾਪਤ ਕੀਤੀ ਜਾਵੇ। ਪਟਿਆਲਾ, ਅੰਮ੍ਰਿਤਸਰ ਜਾਂ ਕਿਸੇ ਹੋਰ ਸ਼ਹਿਰ ਵਿਚ ਇਸ ਯੂਨੀਵਰਸਿਟੀ ਦੀ ਸਥਾਪਨਾ ਦੀ ਚਰਚਾ ਹੋਣ ਲੱਗੀ। ਪਟਿਆਲਾ ਦੇ ਵਸਨੀਕਾਂ ਨੇ ਇਕ 20 ਮੈਂਬਰੀ ਕਮੇਟੀ ਬਣਾਈ ਜਿਸ ਦਾ ਇਹ ਯਤਨ ਸੀ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਬਣੇ। ਇਸ ਸਮੇਂ ਡਾ. ਗੰਡਾ ਸਿੰਘ ਖ਼ਾਲਸਾ ਕਾਲਜ ਪਟਿਆਲਾ ਦੇ ਪ੍ਰਿੰਸੀਪਲ ਦੀ ਸੇਵਾ ਨਿਭਾ ਰਹੇ ਸਨ। ਇਸ ਕਮੇਟੀ ਨੇ ਉਨ੍ਹਾਂ ਦੀ ਪ੍ਰਧਾਨਗੀ ਵਿਚ ਇਕ ਮੀਟਿੰਗ ਕਰ ਕੇ ਸਰਕਾਰ ਨੂੰ ਅਪੀਲ ਕੀਤੀ ਕਿ ਪਟਿਆਲਾ ਯੂਨੀਵਰਸਿਟੀ ਦੀਆਂ ਸਮੂਹ ਲੋੜਾਂ ਦੀ ਪੂਰਤੀ ਕਰਦਾ ਹੈ। ਇਥੇ ਸੋਲਾਂ ਕਾਲਜ, ਸੱਤ ਲਾਇਬ੍ਰੇਰੀਆਂ ਅਤੇ ਬਹੁਤ ਸਾਰੇ ਹਾਈ ਸਕੂਲ ਮੌਜੂਦ ਹਨ। ਪੰਜਾਬੀ, ਭਾਸ਼ਾ ਅਤੇ ਸਭਿਆਚਾਰ ਦੀ ਖੋਜ ਨਾਲ ਸੰਬੰਧਿਤ ਬਹੁਤ ਸਾਰੇ ਖਰੜੇ ਇਸ ਸ਼ਹਿਰ ਵਿਚ ਮੌਜੂਦ ਹਨ ਜਿਹੜੇ ਕਿ ਖੋਜ ਦੀਆਂ ਲੋੜਾਂ ਪੂਰੀਆਂ ਕਰਨ ਵਿਚ ਸਹਾਈ ਹੋਣਗੇ। ਪਟਿਆਲੇ ਵਾਲੇ ਯਤਨ ਕਰ ਰਹੇ ਸਨ ਕਿ ਇਹ ਯੂਨੀਵਰਸਿਟੀ ਇਸੇ ਸ਼ਹਿਰ ਵਿਚ ਸਥਾਪਤ ਹੋਣੀ ਚਾਹੀਦੀ ਹੈ। ਭਾਵੇਂ ਕਿ ਮਹਾਰਾਜਾ ਯਾਦਵਿੰਦਰ ਸਿੰਘ ਤੱਕ ਇਹ ਗੱਲ ਪੁੱਜ ਗਈ ਸੀ ਪਰ ਉਹ ਤਾਂ ਪਹਿਲਾਂ ਹੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਸਥਾਪਤ ਕਰਨ ਦੇ ਹਾਮੀ ਸਨ।

13 ਫਰਵਰੀ 1961 ਨੂੰ ਕਮਿਸ਼ਨ ਨੇ ਆਪਣੀ ਰਿਪੋਰਟ ਸਰਕਾਰ ਨੂੰ ਸੌਂਪ ਦਿੱਤੀ ਜਿਸ ਵਿਚ ਦੋ ਗੱਲਾਂ ਪ੍ਰਮੁਖਤਾ ਨਾਲ ਉਜਾਗਰ ਕੀਤੀਆਂ ਗਈਆਂ ਕਿ ਇਕ ਤਾਂ ਇਹ ਯੂਨੀਵਰਸਿਟੀ ਪਟਿਆਲਾ ਵਿਖੇ ਸਥਾਪਤ ਕੀਤੀ ਜਾਵੇਗੀ ਕਿਉਂਕਿ ਇਹ ਇਕ ਅਜਿਹੀ ਥਾਂ ਹੈ ਜਿੱਥੇ ਬਹੁਤ ਸਾਰੀਆਂ ਵਿੱਦਿਅਕ ਸਹੂਲਤਾਂ ਪਹਿਲਾਂ ਹੀ ਮੌਜੂਦ ਹਨ ਅਤੇ ਦੂਜਾ ਇਹ ਕਿ ਇਸ ਵਿਚ ਪੰਜਾਬੀ ਭਾਸ਼ਾ ਦੇ ਨਾਲ-ਨਾਲ ਹਿਊਮੈਨਿਟੀਜ਼ ਅਤੇ ਸਾਇੰਸ ਦੇ ਵਿਸ਼ੇ ਵੀ ਪੜਾਏ ਜਾਣਗੇ। ਸਰਕਾਰ ਨੇ ਕਮਿਸ਼ਨ ਦਾ ਸੁਝਾਅ ਪ੍ਰਵਾਨ ਕਰਦੇ ਹੋਏ 1961 ਵਿਚ ਪੰਜਾਬੀ ਯੂਨੀਵਰਸਿਟੀ ਦੀ ਪਟਿਆਲਾ ਵਿਖੇ ਸਥਾਪਨਾ ਦਾ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਅਤੇ ਇਸੇ ਸਾਲ 1 ਨਵੰਬਰ 1961 ਨੂੰ ਪੰਜਾਬ ਦੇ ਗਵਰਨਰ ਨੇ ਇਸ ਯੂਨੀਵਰਸਿਟੀ ਦੇ ਐਕਟ 'ਤੇ ਆਪਣੀ ਮੋਹਰ ਲਗਾ ਦਿੱਤੀ।

30 ਅਪ੍ਰੈਲ 1962 ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਬਾਰਾਂਦਰੀ ਪੈਲੇਸ ਵਿਖੇ ਅਰੰਭ ਕਰ ਦਿੱਤੀ ਗਈ। 24 ਜੂਨ 1962 ਨੂੰ ਭਾਰਤ ਦੇ ਰਾਸ਼ਟਰਪਤੀ ਡਾ. ਰਾਧਾਕ੍ਰਿਸ਼ਨਨ ਨੇ ਇਸ ਦਾ ਵਿਧੀਵਤ ਉਦਘਾਟਨ ਕਰਦੇ ਹੋਏ ਕਿਹਾ ਕਿ, 'ਇਹ ਯੂਨੀਵਰਸਿਟੀ ਭਾਸ਼ਾ ਦੇ ਆਧਾਰ 'ਤੇ ਬਣੀ ਹੈ। ਇਸ ਯੂਨੀਵਰਸਿਟੀ ਦਾ ਉਦੇਸ਼ ਕੇਵਲ ਪੰਜਾਬੀ ਦਾ ਵਿਕਾਸ ਹੀ ਨਹੀਂ ਹੈ ਬਲਕਿ ਇਥੇ ਸਾਇੰਸ ਅਤੇ ਹਿਊਮੈਨਿਟੀਜ਼ ਦੇ ਨਾਲ-ਨਾਲ ਉਚੇਰੀ ਸਿੱਖਿਆ ਅਤੇ ਖੋਜ ਨੂੰ ਅੱਗੇ ਲਿਜਾਣ ਲਈ ਵੀ ਯਤਨ ਕੀਤੇ ਜਾਣੇ ਹਨ।' ਰਾਸ਼ਟਰਪਤੀ ਤੋਂ ਇਲਾਵਾ ਪੰਜਾਬ ਦੇ ਗਵਰਨਰ ਸ੍ਰੀ ਐਨ.ਵੀ ਗਾਡਗਿਲ, ਮੁੱਖ ਮੰਤਰੀ ਸ. ਪ੍ਰਤਾਪ ਸਿੰਘ ਕੈਰੋਂ, ਯੂਨੀਵਰਸਿਟੀ ਦੇ ਪਹਿਲੇ ਵਾਈਸ-ਚਾਂਸਲਰ ਭਾਈ ਜੋਧ ਸਿੰਘ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ।

ਬਾਕੀ ਸਫ਼ਾ 31 'ਤੇ

# ਆਰਗੈਨਿਕ ਖੇਤੀ ਕਰਨ ਵਾਲਾ ਕਿਸਾਨ ਹੋਰਨਾਂ ਲਈ ਬਣਿਆ ਪ੍ਰੇਰਨਾ ਸਰੋਤ

**ਸੁਲਤਾਨਪੁਰ ਲੋਧੀ/ਏ.ਟੀ.ਨਿਊਜ਼ :** ਅਮਰੀਕ ਸਿੰਘ ਹਰਨਾਮਪੁਰ ਵਡੇਲ ਸੁਲਤਾਨਪੁਰ ਲੋਧੀ ਜ਼ਿਲਾ ਕਪੂਰਥਲਾ ਕੋਲ ਆਪਣੀ 12 ਏਕੜ ਜ਼ਮੀਨ ਹੈ ਅਤੇ 10 ਏਕੜ ਜ਼ਮੀਨ ਠੇਕੇ 'ਤੇ ਲਈ ਹੈ। ਉਸ ਨੇ ਦਸਵੀਂ ਤੱਕ ਪੜਾਈ ਕੀਤੀ ਹੈ। ਬਚਪਨ ਤੋਂ ਹੀ ਖੇਤੀ ਨਾਲ ਜੁੜਿਆ ਹੋਇਆ ਹੈ। ਉਸ ਦੇ ਮਨ ਵਿਚ ਹਮੇਸ਼ਾ ਨਵੀਆਂ ਤਕਨੀਕਾਂ ਨਾਲ ਖੇਤੀ ਕਰਨ ਦੀ ਚਾਹਤ ਬਣੀ ਰਹਿੰਦੀ ਹੈ।



ਅਜੋਕੇ ਦੇ ਸਮੇਂ ਵਿਚ ਖੇਤੀ ਦੇ ਕਿੱਤੇ ਵਿਚ ਵਧਦੀ ਲਾਗਤ, ਘੱਟ ਮੁਨਾਫਾ, ਜ਼ਿਆਦਾ ਖਾਦਾਂ ਅਤੇ ਜ਼ਹਿਰਾਂ ਦੀ ਵਰਤੋਂ ਨਾਲ ਜ਼ਮੀਨ ਤੇ ਪਾਣੀ ਦਾ ਜ਼ਹਿਰੀਲਾ ਤੇ ਵਾਤਾਵਰਨ ਨੂੰ ਦੂਸ਼ਿਤ ਕਰਨ ਦੇ ਮੁੱਖ ਕਾਰਨ ਹਨ। ਇਸ ਲਈ ਅਮਰੀਕ ਸਿੰਘ ਨੇ ਇਨ੍ਹਾਂ ਸਮੱਸਿਆਵਾਂ ਨੂੰ ਧਿਆਨ ਵਿਚ ਰੱਖਦੇ ਹੋਏ ਪਿਛਲੇ 4-5 ਸਾਲ ਤੋਂ ਆਪਣੇ 12 ਏਕੜ ਰਕਬੇ ਨੂੰ ਖੇਤੀਬਾੜੀ ਵਿਭਾਗ ਸੁਲਤਾਨਪੁਰ ਲੋਧੀ ਦੀ ਪ੍ਰੇਰਨਾ ਸਦਕਾ ਆਰਗੈਨਿਕ ਖੇਤੀ ਵਿਚ ਤਬਦੀਲ ਕਰ ਦਿੱਤਾ। ਉਸ ਨੇ ਖੇਤੀਬਾੜੀ ਵਿਭਾਗ ਅਤੇ ਸਹਿਯੋਗੀ ਮਹਿਕਮਿਆਂ ਨਾਲ ਪੂਰਾ ਰਾਬਤਾ ਰੱਖਿਆ ਹੋਇਆ ਹੈ। ਉਹ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵਲੋਂ ਆਤਮਾ ਸਕੀਮ ਅਧੀਨ ਲਗਾਏ ਜਾਂਦੇ ਕਿਸਾਨ ਮੇਲੇ, ਟ੍ਰੇਨਿੰਗ ਕੈਂਪ ਅਤੇ ਐਕਸਪੋਜ਼ਰ ਵਿਜ਼ਿਟ ਵਿਚ ਜ਼ਰੂਰ ਭਾਗ ਲੈਂਦਾ ਹੈ। ਉਸ ਨੇ ਸਾਲ 2016 ਦੌਰਾਨ ਇਕ ਏਕੜ ਰਕਬੇ ਵਿਚ ਕਣਕ ਦੀ ਬੰਸੀ ਕਿਸਮ ਬੀਜ ਕੇ ਜੈਵਿਕ ਖੇਤੀ ਦੀ ਸ਼ੁਰੂਆਤ ਕੀਤੀ। ਇਸ ਤੋਂ ਉਸ ਨੂੰ ਪਹਿਲੇ ਸਾਲ 8-10 ਕੁਇੰਟਲ ਝਾੜ ਪ੍ਰਾਪਤ ਹੋਇਆ। ਉਸ ਨੇ ਸਾਲ 2018 ਦੌਰਾਨ ਜੈਵਿਕ ਖੇਤੀ ਵਾਲੇ ਰਕਬੇ ਵਿਚ ਛੋਲੇ, ਕਣਕ (ਬੰਸੀ ਸੁਨਹਿਰੀ ਸੋਨਾ ਮੋਤੀ ਤੇ ਐਚ ਡੀ 2967), ਸਰੋਂ, ਮੱਕੀ ਅਤੇ ਸਬਜ਼ੀਆਂ (ਬ੍ਰੋਕਲੀ ਆਲੂ ਗੋਭੀ ਮਟਰ) ਦੀਆਂ ਫਸਲਾਂ ਦੀ ਜੈਵਿਕ ਤਰੀਕੇ ਨਾਲ ਕਾਸ਼ਤ ਕੀਤੀ। ਇਸ ਸਮੇਂ ਦੌਰਾਨ ਉਸ ਨੇ ਆਰਗੈਨਿਕ ਖੇਤੀ ਦੀਆਂ ਬਰੀਕੀਆਂ ਨੂੰ ਸਮਝਣ ਲਈ ਪਿੰਗਲਵਾੜਾ ਆਰਗੈਨਿਕ ਫਾਰਮ ਜੰਡਿਆਲਾ ਗੁਰੂ ਵਿਖੇ ਯਾਤਰਾ ਕੀਤੀ। ਉਸ ਦੇ ਫਾਰਮ 'ਤੇ ਆਤਮਾ ਸਕੀਮ ਅਧੀਨ ਆਰਗੈਨਿਕ ਖੇਤੀ ਤਕਨੀਕਾਂ ਸਬੰਧੀ ਸਿਖਲਾਈ ਕੈਂਪ ਲਾਇਆ ਗਿਆ। ਉਸ ਦੇ ਫਾਰਮ ਵਿਚ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵਲੋਂ ਆਤਮਾ ਸਕੀਮ ਅਧੀਨ ਜੈਵਿਕ ਫਸਲਾਂ ਦੀਆਂ ਪ੍ਰਦਰਸ਼ਨੀਆਂ ਲਾਈਆਂ ਜਾਂਦੀਆਂ ਹਨ। ਉਸ ਨੇ ਸਾਲ 2020 ਦੌਰਾਨ ਆਤਮਾ ਸਕੀਮ ਅਧੀਨ ਬਣਾਏ ਗਏ ਕਿਸਾਨ ਮਿੱਤਰ ਗਰੁੱਪ ਨੂੰ ਜੁਆਇਨ ਕੀਤਾ। ਉਸ ਨੇ ਸਾਲ 2019 ਦੌਰਾਨ 10 ਏਕੜ ਰਕਬੇ ਵਿਚ ਜੈਵਿਕ ਤਰੀਕੇ ਨਾਲ ਕਣਕ, ਸਰੋਂ, ਛੋਲੇ, ਮਾਂਹ, ਗੋਭੀ, ਆਲੂ ਅਤੇ ਬਾਸਮਤੀ ਦੀ ਕਾਸ਼ਤ ਕੀਤੀ। ਉਹ ਜੈਵਿਕ ਖੇਤੀ ਵਿਚ ਡੀਕੰਪੋਜ਼ਰ, ਜੀਵ ਅੰਮ੍ਰਿਤ, ਫਟਕੜੀ ਦਾ ਘੋਲ, ਤਾਂਬਾ-ਲੋਹਾ ਅਤੇ ਖੱਟੀ ਲੱਸੀ ਦਾ ਘੋਲ, ਪਾਥੀਆਂ ਦੀ ਸਪਰੇਅ, ਅੱਕ ਅਤੇ ਨਿੰਮ ਦਾ ਘੋਲ ਅਤੇ ਬਾਇਓਪੈਸਟੀਸਾਈਡਜ਼ ਆਦਿ ਦਾ ਪ੍ਰਯੋਗ ਕਰਦਾ ਹੈ। ਉਸ ਦੁਆਰਾ ਆਪਣੇ ਆਰਗੈਨਿਕ ਫਸਲਾਂ ਦੇ ਉਤਪਾਦਾਂ ਕਣਕ ਅਤੇ ਮੱਕੀ ਦਾ ਆਟਾ, ਦਾਲਾਂ ਅਤੇ ਸਰੋਂ ਦੇ ਤੇਲ ਨੂੰ ਸਿੱਧੇ ਮੰਡੀਕਰਨ ਰਾਹੀਂ ਖਪਤਕਾਰਾਂ ਨੂੰ ਵੇਚਿਆ ਜਾ ਰਿਹਾ। ਉਹ ਆਪਣੇ ਆਰਗੈਨਿਕ ਉਤਪਾਦਾਂ ਨੂੰ ਨਾਬਾਰਡ ਦੇ ਜ਼ਿਲਾ ਮੈਨੇਜਰ ਰਕੇਸ਼ ਕੁਮਾਰ ਦੀ ਸਹਾਇਤਾ ਨਾਲ ਬਣਾਏ ਗਏ ਆਊਟਲੈੱਟ ਨੈਚੁਰਲ ਬਾਈਟਸ ਆਰਗੈਨਿਕ ਸਟੋਰ ਰਾਹੀਂ ਵੀ ਸਪਲਾਈ ਕਰ ਰਿਹਾ ਹੈ। ਸਾਲ 2020 ਦੌਰਾਨ ਉਸ ਨੇ ਜ਼ਮੀਨ ਵਿਚ ਜੰਤਰ ਦੀ ਹਰੀ ਖਾਦ ਨੂੰ ਖੇਤ ਵਿਚ ਵਾਹ ਕੇ 2 ਏਕੜ ਰਕਬੇ ਵਿਚ ਆਰਗੈਨਿਕ ਬਾਸਮਤੀ 1121 ਦੀ ਬਿਜਾਈ ਕੀਤੀ ਹੋਈ ਹੈ। ਜੰਤਰ ਦਾ ਬੀਜ ਉਸ ਨੂੰ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਸਬਸਿਡੀ 'ਤੇ ਪ੍ਰਾਪਤ ਕੀਤਾ। ਉਸ ਕੋਲ ਇਕ ਟਰੈਕਟਰ, ਮਸ਼ੀਨਰੀ ਸੰਦ ਅਤੇ ਸਪਰੇਅ ਪੰਪ ਹਨ। ਉਸ ਨੇ ਸਾਲ 2017 ਵਿੱਚ ਜੈਵਿਕ ਖੇਤੀ ਕਰਨ ਵਾਸਤੇ ਵੀ ਅਪੀਡਾ ਕੋਲੋਂ ਰਜਿਸਟ੍ਰੇਸ਼ਨ ਕਰਵਾਈ ਹੈ। ਇਸ ਕਿਸਾਨ ਦੁਆਰਾ ਪਿਛਲੇ 7-8 ਸਾਲ ਤੋਂ ਵੀ ਫਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਨਹੀਂ ਲਗਾਈ ਗਈ ਅਤੇ ਖੇਤ ਵਿਚ ਹੀ ਵਾਹਿਆ ਜਾਂਦਾ ਹੈ।

ਉਨ੍ਹਾਂ ਦੇ ਇਸ ਕੰਮ ਵਿੱਚ ਉਨ੍ਹਾਂ ਦਾ ਬੇਟਾ ਜੋਬਨਪ੍ਰੀਤ ਸਿੰਘ ਅਤੇ ਧਰਮ ਪਤਨੀ ਅਮਰਜੀਤ ਕੌਰ ਉਨ੍ਹਾਂ ਦੀ ਸਹਾਇਤਾ ਕਰਦੇ ਹਨ। ਉਨ੍ਹਾਂ ਨੂੰ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਕਪੂਰਥਲਾ ਵੱਲੋਂ ਅਗਾਂਹ ਵਧੂ ਕਿਸਾਨ ਵਜੋਂ ਸਨਮਾਨਤ ਕੀਤਾ ਜਾ ਚੁੱਕਾ ਹੈ।

## ਅਮਰੀਕਾ 'ਚ ਭਾਰਤੀ...

ਡਾ. ਸੁਮਿਤ ਚੰਦਾ ਦੀ ਟੀਮ ਦੀ ਇਸ ਖੋਜ ਤੋਂ ਬਾਅਦ ਹੋਰ ਵਿਗਿਆਨੀ ਵੀ ਇਸ ਮਾਮਲੇ 'ਚ ਡਾਢੇ ਉਤਸ਼ਾਹਿਤ ਹੋਏ ਹਨ। ਉਨਾਂ ਦੱਸਿਆ ਕਿ 65 ਆਈਐਸਜੀਐਸ ਦਰਅਸਲ ਐਸਏਆਰਐਸ-ਕੋਵਿਡ-2 ਦੀ ਛੂਤ ਨੂੰ ਨਿਯੰਤ੍ਰਿਤ ਕਰਦੇ ਹਨ। ਇਨਾਂ ਵਿੱਚੋਂ ਹੀ ਕੁਝ ਉਸ ਵਾਇਰਸ ਵਿੱਚ ਵੀ ਮੌਜੂਦ ਹੁੰਦੇ ਹਨ, ਜੋ ਸੈਲਾਂ ਅੰਦਰ ਦਾਖ਼ਲ ਹੁੰਦਾ ਹੈ।

ਡਾ. ਸੁਮਿਤ ਨੇ ਦੱਸਿਆ ਕਿ ਇਸ ਖੋਜ ਤੋਂ ਬਾਅਦ ਕਈ ਤਰਾਂ ਦੇ ਵਾਇਰਸਾਂ ਜਿਵੇਂ ਕਿ ਮੌਸਮੀ ਫ਼ਲੂ, ਵੈਸਟ ਨਾਈਲ ਤੇ ਐਚਆਈਵੀ ਏਡਜ਼ ਤੱਕ ਦਾ ਇਲਾਜ ਵੀ ਸੰਭਵ ਹੋ ਸਕੇਗਾ। ਇਸ ਲਈ ਇਸ ਖੋਜ ਦੇ ਨਤੀਜੇ ਬਹੁਤ ਹੀ ਅਹਿਮ ਹੋਣ ਵਾਲੇ ਹਨ।

## ਅਮਰੀਕਾ ਵਿੱਚ ਨਿਸ਼ਾਨ...

ਵਰਲਡ ਸਿੱਖ ਪਾਰਲੀਮੈਂਟ ਦੇ ਕੋਆਰਡੀਨੇਟਰ ਸ. ਹਿੰਮਤ ਸਿੰਘ ਨੇ ਸੰਗਤ ਨੂੰ ਸੰਬੋਧਿਤ ਹੁੰਦਿਆਂ ਇਸ ਗੱਲ ਨੂੰ ਦ੍ਰਿੜ ਕਰਾਇਆ ਕਿ ਇੱਕ ਪਾਸੇ ਭਾਰਤੀ ਤੰਤਰ ਅੰਦਰ ਨੌਜਵਾਨਾਂ ਦੇ ਨਾਇਕ ਬਣ ਉੱਭਰੇ ਦੀਪ ਸਿੱਧੂ ਅਤੇ ਹੋਰ ਬਹੁਤ ਨੌਜਵਾਨਾਂ ਨੂੰ ਲਾਲ ਕਿਲੇ ਉੱਪਰ ਨਿਸ਼ਾਨ ਸਾਹਿਬ ਲਹਿਰਾਉਣ ਕਾਰਨ ਜੇਲਾਂ ਵਿੱਚ ਸੁੱਟ ਦਿੱਤਾ ਜਾਂਦਾ ਹੈ ਅਤੇ ਸਿੱਖਾਂ ਖਿਲਾਫ ਭਾਰਤੀ ਕਾਨੂੰਨਾਂ ਦੀਆਂ ਕਾਲੀਆਂ ਧਾਰਾਵਾਂ ਲਾ ਕੇ ਉਨਾਂ ਨੂੰ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ, ਉੱਥੇ ਦੂਜੇ ਪਾਸੇ ਅਮਰੀਕਾ ਦੇ ਸ਼ਹਿਰਾਂ ਵਿੱਚ ਖਾਲਸੇ ਦੇ ਨਿਸ਼ਾਨ ਸਾਹਿਬ ਝੁਲਾਏ ਜਾ ਰਹੇ ਹਨ ਅਤੇ ਸਿੱਖਾਂ ਨੂੰ ਆਪਣੇ ਸ਼ਹਿਰ ਵਿੱਚ ਆ ਕੇ ਵਸਣ ਦੇ ਲਈ ਸੱਦੇ ਦਿੱਤੇ ਜਾ ਰਹੇ ਹਨ।

## ਪੰਜਾਬੀ ਯੂਨੀਵਰਸਿਟੀ...

ਜਦੋਂ ਇਹ ਯੂਨੀਵਰਸਿਟੀ ਹੋਂਦ ਵਿਚ ਆਈ ਤਾਂ ਇਸ ਦਾ ਘੇਰਾ 10 ਮੀਲ ਤੱਕ ਨਿਰਧਾਰਿਤ ਕੀਤਾ ਗਿਆ ਪਰ ਹੌਲੀ-ਹੌਲੀ ਇਹ ਵੱਧਣ ਲੱਗਾ ਅਤੇ ਮੌਜੂਦਾ ਸਮੇਂ ਵਿਚ ਪੰਜਾਬ ਦੇ ਮਾਲਵਾ ਇਲਾਕੇ ਵਿਚ ਸਿੱਖਿਆ ਪ੍ਰਦਾਨ ਕਰ ਰਹੀ ਹੈ।

ਪੰਜਾਬੀ ਭਾਸ਼ਾ, ਸਾਹਿਤ, ਸੱਭਿਆਚਾਰ, ਸਾਇੰਸ, ਟੈਕਨਾਲੋਜੀ ਅਤੇ ਖੇਡਾਂ ਦੇ ਖ਼ੇਤਰ ਵਿਚ ਇਸ ਯੂਨੀਵਰਸਿਟੀ ਨੇ ਆਪਣੀ ਪਛਾਣ ਕਾਇਮ ਕੀਤੀ ਹੈ। ਜਦੋਂ ਕੋਈ ਕੇਂਦਰੀ ਟੀਮ ਪੰਜਾਬੀ ਯੂਨੀਵਰਸਿਟੀ ਦੀ ਇੰਸਪੈਕਸ਼ਨ ਕਰਨ ਲਈ ਆਉਂਦੀ ਹੈ ਤਾਂ ਉਹ ਅਜਿਹੀ ਟਿੱਪਣੀ ਜ਼ਰੂਰ ਕਰ ਜਾਂਦੀ ਹੈ ਕਿ ਜਿਸ ਉਦੇਸ਼ ਲਈ ਇਸ ਯੂਨੀਵਰਸਿਟੀ ਦੀ ਸਥਾਪਨਾ ਕੀਤੀ ਗਈ ਸੀ, ਇਹ ਨਿਰੰਤਰ ਉਸੇ ਦਿਸ਼ਾ ਵਿਚ ਕਾਰਜ ਕਰ ਰਹੀ ਹੈ। ਯੂਨੀਵਰਸਿਟੀ ਦੀ ਕਾਰਜ ਪ੍ਰਣਾਲੀ ਸੰਬੰਧੀ ਕੀਤੀ ਗਈ ਅਜਿਹੀ ਕੋਈ ਵੀ ਟਿੱਪਣੀ ਅਧਿਕਾਰੀਆਂ ਅਤੇ ਕਰਮਚਾਰੀਆਂ ਲਈ ਮਾਣ ਵਾਲੀ ਗੱਲ ਹੁੰਦੀ ਹੈ।

ਪਟਿਆਲਾ ਦੇ ਬਾਰਾਂਦਰੀ ਬਾਗ਼ ਤੋਂ ਅਰੰਭ ਹੋਈ ਇਹ ਯੂਨੀਵਰਸਿਟੀ ਪੰਜਾਬ ਦੇ ਸਭ ਤੋਂ ਵੱਡੇ ਖਿੱਤੇ ਨੂੰ ਵਿੱਦਿਆ ਪ੍ਰਦਾਨ ਕਰ ਰਹੀ। ਇਸ ਯੂਨੀਵਰਸਿਟੀ ਵਿਚ ਪੜਨ ਵਾਲੇ ਬਹੁਤੇ ਬੱਚੇ ਪੇਂਡੂ ਪਿਛੋਕੜ ਵਾਲੇ ਹੁੰਦੇ ਹਨ ਇਸ ਤਰਾਂ ਦੂਰ-ਦੁਰਾਡੇ ਜਾ ਕੇ ਵਿੱਦਿਆ ਪ੍ਰਾਪਤ ਨਾ ਕਰ ਸਕਣ ਵਾਲੇ ਵਿਦਿਆਰਥੀਆਂ ਲਈ ਇਹ ਯੂਨੀਵਰਸਿਟੀ ਵਰਦਾਨ ਸਾਬਿਤ ਹੋਈ ਹੈ।

ਵਿੱਤੀ ਸੰਕਟ ਵਿੱਚ ਘਿਰੀ ਹੋਈ ਇਸ ਯੂਨੀਵਰਸਿਟੀ ਨੂੰ ਬਚਾਉਣ ਦੀ ਲੋੜ ਹੈ।

## ਬਹਾਦਰ ਪੰਜਾਬਣਾਂ ਨੇ...

ਨੂੰ ਮੋਢਾ ਦੇਣਾ ਸ਼ੁਰੂ ਕਰ ਦਿੱਤਾ। ਇਸ ਵਿਚਕਾਰ ਇਕ ਮਹੀਨੇ ਤੱਕ ਮੈਂ ਘਰ 'ਚ ਕਿਸੇ ਨੂੰ ਪਤਾ ਨਹੀਂ ਲੱਗਣ ਦਿੱਤਾ ਕਿ ਮੈਂ ਕੀ ਕਰ ਰਹੀ ਹਾਂ। ਜਿਵੇਂ ਹੀ ਘਰ ਪਤਾ ਚਲਿਆ ਤਾਂ ਵਿਰੋਧ ਹੋਇਆ ਪਰ ਬਾਅਦ ਵਿਚ ਮੇਰੇ ਪਿਤਾ ਸੁਰਿੰਦਰ ਸਿੰਘ ਜੋ ਕਿ ਪੰਜਾਬ ਸਕੱਤਰੇਤ 'ਚ ਵਰਕਰ ਹਨ ਤੇ ਮਾਂ ਭਗਵੰਤ ਕੌਰ ਜੋ ਕਿ ਸਰਕਾਰੀ ਸਕੂਲ ਵਿਚ ਕੰਮ ਕਰਦੀ ਸੀ, ਉਨਾਂ ਨੇ ਮੇਰੇ ਕੰਮ ਦਾ ਸਮਰਥਨ ਕੀਤਾ।

ਕੋਰੋਨਾ ਇਨਫੈਕਸ਼ਨ ਨਾਲ ਮਰਨ ਵਾਲਿਆਂ ਦਾ ਅੰਤਿਮ ਸਸਕਾਰ ਕਰਨ ਵਾਲੀ ਹਿਮਾਚਲ ਪ੍ਰਦੇਸ਼ ਦੇ ਊਨਾ ਜ਼ਿਲੇ ਦੀ ਸਵਿਤਾ ਪੰਜਾਬਣ ਨੇ ਦੱਸਿਆ ਕਿ ਮੇਰੇ ਮੰਮੀ-ਪਾਪਾ ਦਾ ਦਿਹਾਂਤ ਹੋ ਚੁੱਕਿਆ ਹੈ। ਅਪਣਿਆਂ ਨੂੰ ਖੋਣ ਦਾ ਦਰਦ ਮੈਂ ਸਮਝ ਸਕਦੀ ਹਾਂ। ਚੰਡੀਗੜ 'ਚ ਸਿਵਲ ਸਰਵਿਸਿਜ਼ ਦੀ ਤਿਆਰੀ ਕਰ ਰਹੀ ਸੀ, ਉਸੇ ਦੌਰਾਨ ਮੈਨੂੰ ਇਹ ਕੰਮ ਕਰਨ ਦਾ ਮੌਕਾ ਮਿਲਿਆ ਤਾਂ ਮੈਂ ਇਕ ਵਾਰ ਵੀ ਨਾ ਸੋਚਿਆ। ਕਿਉਂਕਿ ਮੈਂ ਸਿਵਲ ਸਰਵਿਸਿਜ਼ ਵਿਚ ਸਮਾਜ ਸੇਵਾ ਲਈ ਜਾਣਾ ਚਾਹੁੰਦੀ ਹਾਂ ਤੇ ਉਸ ਦੀ ਸ਼ੁਰੂਆਤ ਮੈਂ ਕੋਰੋਨਾ ਕਾਲ 'ਚ ਕੀਤੀ।

## ਪੰਜਾਬ ਵਿਚ ਆਕਸੀਜਨ...

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਸੱਦੀ ਵਰਚੁਅਲ ਕਾਨਫਰੰਸ 'ਚ ਉਨਾਂ ਮੰਗ ਕੀਤੀ ਕਿ ਭਾਰਤ ਸਰਕਾਰ ਇਹ ਜ਼ਰੂਰ ਯਕੀਨੀ ਬਣਾਏ ਕਿ ਦੂਜੇ ਸੂਬਿਆਂ ਵਿਚ ਤਰਲ ਆਕਸੀਜਨ ਉਤਪਾਦਕਾਂ ਵਲੋਂ ਇਸ ਦੀ ਵੰਡ ਸਬੰਧੀ ਆਪਣੀਆਂ ਸਾਰੀਆਂ ਵਚਨਬੱਧਤਾਵਾਂ ਦਾ ਪਾਲਣ ਕੀਤਾ ਜਾਵੇ। ਪੰਜਾਬ ਵਿਚ ਆਕਸੀਜਨ ਦੀ ਸਪਲਾਈ ਹਰਿਆਣਾ, ਹਿਮਾਚਲ ਪ੍ਰਦੇਸ਼ ਤੇ ਉਤਰਾਖੰਡ ਤੋਂ ਹੁੰਦੀ ਹੈ ਤੇ ਸਪਲਾਈ ਨੂੰ ਅਗਵਾ ਕੀਤੇ ਜਾਣ ਦੀਆਂ ਖਬਰਾਂ ਹਨ। ਟੀਕਾਕਰਨ ਸਬੰਧੀ ਮੁੱਖ ਮੰਤਰੀ ਨੇ ਦੱਸਿਆ ਕਿ ਇਕ ਨਿਰਮਾਤਾ ਕੰਪਨੀ ਵਲੋਂ ਐਲਾਨੀਆਂ ਦਰਾਂ 'ਤੇ ਪੰਜਾਬ ਸਰਕਾਰ ਨੂੰ 1000 ਕਰੋੜ ਰੁਪਏ ਤੋਂ ਵੱਧ ਲਾਗਤ ਆਵੇਗੀ। ਉਨਾਂ ਟੀਕਾਕਰਨ ਲਈ ਕੇਂਦਰ ਸਰਕਾਰ ਦੀ ਫੰਡਿੰਗ ਦੀ ਮੰਗ ਕਰਦਿਆਂ ਅੰਤਰਿਮ ਤੌਰ 'ਤੇ ਐਸ.ਡੀ.ਆਰ.ਐਫ. ਫੰਡਾਂ ਵਿਚੋਂ ਜਾਇਜ਼ ਖਰਚੇ ਕਰਨ ਦੀ ਆਗਿਆ ਦੇਣ ਦੀ ਮੰਗ ਵੀ ਕੀਤੀ। ਉਨਾਂ ਪਹਿਲੀ ਮਈ ਤੋਂ ਬਾਅਦ ਕੇਂਦਰ ਸਰਕਾਰ ਵਲੋਂ ਉਪਲੱਬਧ ਕਰਵਾਏ ਜਾ ਰਹੇ ਟੀਕੇ ਦੀ ਮਾਤਰਾ ਬਾਰੇ ਸਪੱਸ਼ਟਤਾ ਦੀ ਘਾਟ ਅਤੇ ਵੱਖ-ਵੱਖ ਸੂਬਿਆਂ ਤੇ ਨਿੱਜੀ ਖਰੀਦਦਾਰਾਂ ਨੂੰ ਕੀਤੀ ਜਾਣ ਵਾਲੀ ਸਪਲਾਈ ਨੂੰ ਨਿਯਮਤ ਕਰਨ ਸਬੰਧੀ ਚਿੰਤਾ ਜ਼ਾਹਰ ਕੀਤੀ। ਮੁੱਖ ਮੰਤਰੀ ਨੇ ਰੇਮਡੇਸਿਵਿਰ ਤੇ ਟੋਸੀ ਵਰਗੀਆਂ ਦਵਾਈਆਂ ਦੀ ਘਾਟ ਤੇ ਕਾਲਾ ਬਾਜ਼ਾਰੀ ਵੱਲ ਵੀ ਇਸ਼ਾਰਾ ਕੀਤਾ।




## ਪਰਵਾਸ ਕਾਰਨ ਹੋ ਰਿਹਾ...

ਸਮਾਜ ਵਿਚ ਵਧ ਰਿਹਾ ਹਿੰਸਕ ਵਰਤਾਰਾ, ਆਮ ਨਾਗਰਿਕਾਂ ਦੇ ਬਣਦੇ ਹੱਕਾਂ ਤੇ ਸਨਮਾਨ ਦੀ ਅਣਦੇਖੀ, ਵੱਖ-ਵੱਖ ਤਰਾਂ ਦੇ ਜੁਰਮ, ਚੋਰੀਆਂ, ਕਤਲ, ਲੜਕੀਆਂ ਨਾਲ ਛੇੜਖਾਨੀ, ਜਬਰ-ਜਨਾਹ, ਲਾਕਾਨੂੰਨੀ, ਨਸ਼ਿਆਂ ਕਰਕੇ ਮੌਤਾਂ ਬਾਰੇ ਛਪਦੀਆਂ ਖ਼ਬਰਾਂ, ਸਮਾਜਿਕ ਏਕਤਾ ਨੂੰ ਪੂੰਜੀਵਾਦ ਦੁਆਰਾ ਹੜੱਪਣਾ, ਧਰਮਾਂ ਦੇ ਨਾਂ 'ਤੇ ਉਲਝਣਾ ਆਦਿ ਵਰਤਾਰੇ ਆਮ ਲੋਕਾਂ ਨੂੰ ਮਾਨਸਿਕ ਪੱਖੋਂ ਚਿੰਤਤ ਕਰ ਰਹੇ ਹਨ ਜਿਸ ਕਰਕੇ ਬਹੁਤ ਸਾਰੇ ਲੋਕਾਂ ਦੀ ਜ਼ਬਾਨ 'ਤੇ ਹੈ ਕਿ 'ਹੁਣ ਇਥੇ ਕੁਝ ਨਹੀਂ ਰਿਹਾ ਬੱਚਿਆਂ ਨੂੰ ਬਾਹਰ ਭੇਜਣਾ ਬਿਹਤਰ ਹੈ।' ਲੇਖਕ ਦੇ ਇਕ ਵਿਦਿਆਰਥੀ ਵਲੋਂ ਇਕ ਖੋਜ ਕਾਰਜ ਵਿਚੋਂ ਸਿੱਟਾ ਨਿਕਲਿਆ ਕਿ 90 ਫ਼ੀਸਦੀ ਕਿਸਾਨ ਆਪਣੇ ਬੱਚਿਆਂ ਨੂੰ ਖੇਤੀ ਦੇ ਧੰਦੇ ਵਿਚ ਨਾ ਪਾ ਕੇ ਨੌਕਰੀਆਂ ਕਰਨ ਜਾਂ ਵਿਦੇਸ਼ ਭੇਜਣ ਲਈ ਪ੍ਰੇਰਤ ਕਰਦੇ ਹਨ। ਹਰੇ ਇਨਕਲਾਬ ਦੇ ਚੰਗੇ-ਮਾੜੇ ਨਤੀਜਿਆਂ ਨੇ ਜਿਥੇ ਪੰਜਾਬ ਦਾ ਕੁਦਰਤੀਪਣ ਖੋਹਿਆ ਹੈ, ਉਥੇ ਹੁਣ ਮਨੁੱਖੀ ਸ਼ਕਤੀ ਵੀ ਖੋਹ ਹੋ ਰਹੀ ਹੈ। ਇਹ ਵੀ ਦੇਖਿਆ ਗਿਆ ਹੈ ਕਿ ਵਧੇਰੇ ਮਾਪੇ ਵੀ ਬੱਚਿਆਂ ਨੂੰ ਬਾਹਰ ਤੋਰ ਕੇ ਆਪਣੀ ਜ਼ਿੰਮੇਦਾਰੀ ਤੋਂ ਫਾਰਗ ਹੋਣਾ ਚਾਹੁੰਦੇ ਹਨ। ਨਵੀਂ ਪੰਜਾਬੀ ਪਨੀਰੀ ਇਥੇ ਸੰਘਰਸ਼ ਦੇ ਰਾਹ ਤੋਂ ਵੀ ਕਿਨਾਰਾ ਕਰਦੀ ਦਿਸਦੀ ਹੈ। ਪੰਜਾਬ ਵਿਚ ਵਧੇਰੇ ਕੰਮ ਬਾਹਰਲੇ ਰਾਜਾਂ ਵਿਚੋਂ ਆਏ ਲੋਕ ਕਰ ਰਹੇ ਹਨ। ਮਨੁੱਖੀ ਜੀਵਨ ਵਿਚ ਤਕਨਾਲੋਜੀ ਦੀ ਆਮਦ ਤੇ ਬਾਹਰਲੇ ਦੇਸ਼ਾਂ ਦੇ ਸਿਸਟਮ ਅਤੇ ਤਲਿਸਮੀ ਖਿੱਚ ਆਦਿ ਕਰਕੇ ਵੀ ਲੋਕ ਵਿਦੇਸ਼ਾਂ ਨੂੰ ਤਰਜੀਹ ਦੇਣ ਲੱਗ ਪਏ ਹਨ। ਚੰਗੇਰੇ ਭਵਿੱਖ ਦੀ ਆਸ ਲਈ ਮਾਪਿਆਂ ਵਲੋਂ ਬੱਚਿਆਂ ਨੂੰ ਹਰ ਹੀਲੇ ਬਾਹਰ ਸੈੱਟ ਕਰਵਾਉਣ ਦੀ ਪ੍ਰਕਿਰਿਆ ਕਰਕੇ ਦੇਸ਼ ਅਤੇ ਵਿਦੇਸ਼ ਦੀਆਂ ਗੁੰਝਲਦਾਰ ਸਮੱਸਿਆਵਾਂ, ਆਪਣਿਆਂ/ਬੇਗਾਨਿਆਂ ਵਲੋਂ ਇਥੇ ਉਥੇ ਆਰਥਿਕ, ਮਾਨਸਿਕ ਤੇ ਜਿਸਮਾਨੀ ਸ਼ੋਸ਼ਣ ਅਤੇ ਮਾਨਵੀ ਰਿਸ਼ਤਿਆਂ ਦੀ ਟੁੱਟ-ਭੱਜ ਵਿਚੋਂ ਉਪਜ ਰਹੀ ਗਹਿਰੀ ਮਾਨਸਿਕ ਪੀੜਾ ਇਥੋਂ ਤੱਕ ਕਿ ਜੀਵਨ ਦੇ ਅੰਤ ਸਬੰਧੀ ਸਮਕਾਲੀ ਨਾਮਵਰ ਪੰਜਾਬੀ ਨਾਵਲਕਾਰ ਨਛੱਤਰ ਨੇ ਆਪਣੀ ਕਿਤਾਬ 'ਕਵਣੁ ਦੇਸ ਹੈ ਮੇਰਾ' ਵਿਚ ਬਾਖੂਬੀ ਚਿਤਰਿਆ ਹੈ। ਪ੍ਰਵਾਸ ਦਾ ਪ੍ਰਸ਼ਨ ਬਹੁਤ ਗੁੰਝਲਦਾਰ ਹੈ, ਜਿਸ ਦਾ ਕੋਈ ਸੌਖਾ ਜਵਾਬ ਨਹੀਂ, ਪ੍ਰੰਤੂ ਸਮਾਜ ਦੇ ਭਵਿੱਖ ਲਈ ਖੁੱਲੀ ਸੋਚ ਨਾਲ ਵਿਚਾਰਨ ਦੀ ਲੋੜ ਹੈ। ਜੇਕਰ ਪ੍ਰਵਾਸ ਨੂੰ ਠੱਲ ਪਾਉਣੀ ਹੈ ਤਾਂ ਆਰਥਿਕ ਵਸੀਲਿਆਂ ਨੂੰ ਉਪਜਾਉਣ ਦੇ ਨਾਲ-ਨਾਲ ਲੋਕਾਂ ਨੂੰ ਆਪਣੀ ਧਰਤੀ ਨਾਲ ਜੁੜੇ ਰੱਖਣ ਹਿਤ, ਉੱਪਰ ਜ਼ਿਕਰ ਕੀਤੇ ਅਨੇਕਾਂ ਉਪਰਾਲਿਆਂ ਬਾਰੇ ਗੰਭੀਰਤਾ ਨਾਲ ਸੋਚਣ ਦੀ ਜ਼ਰੂਰਤ ਹੈ। ਗੁਰੂਆਂ, ਭਗਤਾਂ, ਪੀਰਾਂ, ਫ਼ਕੀਰਾਂ, ਸੂਫ਼ੀਆਂ, ਸੰਤਾਂ, ਨਾਥਾਂ, ਯੋਗੀਆਂ ਦੀ ਇਸ ਧਰਤੀ ਨੂੰ ਮੌਲਦਾ ਰੱਖਣ ਲਈ ਵਾਰਸਾਂ ਦੀ ਜ਼ਰੂਰਤ ਹੈ।

## ਕਿਸਾਨਾਂ ਦੀ ਦੁਰਦਸ਼ਾ

ਹੁਣ ਗੱਲ ਕਰੀਏ ਖੇਤੀਬਾੜੀ ਦੀ ਅਤੇ ਕਿਸਾਨਾਂ ਦੀ, ਅਸੀਂ ਚੀਜ਼ ਉਹ ਪੈਦਾ ਕਰੀਏ ਜੋ ਪਹਿਲਾਂ ਸਾਡੀਆਂ ਜ਼ਰੂਰਤਾਂ ਪੂਰੀਆਂ ਕਰੇ। ਅਸੀਂ ਸੂਬੇ ਵਿਚ ਆਪਣੀ ਜ਼ਰੂਰਤ ਦੀ ਹਰ ਚੀਜ਼ ਪੈਦਾ ਕਰਨ ਦੀ ਕੋਸ਼ਿਸ਼ ਕਰੀਏ। ਅਨਾਜ, ਫ਼ਲ, ਸਬਜ਼ੀਆਂ ਆਦਿ ਆਪਣੀ ਜ਼ਰੂਰਤ ਤੋਂ ਵੱਧ ਸਿਰਫ ਉਹ ਹੀ ਚੀਜ਼ ਪੈਦਾ ਕਰੀਏ ਜਿਸ ਦੀ ਦੇਸ਼-ਪ੍ਰਦੇਸ਼ ਵਿਚ ਮੰਗ ਹੋਵੇ। ਹੁਣ ਗੱਲ ਆਉਂਦੀ ਹੈ ਕਿ ਸਾਨੂੰ ਇਹ ਦੱਸੇ ਕੌਣ ਕਿ ਕਿਹੜੀ ਚੀਜ਼ ਪੈਦਾ ਕੀਤੀ ਜਾਵੇ ਤੇ ਕਿੰਨੀ ਪੈਦਾ ਕੀਤੀ ਜਾਵੇ ਅਤੇ ਕਿੱਥੇ ਵੇਚੀ ਜਾਵੇ? ਸਰਕਾਰੀ ਪੱਧਰ 'ਤੇ ਇਕ ਮਾਰਕੀਟਿੰਗ ਇੰਟੈਲੀਜੈਂਸ ਇੰਸਟੀਚਿਊਟ ਖੋਲਿਆ ਜਾਵੇ ਜਾਂ ਵੱਖ-ਵੱਖ ਯੂਨੀਵਰਸਿਟੀਆਂ ਵਿਚ ਵਿਭਾਗ ਖੋਲੇ ਜਾਣ ਜਿਵੇਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿਚ ਵੀ ਇਕ ਮਹਿਕਮਾ ਹੋ ਸਕਦਾ ਹੈ, ਜੋ ਇਹ ਪਤਾ ਲਗਾਵੇ ਕੇ ਦੇਸ਼-ਪ੍ਰਦੇਸ਼ ਵਿਚ ਕਿਹੜੀ ਚੀਜ਼ ਦੀ ਮੰਗ ਹੈ, ਕੀ ਉਹ ਸਾਡੇ ਸੂਬੇ ਵਿਚ ਪੈਦਾ ਹੋ ਸਕਦੀ ਹੈ? ਜੇ ਪੈਦਾ ਹੋ ਸਕਦੀ ਹੈ ਤਾਂ ਕੀ ਸਾਨੂੰ ਉਹ ਲਾਹੇਵੰਦ ਹੋ ਸਕਦੀ ਹੈ? ਭਾਵ ਇਹ ਇੰਸਟੀਚਿਊਟ ਦੀ ਜ਼ਿੰਮੇਵਾਰੀ ਹੋਵੇ ਕਿ ਉਹ ਪੂਰਾ ਪ੍ਰਾਜੈਕਟ ਬਣਾ ਕੇ ਦੇਵੇ ਨਾ ਕੇ ਕਿਸਾਨਾਂ 'ਤੇ ਤਜਰਬੇ ਕਰਦਾ ਫਿਰੇ। ਕਦੇ ਕੁਝ ਬੀਜ ਲਿਆ ਕਦੇ ਕੁਝ। ਇਸ ਵਕਤ ਸਰਕਾਰੀ ਮਹਿਕਮੇ ਜਿਵੇਂ ਕਿ ਖੇਤੀਬਾੜੀ ਅਤੇ ਡੇਅਰੀ ਵਿਕਾਸ ਵਿਭਾਗ ਆਦਿ ਇਨਾਂ ਨੂੰ ਤਕਨੀਕੀ ਪਸਾਰ ਦੇ ਨਾਲ-ਨਾਲ ਮਾਰਕੀਟਿੰਗ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ।

ਇਸ ਤੋਂ ਇਲਾਵਾ ਸਰਕਾਰ ਦੀਆਂ ਪੰਜ ਏਜੰਸੀਆਂ ਹਨ ਜਿਨਾਂ ਵਿਚ ਪਨਗਰੇਨ, ਪਨਸੀਡ, ਪੰਜਾਬ ਐਗਰੋ, ਮਾਰਕਫੈੱਡ ਅਤੇ ਪਨਸਪ ਹਨ। ਇਨਾਂ ਵਿਚੋਂ ਦੋ ਨੂੰ ਸੂਬੇ ਦੇ ਅੰਦਰ ਦੀ ਅਨਾਜ ਦੀ ਸਾਂਭ-ਸੰਭਾਲ ਦੇਣੀ ਚਾਹੀਦੀ ਹੈ ਤੇ ਤਿੰਨਾਂ ਨੂੰ ਖੇਤੀਬਾੜੀ ਤੇ ਡੇਅਰੀ ਮਹਿਕਮੇ ਨਾਲ ਜੋੜ ਕੇ ਬਾਹਰਲੇ ਮੁਲਕਾਂ ਤੋਂ ਆਰਡਰ ਲਿਆਉਣੇ ਚਾਹੀਦੇ ਹਨ ਤੇ ਖੇਤੀਬਾੜੀ ਮਹਿਕਮਾ ਉਸੇ ਤਰਤੀਬ ਨਾਲ ਉਨਾਂ ਫ਼ਸਲਾਂ ਦੀ ਬਿਜਾਈ ਕਰਾਵੇ। ਕਿਉਂਕਿ ਇਸ ਵੇਲੇ ਮੁੱਖ ਮੁੱਦਾ ਵਸਤੂ ਪੈਦਾ ਕਰਨ ਦਾ ਨਹੀਂ ਬਲਕਿ ਉਸ ਨੂੰ ਸਹੀ ਭਾਅ 'ਤੇ ਵੇਚਣ ਦਾ ਹੈ ਜਿਸ ਲਈ ਹਰ ਮਹਿਕਮੇ ਵਿਚ ਇਕ ਸੰਪੰਨ ਮਾਰਕੀਟਿੰਗ ਇੰਟੈਲੀਜੈਂਸ ਵਿੰਗ ਹੋਣਾ ਚਾਹੀਦਾ ਹੈ। ਮਾਰਕੀਟਿੰਗ ਬੁੱਧੀ ਦਾ ਮਤਲਬ ਸਿਰਫ ਮੰਡੀਆਂ ਵਿਚੋਂ ਭਾਅ ਇਕੱਠੇ ਕਰਨਾ ਹੀ ਨਹੀਂ ਸਗੋਂ ਵਸਤੂ ਦੀ ਮੰਗ ਅਤੇ ਪੈਦਾਵਾਰ ਦੇ ਅਨੁਮਾਨ ਲਗਾਉਣਾ ਅਤੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਭਾਅ ਦੇ ਅਨੁਮਾਨ ਲਗਾਉਣਾ ਵੀ ਹੈ। ਮਤਲਬ ਅੱਜ ਕੀ ਭਾਅ ਹੈ ਅਤੇ ਜੇ ਰਕਬਾ ਵਧੇਗਾ ਤੇ ਪੈਦਾਵਾਰ ਵਧੇਗੀ ਅਤੇ ਭਾਅ ਘਟੇਗਾ। ਕੀ ਭਾਅ ਘਟਣ ਨਾਲ ਮੰਗ ਵੀ ਵਧੇਗੀ? ਇਹ ਸਭ ਕੁਝ ਦਾ ਯੋਜਨਾਬੱਧ ਤਰੀਕੇ ਨਾਲ ਵਿਸ਼ਲੇਸ਼ਣ ਕਰਕੇ ਕਿਸਾਨਾਂ ਨੂੰ ਗਾਈਡ ਕੀਤਾ ਜਾਵੇ ਤਾਂ ਜੋ ਆਉਣ ਵਾਲੇ ਸਾਲ ਦੇ ਹਿਸਾਬ ਨਾਲ ਪੈਦਾਵਾਰ ਦਾ ਅੰਦਾਜ਼ਾ ਲਗਾ ਕੇ ਫ਼ਸਲਾਂ ਹੇਠਾਂ ਰਕਬਾ ਨਿਰਧਾਰਤ ਕੀਤਾ ਜਾ ਸਕੇ।

ਇਸ ਤਰਾਂ ਦੇ ਹੋਰ ਅਨੇਕਾਂ ਸੁਝਾਅ ਵੱਖ-ਵੱਖ ਬੁੱਧੀਜੀਵੀਆਂ ਵਲੋਂ ਵੱਖ-ਵੱਖ ਵਿਸ਼ਿਆਂ 'ਤੇ ਦਿੱਤੇ ਜਾ ਸਕਦੇ ਹਨ। ਪਰ ਮੁੱਖ ਮੁੱਦਾ ਇਹ ਕਿ ਜੇ ਰਾਜ ਸਰਕਾਰਾਂ ਨੇ ਕੇਂਦਰ ਤੋਂ ਆਪਣੇ ਹੱਕ ਵਾਪਸ ਲੈਣੇ ਹਨ ਤਾਂ ਆਰਥਿਕ ਨਿਰਭਰਤਾ ਜ਼ਰੂਰੀ ਹੈ। ਜੇ ਸੂਬੇ ਆਤਮ-ਨਿਰਭਰ ਹੋ ਗਏ ਤਾਂ ਦੇਸ਼ ਆਪੇ ਹੀ ਆਤਮ-ਨਿਰਭਰ ਹੋ ਜਾਵੇਗਾ।

## ਕੱਲ, ਅੱਜ ਤੇ ਕੱਲ...

ਜ਼ਿੰਦਾ ਕਰਨ ਦੇ ਨਾਲ-ਨਾਲ ਗਾਇਕਾਂ ਗੀਤਕਾਰਾਂ ਦੀ ਜ਼ਮੀਰ ਨੂੰ ਵੀ ਜਾਗ ਲਾਈ ਹੈ। ਅੱਜ-ਕੱਲ ਸਭ ਪਾਸੇ ਕ੍ਰਾਂਤੀਕਾਰੀ ਗੀਤਾਂ ਦੀ ਭਰਮਾਰ ਹੈ। ਰੱਬ ਕਰੇ ਇਹ ਜਜ਼ਬਾ ਹੋਣ ਐਵੇਂ ਹੀ ਬਰਕਰਾਰ ਰਹੇ। ਮੈਨੂੰ ਯਕੀਨ ਹੈ ਇਸ ਸੰਘਰਸ਼ ਦਾ ਅਸਰ ਹੁਣ ਜਲਦੀ ਜਾਣ ਵਾਲਾ ਨਹੀਂ ਤੇ ਆਉਣ ਵਾਲੇ ਕੱਲ ਦੀ ਗਾਇਕੀ ਗੀਤਕਾਰੀ ਤੇ ਇਸਦਾ ਅਸਰ ਵੀ ਬਣਿਆ ਰਹੇਗਾ। ਆਮੀਨ!

## ਵੋਟਾਂ ਲਈ ਪੰਜਾਬੀਆਂ...

ਸਾਰੇ ਕਿਸਾਨਾਂ ਦੇ ਨਾਲ ਖੜਨ ਦੀ ਗੱਲ ਕਰ ਰਹੇ ਹਨ। ਪੰਜਾਬ ਵਿਧਾਨ ਸਭਾ ਵਿਚ ਖੇਤੀ ਕਾਨੂੰਨਾਂ ਵਿਰੁੱਧ ਮਤਾ ਪਾਸ ਕਰਨਾ ਵੀ ਅੱਖਾਂ ਵਿਚ ਘੱਟਾ ਪਾਉਣ ਤੋਂ ਸਵਾਏ ਕੁਝ ਵੀ ਨਹੀਂ ਸੀ। ਸੂਬਿਆਂ ਪਾਸ ਤਾਂ ਕੇਂਦਰੀ ਕਾਨੂੰਨਾਂ ਨੂੰ ਕੱਟਣ ਦਾ ਕੋਈ ਅਧਿਕਾਰ ਹੀ ਨਹੀਂ ਹੈ। ਪਰ ਹੁਣ ਸਾਰੇ ਹੀ ਕਿਸਾਨੀ ਰੋਹ ਦਾ ਫਾਇਦਾ ਲੈਣ ਦੀ ਦੌੜ ਵਿਚ ਹਨ। ਸਿਆਸੀ ਦਲ ਆਉਣ ਵਾਲੀਆਂ ਚੋਣਾਂ ਨੂੰ ਲੈ ਕੇ ਹਰ ਕਦਮ ਚੁੱਕ ਰਹੇ ਹਨ। ਕੈਪਟਨ ਸਰਕਾਰ ਹੁਣ ਨੌਜਵਾਨਾਂ ਨੂੰ ਆਕਰਸ਼ਤ ਕਰਨ ਲਈ ਨੌਕਰੀ ਦੇ ਇਸ਼ਤਿਹਾਰ ਦੇ ਰਹੀ ਹੈ। ਅਜਿਹਾ ਸਾਢੇ ਚਾਰ ਸਾਲ ਕਿਉਂ ਨਹੀਂ ਕੀਤਾ ਗਿਆ? ਬੇਰੁਜ਼ਗਾਰ ਅਧਿਆਪਕ, ਨਰਸਾਂ, ਡਾਕਟਰ ਤਾਂ ਟੈਂਕੀਆਂ 'ਤੇ ਚੜ ਕੇ, ਨਹਿਰਾਂ ਵਿਚ ਕੁੱਦ ਕੇ, ਧਰਨੇ ਮੁਜ਼ਾਹਰੇ ਕਰਕੇ ਸਰਕਾਰ ਨੂੰ ਕੋਸ ਰਹੇ ਹਨ। ਹੁਣ ਨੌਕਰੀਆਂ ਦੇ ਇਸ਼ਤਿਹਾਰ ਦੇਣੇ ਸਿਆਸੀ ਪੈਂਤੜੇਬਾਜ਼ੀ ਨਹੀਂ ਤਾਂ ਹੋਰ ਕੀ ਹੈ? ਵੋਟ ਲੈਣ ਲਈ ਲੋਕਾਂ ਨਾਲ ਤਰਾਂ-ਤਰਾਂ ਦੇ ਵਾਅਦੇ ਕੀਤੇ ਜਾ ਰਹੇ ਹਨ। ਪੰਜ ਸਾਲ ਪਹਿਲਾਂ ਕੀਤੇ ਵਾਅਦਿਆਂ ਦਾ ਕੀ ਬਣਿਆ, ਉਸ ਬਾਰੇ ਨਾ ਸਿਆਸੀ ਦਲ ਗੱਲ ਕਰਦੇ ਹਨ ਅਤੇ ਨਾ ਹੀ ਲੋਕ ਉਨਾਂ ਨੂੰ ਪੁੱਛਦੇ ਹਨ। ਕੈਪਟਨ ਅਮਰਿੰਦਰ ਸਿੰਘ ਕਹਿ ਰਹੇ ਹਨ ਕਿ ਉਨਾਂ ਨੇ 85 ਫ਼ੀਸਦੀ ਵਾਅਦੇ ਤਾਂ ਪੂਰੇ ਕਰ ਦਿੱਤੇ ਹਨ ਬਾਕੀ ਜੋ ਥੋੜੇ-ਬਹੁਤ ਰਹਿ ਗਏ ਹਨ, ਉਹ ਚੋਣਾਂ ਤੋਂ ਪਹਿਲਾਂ ਪੂਰੇ ਕਰ ਦਿੱਤੇ ਜਾਣਗੇ, ਪਰ ਅਸਲ ਵਿਚ ਹੋਇਆ ਕੁਝ ਵੀ ਨਹੀਂ ਹੈ। ਹੁਣ ਪ੍ਰਮੁੱਖ ਅਤੇ ਪੁਰਾਣੇ ਵਾਅਦੇ ਭੁੱਲ-ਭੁਲਾ ਹੀ ਗਏ ਹਨ। ਹੁਣ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਮੁੱਦਾ ਗਾਇਬ ਹੀ ਹੋ ਗਿਆ ਹੈ। ਹੁਣ ਪਾਣੀਆਂ ਦਾ ਮੁੱਦਾ, ਚੰਡੀਗੜ ਦਾ ਮੁੱਦਾ ਬੀਤੇ ਸਮੇਂ ਦੀ ਬਾਤ ਬਣ ਕੇ ਰਹਿ ਗਿਆ ਹੈ। ਦਿਨੋਂ-ਦਿਨ ਵਧ ਰਹੀ ਬੇਰੁਜ਼ਗਾਰੀ, ਵਧ ਰਹੀ ਮਹਿੰਗਾਈ, ਵਧ ਰਹੀ ਅਸੁਰੱਖਿਆ, ਦਫਤਰਾਂ ਅਤੇ ਥਾਣਿਆਂ ਵਿਚ ਹੋ ਰਹੀ ਖੱਜਲ-ਖੁਆਰੀ ਕੋਈ ਮੁੱਦਾ ਹੀ ਨਹੀਂ ਰਹਿ ਗਿਆ। ਹੁਣ ਨਸ਼ਾਖ਼ੋਰੀ ਅਤੇ ਭ੍ਰਿਸ਼ਟਾਚਾਰ ਕੋਈ ਮੁੱਦਾ ਨਹੀਂ ਹੈ। ਹਰ ਇੱਕ ਦੀ ਅੱਖ ਸੱਤਾ ਪ੍ਰਾਪਤੀ 'ਤੇ ਹੈ, ਵਾਅਦੇ ਜਾਂ ਦਾਅਵੇ ਜਾਂ ਮੁੱਦੇ ਤਾਂ ਲੋਕਾਂ ਵਿਚ ਜਾਣ ਦਾ ਅਤੇ ਉਨਾਂ ਨੂੰ ਲੁਭਾਉਣ ਦਾ ਇਕ ਜ਼ਰੀਆ ਹੈ। ਇਤਿਹਾਸ ਇਸ ਗੱਲ ਦਾ ਗਵਾਹ ਹੈ।

ਸਿਆਸੀ ਦਲਾਂ ਦੀ ਨਿਗਾ ਵਿਚ ਲੋਕ ਅੱਜ ਵੀ ਅਨਜਾਣ ਅਤੇ ਸਮਝਹੀਣੇ ਹਨ। ਜੇਕਰ ਬੀਤੇ ਸਮੇਂ 'ਤੇ ਨਜ਼ਰ ਮਾਰੀਏ ਤਾਂ ਅਜਿਹਾ ਲੱਗਦਾ ਵੀ ਹੈ। ਜਿਸ ਨੂੰ ਪੰਜ ਸਾਲ 'ਮਾੜਾ ਮਾੜਾ' ਕਹਿੰਦੇ ਹਨ, ਉਸ ਨੂੰ ਹੀ ਵੋਟ ਪਾ ਦਿੰਦੇ ਹਨ। ਇਹ ਹਰ ਵਾਰੀ ਵਾਪਰ ਰਿਹਾ ਹੈ। ਅਜਿਹਾ ਲੱਗ ਰਿਹਾ ਹੈ ਕਿ ਅੱਜ ਤੱਕ ਲੋਕਾਂ ਨੂੰ ਮਾੜੇ-ਚੰਗੇ ਦੀ ਅਤੇ ਆਪਣੇ-ਪਰਾਏ ਦੀ ਕੋਈ ਪਰਖ ਨਹੀਂ ਹੈ। ਹਰ ਵਾਰੀ ਲੋਕ ਸਿਆਸਤਦਾਨਾਂ ਦੇ ਝਾਂਸੇ ਵਿਚ ਆ ਜਾਂਦੇ ਹਨ। ਬਿਨਾਂ ਸ਼ੱਕ ਅੱਜ ਸਿਆਸੀ ਆਦਮੀ ਲੋਕਾਂ ਅੱਗੇ ਹੱਥ ਜੋੜ ਰਹੇ ਹਨ ਪਰ ਇਹ ਸਿਰਫ ਵੋਟਾਂ ਪੈਣ ਤੱਕ ਹੀ ਹੋਣਾ ਹੈ। ਉਸ ਤੋਂ ਪਿੱਛੋਂ ਤਾਂ ਉਹ ਭਾਲੇ ਵੀ ਨਹੀਂ ਲੱਭਦੇ। ਲੋਕਾਂ ਦੀ ਹਾਲਤ ਤਾਂ ਰਿੱਛ ਵਾਲੀ ਹੈ। ਇਹ ਵੀ ਵੇਖਣ ਵਿਚ ਆਇਆ ਹੈ ਕਿ ਲੋਕ ਚੋਣਾਂ ਨੂੰ ਹਲਕੇ ਵਿਚ ਹੀ ਲੈਂਦੇ ਹਨ। ਉਹ ਚੋਣਾਂ ਨੂੰ ਮੇਲਾ-ਗੇਲਾ ਹੀ ਸਮਝਦੇ ਹਨ। ਪਰ ਇਹ ਗਲਤ ਹੈ। ਲੋਕਾਂ ਨੂੰ ਚੋਣਾਂ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ। ਇਹ ਲੋਕਾਂ ਪਾਸ ਪਰਿਵਰਤਨ ਕਰਨ ਦਾ ਅਹਿਮ ਮੌਕਾ ਹੁੰਦਾ ਹੈ। ਸਾਨੂੰ ਮੌਕਾ ਦਿੱਤਾ ਜਾਂਦਾ ਹੈ ਕਿ ਅਸੀਂ ਜਿਸ ਨੂੰ ਚਾਹੀਏ, ਚੁਣ ਸਕਦੇ ਹਾਂ ਅਤੇ ਜਿਸ ਨੂੰ ਨਹੀਂ ਚਾਹੁੰਦੇ, ਉਸ ਨੂੰ ਪਿੱਛੇ ਕਰ ਸਕਦੇ ਹਾਂ। ਉਸ ਨੂੰ ਹੀ ਚੁਣਿਆ ਜਾਵੇ ਜਿਸ ਵਿਚ ਲੋਕ ਪ੍ਰਸਤੀ, ਸਮਾਜ ਪ੍ਰਸਤੀ ਅਤੇ ਦੇਸ਼ ਪ੍ਰਸਤੀ ਦੀ ਭਾਵਨਾ ਹੈ। ਉਸ ਨੂੰ ਚੁਣਿਆ ਜਾਵੇ ਜਿਸ ਵਿਚ ਲੋਕ ਭਲਾਈ ਦਾ ਜਜ਼ਬਾ ਹੋਵੇ, ਉਹ ਸੂਝਵਾਨ ਹੋਵੇ, ਪੜਿਆ-ਲਿਖਿਆ ਹੋਵੇ। ਪਰ ਐਨੀ ਸਮਝ ਤਾਂ ਅੱਜ ਤੱਕ ਕਦੇ ਵੀ ਨਹੀਂ ਵਿਖਾਈ ਗਈ। ਇਥੇ ਤਾਂ ਜੇਲਾਂ ਵਿਚ ਬੈਠੇ, ਸੰਗੀਨ ਅਪਰਾਧਾਂ ਦੇ ਦੋਸ਼ੀ ਅਤੇ ਅਨਪੜ ਵੀ ਚੋਣ ਜਿੱਤ ਜਾਂਦੇ ਹਨ। ਕਈ ਤਾਂ ਕਦੇ ਹਾਰੇ ਹੀ ਨਹੀਂ ਹਨ। ਇਸ ਤੋਂ ਸਾਫ਼ ਜ਼ਾਹਰ ਹੈ ਕਿ ਲੋਕਾਂ ਵਿਚ ਅਜੇ ਚੇਤਨਾ ਦੀ ਵੱਡੀ ਘਾਟ ਹੈ।

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm,office building, Farm House and for Truck Yard in Tracy, Manteca, Lathrop and Stockton

## Listing

**TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY**





RANJIT SINGH
(Lic: 01922089)

**PROPERTY ADDRESS: 27022 RIVER ROADM, NEWMAN CA 95360.**

# RANJIT SINGH

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**

## ਅਮਰੀਕਾ ਦਾ ਕਿਸਾਨੀ...

ਇਹ ਕਿ ਪਰਿਵਾਰਕ ਖੇਤੀ ਵਿਵਸਥਾ ਢਹਿ ਢੇਰੀ ਹੋ ਜਾਣ ਨਾਲ ਦੇਸ ਨੂੰ ਖ਼ੁਰਾਕ ਦੀ ਦਰਾਮਦ 'ਤੇ ਨਿਰਭਰ ਕਰਨਾ ਪਵੇਗਾ।'

ਸ਼ੁਰੂ-ਸ਼ੁਰੂ ਵਿਚ ਲੋਕ ਨਾਖ਼ੁਸ਼ ਸਨ ਤੇ ਉਹ ਚਾਹੁੰਦੇ ਸਨ ਕਿ ਕਿਸਾਨਾਂ ਨੂੰ ਬਾਹਰ ਕੱਢ ਦਿੱਤਾ ਜਾਵੇ ਪਰ ਫਿਰ ਅਚਾਨਕ ਦੇਸ਼ ਬਰਫ਼ਬਾਰੀ ਦੀ ਮਾਰ ਹੇਠ ਆ ਗਿਆ ਅਤੇ ਜਨ-ਜੀਵਨ ਠੱਪ ਹੋ ਕੇ ਰਹਿ ਗਿਆ। ਜਨਤਕ ਟਰਾਂਸਪੋਰਟ ਬੰਦ ਹੋ ਗਈ। ਉਸ ਵੇਲੇ ਕਿਸਾਨਾਂ ਨੇ ਉਨਾਂ ਟਰੈਕਟਰਾਂ ਦੀ ਮਦਦ ਨਾਲ ਬਰਫ਼ ਹਟਾਈ ਅਤੇ ਡਾਕਟਰਾਂ ਤੇ ਨਰਸਾਂ ਨੂੰ ਟਰੈਕਟਰਾਂ 'ਤੇ ਬਿਠਾ ਕੇ ਹਸਪਤਾਲਾਂ ਵਿਚ ਪਹੁੰਚਾਇਆ। ਇਸ ਨਾਲ ਸ਼ਹਿਰੀ ਲੋਕਾਂ ਨਾਲ ਉਨਾਂ ਦੀ ਅਜਿਹੀ ਗੂੜੀ ਸਾਂਝ ਬਣ ਗਈ ਕਿ ਸ਼ਹਿਰੀਏ ਕਿਸਾਨਾਂ ਨੂੰ ਆਪਣੇ ਹਿਤੈਸ਼ੀ ਮੰਨਣ ਲੱਗ ਪਏ। ਕਈ ਹਫ਼ਤਿਆਂ ਤੱਕ ਕਿਸਾਨ  ਸ਼ਹਿਰ ਦੇ ਵੱਖ ਵੱਖ ਹਿੱਸਿਆਂ ਅੰਦਰ ਹਰ ਰੋਜ਼ ਟਰੈਕਟਰ ਚਲਾਉਂਦੇ ਰਹੇ ਅਤੇ ਆਪਣੀ ਵਿਥਿਆ ਸੁਣਾਉਂਦੇ ਰਹੇ। ਕਈ ਕਿਸਾਨ ਤਾਂ ਮਹੀਨਿਆਂਬੱਧੀ ਉੱਥੇ ਹੀ ਰਹੇ। ਫਿਰ ਅਮਰੀਕੀ ਰਾਸ਼ਟਰਪਤੀ ਜਿਮੀ ਕਾਰਟਰ ਜੋ ਖ਼ੁਦ ਵੀ ਕਿਸਾਨ ਸੀ, ਸਾਹਮਣੇ ਆਏ ਅਤੇ ਹਮਦਰਦੀ ਜਤਾਈ। ਉਨਾਂ ਕਿਹਾ ਸੀ 'ਮੈਂ ਨਹੀਂ ਜਾਣਦਾ ਕਿ ਕਿਸਾਨਾਂ ਤੋਂ ਬਿਨਾਂ ਹੋਰ ਅਜਿਹਾ ਕਿਹੜਾ ਤਬਕਾ ਹੈ ਜਿਸ ਨੇ ਮਹਿੰਗਾਈ ਦੀ ਇੰਨੀ ਮਾਰ ਹੰਢਾਈ ਹੋਵੇ।' ਬਿਨਾਂ ਸ਼ੱਕ, ਨੌਕਰਸ਼ਾਹੀ ਇਸ ਤੋਂ ਕਾਇਲ ਨਹੀਂ ਹੋਈ। ਉਸ ਦਾ ਬਾਜ਼ਾਰ 'ਤੇ ਅਟੁੱਟ ਵਿਸ਼ਵਾਸ ਜੁ ਸੀ। ਜਿਵੇਂ ਕਿ ਬੀਬੀ ਐਂਡਰਸਨ ਨੇ ਚੇਤੇ ਕਰਾਇਆ ਸੀ 'ਅਸੀਂ ਅਮਰੀਕੀ ਕਿਸਾਨ ਦੀ ਬਦਹਾਲੀ ਦੀ ਦਾਸਤਾਂ ਦੱਸਣ ਵਿਚ ਕਾਮਯਾਬ ਹੋਏ ਹਾਂ। ਪਰ ਜਿੱਥੋਂ ਤੱਕ ਕਿਸੇ ਮਦਦਗਾਰ ਕਾਨੂੰਨ ਦੀ ਗੱਲ ਹੈ ਤਾਂ ਉਹ ਵਾਕਈ ਨਹੀਂ ਹੋਈ।'

ਇਹ ਤਾਂ ਸੰਭਵ ਹੋਣਾ ਸੀ ਜੇ ਨੀਤੀ ਘਾੜਿਆਂ ਨੇ ਕਿਸਾਨਾਂ ਦੇ ਦੁੱਖ ਦਰਦ ਸੁਣੇ ਹੁੰਦੇ ਅਤੇ ਉਨਾਂ ਨੂੰ ਘੱਟੋਘੱਟ ਗਾਰੰਟੀਸ਼ੁਦਾ ਕੀਮਤ ਮੁਹੱਈਆ ਕਰਵਾਈ ਹੁੰਦੀ ਤਾਂ ਅਮਰੀਕੀ ਕਿਸਾਨਾਂ ਦੀ ਇਹੋ ਜਿਹੀ ਦੁਰਦਸ਼ਾ ਹਰਗਿਜ਼ ਨਹੀਂ ਹੋਣੀ ਸੀ, ਉਨਾਂ ਦੀਆਂ ਜ਼ਮੀਨਾਂ ਇੰਜ ਨਹੀਂ ਹਥਿਆਈਆਂ ਜਾਣੀਆਂ ਸਨ ਤੇ ਛੋਟੇ ਕਿਸਾਨਾਂ ਨੂੰ ਖੇਤੀਬਾੜੀ ਛੱਡਣੀ ਨਹੀਂ ਪੈਣੀ ਸੀ। ਸੰਘਣੀ ਖੇਤੀ ਨੇ ਜ਼ਮੀਨੀ ਸਤਹ ਬਰਬਾਦ ਕਰ ਦਿੱਤੀ, ਜ਼ਮੀਨ ਹੇਠਲਾ ਪਾਣੀ ਪਲੀਤ ਕਰ ਕੇ ਰੱਖ ਦਿੱਤਾ ਅਤੇ ਰਸਾਇਣਕ ਖਾਦਾਂ ਤੇ ਨਦੀਨ ਨਾਸ਼ਕਾਂ ਨੇ ਖ਼ੁਰਾਕ ਲੜੀ ਨੂੰ ਹੀ ਜ਼ਹਿਰੀਲਾ ਬਣਾ ਦਿੱਤਾ। ਬਾਜ਼ਾਰ ਦੇ ਸਸਤੇ ਖਾਣਿਆਂ ਦੀ ਅਸਲ ਕੀਮਤ ਸਮਾਜ ਨੂੰ ਤਾਰਨੀ ਪੈ ਰਹੀ ਹੈ ਜਦੋਂਕਿ ਅਮਰੀਕੀ ਖੇਤੀਬਾੜੀ ਨਵੀਂ ਰੂਹ ਭਰਨ ਲਈ ਅਜੇ ਵੀ ਚੀਕ-ਪੁਕਾਰ ਕਰ ਰਹੀ ਹੈ। ਕੁਝ ਦਹਾਕੇ ਬਾਅਦ (27 ਨਵੰਬਰ 2019) ਟਾਈਮ ਮੈਗਜ਼ੀਨ ਦੀ ਕਵਰ ਸਟੋਰੀ **(They are trying to wipe us off the map)** (ਉਹ ਸਾਨੂੰ ਨਕਸ਼ੇ ਤੋਂ ਮਿਟਾ ਦੇਣ ਦੀ ਕੋਸ਼ਿਸ਼ ਕਰ ਰਹੇ ਹਨ) ਸਭ ਕੁਝ ਬਿਆਨ ਕਰ ਦਿੰਦੀ ਹੈ। ਛੋਟੇ ਅਮਰੀਕੀ ਕਿਸਾਨ ਅਲੋਪ ਹੋਣ ਕੰਢੇ ਆਣ ਪੁੱਜੇ ਹਨ।'

ਸਾਡੇ ਲਈ ਇਸ ਦੇ ਕਈ ਸਬਕ ਹਨ। ਖੁੱਲੇ ਬਾਜ਼ਾਰ ਦੇ ਰੂੜੀਵਾਦ ਨੇ ਖੇਤੀ ਆਮਦਨਾਂ ਵਧਾਉਣ ਵਿਚ ਨਾ ਅਮਰੀਕਾ ਵਿਚ ਮਦਦ ਕੀਤੀ ਅਤੇ ਇਸ ਲਿਹਾਜ਼ ਤੋਂ ਦੁਨੀਆ ਵਿਚ ਕਿਸੇ ਵੀ ਜਗਾ ਵੀ ਮਦਦ ਨਹੀਂ ਕੀਤੀ। ਇਸ ਨੇ ਸਿਰਫ਼ ਛੋਟੇ ਕਿਸਾਨਾਂ ਨੂੰ ਖੇਤੀਬਾੜੀ 'ਚੋਂ ਬਾਹਰ ਕੀਤਾ ਹੈ। ਖੇਤੀਬਾੜੀ ਨੂੰ ਆਰਥਿਕ ਤੌਰ 'ਤੇ ਲਾਹੇਵੰਦ ਅਤੇ ਛੋਟੇ ਕਿਸਾਨਾਂ ਨੂੰ ਹੰਢਣਸਾਰ ਉੱਦਮ ਬਣਾਉਣ ਲਈ ਭਾਰਤ ਨੂੰ ਅੰਦੋਲਨਕਾਰੀ ਕਿਸਾਨਾਂ ਦੀ ਗੱਲ ਧਿਆਨ ਨਾਲ ਸੁਣਨ ਦੀ ਲੋੜ ਹੈ। ਇਹੋ ਜਿਹਾ ਮੌਕਾ ਸ਼ਾਇਦ ਦੁਬਾਰਾ ਨਾ ਮਿਲੇ।

## ਬਹਾਦਰੀ ਦੀ ਕਸਵੱਟੀ

ਦੁਕਾਨ ਵਾਲੇ ਮੁੰਡੇ ਨੇ ਜਵਾਬ ਦਿੱਤਾ। 'ਛੱਡ ਯਾਰ ਪੂਛ-ਪਾਛ ਨੂੰ, ਬਿਨਾਂ ਪੂਛ ਤੋਂ ਹੀ ਬਣਾ ਦੇ ਬੱਬਰ ਸ਼ੇਰ।' ਉਹਨੇ ਹੁਕਮ ਕੀਤਾ।

ਫੇਰ ਘਿਰ-ਘਿਰ ਹੋਈ ਤਾਂ ਉਹਨੂੰ ਲੱਗਾ ਜਿਵੇਂ ਕਿਸੇ ਜ਼ਹਿਰੀ ਠੂੰਹੇਂ ਦਾ ਡੰਗ ਉਹਦੇ ਅੰਦਰ ਖੁੱਭ ਗਿਆ ਹੋਵੇ।

ਉਹ ਤ੍ਰਭਕਿਆ ਤੇ ਪੁੱਛਣ ਲੱਗਾ, 'ਹੁਣ ਕੀ ਵਿੱਢ ਲਿਆ ਤੂੰ ?' 'ਢਿੱਡ ਬਣਾਉਣਾ ਜੀ ਬੱਬਰ ਸ਼ੇਰ ਦਾ।' ਅੱਗੋਂ ਜੁਆਬ ਆਇਆ। 'ਛੱਡ ਪਰਾਂ ਢਿੱਡ-ਢੁੱਡ ਨੂੰ... ਜੇ 'ਕੱਲਾ ਮੂੰਹ ਹੀ ਬਣਾ ਲਵੇਂ ਤਾਂ ਫੇਰ ਕੀ ਫਰਕ ਪੈਜੂ ਭਲ਼ਾ ?' ਦੰਦਾਂ ਹੇਠ ਜੀਭ ਨੂੰ ਘੁਟਦਿਆਂ ਉਹ ਬੋਲਿਆ।

ਘਿਰਰ-ਘਿਰਰ ਦੀ ਆਵਾਜ਼ ਫੇਰ ਉੱਚੀ ਹੋਈ ਤੇ ਜਿਉਂ ਹੀ ਤਿੱਖੀ ਸੂਈ ਉਹਦੇ ਨਰਮ ਮਾਸ ਅੰਦਰ ਧਸੀ ਤਾਂ ਐਤਕੀਂ ਉਹਦੀਆਂ ਅੱਖਾਂ 'ਚੋਂ ਪਾਣੀ ਸਿੰਮ ਆਇਆ। ਰੁਮਾਲ ਨਾਲ ਅੱਖਾਂ ਪੂੰਝਦਿਆਂ ਉਹ ਬੁੜਬੁੜਾਇਆ, 'ਹੁਣ ਕੀ ਐ ਯਾਰ ?' 'ਬੱਬਰ ਸ਼ੇਰ ਦੀ ਜੱਤ ਬਣਾਉਣ ਲੱਗਾ ਹਾਂ।' ਟੈਟੂ ਬਣਾਉਣ ਵਾਲੇ ਦਾ ਉੱਤਰ ਸੀ। 'ਜੱਤ ਨੂੰ ਰਹਿਣ ਦੇ ਯਾਰ। ਬੱਬਰ ਸ਼ੇਰ ਦੀ ਥਾਂ, ਚੀਤਾ ਹੀ ਬਣਾ ਦੇ, ਬਿਨਾਂ ਜੱਤ ਵਾਲਾ।' ਉਹ ਹਾਰੀ ਹੋਈ ਆਵਾਜ਼ ਵਿੱਚ ਬੋਲਿਆ।

ਟੈਟੂ ਬਣਾਉਣ ਵਾਲੀ ਮਸ਼ੀਨ ਦੀ ਘਿਰਰ-ਘਿਰਰ ਫੇਰ ਹੋਈ ਤਾਂ ਗੁੱਸੇ ਵਿੱਚ ਲਾਲ ਪੀਲ਼ਾ ਹੁੰਦਿਆਂ, ਉਹ ਤੜਫ਼ ਕੇ ਬੋਲਿਆ, 'ਬੜੀ ਪੀੜ ਲਾਉਨੈਂ ਯਾਰ, ਤੂੰ ਤਾਂ! ... ਹੁਣ ਕੀ ਹੈ ?' 'ਚੀਤੇ ਦੀਆਂ ਮੁੱਛਾਂ।' ਟੈਟੂ ਵਾਲਾ ਮੁੰਡਾ ਖ਼ਫ਼ਾ ਹੁੰਦਿਆਂ ਬੋਲਿਆ।

'ਮੁੱਛਾਂ ਤੋਂ ਬਿਨਾਂ ਨਹੀਂ ਸਰਦਾ ?' ਉਹਦੇ ਮੂੰਹ 'ਚੋਂ ਆਵਾਜ਼ ਨਿਕਲੀ ਜਿਵੇਂ ਕੋਈ ਮੇਮਣਾ ਮਿਆਂਕਿਆ ਹੋਵੇ। 'ਨਹੀਂ ਭਰਾਵਾ ! ਮੁੱਛਾਂ ਬਿਨਾਂ ਚੀਤਾ ਤਾਂ ਕੀ, ਚੂਹਾ ਵੀ ਨਹੀਂ ਬਣ ਸਕਣਾ... ਤੇਰੇ ਵੱਸ ਦਾ ਰੋਗ ਨਹੀਂ ਇਹ... ਏਡੀ ਵੱਡੀ ਦੇਹ ਲਈ ਫਿਰਦੈਂ ਤੇ ਦਿਲ ਤੇਰਾ ਚਿੜੀ ਦੇ ਬੱਚੇ ਵਰਗੈ... ਉੱਠ ਖੜ ਇੱਥੋਂ... ਐਵੇਂ ਟੈਮ ਨਾ ਖਰਾਬ ਕਰ ਮੇਰਾ... ਰਾਹ ਪੈ ਆਪਣੇ।' ਟੈਟੂ ਵਾਲੇ ਨੇ ਦਿਲ ਦੀ ਭੜਾਸ ਕੱਢਦਿਆਂ ਜਿਵੇਂ ਉਹਨੂੰ ਉਲਾਂਭਾ ਦਿੱਤਾ ਹੋਵੇ।

ਉਹ ਮਰੇ ਹੋਏ ਮਨ ਨਾਲ, ਝੂਠੀ ਜਿਹੀ ਦੇਹੀ ਲੈ ਕੇ ਉੱਠ ਖਲੋਤਾ ਤੇ ਉਹਨੇ ਆਸ-ਪਾਸ ਨਿਗਾ ਦੌੜਾਈ। ਉਹਦੀ ਜੁੰਡਲੀ ਦੇ ਮਿੱਤਰ ਪਤਾ ਨਹੀਂ ਕਿੱਥੇ ਤੁਰ ਗਏ ਸਨ।

ਕੋਲ ਖੜੇ ਜੁਆਕ ਉਹਦੇ ਵੱਲ ਵੇਖ ਕੇ ਹੱਸ ਰਹੇ ਸਨ ਜਿਵੇਂ ਉਨਾਂ ਨੇ ਉਹਦੇ ਜਿਹਾ ਡਰਪੋਕ ਬੰਦਾ ਪਹਿਲਾਂ ਕਦੇ ਨਾ ਦੇਖਿਆ ਹੋਵੇ।

ਭਰੇ ਮੇਲੇ ਵਿੱਚ ਉਹ ਇਕੱਲਾ ਖੜਾ ਸੀ। 'ਕੱਲਮ-'ਕੱਲਾ ਤੇ ਉਹਨੂੰ ਇੰਝ ਮਹਿਸੂਸ ਹੋਇਆ ਜਿਵੇਂ ਉਹ ਬੱਬਰ ਸ਼ੇਰ ਨਹੀਂ, ਲੇਲਾ ਹੋਵੇ।




## ਵਿਸ਼ਵ ਦੀਆਂ ਅਖਬਾਰਾਂ...

ਇਕ ਅਮਰੀਕੀ ਅਖਬਾਰ ਨਿਊਯਾਰਕ ਟਾਈਮਜ਼ ਨੇ 25 ਅਪ੍ਰੈਲ ਨੂੰ ਭਾਰਤ ਦੇ ਸੰਦਰਭ ਵਿਚ ਲਿਖਿਆ ਸੀ ਕਿ ਕੋਰੋਨਾ ਇਕ ਸਾਲ ਪਹਿਲਾਂ ਦੁਨੀਆਂ ਦੀ ਸਭ ਤੋਂ ਸਖਤ ਤਾਲਾਬੰਦੀ ਨਾਲ ਵੱਡੇ ਪੱਧਰ 'ਤੇ ਕੰਟਰੋਲ ਵਿਚ ਸੀ, ਪਰ ਫਿਰ ਮਾਹਿਰਾਂ ਦੀਆਂ ਚੇਤਾਵਨੀਆਂ ਨੂੰ ਨਜ਼ਰਅੰਦਾਜ਼ ਕਰ ਦਿੱਤਾ ਗਿਆ ਸੀ। ਅੱਜ ਭਾਰਤ ਵਿਚ ਕੋਰੋਨਾ ਦੇ ਮਾਮਲੇ ਕੰਟਰੋਲ ਤੋਂ ਬਾਹਰ ਹੋ ਗਏ ਹਨ। ਹਸਪਤਾਲਾਂ ਵਿੱਚ ਕੋਈ ਬਿਸਤਰਾ ਖਾਲੀ ਨਹੀਂ ਹੈ। ਵੱਡੇ ਰਾਜਾਂ ਵਿੱਚ ਤਾਲਾਬੰਦੀ ਹੈ। ਸਰਕਾਰ ਦੇ ਗਲਤ ਫੈਸਲਿਆਂ ਕਾਰਨ ਆਉਣ ਵਾਲੀ ਮੁਸੀਬਤ ਨੂੰ ਨਜ਼ਰਅੰਦਾਜ਼ ਕਰਨ ਨਾਲ ਭਾਰਤ ਦੁਨੀਆ ਦੀ ਸਭ ਤੋਂ ਮਾੜੀ ਸਥਿਤੀ 'ਤੇ ਪਹੁੰਚ ਗਿਆ ਹੈ।

ਟਾਈਮ ਮੈਗਜ਼ੀਨ ਵਿੱਚ 23 ਅਪ੍ਰੈਲ ਨੂੰ ਪ੍ਰਕਾਸ਼ਿਤ ਇੱਕ ਲੇਖ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਕੋਰੋਨਾ ਯੁੱਧ ਵਿੱਚ ਅਸਫਲ ਦੱਸਿਆ ਗਿਆ ਸੀ। ਲੇਖ ਵਿਚ ਸਵਾਲ ਕੀਤਾ ਹੈ ਕਿ ਇਸ ਸਾਲ ਕੋਰੋਨਾ ਦੇ ਵਧਦੇ ਮਾਮਲਿਆਂ ਦੇ ਮੱਦੇਨਜ਼ਰ ਤਿਆਰੀਆਂ ਕਿਵੇਂ ਨਹੀਂ ਕੀਤੀਆਂ ਗਈਆਂ। ਪ੍ਰਧਾਨ ਮੰਤਰੀ 'ਤੇ ਨਿਸ਼ਾਨਾ ਵਿੰਨਦਿਆਂ ਉਨਾਂ ਕਿਹਾ ਕਿ ਜ਼ਿੰਮੇਵਾਰੀ ਉਨਾਂ ਦੀ ਹੈ, ਜਿਨਾਂ ਨੇ ਸਾਰੀਆਂ ਸਾਵਧਾਨੀਆਂ ਨੂੰ ਨਜ਼ਰਅੰਦਾਜ਼ ਕੀਤਾ। ਜ਼ਿੰਮੇਵਾਰੀ ਮੰਤਰੀ ਮੰਡਲ ਦੀ ਹੈ ਜਿਸ ਨੇ ਪ੍ਰਧਾਨ ਮੰਤਰੀ ਮੋਦੀ ਦੀ ਪ੍ਰਸ਼ੰਸਾ ਕੀਤੀ ਅਤੇ ਕਿਹਾ ਕਿ ਉਨਾਂ ਨੇ ਦੇਸ਼ ਵਿੱਚ ਕੋਰੋਨਾ ਵਿਰੁੱਧ ਸਫਲ ਲੜਾਈ ਲੜੀ। ਇੱਥੋਂ ਤੱਕ ਕਿ ਟੈਸਟਿੰਗ ਵੀ ਹੌਲੀ ਹੋ ਗਈ। ਲੋਕ ਭਿਆਨਕ ਵਾਇਰਸ ਤੋਂ ਡਰਦੇ ਨਹੀਂ ਸਨ ਜਿਸ ਕਰਕੇ ਡਾਕਟਰੀ ਹਦਾਇਤਾਂ ਦੀ ਉਲੰਘਣਾ ਕਾਰਣ ਕਰੋਨਾ ਫੈਲਿਆ।ਬੀਬੀਸੀ ਵਿੱਚ ਪ੍ਰਕਾਸ਼ਿਤ ਦੋ ਲੇਖਾਂ ਵਿੱਚ ਕਿਹਾ ਗਿਆ ਹੈ ਕਿ ਕੋਰੋਨਾ ਦੇ ਰਿਕਾਰਡ ਮਾਮਲਿਆਂ ਨੇ ਭਾਰਤ ਦੀ ਸਿਹਤ ਸੰਭਾਲ ਪ੍ਰਣਾਲੀ ਨੂੰ ਬੁਰੀ ਤਰਾਂ ਪ੍ਰਭਾਵਿਤ ਕੀਤਾ ਹੈ। ਲੋਕਾਂ ਨੂੰ ਇਲਾਜ ਲਈ ਘੰਟਿਆਂਬੱਧੀ ਇੰਤਜ਼ਾਰ ਕਰਨਾ ਪੈਂਦਾ ਹੈ। ਹਸਪਤਾਲਾਂ ਵਿੱਚ ਕੋਈ ਬਿਸਤਰਾ ਖਾਲੀ ਨਹੀਂ ਅਤੇ ਆਕਸੀਜਨ ਨਹੀਂ ਹੈ। ਕੋਰੋਨਾ ਮਾਮਲਿਆਂ ਵਿੱਚ ਵਾਧਾ ਸਿਹਤ ਪ੍ਰੋਟੋਕੋਲਾਂ ਵਿੱਚ ਢਿੱਲ, ਮਾਸਕ 'ਤੇ ਸਖਤੀ ਦੀ ਘਾਟ ਅਤੇ ਕੁੰਭ ਮੇਲੇ ਵਿੱਚ ਲੱਖਾਂ ਲੋਕਾਂ ਦੀ ਮੌਜੂਦਗੀ ਕਾਰਨ ਕੋਰੋਨਾ ਬੁਰੀ ਤਰਾਂ ਫੈਲਿਆ ਹੈ।

ਸਭ ਤੋਂ ਤਿੱਖਾ ਕਾਰਟੂਨ ਆਸਟ੍ਰੇਲੀਅਨ ਫਾਈਨੈਂਸ਼ੀਅਲ ਰੀਵਿਊ ਵਿੱਚ ਪ੍ਰਕਾਸ਼ਿਤ ਕੀਤਾ ਗਿਆ ਹੈ, ਇੱਕ ਆਸਟਰੇਲੀਆਈ ਅਖਬਾਰ ਜੋ ਭਾਰਤ ਨੂੰ ਹਾਥੀ ਜਿੰਨਾ ਵਿਸ਼ਾਲ ਦਿਖਾਉਂਦਾ ਹੈ। ਉਹ ਮਰ ਰਹੀ ਹਾਲਤ ਵਿੱਚ ਜ਼ਮੀਨ 'ਤੇ ਪਿਆ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਲਾਲ ਗੱਦੀ ਲੈ ਹਾਥੀ ਦੀ ਪਿੱਠ 'ਤੇ ਬੈਠੇ ਹਨ। ਉਸ ਦੇ ਸਿਰ 'ਤੇ ਇੱਕ ਤੁਰਲੇਦਾਰ ਪੱਗ ਹੈ ਅਤੇ ਇੱਕ ਹੱਥ ਵਿੱਚ ਮਾਈਕ ਹੈ। ਉਹ ਭਾਸ਼ਣ ਦੀ ਸਥਿਤੀ ਵਿੱਚ ਹੈ। ਇਹ ਕਾਰਟੂਨ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਰਿਹਾ ਹੈ।

ਵਿਸ਼ਵ ਸਿਹਤ ਸੰਗਠਨ ਮੁਖੀ ਤਾਡਰੋਸ ਐਡਰੇਨੋਮ ਗੇਬਰੇਯੇਸਸ ਨੇ ਕਿਹਾ ਹੈ ਕਿ ਭਾਰਤ ਦੀ ਸਥਿਤੀ ਡਰਾਉਣ ਵਾਲੀ ਹੈ। ਤਾਡਰੋਸ ਐਡਰੇਨੋਮ ਗੇਬਰੇਯੇਸਸ ਨੇ ਭਾਰਤ ਵਿੱਚ ਕੋਵਿਡ-19 ਮਾਮਲਿਆਂ ਅਤੇ ਮੌਤਾਂ ਦੀ ਰਿਕਾਰਡ ਤੋੜ ਲਹਿਰ 'ਤੇ ਚਿੰਤਾ ਜ਼ਾਹਿਰ ਕੀਤੀ ਹੈ। ਉਨਾਂ ਕਿਹਾ ਕਿ ਸੰਗਠਨ ਸੰਕਟ ਨੂੰ ਦੂਰ ਕਰਨ ਵਿੱਚ ਮਦਦ ਕਰ ਰਿਹਾ ਹੈ। ਟੇਡਰੋਸ ਨੇ ਕਿਹਾ ਕਿ ਅਸੀਂ ਜੋ ਵੀ ਕਰ ਸਕਦੇ ਹਾਂ ਉਹ ਕਰ ਰਹੇ ਹਾਂ । ਮਹੱਤਵਪੂਰਨ ਸਾਜ਼ੋ-ਸਾਮਾਨ ਅਤੇ ਸਪਲਾਈ ਕੀਤੀ ਜਾ ਰਹੀ ਹੈ। ਵਿਸ਼ਵ ਗੁਰੂ ਬਣਨ ਦਾ ਦਾਅਵਾ ਮੋਦੀ ਸਰਕਾਰ ਦਾ ਅਸਫਲ ਹੋ ਕੇ ਰਹਿ ਗਿਆ ਹੈ ਅਤੇ ਅੱਜ ਭਾਰਤ ਇੱਕ ਨਿਮਾਣੇ ਵਜੋਂ ਦੁਨੀਆ ਦੇ ਸਾਹਮਣੇ ਖੜੇ ਹੋਣ ਲਈ ਮਜਬੂਰ ਹੈ। ਅਮਰੀਕੀ ਰਾਸ਼ਟਰਪਤੀ ਜੋ ਬਾਈਡਨ ਨੇ ਕਿਹਾ ਕਿ ਮਹਾਂਮਾਰੀ ਦੀ ਸ਼ੁਰੂਆਤ ਵਿੱਚ ਭਾਰਤ ਨੇ ਸਾਡੇ ਹਸਪਤਾਲਾਂ ਨੂੰ ਸਹਾਇਤਾ ਭੇਜੀ ਸੀ। ਹੁਣ ਜਦੋਂ ਉਸ ਨੂੰ ਇਸ ਦੀ ਲੋੜ ਹੈ, ਅਸੀਂ ਮਦਦ ਲਈ ਤਿਆਰ ਹਾਂ। ਬ੍ਰਿਟਿਸ਼ ਪ੍ਰਧਾਨ ਮੰਤਰੀ ਬੋਰਿਸ ਜਾਨਸਨ ਨੇ ਕਿਹਾ ਕਿ ਅਸੀਂ ਇਸ ਮੁਸ਼ਕਲ ਸਮੇਂ ਵਿੱਚ ਭਾਰਤ ਦੇ ਨਾਲ ਖੜੇ ਹਾਂ। ਭਾਰਤ ਸਾਡਾ ਦੋਸਤ ਹੈ ਅਤੇ ਅਸੀਂ ਕੋਵਿਡ-19 ਵਿਰੁੱਧ ਇਸ ਜੰਗ ਵਿੱਚ ਇਸ ਦਾ ਪੂਰਾ ਸਮਰਥਨ ਕਰਾਂਗੇ।

ਫਰਾਂਸ ਅਤੇ ਜਰਮਨੀ ਨੇ ਭਾਰਤ ਵਿੱਚ ਡਾਕਟਰੀ ਆਕਸੀਜਨ ਸਮਰੱਥਾ ਵਧਾਉਣ ਦੀ ਤਿਆਰੀ ਕੀਤੀ ਹੈ। ਜਰਮਨੀ ਦੀ ਚਾਂਸਲਰ ਐਂਜਲਾ ਮਰਕੇਲ ਨੇ ਇਸ ਦਾ ਨਾਮ 'ਮਿਸ਼ਨ ਸਪੋਰਟ ਇੰਡੀਆ' ਰੱਖਿਆ ਹੈ। ਉਨਾਂ ਕਿਹਾ ਕਿ ਅਸੀਂ ਸਾਰੇ ਮਹਾਂਮਾਰੀ ਨਾਲ ਜੰਗ ਲੜ ਰਹੇ ਹਾਂ। ਫਰਾਂਸ, ਰੂਸ, ਬ੍ਰਿਟੇਨ ਅਤੇ ਅਮਰੀਕਾ ਨੇ ਮੁਸੀਬਤ ਦੇ ਸਮੇਂ ਭਾਰਤ ਲਈ ਮਦਦ ਦਾ ਹੱਥ ਵਧਾਇਆ ਹੈ।

ਇਸ ਦੌਰਾਨ ਇਕ ਹੋਰ ਹੈਰਾਨ ਕਰਨ ਵਾਲੀ ਰਿਪੋਰਟ ਸਾਹਮਣੇ ਆਈ ਹੈ। ਜਿਸ ਤਰਾਂ ਰੋਜ਼ਾਨਾ ਰੈੱਡ ਅਲਰਟ ਜਾਰੀ ਹੋਣ ਦੀਆਂ ਖ਼ਬਰਾਂ ਆਈਆਂ ਸਨ, ਉਸੇ ਤਰਾਂ ਰੈੱਡ ਅਲਰਟ ਵਾਪਸ ਲਏ ਜਾਣ 'ਤੇ ਕਦੇ ਨਹੀਂ ਕਿਹਾ ਗਿਆ ਸੀ। ਇਸੇ ਤਰਾਂ ਕੋਰੋਨਾ ਮਹਾਂਮਾਰੀ ਦੀ ਦੂਜੀ ਲਹਿਰ ਤੋਂ ਪਹਿਲਾਂ ਕਈ ਰਾਜਾਂ ਨੇ ਆਪਣੇ ਵਿਸ਼ੇਸ਼ ਕੋਵਿਡ ਸੈਂਟਰ ਬੰਦ ਕਰ ਦਿੱਤੇ, ਜਦਕਿ ਦੇਸ਼ ਦੀ ਵਿਧਾਨ ਸਭਾ ਅਤੇ ਨਿਆਂਪਾਲਿਕਾ ਪਿਛਲੇ ਇਕ ਸਾਲ ਤੋਂ ਵੀ ਜ਼ਿਆਦਾ ਸਮੇਂ ਤੋਂ ਕੋਰੋਨਾ ਮੋਡ ਵਿਚ ਹਨ।ਭਾਰਤ ਦੇ ਕਈ ਰਾਜਾਂ ਨੇ ਕੋਰੋਨਾ ਮਹਾਂਮਾਰੀ ਦੀ ਦੂਜੀ ਲਹਿਰ ਦੇ ਆਉਣ ਤੋਂ ਪਹਿਲਾਂ ਆਪਣੇ ਵਿਸ਼ੇਸ਼ ਕੋਵਿਡ ਸੈਂਟਰ ਬੰਦ ਕਰ ਦਿੱਤੇ ਸਨ, ਜੋ ਇਹ ਦਰਸਾਉਂਦੇ ਹਨ ਕਿ ਰਾਜ ਸਰਕਾਰਾਂ ਕੋਰੋਨਾ ਦੀ ਅਗਲੀ ਲਹਿਰ ਦੀ ਸੰਭਾਵਨਾ ਦਾ ਮੁਲਾਂਕਣ ਕਰਨ ਵਿੱਚ ਪੂਰੀ ਤਰਾਂ ਅਸਫਲ ਰਹੀਆਂ ਅਤੇ ਕੇਂਦਰ ਦੀ ਸ਼ੇਖੀ ਕੋਰੋਨਾ ਦੀ ਅਸਲੀਅਤ ਨੂੰ ਭੁੱਲ ਗਈ ਸੀ। ਦਿੱਲੀ ਵਿਚ ਇੰਡੀਅਨ ਐਕਸਪ੍ਰੈਸ ਦੀ ਇਕ ਰਿਪੋਰਟ ਅਨੁਸਾਰ ਪਿਛਲੇ ਸਾਲ 2020 ਵਿਚ ਕੋਰੋਨਾ ਲਈ ਥੋੜੇ ਸਮੇਂ ਲਈ ਚਾਰ ਹਸਪਤਾਲ ਸਥਾਪਤ ਕੀਤੇ ਗਏ ਸਨ, ਪਰ ਇਸ ਸਾਲ ਫਰਵਰੀ ਵਿਚ ਜਦੋਂ ਕੋਰੋਨਾ ਮਾਮਲਿਆਂ ਦੀ ਗਿਣਤੀ ਘਟ ਕੇ 200 ਪ੍ਰਤੀ ਦਿਨ ਤੋਂ ਵੀ ਘੱਟ ਹੋ ਗਈ ਤਾਂ ਰਾਜ ਸਰਕਾਰ ਨੇ ਇਸ ਨੂੰ ਬੰਦ ਕਰ ਦਿੱਤਾ। ਹੁਣ, ਇਸ ਨੂੰ ਮੁੜ ਸ਼ੁਰੂ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਉੱਤਰ ਪ੍ਰਦੇਸ਼ ਸਰਕਾਰ ਨੇ ਕੋਰੋਨਾ ਦੀ ਪਹਿਲੀ ਲਹਿਰ ਵਿੱਚ ਦਾਅਵਾ ਕੀਤਾ ਸੀ ਕਿ ਉਨਾਂ ਨੇ ਲਗਭਗ ਪੰਦਰਾਂ ਲੱਖ ਬਿਸਤਰੇ ਵਾਲੇ 503 ਕੋਵਿਡ ਹਸਪਤਾਲ ਬਣਾਏ ਹਨ। 21 ਫਰਵਰੀ ਦੇ ਪਹਿਲੇ ਹਫ਼ਤੇ, ਕੋਰੋਨਾ ਮਰੀਜ਼ਾਂ ਦਾ ਇਲਾਜ ਕਰਨ ਵਾਲੇ ਹਸਪਤਾਲਾਂ ਦੀ ਗਿਣਤੀ ਘਟ ਕੇ 83 ਹੋ ਗਈ, ਜਿਸ ਵਿੱਚ ਸਿਰਫ 17,000 ਬਿਸਤਰੇ ਸਨ। ਨਤੀਜੇ ਵਜੋਂ, ਰਾਜ ਦੀ ਸਿਹਤ ਪ੍ਰਣਾਲੀ ਇਸ ਸਮੇਂ ਪੂਰੀ ਤਰਾਂ ਢਹਿ-ਢੇਰੀ ਹੋ ਗਈ ਹੈ। ਇਸ ਵਿੱਚੋਂ 25 ਹਸਪਤਾਲਾਂ ਵਿੱਚ ਵੈਂਟੀਲੇਟਰ, ਆਈਸੀਯੂ ਅਤੇ ਡਾਇਲਸਿਸ ਸਿਸਟਮ ਵਰਗੀਆਂ ਸਾਰੀਆਂ ਸਹੂਲਤਾਂ ਸਨ। ਲਗਭਗ 75 ਹਸਪਤਾਲਾਂ ਵਿੱਚ ਆਕਸੀਜਨ ਸਹਾਇਤਾ ਅਤੇ ਵੈਂਟੀਲੇਟਰ ਸਹੂਲਤਾਂ ਸਨ। ਬਾਕੀ 400 ਹਸਪਤਾਲਾਂ ਵਿੱਚ ਘੱਟੋ ਘੱਟ- 48 ਘੰਟੇ ਆਕਸੀਜਨ ਸਪਲਾਈ ਸੀ। ਕਰਨਾਟਕ, ਝਾਰਖੰਡ, ਬਿਹਾਰ ਅਤੇ ਹੋਰ ਰਾਜਾਂ ਵਿੱਚ ਇਹ ਗੱਲ ਘੱਟ ਜਾਂ ਵੱਧ ਹੈ। ਭਾਰਤ 'ਚ ਕੋਰੋਨਾ ਦੇ ਵਧਦੇ ਮਾਮਲਿਆਂ ਦੌਰਾਨ ਫ਼ੌਜ ਮੁਖੀ ਮਨੋਜ ਮੁਕੁੰਦ ਨਰਵਣੇ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕੀਤੀ।

ਭਾਰਤੀ ਫੌਜ ਸਰਗਰਮ

ਕੋਰੋਨਾ ਸੰਕਟ 'ਚ ਫ਼ੌਜ ਵੱਲੋਂ ਕੀਤੀਆਂ ਗਈਆਂ ਤਿਆਰੀਆਂ ਨੂੰ ਲੈ ਕੇ ਪ੍ਰਧਾਨ ਮੰਤਰੀ ਨੇ ਉਨਾਂ ਨਾਲ ਗੱਲਬਾਤ ਕੀਤੀ। ਫ਼ੌਜ ਮੁਖੀ ਨੇ ਪ੍ਰਧਾਨ ਮੰਤਰੀ ਨੂੰ ਦੱਸਿਆ ਕਿ ਵੱਖ-ਵੱਖ ਸੂਬਾ ਸਰਕਾਰਾਂ ਨੂੰ ਫ਼ੌਜ ਦੇ ਮੈਡੀਕਲ ਸਟਾਫ ਉਪਲਬਧ ਕਰਵਾਏ ਜਾ ਰਹੇ ਹਨ। ਨਾਲ ਹੀ ਦੇਸ਼ ਦੇ ਵੱਖ-ਵੱਖ ਹਿੱਸਿਆਂ 'ਚ ਫ਼ੌਜ ਵੱਲੋਂ ਅਸਥਾਈ ਹਸਪਤਾਲਾਂ ਦਾ ਵੀ ਨਿਰਮਾਣ ਕੀਤਾ ਜਾ ਰਿਹਾ ਹੈ। ਫ਼ੌਜ ਮੁਖੀ ਨੇ ਪ੍ਰਧਾਨ ਮੰਤਰੀ ਨੂੰ ਇਸ ਗੱਲ ਤੋਂ ਵੀ ਜਾਣੂ ਕਰਵਾਇਆ ਕਿ ਦਰਾਮਦ ਕੀਤੇ ਗਏ ਆਕਸੀਜਨ ਟੈਂਕਰਾਂ ਤੇ ਗੱਡੀਆਂ ਦੇ ਪ੍ਰਬੰਧਨ 'ਚ ਇੱਥੇ ਮਾਹਰਾਂ ਦੀ ਜ਼ਰੂਰਤ ਪੈ ਰਹੀ ਹੈ ਉੱਥੇ ਹੀ ਫ਼ੌਜ ਵੱਲੋਂ ਮਦਦ ਪਹੁੰਚਾਈ ਜਾ ਰਹੀ ਹੈ।

ਪ੍ਰਧਾਨ ਮੰਤਰੀ ਕੇਅਰਜ਼ ਫੰਡ ਜ਼ਰੀਏ ਆਰਡਰ ਕੀਤੇ ਵੈਂਟੀਲੇਟਰ ਨਿਕਲੇ ਬੇਕਾਰ ਮੀਡੀਆ ਰਿਪੋਰਟਾਂ ਅਨੁਸਾਰ ਪੀਐਮ ਕੇਅਰਜ਼ ਫੰਡ ਜ਼ਰੀਏ ਆਰਡਰ ਕੀਤੇ ਗਏ 58 ਹਜ਼ਾਰ 850 ਵੈਂਟੀਲੇਟਰਾਂ 'ਚੋਂ ਤਕਰੀਬਨ 30 ਹਜ਼ਾਰ ਵੈਂਟੀਲੇਟਰ ਹੀ ਖਰੀਦੇ ਗਏ ਸਨ।ਕੋਰੋਨਾ ਦੀ ਪਹਿਲੀ ਲਹਿਰ ਦੇ ਮੱਠਾ ਪੈਣ 'ਤੇ ਵੈਂਟੀਲੇਟਰਾਂ ਦੀ ਖਰੀਦ ਵਿਚ ਵੀ ਢਿੱਲ ਵਰਤੀ ਗਈ। ਇੱਕ ਹੀ ਸਪੈਸੀਫੀਕੇਸ਼ਨ ਵਾਲੇ ਵੈਂਟੀਲੇਟਰਾਂ ਦੀ ਕੀਮਤ ਵਿਚ ਭਾਰੀ ਅੰਤਰ। ਬਿਹਾਰ, ਯੂ.ਪੀ., ਛੱਤੀਸਗੜ, ਰਾਜਸਥਾਨ ਵਰਗੇ ਸੂਬਿਆਂ ਦੇ ਕਈ ਹਸਪਤਾਲਾਂ 'ਚ ਪੀਐਮ ਕੇਅਰਜ਼ ਦੇ ਵੈਂਟੀਲੇਟਰ ਬੇਕਾਰ ਪਏ ਹਨ।ਕਈ ਥਾਵਾਂ 'ਤੇ ਤਾਂ ਵੈਂਟੀਲੇਟਰਾਂ ਦੇ ਠੀਕ ਢੰਗ ਨਾਲ ਕੰਮ ਨਾ ਕਰਨ ਦੀ ਸ਼ਿਕਾਇਤ ਵੀ ਆ ਰਹੀ ਹੈ।ਕਈ ਥਾਵਾਂ 'ਤੇ ਤਾਂ ਸਿਖਲਾਈ ਪ੍ਰਾਪਤ ਸਟਾਫ ਦੀ ਕਮੀ ਹੈ ਅਤੇ ਕਈ ਥਾਵਾਂ 'ਤੇ ਵਾਈਰਿੰਗ ਖਰਾਬ ਹੈ ਅਤੇ ਕਿਤੇ ਤਾਂ ਅਡੈਪਟਰ ਹੀ ਨਹੀਂ ਹਨ ।

ਇਹ ਮੰਨਿਆ ਜਾ ਰਿਹਾ ਸੀ ਕਿ ਭਾਰਤ ਵਿਚ ਕੋਰੋਨਾ ਦੇ ਵੱਧ ਰਹੇ ਮਾਮਲਿਆਂ ਦੇ ਮੱਦੇਨਜ਼ਰ ਦੋ ਲੱਖ ਤੱਕ ਵੈਂਟੀਲੇਟਰਾਂ ਦੀ ਜ਼ਰੂਰਤ ਹੋ ਸਕਦੀ ਹੈ।

27 ਮਾਰਚ, 2020 ਨੂੰ ਪ੍ਰਧਾਨ ਮੰਤਰੀ ਮੋਦੀ ਨੇ ਪੀਐਮ ਕੇਅਰਜ ਫੰਡ ਦਾ ਐਲਾਨ ਕੀਤਾ। ਇਸ ਫੰਡ ਦੀ ਸ਼ੁਰੂਆਤ ਕੋਵਿਡ-19 ਦੇ ਮੱਦੇਨਜ਼ਰ ਕੀਤੀ ਗਈ ਸੀ। ਉੱਘੀਆਂ ਸ਼ਖਸੀਅਤਾਂ ਅਤੇ ਸਨਅੱਤੀ ਘਰਾਣਿਆਂ ਨੇ ਇਸ ਫੰਡ ਵਿਚ ਭਾਰੀ ਰਕਮ ਦਾਨ ਕੀਤੀ। ਇਸ ਫੰਡ ਵਿਚ ਦਾਨ ਕਰਨ ਵਾਲਿਆਂ ਨੂੰ ਕਾਰਪੋਰੇਟ ਸੋਸ਼ਲ ਰਿਸਪੌਂਸੀਬਿਲੀਟੀ (ਸੀਐਸਆਰ) ਦੇ ਤਹਿਤ ਟੈਕਸ ਵਿਚ ਰਾਹਤ ਦਿੱਤੀ ਗਈ। ਕਈ ਮੰਤਰਾਲਿਆਂ ਅਤੇ ਜਨਤਕ ਕਾਰਪੋਰੇਸ਼ਨਾਂ ਵਿਚ ਮੁਲਾਜ਼ਮਾਂ ਦੀਆਂ ਤਨਖਾਹਾਂ ਦਾ ਕੁਝ ਹਿੱਸਾ ਵੀ ਇਸ ਫੰਡ ਵਿਚ ਦਾਨ ਕੀਤਾ ਗਿਆ।

ਹਾਲਾਂਕਿ ਇਸ ਫੰਡ 'ਚ ਕਿੰਨੇ ਪੈਸੇ ਇੱਕਠੇ ਹੋਏ ਅਤੇ ਉਨਾਂ ਪੈਸਿਆਂ ਨਾਲ ਕੀ ਕੀਤਾ ਗਿਆ, ਇਸ ਬਾਰੇ ਜਾਣਕਾਰੀ ਨਹੀਂ ਮਿਲ ਸਕਦੀ ਹੈ ਕਿਉਂਕਿ ਸਰਕਾਰ ਨੇ ਇਸ ਫੰਡ ਨੂੰ ਕਾਫ਼ੀ ਆਲੋਚਨਾ ਦੇ ਬਾਵਜੂਦ ਸੂਚਨਾ ਦੇ ਅਧਿਕਾਰ ਸਬੰਧੀ ਆਰਟੀਆਈ ਐਕਟ ਦੇ ਦਾਇਰੇ ਤੋਂ ਬਾਹਰ ਰੱਖਿਆ ਹੈ।

18 ਮਈ, 2020 ਨੂੰ ਪ੍ਰਧਾਨ ਮੰਤਰੀ ਦੇ ਸਲਾਹਕਾਰ ਭਾਸਕਰ ਕੁਲਬੇ ਨੇ ਸਿਹਤ ਮੰਤਰਾਲੇ ਨੂੰ ਇੱਕ ਚਿੱਠੀ ਲਿਖੀ, ਜਿਸ ਵਿਚ ਉਨਾਂ ਨੇ ਪੀਐਮ ਕੇਅਰਜ਼ ਫੰਡ ਵਿਚੋਂ 2 ਹਜਾਰ ਕਰੋੜ ਦੀ ਰਾਸ਼ੀ ਨਾਲ 50 ਹਜ਼ਾਰ 'ਮੇਡ ਇਨ ਇੰਡੀਆ' ਵੈਂਟੀਲੇਟਰਾਂ ਦਾ ਆਰਡਰ ਦਿੱਤੇ ਜਾਣ ਦੀ ਜਾਣਕਾਰੀ ਦਿੱਤੀ ਸੀ। ਇਸ ਦੌਰਾਨ ਸਿਹਤ ਮੰਤਰਾਲੇ ਵੱਲੋਂ ਮਾਰਚ ਮਹੀਨੇ ਦੇ ਅੰਤ ਵਿਚ ਹੀ ਵੈਂਟੀਲੇਟਰ ਖਰੀਦਣ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ ਸੀ। 5 ਮਾਰਚ, 2020 ਨੂੰ ਸਿਹਤ ਮੰਤਰਾਲੇ ਦੇ ਉਦਯੋਗ ਐਚਐਲਐਲ ਨੇ ਵੈਂਟੀਲੇਟਰਾਂ ਦੀ ਸਪਲਾਈ ਲਈ ਇੱਕ ਟੈਂਡਰ ਕੱਢਿਆ।

ਐਚਐਲਐਲ ਨੇ ਇਸ ਵਿਚ ਤਕਨੀਕੀ ਵਿਸ਼ੇਸ਼ਤਾਵਾਂ ਦੀ ਸੂਚੀ ਜਾਰੀ ਕੀਤੀ, ਜੋ ਕਿ ਇਨਾਂ ਵੈਂਟੀਲੇਟਰਾਂ ਵਿਚ ਹੋਣੀ ਚਾਹੀਦੀ ਹੈ। ਇਸ ਸੂਚੀ ਨੂੰ ਸਮੇਂ-ਸਮੇਂ 'ਤੇ ਬਦਲਿਆ ਗਿਆ ਅਤੇ ਕੁੱਲ 9 ਵਾਰ ਇਸ ਵਿਚ ਸੋਧ ਕੀਤੀ ਗਈ। 18 ਅਪ੍ਰੈਲ, 2020 ਨੂੰ 9ਵੀਂ ਵਾਰ ਕੁਝ ਨਵੀਆਂ ਵਿਸ਼ੇਸ਼ਤਾਵਾਂ ਇਸ ਵਿਚ ਸ਼ਾਮਲ ਕੀਤੀਆਂ ਗਈਆਂ।

7 ਸਤੰਬਰ, 2020 ਦੀ ਆਰਟੀਆਈ ਅਰਜ਼ੀ ਦੇ ਜਵਾਬ ਵਿਚ ਐਚਐਲਐਲ ਨੇ ਦੱਸਿਆ ਕਿ ਬੀਈਐਲ ਨੇ 24,332, ਐਗਵਾ ਨੇ 5,000 ਅਤੇ ਅਲਾਈਡ ਮੈਡੀਕਲ ਨੇ 350 ਵੈਂਟੀਲੇਟਰ ਅਤੇ ਬੀਪੀਐਲ ਨੇ 13 ਵੈਂਟੀਲੇਟਰਾਂ ਦੀ ਸਪਲਾਈ ਕੀਤੀ ਹੈ। ਇਸ ਤੋਂ ਬਾਅਦ ਵੈਂਟੀਲੇਟਰਾਂ ਦੀ ਸਪਲਾਈ ਨਹੀਂ ਹੋਈ ਹੈ। ਇੱਕ ਸਾਲ ਬਾਅਦ 2965 ਵੈਂਟੀਲੇਟਰਾਂ ਦੀ ਸਪਲਾਈ ਹੋਈ ਹੈ ਜਦਕਿ ਜ਼ਰੂਰਤ ਡੇਢ ਲੱਖ ਤੋਂ ਵੀ ਵੱਧ ਵੈਂਟੀਲੇਟਰਾਂ ਦੀ ਸੀ।

### ਮੋਦੀ ਦੇ ਕੋਰੋਨਾ ਨਾਲ ਨਜਿੱਠਣ ਦੇ ਤਰੀਕੇ ਤੋਂ ਸੰਘ ਵੀ ਔਖਾ !

ਦੇਸ਼ ਨੂੰ ਕਰੋਨਾ ਦੇ ਘੋਰ ਸੰਕਟ 'ਚ ਪਾਉਣ ਲਈ ਨਰਿੰਦਰ ਮੋਦੀ ਸਰਕਾਰ ਦੀ ਜਦੋਂ ਚਾਰ-ਚੁਫ਼ੇਰਿਓਂ ਨਿੰਦਾ ਹੋ ਰਹੀ ਹੈ ਤਾਂ ਇੰਝ ਜਾਪਦਾ ਹੈ ਕਿ ਰਾਸ਼ਟਰੀ ਸਵੈਮ ਸੇਵਕ ਸੰਘ (ਆਰਐੱਸਐੱਸ) ਵੀ ਪਾਰਟੀ ਆਗੂਆਂ ਵੱਲੋਂ ਹਾਲਾਤ ਨਾਲ ਨਜਿੱਠਣ ਦੇ ਤਰੀਕਿਆਂ ਤੋਂ ਔਖਾ ਹੈ। ਸੀਨੀਅਰ ਆਗੂਆਂ ਨੇ ਇਸ ਮੁੱਦੇ 'ਤੇ ਭਾਵੇਂ ਖਾਮੋਸ਼ੀ ਧਾਰ ਲਈ ਹੈ ਪਰ ਦਿੱਲੀ ਦੇ ਆਰਐੱਸਐੱਸ ਆਗੂ ਰਾਜੀਵ ਤੁਲੀ ਨੇ ਸੰਕਟ ਦੇ ਸਮੇਂ ਭਾਜਪਾ ਆਗੂਆਂ ਦੇ ਕੌਮੀ ਰਾਜਧਾਨੀ ਤੋਂ 'ਗ਼ੈਰ-ਹਾਜ਼ਰ' ਰਹਿਣ 'ਤੇ ਸਵਾਲ ਉਠਾਏ ਜਾਣ ਨੇ ਅੰਦਰੂਨੀ ਖਿੱਚੋਤਾਣ ਨੂੰ ਜੱਗ ਜ਼ਾਹਿਰ ਕਰ ਦਿੱਤਾ ਹੈ। ਉਂਜ ਸੰਘ ਦੇ ਕੌਮੀ ਪ੍ਰਚਾਰ ਦੇ ਮੁਖੀ ਸੁਨੀਲ ਅੰਬੇਕਰ ਨੇ ਤੁਲੀ ਦੇ ਬਿਆਨ ਤੋਂ ਕਿਨਾਰਾ ਕਰਦਿਆਂ ਸਪੱਸ਼ਟ ਕੀਤਾ ਹੈ ਕਿ ਇਹ ਉਸ ਦੇ ਨਿੱਜੀ ਵਿਚਾਰ ਸਨ ਅਤੇ ਸੰਘ ਦਾ ਉਸ ਨਾਲ ਕੁਝ ਵੀ ਲੈਣਾ-ਦੇਣਾ ਨਹੀਂ ਹੈ। ਸੂਤਰਾਂ ਨੇ ਕਿਹਾ ਕਿ ਸੰਘ ਦੇ ਇਕ ਧੜੇ 'ਚ ਭਾਜਪਾ ਦੀ ਦਿੱਲੀ ਇਕਾਈ ਖਾਸ ਕਰਕੇ ਅਹੁਦੇਦਾਰਾਂ, ਕਾਊਂਸਲਰਾਂ ਅਤੇ ਸੰਸਦ ਮੈਂਬਰਾਂ ਖ਼ਿਲਾਫ਼ ਨਾਰਾਜ਼ਗੀ ਹੈ। ਮੰਨਿਆ ਜਾ ਰਿਹਾ ਹੈ ਕਿ ਭਾਜਪਾ ਦੇ ਕਈ ਆਗੂ ਕਰੋਨਾ ਦੇ ਮੌਜੂਦਾ ਹਾਲਾਤ ਨੂੰ ਦੇਖਦਿਆਂ ਪ੍ਰਧਾਨ ਮੰਤਰੀ ਦੀ ਅਗਾਊਂ ਸ਼ਲਾਘਾ ਤੋਂ ਵੀ ਚਿੰਤਤ ਹਨ

'ਮੋਦੀ ਅਸਤੀਫ਼ਾ ਦਿਓ', ਹੈਸ਼ਟੈਗ ਸੋਸ਼ਲ ਮੀਡੀਆ ਉਪਰ

**#ResignModi** ਪੌਪੂਲਰ ਹੋ ਰਿਹਾ ਸੀ ਤਾਂ ਇਸ ਦੀ ਵਰਤੋਂ ਲੋਕਾਂ ਨੇ ਭਾਰਤ ਵਿੱਚ ਕੋਵਿਡ-19 ਦੇ ਬਦਹਾਲ ਹੁੰਦੇ ਹਾਲਾਤ ਦੇ ਹਵਾਲੇ ਨਾਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਅਸਤੀਫਾ ਦੇਣ ਦੀ ਗੱਲ ਨਾਲ ਕੀਤੀ। ਇਸ ਵੇਲੇ ਵੀ ਇਹ ਹੈਸਟੈਗ ਟਵਿੱਟਰ ਉੱਤੇ ਟਰੈਂਡ ਕਰ ਰਿਹਾ ਹੈ। ਇਸ ਪਿੱਛੇ ਵਜ੍ਹਾ ਹੈ, ਇਸ ਹੈਸਟੈਗ ਨੂੰ ਪਹਿਲਾਂ ਫੇਸਬੁੱਕ ਵੱਲੋਂ ਬਲੌਕ ਕੀਤਾ ਜਾਣਾ ਤੇ ਬਾਅਦ ਵਿੱਚ ਮੁੜ ਇਸ ਨੂੰ ਰੀਸਟੋਰ ਕਰਨਾ।

ਦਰਅਸਲ ਫੇਸਬੁੱਕ ਨੇ 28 ਅਪ੍ਰੈਲ ਦੀ ਰਾਤ ਨੂੰ ਦੁਨੀਆਂ ਭਰ ਵਿੱਚ ਵਰਤੇ ਜਾ ਰਹੇ **#ResignModi** ਟਰੈਂਡ ਨੂੰ ਬਲੌਕ ਕਰ ਦਿੱਤਾ।

ਹਾਲਾਂਕਿ ਇਸ ਬਾਬਤ ਜਦੋਂ ਲੋਕਾਂ ਨੇ ਫੇਸਬੁੱਕ ਦੀ ਹੀ ਨਿਖੇਧੀ ਸੋਸ਼ਲ ਮੀਡੀਆ ਦੇ ਵੱਖ-ਵੱਖ ਪਲੇਟਫਾਰਮਜ਼ ਉੱਤੇ ਸ਼ੁਰੂ ਕਰ ਦਿੱਤੀ ਤਾਂ ਫੇਸਬੁੱਕ ਨੇ ਟਰੈਂਡ ਮੁੜ ਚਾਲੂ ਕਰ ਦਿੱਤਾ।ਇਸ ਵਿਵਾਦ ਵਿਚਾਲੇ ਫੇਸਬੁੱਕ ਦੇ ਬੁਲਾਰੇ ਐਂਡੀ ਸਟੋਨ ਨੇ ਕਿਹਾ ਕਿ 'ਇਹ ਹੈਸ਼ਟੈਗ ਰੀਸਟੋਰ ਕਰ ਦਿੱਤਾ ਗਿਆ ਹੈ ਅਤੇ ਅਸੀਂ ਦੇਖ ਰਹੇ ਹਾਂ ਕਿ ਅਸਲ ਵਿੱਚ ਹੋਇਆ ਕੀ ਸੀ।'

ਦਰਅਸਲ ਜਦੋਂ ਸੋਸ਼ਲ ਮੀਡੀਆ ਯੂਜ਼ਰਜ਼ ਨੇ ਇਸ ਹੈਸ਼ਟੈਗ ਦੀ ਵਰਤੋਂ ਕਰਦਿਆਂ ਫੇਸਬੁੱਕ ਉੱਤੇ ਪੋਸਟ ਪਾਉਣੀ ਚਾਹੀ ਤਾਂ ਉਨਾਂ ਨੂੰ ਅੱਗੋਂ ਨੋਟੀਫਿਕੇਸ਼ਨ ਦਿਖੀ ਕਿ 'ਕਮਿਊਨਿਟੀ ਨੂੰ ਸੁਰੱਖਿਅਤ ਰੱਖਣ ਲਈ ਇਹ ਹੈਸ਼ਟੈਗ ਬੰਦ ਕੀਤਾ ਗਿਆ ਹੈ।'

ਸੋਸ਼ਲ ਮੀਡੀਆ ਯੂਜ਼ਰਜ਼ ਲਗਾਤਾਰ ਇਸ ਦੀ ਵਰਤੋਂ ਕਰਦੇ ਹੋਏ ਆਪਣੀ ਪ੍ਰਤੀਕਿਰਿਆ ਦੇ ਰਹੇ ਹਨ।

ਸੁਭਰਾਂਸ਼ੂ ਲਿਖਦੇ ਹਨ, 'ਫੇਸਬੁੱਕ ਨੇ **#ResignModi** ਵਾਲੀਆਂ ਸਾਰੀਆਂ ਪੋਸਟਾਂ ਬਲੌਕ ਕਰ ਦਿੱਤੀਆਂ ਹਨ।' ਅਨਵਰ ਪਾਸ਼ਾ ਲਿਖੇ ਹਨ, 'ਮੋਦੀ ਤਾਂ ਹੀ ਅਸਤੀਫ਼ਾ ਦੇਣਗੇ ਜੇ ਚੋਣਾਂ ਹਾਰਨਗੇ।'

ਸਨਸ਼ਾਈਨ ਟਵਿੱਟਰ ਹੈਂਡਲ ਲਿਖਦੇ ਹਨ, 'ਹਸਪਤਾਲਾਂ ਦੀ ਥਾਂ ਸ਼ਮਸ਼ਾਨਘਾਟ ਮੁਹੱਈਆ ਕਰਵਾਉਣ ਲਈ ਤੁਹਾਡਾ ਸ਼ੁਕਰੀਆ ਮੋਦੀ ਜੀ।'

ਇਸ ਮਾਮਲੇ ਵਿੱਚ ਭਾਰਤ ਦੇ ਇਲੈਕਟ੍ਰਾਨਿਕ ਅਤੇ ਆਈਟੀ ਮੰਤਰਾਲੇ ਵੱਲੋਂ ਸਪੱਸ਼ਟੀਕਰਨ ਦਿੱਤਾ ਗਿਆ ਹੈ।

ਮੰਤਰਾਲੇ ਵੱਲੋਂ ਦਿ ਵਾਲ ਸਟਰੀਟ ਜਰਨਲ ਦੀ ਖ਼ਬਰ ਨੂੰ ਸਿਰੇ ਤੋਂ ਨਕਾਰ ਦਿੱਤਾ ਗਿਆ ਹੈ ਜਿਸ ਵਿੱਚ ਵਿੱਚ ਕਿਹਾ ਗਿਆ ਸੀ ਕਿ ਭਾਰਤ ਸਰਕਾਰ ਨੇ ਫੇਸਬੁੱਕ ਨੂੰ ਇੱਕ ਹੈਸ਼ਟੈਗ ਹਟਾਉਣ ਨੂੰ ਕਿਹਾ ਸੀ ਜੋ ਸਰਕਾਰ ਪ੍ਰਤੀ ਲੋਕਾਂ ਦੇ ਗੁੱਸੇ ਨੂੰ ਦਰਸਾ ਰਿਹਾ ਸੀ।

ਮੰਤਰਾਲੇ ਨੇ ਕਿਹਾ ਕਿ ਇਸ ਖ਼ਬਰ ਵਿੱਚ ਇਹ ਕਿਹਾ ਗਿਆ ਹੈ ਕਿ ਭਾਰਤ ਸਰਕਾਰ ਨੇ ਇੱਕ ਹੈਸ਼ਟੈਗ ਫੇਸਬੁੱਕ ਤੋਂ ਹਟਾਉਣ ਦੇ ਆਦੇਸ਼ ਦਿੱਤੇ ਸਨ ਜੋ ਕਿ ਗਲਤ ਹੈ ਅਤੇ ਫੇਸਬੁੱਕ ਨੇ ਵੀ ਇਸ ਬਾਰੇ ਸਪੱਸ਼ਟੀਕਰਨ ਵਿੱਚ ਕਿਹਾ ਹੈ ਕਿ ਇਹ ਗਲਤੀ ਨਾਲ ਹਟ ਗਿਆ ਸੀ।

ਉਨਾਂ ਕਿਹਾ ਕਿ ਇਹ ਖ਼ਬਰ ਆਧਾਰਹੀਣ ਹੈ ਅਤੇ ਇਸ ਤੋਂ ਪਹਿਲਾਂ 5 ਮਾਰਚ 2021 ਨੂੰ ਵੀ ਦਿ ਵਾਲ ਸਟ੍ਰੀਟ ਜਰਨਲ ਨੇ ਇਕ ਗਲਤ ਖ਼ਬਰ ਪ੍ਰਕਾਸ਼ਿਤ ਕੀਤੀ ਸੀ ਜਿਸ ਦੇ ਸਿਰਲੇਖ ਵਿਚ ਕਿਹਾ ਗਿਆ ਸੀ ਕਿ ਭਾਰਤ ਦੁਆਰਾ ਫੇਸਬੁੱਕ, ਵਾਟਸਐਪ ਅਤੇ ਟਵਿੱਟਰ ਦੇ ਕਰਮਚਾਰੀਆਂ ਨੂੰ ਜੇਲ ਭੇਜਣ ਦੀਆਂ ਧਮਕੀਆਂ ਦਿੱਤੀਆਂ ਗਈਆਂ ਹਨ।

ਮੰਤਰਾਲੇ ਨੇ ਕਿਹਾ ਕਿ ਭਾਰਤ ਸਰਕਾਰ ਨੇ ਉਸ ਸਮੇਂ ਵੀ ਵਾਲ ਸਟ੍ਰੀਟ ਜਰਨਲ ਦੀ ਇਸ ਖ਼ਬਰ ਦਾ ਅਧਿਕਾਰਿਕ ਰੂਪ ਵਿੱਚ ਖੰਡਨ ਕੀਤਾ ਸੀ।

ਮੰਤਰਾਲੇ ਨੇ ਆਪਣੇ ਟਵੀਟ ਵਿੱਚ ਮੀਡੀਆ ਦੀ ਭੂਮਿਕਾ ਉਪਰ ਵੀ ਟਿੱਪਣੀ ਕੀਤੀ ਹੈ ਅਤੇ ਕਿਹਾ ਹੈ ਕਿ ਮਹਾਂਮਾਰੀ ਦੇ ਸੰਵੇਦਨਸ਼ੀਲ ਮੌਕੇ ਮੀਡੀਆ ਨੂੰ ਕਰੋੜਾਂ ਆਮ ਭਾਰਤੀਆਂ ਨਾਲ ਸਹਿਯੋਗ ਕਰਨਾ ਚਾਹੀਦਾ ਹੈ ਅਤੇ ਫਰੰਟਲਾਈਨ ਕਾਮੇ, ਸਿਹਤ ਕਰਮਚਾਰੀਆਂ ਦੇ ਯਤਨਾਂ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ।

# ਮੋਦੀਤੰਤਰ ਵਿੱਚ ਭਾਰਤੀ ਲੋਕਤੰਤਰ ਦਾ ਤਿੜਕ ਰਿਹਾ ਢਾਂਚਾ

**ਹਰਕੀਰਤ ਕੌਰ**
9779118066

ਦੇਸ਼ ਦੀ ਅਜ਼ਾਦੀ ਸਹੀ ਰੂਪ ਵਿੱਚ ਉਸਦੀ ਸੰਵਿਧਾਨਕ ਆਜ਼ਾਦੀ ਹੁੰਦੀ ਹੈ, ਜਦੋਂ ਉਹ ਆਪਣੇ ਦੇਸ਼ ਲਈ ਆਪਣੇ ਸੁਤੰਤਰ ਰੂਪ ਵਿੱਚ ਘੜੇ ਗਏ ਸੰਵਿਧਾਨ ਅਨੁਸਾਰ ਦੇਸ਼ ਦੀ ਸਰਕਾਰ ਚਲਾਉਣ ਦੇ ਸਮਰੱਥ ਹੋਵੇ। ਲੋਕਤੰਤਰ ਵਿੱਚ ਸਰਕਾਰ ਦਾ ਭਾਵ ਹੈ ਕਿ ਰਾਜ ਲੋਕਾਂ ਦੇ ਹਿਤ ਵਿੱਚ ਕਾਰਜ਼ਸ਼ੀਲ ਹੋਵੇ, ਜਿਸ ਵਿੱਚ ਨਸਲ, ਧਰਮ ਕੌਮ, ਖਿੱਤੇ ਦੇ ਭੇਦਭਾਵ ਤੋਂ ਉੱਪਰ ਉੱਠ ਕੇ ਸਰਕਾਰੀ ਪ੍ਰਬੰਧ ਕਾਰਜ਼ਸ਼ੀਲ ਹੋਵੇ। ਜੋ ਭਾਰਤ ਦੇ ਅੱਜ ਦੇ ਹਲਾਤ ਬਣੇ ਹੋਏ ਹਨ ਇਸ ਪ੍ਰਭਾਵ ਦੇ ਤਹਿਤ ਦੇਸ਼ ਦੀਆਂ ਪ੍ਰਾਪਤੀਆਂ ਅਤੇ ਅਪ੍ਰਾਪਤੀਆਂ ਦਾ ਲੇਖਾ ਜੋਖਾ ਕਰਨਾ ਸਮੇਂ ਦੀ ਪ੍ਰਬਲ ਲੋੜ ਸਮਝੀ ਜਾ ਰਹੀ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਅਜ਼ਾਦੀ ਦੇ ਸੰਘਰਸ਼ ਵਿੱਚ ਭਾਰਤ ਨੇ ਹਰ ਪਾਸੇ ਤੋਂ ਝਟਕੇ ਖਾਧੇ, ਪਰ ਉਸ ਸਮੇਂ ਦੀਆਂ ਸਰਕਾਰਾਂ ਤੇ ਕੁਝ ਕੁ ਦੇਸ਼ ਭਗਤ ਲੋਕਾਂ ਦੀ ਸਾਰਥਕ ਸੋਚ ਸਦਕਾ ਦੇਸ਼ ਤਰੱਕੀ ਦੀ ਲੀਹ 'ਤੇ ਤੁਰਨ ਲੱਗਾ। ਪਰ ਪਿਛਲੇ ਕੁਝ ਸਮੇਂ ਤੋਂ ਜਦੋਂ ਤੋਂ ਦੇਸ਼ ਦੀ ਵਾਗਡੋਰ ਮੌਜੂਦਾ ਪ੍ਰਧਾਨ ਮੰਤਰੀ ਕੋਲ ਆਈ ਹੈ, ਦੇਸ਼ ਦਾ ਲੱਕ ਪੂਰੀ ਤਰਾਂ ਟੁੱਟ ਚੁੱਕਾ ਹੈ। ਭਾਰਤ ਵਿੱਚ ਸੰਵਿਧਾਨ ਪ੍ਰਤੀ ਪ੍ਰਤੀਬੱਧਤਾ, ਆਸਥਾ ਤੇ ਇਸ ਦਾ ਪ੍ਰਚਲਨ ਹੁੰਦਿਆਂ ਹੋਇਆਂ ਵੀ ਅਮਲੀ ਤੌਰ 'ਤੇ ਇਸਦੀ ਅਵਹੇਲਨਾ ਵੱਖ ਵੱਖ ਪੱਧਰ 'ਤੇ ਦੇਖਣ ਨੂੰ ਮਿਲਦੀ ਹੈ ਅਤੇ ਸਧਾਰਨ ਲੋਕਾਂ ਦੇ ਮਨ ਵਿੱਚ ਕਈ ਪ੍ਰਕਾਰ ਦੇ ਸ਼ੰਕੇ ਪੈਦਾ ਕਰਦੀ ਹੈ ਕਿ ਇਹ ਕਿਹੋ ਜਿਹਾ ਲੋਕਤੰਤਰ ਹੈ, ਜਿਸ ਵਿੱਚ ਆਮ ਲੋਕਾਂ ਨੂੰ ਰੋਟੀ, ਕੱਪੜਾ ਤੇ ਮਕਾਨ ਤੇ ਮੌਜੂਦਾ ਸਮੇਂ ਵਿੱਚ ਸਾਹ ਵੀ ਨਹੀਂ ਨਸੀਬ ਹੋ ਰਿਹਾ। ਅੱਜ ਦੇ ਸਮੇਂ ਵਿੱਚ ਭਾਰਤੀ ਸਰਕਾਰਾਂ ਪੂਰੀ ਤਰਾਂ ਫੇਲ ਹੋ ਚੁੱਕੀਆਂ ਹਨ। ਦੇਸ਼ ਦੇ ਹਸਪਤਾਲਾਂ ਵਿੱਚ ਲੋਕਾਂ ਦੇ ਇਲਾਜ ਲਈ ਬੈੱਡ ਤੱਕ ਨਹੀਂ ਹਨ, ਆਪਣੇ ਪਿਆਰਿਆਂ ਨੂੰ ਆਪਣੀਆਂ ਅੱਖਾਂ ਸਾਹਮਣੇ ਤੜਫਦੇ ਦੇਖ ਲੋਕ ਵਿਲਕ ਰਹੇ ਹਨ, ਹਸਪਤਾਲਾਂ ਵਿੱਚ ਆਕਸੀਜਨ ਦੀ ਕਮੀ ਹੈ, ਡਾਕਟਰ ਘੱਟ ਤੇ ਮਰੀਜ਼ ਜਿਆਦਾ ਹਨ, ਮੌਤਾਂ ਦੀ ਗਿਣਤੀ ਇੰਨੀ ਜ਼ਿਆਦਾ ਹੈ ਕਿ ਮੁਰਦਿਆਂ ਦੇ ਸੰਸਕਾਰ ਲਈ ਜਗਾ ਥੋੜੀ ਪੈ ਰਹੀ ਹੈ। ਦੇਸ਼ ਵਿਚ ਹਾਹਾਕਾਰ ਮਚੀ ਹੋਈ ਹੈ ਅਤੇ ਦੇਸ਼ ਦਾ ਹਾਕਮ ਹਾਲੇ ਤੱਕ ਸੀਨਾ ਚੌੜਾ ਕਰ, 'ਅੱਛੇ ਦਿਨ ਆਏਂਗੇ' ਦਾ ਦਾਅਵਾ ਕਰ ਰਿਹਾ ਹੈ। ਦੇਸ਼ ਦੀ ਹਾਲਤ ਬਹੁਤ ਗੰਭੀਰ ਹੈ। ਜਿਵੇਂ ਦੇਸ਼ ਦੇ ਲੋਕ ਕਰੋਨਾ ਮਹਾਂਮਾਰੀ ਦੇ ਪ੍ਰਕੋਪ ਹੇਠਾਂ ਸਾਹਾਂ ਲਈ ਵਿਲਕ ਰਹੇ ਹਨ, ਇਸੇ ਤਰਾਂ ਭਾਰਤੀ ਲੋਕਤੰਤਰ ਦਾ ਢਾਂਚਾ ਦੇਸ਼ ਦੀਆਂ ਫੇਲ ਹੋਈਆਂ ਸਰਕਾਰਾਂ ਹੱਥੋਂ ਤਿੜਕ ਰਿਹਾ ਹੈ। ਦੇਸ਼ ਦਾ ਅੰਨਦਾਤਾ ਸੜਕਾਂ ਉੱਪਰ ਰੁਲ ਰਿਹਾ ਹੈ, ਅਜ਼ਾਦੀ ਤੋਂ ਬਾਅਦ 84 ਦੇ ਦੰਗਿਆਂ ਉਪਰੰਤ ਇਹ ਦੂਸਰਾ ਅਜਿਹਾ ਰਾਜ ਹੈ ਜਿਸ ਵਿੱਚ ਲੋਕ ਵਿਲਕ ਰਹੇ ਹਨ, ਦੇਸ਼ ਦੀਆਂ ਸਰਕਾਰਾਂ ਮੂੰਹ ਅੱਡੀ ਖੜੀਆਂ ਹਨ।ਜਦ ਪਿਛਲੇ ਸਾਲ ਅਸੀਂ ਕੋਰੋਨਾ ਮਹਾਂਮਾਰੀ ਦਾ ਪ੍ਰਕੋਪ ਇੱਕ ਵਾਰ ਸਹਾਰ ਚੁੱਕੇ ਸੀ ਤਾਂ, ਸਰਕਾਰਾਂ ਨੇ ਇਸ ਸਾਲ ਪੁਖਤਾ ਇੰਤਜ਼ਾਮ ਕਿਉਂ ਨਹੀਂ ਕੀਤੇ। ਇਸ ਦਾ ਇਕੋ ਇੱਕ ਕਾਰਨ ਸੀ ਕਿ ਪਹਿਲਾਂ ਸਰਕਾਰਾਂ ਰਾਜਨੀਤਕ ਰੈਲੀਆਂ ਵਿੱਚ ਮਸ਼ਰੂਫ਼ ਸਨ, ਜੇਕਰ ਉਹ ਕੋਰੋਨਾ ਬਾਰੇ ਚੇਤਨਤਾ ਲੈ ਕੇ ਆਉਂਦੇ ਤਾਂ




ਪੱਛਮੀ ਬੰਗਾਲ ਵਿੱਚ ਹੋਣ ਵਾਲੀਆਂ ਚੋਣਾਂ ਉਪਰ ਖਾਸਾ ਪ੍ਰਭਾਵ ਪੈ ਸਕਦਾ ਸੀ। ਸਰਕਾਰਾਂ ਪਹਿਲਾਂ ਕੋਰੋਨਾ ਦੇ ਨਾਂ 'ਤੇ ਰਾਜਨੀਤੀ ਕਰਦੀਆਂ ਰਹੀਆਂ, ਜਿਸ ਦਾ ਖਮਿਆਜਾ ਅੱਜ ਆਮ ਜਨਤਾ ਨੂੰ ਭੁਗਤਣਾ ਪੈ ਰਿਹਾ ਹੈ। ਦੇਸ਼ ਦੀ ਜਨਤਾ ਬੇਚੈਨ ਹੈ, ਕੋਈ ਸਿਹਤ ਪੱਖੋਂ, ਕੋਈ ਕਿਸਾਨੀ ਕਾਨੂੰਨਾਂ ਹੱਥੋਂ, ਕੋਈ ਬੇਰੁਜ਼ਗਾਰੀ ਨੂੰ ਲੈ ਕੇ, ਕੋਈ ਆਰਥਿਕ ਹਾਲਾਤਾਂ ਨੂੰ ਲੈ ਕੇ ਅਤੇ ਇਸ ਸਭ ਦੀ ਜਿੰਮੇਵਾਰ ਕੇਵਲ ਤੇ ਕੇਵਲ ਭਾਰਤ ਦੀ ਹਾਰੀ ਹੋਈ ਤੇ ਨਿਕੰਮੀ ਸਰਕਾਰ ਹੈ।

ਦੇਸ਼ ਵਿਚ ਸਹੀ ਰੂਪ ਵਿੱਚ ਲੋਕਤੰਤਰ ਦੀ ਕਾਇਮੀ ਉਪਰੰਤ ਮੁਢਲੀਆਂ ਸਹੂਲਤਾਂ ਜਿਸ ਵਿੱਚ ਸਿਹਤ ਤੇ ਸਿੱਖਿਆ ਸਭ ਤੋਂ ਮਹੱਤਵਪੂਰਣ ਹਨ, ਸਬੰਧੀ ਸਰਕਾਰੀ ਤੇ ਸੰਵਿਧਾਨਕ ਵਾਅਦਿਆਂ ਦੇ ਬਾਵਜੂਦ ਵੀ ਸਾਡਾ ਲੋਕਤੰਤਰ ਸਾਰਥਿਕ ਨਤੀਜੇ ਸਾਹਮਣੇ ਨਹੀਂ ਲਿਆ ਸਕਿਆ।

ਇਸੇ ਕਾਰਨ ਹੀ ਦੇਸ਼ ਵਿਚ ਹਰ ਪੱਧਰ 'ਤੇ ਭ੍ਰਿਸ਼ਟਾਚਾਰ, ਹਿੰਸਾ , ਲੁੱਟ-ਖਸੁੱਟ ਦਾ ਵਾਤਾਵਰਨ ਸਥਾਪਤ ਹੋ ਚੁੱਕਾ ਹੈ। ਦੇਸ਼ ਵਿਚ ਤੇਜ਼ੀ ਨਾਲ ਵੱਧ ਰਹੀ ਬੇਰੁਜ਼ਗਾਰੀ ਨੌਜਵਾਨ ਵਰਗ ਵਿੱਚ ਬੇਚੈਨੀ ਪੈਦਾ ਕਰ ਰਹੀ ਹੈ। ਜੇ ਇਸ ਸਥਿਤੀ ਨੂੰ ਕੰਟਰੋਲ ਨਾ ਕੀਤਾ ਗਿਆ ਤਾਂ ਦੇਸ਼ ਦੇ ਸੰਵਿਧਾਨ ਦੇ ਸਹੀ ਅਮਲ ਦੇ ਰਸਤੇ ਵਿੱਚ ਕਈ ਪ੍ਰਕਾਰ ਦੀਆਂ ਰੁਕਾਵਟਾਂ ਖੜੀਆਂ ਹੋ ਜਾਣਗੀਆਂ, ਜਿਸ ਸਦਕਾ ਲੋਕਾਂ ਦਾ ਲੋਕਤੰਤਰ ਉੱਪਰ ਬਚਿਆ ਖੁਚਿਆ ਭਰੋਸਾ ਵੀ ਉਡਾਰੀ ਮਾਰ ਜਾਵੇਗਾ।

ਇਸ ਸਥਿਤੀ ਵਿੱਚ ਸਾਨੂੰ ਸਾਰਿਆਂ ਨੂੰ ਖਾਸ ਕਰ ਸੁਚੇਤ ਵਰਗ ਨੂੰ ਅੱਗੇ ਆਉਣ ਦੀ ਜ਼ਰੂਰਤ ਹੈ ਅਤੇ ਇਸ ਸੰਕਟ ਦੀ ਘੜੀ ਵਿੱਚ ਦੇਸ਼ ਦੇ ਲੋਕਾਂ ਨੂੰ ਸਹੀ ਰਸਤੇ ਦਿਖਾਉਂਦੇ ਹੋਏ, ਦੇਸ਼ ਦੇ ਸੰਵਿਧਾਨ ਦੀ ਆਤਮਾ ਅਨੁਸਾਰ ਦੇਸ਼ ਦਾ ਲੋਕਤੰਤਰ ਮੁੜ ਬਹਾਲ ਕਰਨ ਸਬੰਧੀ ਸੰਜੀਦਾ ਹੋਣਾ ਚਾਹੀਦਾ ਹੈ। ਇਹੀ ਸਮੇਂ ਦੀ ਲੋੜ ਹੈ ਅਤੇ ਲੋਕਤੰਤਰ ਪ੍ਰਤੀ ਆਸਥਾ ਰੱਖਣ ਵਾਲਿਆਂ ਦੀ ਜ਼ਿੰਮੇਵਾਰੀ ਵੀ ਹੈ। ਨਹੀਂ ਤਾਂ ਉਹ ਦਿਨ ਦੂਰ ਨਹੀਂ ਜਿਸ ਦਿਨ ਬਿਮਾਰੂ ਸਰਕਾਰਾਂ ਹੱਥੋਂ ਤਿੜਕ ਰਿਹਾ ਲੋਕਤੰਤਰ ਪੂਰੀ ਤਰਾਂ ਢਾਹ ਢੇਰੀ ਹੋ ਜਾਵੇਗਾ।

# ਖੁੰਢ ਚਰਚਾ

**ਸੁਖਰਾਜ ਚਹਿਲ**
ਮੋ: 97810-48055

**'ਹੁਣ ਤਾਂ ਸਾਰੇ ਹੀ ਬੋਲਣਗੇ, ਵੋਟਾਂ ਦਾ ਸਮਾਂ ਨੇੜੇ ਆ ਗਿਆ'**

'ਬਾਬਾ ਜੀ ਕਿੱਧਰੋਂ ਤੁਰੇ ਆਉਂਦੇ ਹੋ?' ਗੇਲੇ ਨੇ ਬਾਬੇ ਮੇਹਰੂ ਨੂੰ ਸੱਥ ਵੱਲ ਆਪਣੇ ਘਰ ਦੇ ਰਸਤੇ ਦੀ ਥਾਂ ਉਲਟ ਪਾਸੇ ਤੋਂ ਆਉਂਦੇ ਨੂੰ ਸਵਾਲ ਕੀਤਾ। ਬਾਬੇ ਕਹਿੰਦਾ 'ਭਾਈ ਮੈਂ ਤਾਂ ਘਰੋਂ ਹੀ ਆਇਆ ਆਹ ਰਸਤੇ 'ਚ ਗਿੰਦਰ ਕਾ ਮੁੰਡਾ ਮਿਲ ਗਿਆ ਉਸਨੇ ਹਾਕ ਮਾਰ ਲੀ ਤੇ ਕਹਿੰਦਾ ਆਪਣੀ ਪਾਰਟੀ ਦਾ ਖਿਆਲ ਰੱਖਿਓ, ਤੁਹਾਡੀ ਪੈਨਸ਼ਨ ਦੁੱਗਣੀ ਕਰ ਦੇਣੀ ਆ।' ਸ਼ਾਮ ਸਿੰਹੁ 'ਬੋਲਿਆ ਆਹੋ ਇਹ ਕਾਂਗਰਸ ਪਾਰਟੀ ਆਲਿਆਂ 'ਚ ਜਾਂਦਾ।' ਏਨੇ ਗੇਲਾ ਕਹਿੰਦਾ 'ਵੋਟਾਂ 'ਚ ਤਾਂ ਅਜੇ ਕਈ ਮਹੀਨੇ ਪਏ ਨੇ ਉਹਦੇ ਬਾਰੇ ਤਾਂ ਬਾਅਦ ਵਿੱਚ ਸੋਚ ਲੈਣ ਪਹਿਲਾਂ ਆਪਣੀ ਪਾਰਟੀ ਵਿੱਚ ਪੈਦਾ ਰੌਲਾ ਤਾਂ ਨਿਬੇੜ ਲੈਣ।' ਬਾਬਾ ਮੇਹਰੂ ਕਹਿੰਦਾ 'ਏਨਾ ਦਾ ਕਾਹਦਾ ਰੌਲਾ ਪੈ ਗਿਆ।' ਗੇਲੇ ਨੇ ਜਵਾਬ ਦਿੰਦਿਆਂ ਕਿਹਾ 'ਬਾਬਾ ਜੀ ਕਾਂਗਰਸ 'ਚ ਵੱਡੀਆਂ ਵੋਟਾਂ ਵਿੱਚ ਜਿਹੜੇ ਜਿੱਤੇ ਹੋਏ ਐਮ. ਐਲ. ਏ. ਨੇ ਉਨਾਂ ਦੀ ਮੀਟਿੰਗ ਹੋਈ ਆ ਮੁੱਖ ਮੰਤਰੀ ਕੈਪਟਨ ਨਾਲ ਤੇ ਉੱਥੇ ਕਾਫ਼ੀ ਕੁੱਝ ਬੋਲੇ ਨੇ ਆਪਣੀ ਸਰਕਾਰ ਦੀ ਕਾਰਗੁਜ਼ਾਰੀ ਤੋਂ ਗੁੱਸੇ ਹੋ ਕੇ। ਇੱਕ ਏਨਾ ਦਾ ਨਵਜੋਤ ਸਿੱਧੂ ਆ ਉਹ ਤਾਂ ਪਤੰਦਰ ਬਾਹਲਾ ਹੀ ਤੱਤਾ ਚੱਲੀ ਜਾਂਦਾ ਆਪਣੀ ਸਰਕਾਰ 'ਤੇ।' ਬਾਬਾ ਮੇਹਰੂ ਕਹਿੰਦਾ 'ਹਾਂ ਭਾਈ ਆਹ ਸਿੱਧੂ ਨੂੰ ਤਾਂ ਮੈਂ ਵੀ ਜਾਣਦਾ ਜਵਾਕਾਂ ਦੇ ਮੋਬਾਇਲਾਂ 'ਤੇ ਸੁਣਿਆ ਬੋਲਦਾ।' ਚੁੱਪ ਤੋੜਦਿਆਂ ਫੌਜੀ ਮਿੰਦਾ ਕਹਿੰਦਾ 'ਦੇਖੋ ਜੀ ਹੁਣ ਤਾਂ ਸਾਰੇ ਹੀ ਬੋਲਣਗੇ, ਕਿਉਂਕਿ ਹੁਣ ਵੋਟਾਂ ਦਾ ਸਮਾਂ ਆ ਗਿਆ ਨੇੜੇ ਤਾਂ ਕਰਕੇ ਹੁਣ ਸਾਰੇ ਆਪਣੀ-ਆਪਣੀ ਗੱਲ ਕਹਿ ਕੇ ਲੋਕਾਂ 'ਚ ਹੀਰੋ ਬਣਨ ਨੂੰ ਫਿਰਦੇ ਨੇ ਤਾਂ ਕਿ ਲੋਕ ਸਾਨੂੰ ਚੰਗੇ ਸਮਝ ਕੇ ਵੋਟਾਂ ਪਾ ਦੇਣ। ਏਨਾ ਨੂੰ ਪੁੱਛੇ ਕਿ ਪਹਿਲਾਂ ਕਿੱਥੇ ਸੀ 4 ਸਾਲ ਤੋਂ ਵੱਧ ਦਾ ਸਮਾਂ ਹੋ ਗਿਆ ਕਿਤੇ ਕੋਈ ਬੋਲਿਆ ਨਹੀਂ ਸਰਕਾਰ ਨੇ ਪਹਿਲਾਂ ਕਿਹੜੇ ਰੰਗ ਲਾਏ ਨੇ, ਜਦੋਂ ਵੋਟਾਂ 'ਚ ਥੋੜਾ ਟਾਇਮ ਰਹਿ ਗਿਆ, ਉਦੋਂ ਸਾਰੇ ਬੋਲਣ ਲੱਗ ਗਏ।' ਗੇਲਾ ਕਹਿੰਦਾ 'ਹੁਣ ਏਨਾ ਨੂੰ ਇਹ ਆ ਕਿ ਜੇ ਸਾਨੂੰ ਕਾਂਗਰਸ ਨੇ ਨਾ ਝੱਲਿਆ ਤਾਂ ਕਿਸੇ ਹੋਰ ਪਾਰਟੀ 'ਚ ਤਾਂ ਵੜ ਜਾਵਾਂਗੇ।' ਸ਼ਾਮ ਸਿੰਹੁ ਕਹਿੰਦਾ 'ਬੱਸ ਰੌਲਾ ਸਾਰਾ ਕੁਰਸੀ ਦਾ, ਜਦੋਂ ਜਿਨਾਂ ਨੂੰ ਮਿਲ ਜਾਂਦੀ ਐ ਤਾਂ ਫਿਰ ਸਾਰੇ ਚੁੱਪ ਹੋ ਜਾਂਦੇ ਆ।' ਅੰਤ 'ਚ ਬਾਬਾ ਮੇਹਰੂ ਕਹਿੰਦਾ 'ਜਿਹੜਾ ਆਪਣੇ ਕੋਲ ਆਉਂਦਾ ਇਹੀ ਕਹਿ ਦਿਆ ਕਰੋ ਪਾ ਦੇਵਾਂਗੇ, ਆਪਾਂ ਕਿਉਂ ਪਿੰਡ 'ਚ ਭਾਈਚਾਰਕ ਸਾਂਝ ਤੋੜਨੀ ਆ।' ਏਨੇ ਸਾਰੇ ਆਪਣੇ ਘਰਾਂ ਨੂੰ ਤੁਰ ਗਏ।




# ਐਨ. ਆਰ. ਆਈਜ਼ ਵਲੋਂ ਡਾ. ਤਰਸੇਮ ਸਿੰਘ ਭਿੰਡਰ ਦੀ ਬੰਗਾ ਕਾਲਜ ਦੇ ਪ੍ਰਿੰਸੀਪਲ ਨਿਯੁਕਤੀ 'ਤੇ ਖੁਸ਼ੀ ਦਾ ਇਜਹਾਰ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ):** ਸਿੱਖ ਨੈਸ਼ਨਲ ਕਾਲਜ, ਬੰਗਾ ਦੇ ਪ੍ਰਿੰਸੀਪਲ ਵਜੋਂ ਅਹੁਦਾ ਸੰਭਾਲਣ ਤੇ ਡਾ. ਤਰਸੇਮ ਸਿੰਘ ਭਿੰਡਰ ਹੁਰਾਂ ਨੂੰ ਬੰਗਾ ਇਲਾਕੇ ਦੇ ਐਨ. ਆਰ. ਆਈ ਵਲੋਂ ਆਪਣੀਆਂ ਸ਼ੁਭਕਾਮਨਾਵਾਂ ਭੇਜੀਆਂ ਗਈਆਂ। ਜ਼ਿਕਰਯੋਗ ਹੈ ਕਿ ਡਾ. ਤਰਸੇਮ ਸਿੰਘ ਭਿੰਡਰ ਐਸ. ਐਨ. ਖਾਲਜ ਬੰਗਾ ਦੇ ਹੀ ਵਿਦਿਆਰਥੀ ਰਹੇ ਹਨ। ਪ੍ਰਿੰਸੀਪਲ ਦਾ ਅਹੁਦਾ ਸੰਭਾਲਣ ਤੋਂ ਪਹਿਲਾਂ ਉਨਾਂ ਅਮਰਦੀਪ ਸਿੰਘ ਸ਼ੇਰਗਿੱਲ ਕਾਲਜ ਮੁਕੰਦਪੁਰ ਅਤੇ ਲਾਇਲਪੁਰ ਖਾਲਸਾ ਕਾਲਜ ਜਲੰਧਰ ਵਿੱਚ ਬਤੌਰ ਪ੍ਰਾਅਧਿਆਪਕ ਸੇਵਾਵਾਂ ਨਿਭਾਈਆਂ। ਮਿਲਾਪੜੇ ਸੁਭਾਆ ਦੇ ਮਾਲਕ ਹੋਣ ਕਾਰਨ ਇਹ ਇਲਾਕੇ ਅਤੇ ਵਿਦੇਸ਼ਾਂ ਵਿੱਚ ਵੱਸਦੇ ਭਾਰਤੀਆਂ ਵਿੱਚ ਪਿਆਰੇ ਜਾਣ ਵਾਲੇ ਵਿਅਕਤੀ ਹਨ। ਉਨਾਂ ਦੇ ਐਸ. ਐਨ. ਕਾਲਜ ਦੇ ਪ੍ਰਿੰਸੀਪਲ ਬਣਨ ਤੇ ਬੰਗਾ ਇਲਾਕੇ ਦੇ ਵਿਦੇਸ਼ਾਂ ਵਿੱਚ ਵੱਸਦੇ ਭਾਰਤੀਆਂ ਵਿੱਚ ਖੁਸ਼ੀ ਦੀ ਲਹਿਰ ਹੈ ਉਨਾਂ ਦੇ ਪ੍ਰਿੰਸੀਪਲ ਬਣਨ ਦੀ ਖੁਸ਼ੀ ਵਿੱਚ ਯੂ.ਐਸ.ਏ. ਤੋਂ ਵਧਾਈਆਂ ਦੇਣ ਵਾਲਿਆਂ ਵਿੱਚ ਸਮਾਜਸੇਵੀ ਬਾਬਾ ਜੌਹਨ ਸਿੰਘ ਗਿੱਲ, ਤਜਿੰਦਰ ਸਿੰਘ ਦੁਸਾਂਝ, ਸੁਰਜੀਤ ਸਿੰਘ ਰੱਕੜ, ਕੁਲਦੀਪ ਸਿੰਘ ਰੱਕੜ, ਅਵਤਾਰ ਸਿੰਘ ਮਾਹਿਲ, ਦਰਸ਼ਨ ਸਿੰਘ ਬੱਬੀ, ਸੁਖਵਿੰਦਰ ਸਿੰਘ ਲੰਗੇਰੀ



(ਮੇਅਰ ਲੈਥਰੋਪ ਕੈਲੇਫੋਰਨੀਆ), ਜਸਵੀਰ ਸਿੰਘ, ਕੇਹਰ ਸਿੰਘ ਥਾਂਦੀ, ਹਰਭਜਨ ਸਿੰਘ ਢਿਲੋਂ, ਦਰਸ਼ਨ ਸਿੰਘ ਪਿੰਕਾ, ਰੇਸ਼ਮ ਸਿੰਘ, ਮੱਖਣ ਸਿੰਘ ਬੀਸਲਾ, ਨਰਿੰਦਰਪਾਲ ਸਿੰਘ ਮਾਹਿਲ, ਅਜੀਤ ਸਿੰਘ ਖਾਨਖਾਨਾ, ਹਰਦੇਵ ਸਿੰਘ ਦੇਬੀ, ਨਰਿੰਦਰਪਾਲ ਸਿੰਘ ਰੰਧਾਵਾ, ਰਵਿੰਦਰਪਾਲ ਸਿੰਘ ਥਾਂਦੀ, ਜਸਵੀਰ ਸਿੰਘ ਰਾਏ, ਬਲਵੀਰ ਸਿੰਘ, ਸਤਵਿੰਦਰ ਸਿੰਘ ਪਿੰਦਾ ਆਦਿ ਨੇ ਮੁਬਾਰਕਬਾਦ ਭੇਜੀ। ਕੈਨੇਡਾ ਤੋਂ ਮੁਬਾਰਕਬਾਦ ਦੇਣ ਵਾਲਿਆਂ ਵਿੱਚ ਦਰਸ਼ਨ ਸਿੰਘ ਮਾਹਿਲ, ਝਲਮਣ ਸਿੰਘ ਸਿੱਧੂ, ਸਤਵੰਤ ਸਿੰਘ ਬੈਂਸ, ਰੇਸ਼ਮ ਸਿੰਘ ਮਾਨ, ਸਰਬਜੀਤ ਸਿੰਘ ਪੰਨੂੰ, ਅਮਰਜੀਤ ਸਿੰਘ ਪੂੰਨੀ, ਰਘਵੀਰ ਸਿੰਘ ਮਾਹਿਲ, ਸਲਵਿੰਦਰਪਾਲ ਸਿੰਘ ਉੱਪਲ, ਰੋਸ਼ਨ ਲਾਲ ਖਾਨਖਾਨਾ, ਅਮਰੀਕ ਸਿੰਘ ਮਾਨ, ਰੇਸ਼ਮ ਸਿੰਘ ਸ਼ੋਕਰ, ਰਣਧੀਰ ਸਿੰਘ ਮਾਨ, ਇਕਬਾਲ ਸਿੰਘ ਰਾਣਾ, ਸਨਮੀਤ ਮਾਹਿਲ, ਨਾਹਰ ਸਿੰਘ ਸ਼ੋਕਰ, ਸੁਰਿੰਦਰ ਸਿੰਘ ਪੂੰਨੀ, ਮਨਜੀਤ ਸਿੰਘ ਖਾਨਖਾਨਾ, ਆਸਟ੍ਰੇਲੀਆ ਤੋਂ ਗੁਰਪਾਲ ਸਿੰਘ ਪੂੰਨੀ, ਬਲਵਿੰਦਰ ਸਿੰਘ ਸ਼ੋਕਰ, ਗੁਰਮੀਤ ਸਿੰਘ ਢਾਹਾਂ, ਹਰਜੀਤ ਸਿੰਘ ਢਾਹਾਂ, ਰਣਦੀਪ ਸਿੰਘ ਜੌਹਲ ਕਰੀਹਾ, ਸੱਨੀ ਜੌਹਲ ਕਰੀਹਾ, ਪਰਵਿੰਦਰ ਸਿੰਘ ਅਟਵਾਲ, ਹਰਵਿੰਦਰ ਸਿੰਘ ਪਾਲੀ ਅਤੇ ਸੁਰਿੰਦਰ ਸਿੰਘ ਖਾਲਸਾ। ਯੂ. ਕੇ. ਤੋਂ ਗੁਰਦੀਪ ਸਿੰਘ ਮਾਹਿਲ, ਸਤਨਾਮ ਸਿੰਘ ਹੇੜੀਆਂ, ਗੁਰਜੀਤ ਸਿੰਘ ਅਤੇ ਹਰਤੇਜ ਸਿੰਘ ਤੇਜੀ। ਨਿਊਜ਼ੀਲੈਂਡ ਤੋਂ ਸਤਨਾਮ ਸਿੰਘ ਸੰਘਾ ਨੇ ਵਧਾਈਆਂ ਭੇਜ ਕੇ ਪ੍ਰਿੰਸੀਪਲ ਡਾ. ਤਰਸੇਮ ਸਿੰਘ ਭਿੰਡਰ ਦੇ ਉੱਜਲ ਭਵਿੱਖ ਅਤੇ ਐਸ. ਐਨ. ਕਾਲਜ ਬੰਗਾ ਦੀ ਚੜਦੀ ਕਲਾ ਦੀ ਕਾਮਨਾ ਕੀਤੀ।




MORE: SAVINGS.
TIRE DISCOUNTS FOR:
TRANS-ALLIANCE
TOGETHER WE SAVE
Trans-Alliance has partnered together with TA Truck Service to provide Trans-Alliance members with awesome discounts on tires.
It's simple - Just give your DOT number to the TA Truck Service attendant at the time of purchase and the savings will be automatically deducted from your bill.
ROADMASTER TIRES™
ENGINEERED BY COOPERTIRES
STEER
DRIVE
TRAILER
RM 180+ EM
$299.00
RETAIL $362.00
RM 852 EM
$309.00
RETAIL $378.00
RM 872 EM
$279.00
RETAIL $339.00
TRANS-ALLIANCE MEMBERS GET $35 OFF RETAIL PRICE ON OTHER TIRE BRANDS
Pricing valid 6/1/2019 through 12/31/2019 for Trans-Alliance members ONLY. This promotion applies to the unit retail price. Pricing shown above is for 295/75R22.5 sizes only; prices on other sizes may vary. Price does not include F.E.T., mounting labor, balancing, valve stem, state, or local taxes. Some brand exclusions may apply.
TA TRUCK SERVICE®
MORE: BAYS. EXPERTISE. SOLUTIONS.®
Visit ta-petro.com or find us on
TA
Nasdaq Listed